**Golden State Realty** JASSI GILL Broker/Owner



Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969 CA DRE# 00966763

ਆਇਓਵਾ ਸਟੇਟ ’ਚ ਚੰਗੀਆਂ ਲੋਕੇਸ਼ਨਾਂ ‘ਤੇ ਸਥਿਤ ਤੇ ਚੰਗੀ ਕਮਾਈ ਕਰਦੇ ਦੋ ਗੈਸ ਸਟੇਸ਼ਨ ਵਿਕਾਊ ਹਨ
Two Gas Stations Are For Sale in State of IOWA with Property.
Both Stores have Liquor, Beer and Wine License. Real Estate Included In Sale Price.
*Owner is retiring after 30 years in this Business.*
For More Info., Call: (916) 254-9231

COVERED CALIFORNIA Certified Insurance Agent Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann — Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty-Second Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 27, July 3rd, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਪੰਜਾਬ ਦੀ ਚੋਣ ਸਿਆਸਤ ਵਿਚੋਂ ਅਸਲ ਮੁੱਦੇ ਗਾਇਬ

## ਸਭ ਧਿਰਾਂ ਦਾ ਜ਼ੋਰ ਲੋਕ-ਲੁਭਾਊ ਵਾਅਦਿਆਂ ‘ਤੇ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਲੋਕ-ਲੁਭਾਊ ਵਾਅਦਿਆਂ ਨਾਲ ਮੈਦਾਨ ਵਿਚ ਨਿੱਤਰ ਆਈਆਂ ਹਨ। ਆਮ ਆਦਮੀ ਪਾਰਟੀ (ਆਪ) ਇਸ ਪਾਸੇ ਸਭ ਤੋਂ ਵੱਧ ਜੋਸ਼ ਦਿਖਾ ਰਹੀ ਹੈ। ‘ਆਪ’ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਉਚੇਚੇ ਤੌਰ ਉਤੇ ਚੰਡੀਗੜ੍ਹ ਆਏ ਅਤੇ ਪੰਜਾਬੀਆਂ ਨਾਲ ਦਿੱਲੀ ਦੀ ਤਰਜ਼ ਉਤੇ ਮੁਫਤ ਬਿਜਲੀ ਦਾ ਐਲਾਨ ਕਰਕੇ ਵਾਅਦਾ ਕਰ ਗਏ ਕਿ ਦੋ ਮਹੀਨੇ ਬਾਅਦ ਫਿਰਾ ਗੇੜਾ ਮਾਰਨਗੇ ਤੇ ਨੌਜਵਾਨਾਂ ਨੂੰ ਨੌਕਰੀਆਂ ਬਾਰੇ ਆਪਣੇ ਰਣਨੀਤੀ ਦਾ ਐਲਾਨ ਕਰਨਗੇ।

ਕੇਜਰੀਵਾਲ ਨੇ ਐਲਾਨ ਕੀਤਾ ਹੈ ਕਿ ਪੰਜਾਬ ਵਿਚ ਚੋਣਾਂ ਜਿੱਤੇ ਤਾਂ 300 ਯੂਨਿਟ ਬਿਜਲੀ ਮੁਫਤ, ਪੁਰਾਣੇ ਘਰੇਲੂ ਬਿੱਲ ਮੁਆਫ ਕੀਤੇ ਜਾਣਗੇ ਅਤੇ 24 ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇਗੀ। ਉਹ ਮੌਜੂਦਾ ਸਰਕਾਰ ਉਤੇ ਸਵਾਲ ਵੀ ਚੁੱਕ ਗਏ ਕਿ ਪੂਰੇ ਦੇਸ਼ ਵਿਚ ਸਭ ਤੋਂ ਮਹਿੰਗੀ ਬਿਜਲੀ ਪੰਜਾਬ ਵਿਚ ਹੈ ਜਦਕਿ ਪੰਜਾਬ ਖੁਦ ਬਿਜਲੀ ਬਣਾਉਂਦਾ ਹੈ।

ਸਿਆਸੀ ਧਿਰਾਂ ਦੀ ਰਣਨੀਤੀ ਤੋਂ ਜਾਪ ਰਿਹਾ ਹੈ ਕਿ ਇਸ ਵਾਰ ਵੀ ਪੰਜਾਬ ਦੇ ਮਸਲਿਆਂ ਦੀ ਗੱਲ ਕਰਨ ਦੀ ਥਾਂ ਲੋਕ-ਲੁਭਾਊ ਵਾਅਦਿਆਂ ਦਾ ਚੋਗਾ ਪਾਉਣ ਉਤੇ ਟਿੱਲ ਲਾਉਣਗੀਆਂ, ਕਿਉਂਕਿ ਚੋਣਾਂ ਤੋਂ ਪਹਿਲਾਂ ਅਜਿਹਾ ਹੀ ਇਕ 18 ਨੁਕਾਤੀ ਪ੍ਰੋਗਰਾਮ ਪੰਜਾਬ ਦੀ ਸੱਤਾਧਾਰੀ ਪਾਰਟੀ ਕਾਂਗਰਸ ਚੁੱਕੀ ਫਿਰਦੀ ਹੈ। ਇਹ ਪ੍ਰੋਗਰਾਮ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਾਲ ਹੀ ਵਿਚ ਦਿੱਲੀ ਹਾਈਕਮਾਨ ਤੋਂ ਲੈ ਕੇ ਆਏ ਹਨ।

ਇਸ ਪ੍ਰੋਗਰਾਮ ਵਿਚ ਉਹ ਚੋਣ ਵਾਅਦੇ ਹਨ ਜੋ ਕੈਪਟਨ ਸਰਕਾਰ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਕੀਤੇ ਸਨ ਪਰ ਸਾਢੇ ਚਾਰ ਸਾਲ ਸੱਤਾ ਸੁੱਖ ਭੋਗਣ ਦੇ ਬਾਵਜੂਦ ਇਨ੍ਹਾਂ ਵੱਲ ਨਿਗ੍ਹਾ ਨਹੀਂ ਮਾਰੀ। ਇਨ੍ਹਾਂ 18 ਕੰਮਾਂ ਦੀ ਸੂਚੀ ਵਿਚ ਖਪਤਕਾਰਾਂ ਨੂੰ 200 ਯੂਨਿਟ ਮੁਫਤ ਬਿਜਲੀ ਦੇਣਾ ਸ਼ਾਮਲ ਹਨ ਪਰ ਆਪ ਨੇ ਮੌਕਾ ਸਾਂਭਦਿਆਂ ਇਹ ਮੁਫਤ ਸਹੂਲਤ 300 ਯੂਨਿਟ ਤੱਕ ਐਲਾਨ ਦਿੱਤੀ ਹੈ। ਮੌਜੂਦਾ ਮਾਹੌਲ ਤੋਂ ਜਾਪ ਰਿਹਾ ਹੈ ਕਿ ਇਸ ਵਾਰ ਵੀ ਕੋਈ ਸਿਆਸੀ ਧਿਰ ਪੰਜਾਬ ਦੇ ਭਵਿੱਖ ਲਈ ਸਿਆਸੀ ਤੇ ਆਰਥਿਕ ਏਜੰਡਾ ਪੇਸ਼ ਕਰਨ ਦੀ ਥਾਂ ਪੰਜਾਬੀਆਂ ਨੂੰ ਮੁਫਤਖੋਰੀ ਦੀ ਲਤ ਲਾਉਣ ਵਿਚ ਵੱਧ ਦਿਲਚਸਪੀ ਦਿਖਾ ਰਹੀਆਂ ਹਨ।

ਸਿਆਸੀ ਧਿਰਾਂ ਬੇਰੁਜ਼ਗਾਰੀ ਤੇ ਸਿੱਖਿਆ, ਸਿਹਤ, ਖੇਤੀ, ਪਾਣੀ, ਵਾਤਾਵਰਨ, ਬੁਨਿਆਦੀ ਢਾਂਚੇ ਤੇ ਹੋਰ ਖੇਤਰਾਂ ਵਿਚਲੀਆਂ ਸਮੱਸਿਆਵਾਂ ਦੀ ਗੱਲ ਕਰਨ ਲਈ ਤਿਆਰ ਨਹੀਂ। ਨਸ਼ੇ, ਮਾਫੀਆ ਰਾਜ, ਕਿਸਾਨੀ ਕਰਜ਼ੇ ਤੇ ਬੇਰੁਜ਼ਗਾਰੀ ਪੰਜਾਬ ਦੇ ਗੰਭੀਰ ਮਸਲਿਆਂ ਵਿਚੋਂ ਇਕ ਹਨ। ਪਿਛਲੀ ਵਾਰ ਕੈਪਟਨ ਸਰਕਾਰ ਨੇ ਇਨ੍ਹਾਂ ਮਸਲਿਆਂ ਦੇ ਸਿਰ ਉਤੇ ਸੱਤਾ ਹਾਸਲ ਕੀਤੀ ਸੀ ਪਰ ਸਰਕਾਰ ਬਣਦੇ ਹੀ ਮੁੜ ਇਨ੍ਹਾਂ ਵੱਲ ਝਾਤ ਮਾਰਨ ਦੀ ਖੇਚਲ ਨਹੀਂ ਕੀਤੀ। ਆਰਥਿਕ ਮਾਹਰਾਂ ਦਾ ਮੰਨਣਾ ਹੈ ਪੰਜਾਬ ਨੂੰ ਸਭ ਤੋਂ ਵੱਡੀ ਮਾਰ ਮੁਫਤ ਸਹੂਲਤਾਂ ਤੇ ਲੋਕ-ਲਭਾਊ ਵਾਅਦਿਆਂ ਦੀ ਪੈ ਰਹੀ ਹੈ।

ਪੰਜਾਬ ਸਰਕਾਰ ਮੌਜੂਦਾ ਸਮੇਂ ਹੀ ਬਿਜਲੀ ਬੋਰਡ ਨੂੰ 10 ਹਜ਼ਾਰ ਕਰੋੜ ਤੋਂ ਵੱਧ ਦੀ ਸਬਸਿਡੀ ਦੇ ਰਹੀ ਹੈ। ਸਰਕਾਰ ਵੱਲੋਂ ਬੀਤੇ ਦਿਨੀਂ ਸਮਾਜਿਕ ਸੁਰੱਖਿਆ ਅਧੀਨ ਪੈਨਸ਼ਨਾਂ ਦੀ ਰਾਸ਼ੀ 750 ਰੁਪਏ ਤੋਂ ਵਧਾ ਕੇ 1500 ਰੁਪਏ ਕਰਨ ਨਾਲ ਸਰਕਾਰ ‘ਤੇ ਕੋਈ 12000 ਕਰੋੜ ਦਾ ਸਾਲਾਨਾ ਵਾਧੂ ਬੋਝ ਆ ਗਿਆ ਹੈ ਅਤੇ ਸਰਕਾਰ ਨੂੰ ਹੁਣ ਕੇਵਲ ਪੈਨਸ਼ਨਾਂ ‘ਤੇ ਸਾਲਾਨਾ 24000 ਕਰੋੜ ਰੁਪਏ ਖਰਚਣੇ ਪੈਣਗੇ।

ਕੈਪਟਨ ਸਰਕਾਰ ਨੂੰ ਚਾਲੂ ਸਾਲ ‘ਚ ਕੋਈ 28 ਹਜ਼ਾਰ ਕਰੋੜ ਰੁਪਏ ਕਰਜ਼ੇ ਮੋੜਨ ਵਜੋਂ ਦੇਣੇ ਪੈ ਰਹੇ ਹਨ। ਰਾਜ ਸਰਕਾਰ ਨੂੰ ਔਰਤਾਂ ਲਈ ਮੁਫਤ ਬੱਸ ਸੇਵਾ ਬਦਲੇ ਟਰਾਂਸਪੋਰਟ

*(ਬਾਕੀ ਸਫਾ 6 ਉਤੇ)*

## ਜੰਮੂ ਕਸ਼ਮੀਰ ‘ਚ ਸਿੱਖ ਕੁੜੀਆਂ ਦੇ ਧਰਮ ਪਰਿਵਰਤਨ ਦਾ ਮੁੱਦਾ ਭਖਿਆ



**ਅੰਮ੍ਰਿਤਸਰ:** ਜੰਮੂ ਕਸ਼ਮੀਰ ‘ਚ 4 ਸਿੱਖ ਕੁੜੀਆਂ ਨੂੰ ਅਗਵਾ ਕਰਕੇ ਉਨ੍ਹਾਂ ਨੂੰ ਜ਼ਬਰਦਸਤੀ ਮੁਸਲਿਮ ਬਣਾਏ ਜਾਣ ਦਾ ਮਾਮਲਾ ਭਖ ਗਿਆ ਹੈ। ਸਿੱਖ ਜਥੇਬੰਦੀਆਂ ਵੱਲੋਂ ਇਸ ਉਤੇ ਡਾਢਾ ਇਤਰਾਜ਼ ਕਰਦਿਆਂ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਘੱਟ-ਗਿਣਤੀਆਂ ਦੀਆਂ ਕੁੜੀਆਂ ਨੂੰ ਅਗਵਾ ਕਰਕੇ ਉਨ੍ਹਾਂ ਦਾ ਜਬਰੀ ਧਰਮ ਪਰਿਵਰਤਨ ਕਰਵਾਉਣ ਦੀਆਂ ਘਟਨਾਵਾਂ ਪਾਕਿਸਤਾਨ ‘ਚ ਤਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ ਪਰ ਭਾਰਤੀ ਕਸ਼ਮੀਰ ਵਿਚ ਅਜਿਹੀ ਘਟਨਾ ਦਾ ਵਾਪਰਨਾ ਸਭ ਨੂੰ ਹੈਰਾਨ ਕਰਦਾ ਹੈ। ਸਿੱਖ ਜਥੇਬੰਦੀਆਂ ਨੇ ਇਸ ਲਈ ਕੇਂਦਰ ਤੱਕ ਪਹੁੰਚ ਕੀਤੀ ਹੈ। ਦੂਜੇ ਬੰਨੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਇਹ ਸਭ ਭਾਰਤੀ ਜਨਤਾ ਪਾਰਟੀ ਦੀ ਚਾਲ ਹੈ ਜੋ ਅਜਿਹੇ ਮੁੱਦਿਆਂ ਨੂੰ ਹਵਾ ਦੇ ਕੇ ਅਤੇ ਲੋਕਾਂ ਨੂੰ ਮੁਸਲਮਾਨਾਂ ਖਿਲਾਫ ਭੜਕਾ ਕੇ ਸੂਬੇ ਵਿਚ ਚੋਣ ਲਾਹਾ ਲੈਣਾ ਚਾਹੁੰਦੀ ਹੈ।

ਹਵਾਰਾ ਕਮੇਟੀ ਨੇ ਕਸ਼ਮੀਰ ਵਾਦੀ ਵਿਚ ਸਿੱਖ ਲੜਕੀਆਂ ਨਾਲ ਧੱਕੇਸ਼ਾਹੀ ‘ਤੇ ਡੂੰਘੀ ਸਾਜ਼ਿਸ਼ ਦਾ ਦੋਸ਼ ਲਾਇਆ ਹੈ। ਹਵਾਰਾ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਸਿੱਖ ਲੜਕੀਆਂ ਨੂੰ ਅਗਵਾ ਕਰਕੇ ਨਿਕਾਹ ਕਰਨ ਅਤੇ ਅਦਾਲਤ ਵਿਚ ਪੇਸ਼ ਕਰਨ ਤੱਕ ਪੂਰੀ ਕਾਰਵਾਈ ਵਿਚ ਲੜਕੀ ਦੇ ਪਰਿਵਾਰ ਨੂੰ ਪ੍ਰਸ਼ਾਸਨ ਅਤੇ ਅਦਾਲਤ ਤੋਂ ਦੂਰ ਰੱਖਿਆ ਗਿਆ। ਦੂਜੇ ਪਾਸੇ ਕੁਝ ਜਥੇਬੰਦੀਆਂ ਦਾ ਦੋਸ਼ ਹੈ ਕਿ ਮੁਸਲਿਮ ਭਾਈਚਾਰੇ ਦੀ ਸਿੱਖਾਂ ਨਾਲ ਵਧ ਰਹੀ ਸਾਂਝ ਕਈ ਸਰਕਾਰੀ ਅਤੇ ਗੈਰ ਸਰਕਾਰੀ ਧਿਰਾਂ ਨੂੰ ਹਜ਼ਮ ਨਹੀਂ ਹੋ ਰਹੀ ਹੈ। ਆਗੂਆਂ ਨੇ ਕਿਹਾ ਕਿ ਸਿੱਖ ਵੋਟਰਾਂ ਨੂੰ ਮੁਸਲਿਮ ਭਾਈਚਾਰੇ ਵੱਲ ਜਾਣ ਤੋਂ ਰੋਕਣ ਦੇ ਮੰਤਵ

*(ਬਾਕੀ ਸਫਾ 6 ਉਤੇ)*


**Harmit Toor**
*Your Realtor® For Life!*



Broker Associate
BRE Lic.# 01462579
NMLS ID 358820
*2015-19 Awarded Grand Master Achievement Club Certificate*

Help you Buy or Sell:
- Residential Property
- Commercial property
- Business Opportunity

Financing:
- Residential Loans
- Commercial Loans
- SBA Loans

Commercial Leasing
BEB BAY EAST BROKERS — EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com



Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine — Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਟੀਕਾਕਰਨ ਮੁਹਿੰਮ ਆਸਰੇ ਅਕਸ ਸੁਧਾਰਨ 'ਚ ਜੁਟੀ ਮੋਦੀ ਸਰਕਾਰ

**ਨਵੀਂ ਦਿੱਲੀ:** ਭਾਜਪਾ ਨੇ ਕਰੋਨਾ ਖਿਲਾਫ ਸਭ ਤੋਂ ਵੱਡੇ ਹਥਿਆਰ- ਵੈਕਸੀਨੇਸ਼ਨ ਦਾ ਸਿਆਸੀਕਰਨ ਕਰਨ ਉਤੇ ਜ਼ੋਰ ਲਾ ਦਿੱਤਾ ਹੈ। ਕੇਂਦਰ ਸਰਕਾਰ ਉਤੇ ਭਾਜਪਾ ਸੱਤਾ ਵਾਲੇ ਸੂਬਿਆਂ ਨੂੰ ਵੈਕਸੀਨ ਦੀਆਂ ਵੱਧ ਖੁਰਾਕਾਂ ਦੇਣ ਦੇ ਦੋਸ਼ ਲੱਗ ਰਹੇ ਹਨ। ਸੋਸ਼ਲ ਮੀਡੀਆ ਉਤੇ ਸਰਕਾਰ ਦੀਆਂ ਇਨ੍ਹਾਂ ਨੀਤੀਆਂ ਦੀ ਵੱਡੇ ਪੱਧਰ ਉਤੇ ਅਲੋਚਨਾ ਹੋ ਰਹੀ ਹੈ। ਹਾਲਾਂਕਿ ਕੇਂਦਰੀ ਸਿਹਤ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਕਿਸੇ ਵੀ ਰਾਜ ਨੂੰ ਕਿੰਨੀ ਵੈਕਸੀਨ ਮਿਲੇਗੀ, ਇਹ ਉਸ ਦੀ ਆਬਾਦੀ, ਕੇਸ ਲੋਡ, ਵਰਤੋਂ ਸਮਰੱਥਾ ਤੇ ਵੇਸਟੇਜ ਕਾਰਕਾਂ ਉਤੇ ਨਿਰਭਰ ਕਰਦਾ ਹੈ। ਮੰਤਰਾਲੇ ਨੇ ਕੋਵਿਡ-19 ਵੈਕਸੀਨ ਦੀ ਕਾਣੀ ਵੰਡ ਸਬੰਧੀ ਮੀਡੀਆ ਰਿਪੋਰਟਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ।

ਭਾਵੇਂ ਭਾਜਪਾ ਦਾ ਦਾਅਵਾ ਹੈ ਕਿ ਇਹ ਦੋਸ਼ ਕੋਰਾ ਝੂਠ ਹਨ ਪਰ ਸਰਕਾਰ ਦੀਆਂ ਕੋਸ਼ਿਸ਼ਾਂ ਕੁਝ ਹੋਰ ਹੀ ਇਸ਼ਾਰਾ ਕਰਦੀਆਂ ਹਨ। ਅਸਲ ਵਿਚ, ਹੁਣ ਭਾਰਤੀ ਜਨਤਾ ਪਾਰਟੀ ਦੂਸਰੀ ਲਹਿਰ ਕਾਰਨ ਕੇਂਦਰ ਸਰਕਾਰ ਦੇ ਪਏ ਮਾੜੇ ਪ੍ਰਭਾਵ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਰਹੀ ਹੈ। 21 ਜੂਨ ਨੂੰ ਦਿੱਲੀ ਦੇ ਰਾਮ ਮਨੋਹਰ ਲੋਹੀਆ ਹਸਪਤਾਲ ਵਿਚ ਹੋਏ ਇਕ ਸਮਾਗਮ ਵਿਚ ਭਾਜਪਾ ਪ੍ਰਧਾਨ ਜੇਪੀ ਨੱਢਾ ਅਤੇ ਕੇਂਦਰੀ ਸਿਹਤ ਮੰਤਰੀ ਹਰਸ਼ਵਰਧਨ ਨੇ ਪ੍ਰਧਾਨ ਮੰਤਰੀ ਵੱਲੋਂ ਸ਼ੁਰੂ ਕੀਤੇ ਗਏ ਵੈਕਸੀਨੇਸ਼ਨ ਪ੍ਰੋਗਰਾਮ ਦਾ ਸਿਆਸੀਕਰਨ ਕਰਨਾ ਸ਼ੁਰੂ ਕਰ ਦਿੱਤਾ। ਨੱਢਾ ਨੇ ਵਿਰੋਧੀ ਪਾਰਟੀਆਂ 'ਤੇ ਦੋਸ਼ ਲਾਇਆ ਕਿ ਉਹ ਲੋਕਾਂ ਨੂੰ ਵੈਕਸੀਨ ਨਾ ਲਗਵਾਉਣ ਬਾਰੇ ਕਹਿ ਕੇ ਵੈਕਸੀਨ ਬਾਰੇ ਦੁਬਿਧਾ ਪੈਦਾ ਕਰ ਰਹੀਆਂ ਹਨ।



ਵੈਕਸੀਨ ਮੁਹੱਈਆ ਕਰਵਾਉਣ ਦਾ ਸਿਹਰਾ ਪ੍ਰਧਾਨ ਮੰਤਰੀ ਦੇ ਸਿਰ ਬੰਨ੍ਹਿਆ ਜਾ ਰਿਹਾ ਹੈ। ਵੈਕਸੀਨ ਲੱਗਣ ਦੇ ਸਰਟੀਫਿਕੇਟਾਂ 'ਤੇ ਪ੍ਰਧਾਨ ਮੰਤਰੀ ਦੀ ਤਸਵੀਰ ਤਾਂ ਹੈ ਹੀ ਪਰ ਨਾਲ ਨਾਲ ਵੱਖ ਵੱਖ ਸੂਬਿਆਂ ਵਿਚ ਵੱਡੀ ਪੱਧਰ 'ਤੇ ਕੀਤੀ ਜਾ ਰਹੀ ਇਸ਼ਤਿਹਾਰਬਾਜ਼ੀ ਇਸ ਗੱਲ ਦਾ ਸਬੂਤ ਹੈ ਕਿ ਭਾਜਪਾ ਕੇਂਦਰ ਸਰਕਾਰ ਦਾ ਅਕਸ ਸੁਧਾਰਨ ਲਈ ਵੱਡੀ ਪੱਧਰ 'ਤੇ ਮੁਹਿੰਮ ਚਲਾ ਰਹੀ ਹੈ। ਭਾਜਪਾ ਨੇ ਇਹ ਵੀ ਐਲਾਨ ਕੀਤਾ ਹੈ ਕਿ ਉਹ ਵੈਕਸੀਨੇਸ਼ਨ ਸੈਂਟਰਾਂ 'ਤੇ ਲੋਕਾਂ ਦੀ ਸਹਾਇਤਾ ਕਰਨ ਲਈ 'ਸਹਾਇਤਾ ਕੇਂਦਰ' ਬਣਾਏਗੀ। ਸਰਕਾਰੀ ਅਦਾਰਿਆਂ ਵਿਚ ਇਕ ਸਿਆਸੀ ਪਾਰਟੀ ਦੇ ਨੁਮਾਇੰਦਿਆਂ ਦੀ ਮੌਜੂਦਗੀ ਪਾਰਟੀ ਦਾ ਅਕਸ ਸੁਧਾਰਨ ਵੱਲ ਪਹਿਲਕਦਮੀ ਹੈ।

ਕੋਵਿਡ-19 ਦੀ ਮਹਾਮਾਰੀ ਦੀ ਦੂਸਰੀ ਲਹਿਰ ਸਾਰੇ ਦੇਸ਼ ਵਿਚ ਲੋਕਾਂ ਲਈ ਦੁੱਖਾਂ-ਦੁਸ਼ਵਾਰੀਆਂ ਦਾ ਕਾਰਨ ਬਣੀ। ਹਜ਼ਾਰਾਂ ਲੋਕਾਂ ਦੀਆਂ ਮੌਤਾਂ ਹੋਈਆਂ ਅਤੇ ਲੱਖਾਂ ਨੇ ਹਸਪਤਾਲਾਂ ਵਿਚ ਦਾਖਲਾ, ਦਵਾਈਆਂ ਅਤੇ ਆਕਸੀਜਨ ਨਾ ਮਿਲਣ ਕਾਰਨ ਦੁੱਖ ਸਹੇ। ਸੰਕਟ ਇੰਨਾ ਵਧਿਆ ਕਿ ਮ੍ਰਿਤਕ ਸਰੀਰਾਂ ਦੀਆਂ ਅੰਤਿਮ ਰਸਮਾਂ ਪੂਰੀਆਂ ਕਰਨ ਵਿਚ ਵੀ ਮੁਸ਼ਕਲਾਂ ਆਈਆਂ। ਇਸ ਲਹਿਰ ਨੇ ਦੇਸ਼ ਦੇ ਸਿਹਤ ਪ੍ਰਬੰਧ ਬਾਰੇ ਸਰਕਾਰਾਂ ਅਤੇ ਨਿੱਜੀ ਖੇਤਰ ਦੇ ਦਾਅਵਿਆਂ ਨੂੰ ਬੇਪਰਦ ਕੀਤਾ। ਇਹ ਦਾਅਵਾ ਕਿ ਭਾਰਤ ਨਾ ਸਿਰਫ ਆਪਣੇ ਦੇਸ਼ ਵਾਸੀਆਂ ਨੂੰ ਵੈਕਸੀਨ ਮੁਹੱਈਆ ਕਰਾਏਗਾ ਸਗੋਂ ਦੂਸਰੇ ਦੇਸ਼ਾਂ ਨੂੰ ਵੈਕਸੀਨ ਭੇਜ ਕੇ ਦੁਨੀਆ ਨੂੰ 'ਬਚਾਏਗਾ', ਗਲਤ ਸਾਬਤ ਹੋਇਆ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵਿਚ ਵੈਕਸੀਨ ਨੂੰ ਲੈ ਕੇ ਸਿਆਸਤ ਹੋਈ ਅਤੇ ਕੇਂਦਰ ਸਰਕਾਰ ਨੇ ਵਿਦੇਸ਼ੀ ਕੰਪਨੀਆਂ ਨਾਲ ਵੈਕਸੀਨ ਮੁਹੱਈਆ ਕਰਾਉਣ ਦੇ ਸਮਝੌਤੇ ਕਰਨੇ ਸਵੀਕਾਰ ਕੀਤੇ।

## ਪੰਜ ਮਹੀਨੇ ਹੋਰ ਅਨਾਜ ਮੁਫਤ ਵੰਡਣ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਮੰਡਲ ਨੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਦੇ ਚੌਥੇ ਪੜਾਅ ਤਹਿਤ ਕੌਮੀ ਖੁਰਾਕ ਸੁਰੱਖਿਆ ਐਕਟ (ਐਨ.ਐਫ.ਐਸ.ਏ.) ਦੇ ਲਾਭਪਾਤਰੀਆਂ ਨੂੰ ਜੁਲਾਈ ਤੋਂ ਨਵੰਬਰ ਤੱਕ ਪੰਜ ਮਹੀਨਿਆਂ ਲਈ ਮੁਫਤ ਅਨਾਜ ਵੰਡਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਕੇਂਦਰੀ ਮੰਤਰੀ ਮੰਡਲ ਦੀ ਬੈਠਕ 'ਚ ਇਸ ਸਬੰਧੀ ਮਤੇ ਨੂੰ ਪ੍ਰਵਾਨਗੀ ਦਿੱਤੀ ਗਈ। ਐਨ.ਐਫ.ਐਸ.ਏ. ਤਹਿਤ ਅੰਤੋਦਿਆ ਅੰਨ ਯੋਜਨਾ ਅਤੇ ਸਿੱਧਾ ਲਾਭ ਅਦਾਇਗੀ ਤਹਿਤ 81.35 ਕਰੋੜ ਲਾਭਪਾਤਰੀਆਂ ਨੂੰ ਜੁਲਾਈ ਤੋਂ ਨਵੰਬਰ ਤੱਕ ਲਈ ਪੰਜ ਕਿਲੋ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਦੀ ਦਰ ਨਾਲ ਮੁਫਤ ਵਾਧੂ ਅਨਾਜ ਮਿਲ ਸਕੇਗਾ। ਪੰਜ ਮਹੀਨਿਆਂ ਲਈ ਮੁਫਤ ਅਨਾਜ ਦੀ ਮਨਜ਼ੂਰੀ ਨਾਲ 64,031 ਕਰੋੜ ਰੁਪਏ ਦੀ ਅੰਦਾਜ਼ਨ ਖੁਰਾਕ ਸਬਸਿਡੀ ਦੀ ਲੋੜ ਹੋਵੇਗੀ।

## ਫੇਫੜਿਆਂ 'ਤੇ ਵਧੇਰੇ ਪ੍ਰਭਾਵ ਪਾਵੇਗਾ ਡੈਲਟਾ ਪਲੱਸ

**ਨਵੀਂ ਦਿੱਲੀ:** ਕਰੋਨਾ ਦੇ ਡੈਲਟਾ ਪਲੱਸ ਰੂਪ ਦੇ ਬਹੁਤ ਖਤਰਨਾਕ ਹੋਣ ਦੀਆਂ ਖਬਰਾਂ ਦਰਮਿਆਨ ਕੇਂਦਰ ਨੇ ਕਿਹਾ ਹੈ ਕਿ ਕਰੋਨਾ ਦੀ ਇਸ ਨਵੀਂ ਕਿਸਮ ਦਾ ਬਾਕੀਆਂ ਕਿਸਮਾਂ ਦੇ ਮੁਕਾਬਲੇ ਫੇਫੜਿਆਂ 'ਤੇ ਵੱਧ ਪ੍ਰਭਾਵ ਪੈ ਸਕਦਾ ਹੈ, ਇਸ ਨਾਲ ਨਿਮੋਨੀਆ ਤੇ ਅੱਖਾਂ 'ਚ ਸੋਜਸ਼ ਪੈਣ ਦਾ ਵਧੇਰੇ ਖਤਰਾ ਹੈ। ਮਾਹਿਰਾਂ ਨੇ ਇਹ ਵੀ ਕਿਹਾ ਕਿ ਵਾਇਰਸ ਦੀ ਮਿਊਟੇਸ਼ਨ 'ਚ ਇਹ ਜਰੂਰੀ ਨਹੀਂ ਹੈ ਕਿ ਵਾਇਰਸ ਖਤਰਨਾਕ ਰੂਪ ਹੀ ਪਾਵੇ, ਇਹ ਕਮਜ਼ੋਰ ਵੀ ਪੈ ਸਕਦਾ ਹੈ। ਸਿਹਤ ਮਾਹਿਰਾਂ ਵੱਲੋਂ ਇਹ ਚਿਤਾਵਨੀ ਉਸ ਵੇਲੇ ਆਈ ਹੈ ਜਦੋਂ ਭਾਰਤ ਸਰਕਾਰ ਵੱਲੋਂ ਇਸ ਨੂੰ ਚਿੰਤਾ ਦਾ ਕਾਰਨ ਕਰਾਰ ਦਿੱਤਾ ਗਿਆ ਹੈ।

ਡੈਲਟਾ ਪਲੱਸ ਰੂਪ ਹਾਲੇ ਤੱਕ ਦੇਸ਼ ਦੇ 12 ਰਾਜਾਂ 'ਚ ਪਹੁੰਚ ਗਿਆ ਹੈ ਤੇ ਇਸ ਦੇ 51 ਮਾਮਲੇ ਆਏ ਹਨ। ਪੰਜਾਬ 'ਚ ਡੈਲਟਾ ਪਲੱਸ ਦੇ 2 ਕੇਸਾਂ ਤੋਂ ਇਲਾਵਾ ਇਹ ਹੋਰ ਵੀ ਕਈ ਰਾਜਾਂ 'ਚ ਪਾਇਆ ਗਿਆ ਹੈ, ਜਿਸ 'ਚ ਸਭ ਤੋਂ ਵੱਧ 22 ਮਾਮਲੇ ਮਹਾਰਾਸ਼ਟਰ 'ਚ ਆਏ ਹਨ, ਜਦਕਿ ਮੱਧ ਪ੍ਰਦੇਸ਼ 'ਚ 2 ਅਤੇ ਮਹਾਰਾਸ਼ਟਰ ਅਤੇ ਤਾਮਿਲਨਾਡੂ 'ਚ 1-1 ਵਿਅਕਤੀ ਦੀ ਮੌਤ ਹੋ ਚੁੱਕੀ ਹੈ।

## ਵੱਧ ਗਿਣਤੀ 'ਚ ਟੈਸਟਿੰਗ ਕਿਉਂ ਨਹੀਂ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸਰਕਾਰ ਨੂੰ ਸਵਾਲ ਕੀਤਾ ਕਿ ਕਰੋਨਾ ਦੀ ਡੈਲਟਾ ਪਲੱਸ ਕਿਸਮ ਨੂੰ ਫੈਲਣ ਤੋਂ ਰੋਕਣ ਲਈ ਵੱਡੇ ਪੱਧਰ 'ਤੇ ਟੈਸਟਿੰਗ ਕਿਉਂ ਨਹੀਂ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਪੁੱਛਿਆ ਹੈ ਕਿ ਡੈਲਟਾ ਪਲੱਸ ਖਿਲਾਫ ਵੈਕਸੀਨਾਂ ਕਿੰਨੀਆਂ ਕੁ ਅਸਰਦਾਰ ਹਨ। ਕਈ ਮਾਹਿਰਾਂ ਦਾ ਮੰਨਣਾ ਹੈ ਕਿ ਡੈਲਟਾ ਪਲੱਸ ਕਿਸਮ ਦੇਸ਼ 'ਚ ਕੋਵਿਡ-19 ਦੀ ਤੀਜੀ ਲਹਿਰ ਦਾ ਕਾਰਨ ਬਣ ਸਕਦੀ ਹੈ। ਹਿੰਦੀ 'ਚ ਕੀਤੇ ਗਏ ਟਵੀਟ 'ਚ ਰਾਹੁਲ ਨੇ ਕਿਹਾ,"ਡੈਲਟਾ ਪਲੱਸ ਕਿਸਮ ਬਾਰੇ ਮੋਦੀ ਸਰਕਾਰ ਨੂੰ ਸਵਾਲ: ਇਸ ਨੂੰ ਰੋਕਣ ਲਈ ਵੱਡੇ ਪੱਧਰ 'ਤੇ ਟੈਸਟਿੰਗ ਕਿਉਂ ਨਹੀਂ ਕੀਤੀ ਜਾ ਰਹੀ ਹੈ? "

## ਜ਼ਮੀਨ ਦੇ ਰਿਕਾਰਡ ਨੂੰ ਹੁਣ ਆਧਾਰ ਨਾਲ ਜੋੜੇਗੀ ਸਰਕਾਰ

**ਨਵੀਂ ਦਿੱਲੀ:** ਸਰਕਾਰ ਡਿਜੀਟਲ ਇੰਡੀਆ ਲੈਂਡ ਰਿਕਾਰਡਜ਼ ਮਾਡਰਨਾਈਜੇਸ਼ਨ ਪ੍ਰੋਗਰਾਮ ਤਹਿਤ ਦੇਸ ਵਿਚ ਆਧਾਰ ਨੂੰ ਸਾਲ 2023-24 ਤੱਕ ਜ਼ਮੀਨੀ ਰਿਕਾਰਡ ਨਾਲ ਜੋੜ ਦੇਵੇਗੀ ਅਤੇ ਨੈਸ਼ਨਲ ਕਾਮਨ ਡਾਕੂਮੈਂਟ ਰਜਿਸਟ੍ਰੇਸ਼ਨ ਸਿਸਟਮ (ਐਨ. ਜੀ. ਡੀ. ਆਰ. ਐਸ.) ਅਤੇ ਵਿਲੱਖਣ ਲੈਂਡ ਪਾਰਸਲ ਆਈਡੈਂਟੀਫਿਕੇਸ਼ਨ ਨੰਬਰ ਲਾਗੂ ਕਰੇਗੀ ਤਾਂ ਜੋ ਜ਼ਮੀਨ ਰਿਕਾਰਡਾਂ ਨੂੰ ਏਕੀਕ੍ਰਿਤ ਕੀਤਾ ਜਾ ਸਕਦਾ ਹੈ ਅਤੇ ਮਾਲ ਤੇ ਰਜਿਸਟਰੀ ਨੂੰ ਜੋੜਨ ਲਈ ਪਾਰਦਰਸ਼ੀ ਪ੍ਰਣਾਲੀ ਬਣਾਈ ਜਾ ਸਕੇ।

ਵਿਲੱਖਣ ਭੂਮੀ ਪਛਾਣ ਨੰਬਰ ਸਿਸਟਮ ਵਿਚ ਹਰੇਕ ਭੂਖੰਡ ਲਈ 14 ਅੱਖਰਾਂ ਦੀ ਵਿਲੱਖਣ ਪਛਾਣ ਹੋਵੇਗੀ।


A&I WATSONVILLE, CA

A & I Transport Inc.

123 E Lee Rd, Watsonville, CA Ph: 831-763-7805

ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ

ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

• Class A Driver. • Clean driving record • Ability to pass DOT drug test.

*We offer the following benefits of employment*

• 55 Cents Per Mile or loaded-Solo • 70 Cents Per Mile-Teams.
• Newer equipment for Driver comfort (2019-2021).
• *$3,000 Signing Bonus For Drivers for 11 western states.
• *$1,000 Signing Bonus For Regional Drivers.
• We pay $75 to $150 for 34 hours reset. • Weekly pay.
• Yearly mileage bonus. • We offer 3,500-3,800+ miles
• Medical, Vision, and Dental Benefits. • Stop Pay & Bonus Layover Pay.
• Referral-Bonus for referring other Class A Drivers. • 401k Plan.

**Signing bonus subject to terms and conditions.*

For More Information Call (24 hours) Armando or Vicente, Ph: (831) 763-7805

# ਕਰੋਨਾ ਦੀ ਦੂਜੀ ਲਹਿਰ ਪਿੱਛੋਂ ਹੁਣ ਡੈਲਟਾ ਰੂਪ ਭਾਰਤ ਲਈ ਚੁਣੌਤੀ ਬਣਿਆ

**ਸੰਯੁਕਤ ਰਾਸ਼ਟਰ:** ਕਰੋਨਾ ਦੀ ਦੂਜੀ ਲਹਿਰ ਦੇ ਮੱਠੀ ਪੈਣ ਤੋਂ ਬਾਅਦ ਭਾਰਤ ਨੂੰ ਇਕ ਹੋਰ ਵੱਡੀ ਚੁਣੌਤੀ ਦਾ ਸਾਹਮਣਾ ਕਰਨ ਪੈ ਸਕਦਾ ਹੈ। ਕਰੋਨਾ ਦੇ ਨਵੇਂ ਰੂਪ ਡੈਲਟਾ ਪਲੱਸ ਨੇ ਭਾਰਤ 'ਚ ਤੇਜ਼ੀ ਨਾਲ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ।



ਵਿਸ਼ਵ ਸਿਹਤ ਸੰਸਥਾ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੌਜੂਦਾ ਰੁਝਾਨ ਜਾਰੀ ਰਹਿੰਦਾ ਹੈ ਤਾਂ ਕੋਵਿਡ-19 ਦੀ ਸਭ ਤੋਂ ਵੱਧ ਛੇਤੀ ਫੈਲਣ ਵਾਲੀ ਕਿਸਮ ਡੈਲਟਾ ਦੇ ਹੋਰ ਰੂਪਾਂ ਦੇ ਮੁਕਾਬਲੇ ਹਾਵੀ ਹੋਣ ਦੀ ਸੰਭਾਵਨਾ ਹੈ। ਵਿਸ਼ਵ ਸਿਹਤ ਸੰਸਥਾ ਦੀ ਇਹ ਚਿਤਾਵਨੀ ਅਜਿਹੇ ਸਮੇਂ ਵਿਚ ਆਈ ਹੈ ਜਦੋਂ 85 ਦੇਸ਼ਾਂ 'ਚ ਵਾਇਰਸ ਦੇ ਇਸ ਰੂਪ ਦੇ ਮਿਲਣ ਦੀ ਪੁਸ਼ਟੀ ਹੋਈ ਹੈ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਵੀ ਇਸ ਨਵੇਂ ਰੂਪ ਦੇ ਮਾਮਲੇ ਸਾਹਮਣੇ ਆਉਂਦੇ ਜਾ ਰਹੇ ਹਨ।

ਡਬਲਿਊ.ਐਚ.ਓ. ਵੱਲੋਂ 22 ਜੂਨ ਨੂੰ ਜਾਰੀ ਕੋਵਿਡ-19 ਹਫਤਾਵਾਰੀ ਮਹਾਮਾਰੀ ਵਿਗਿਆਨ ਅਪਡੇਟ ਵਿਚ ਕਿਹਾ ਗਿਆ ਹੈ ਕਿ ਵਾਇਰਸ ਦਾ ਵਿਸ਼ਵ ਪੱਧਰੀ ਅਲਫਾ ਰੂਪ 170 ਦੇਸ਼ਾਂ, ਖੇਤਰਾਂ ਜਾਂ ਇਲਾਕਿਆਂ ਵਿਚ ਮਿਲਿਆ ਹੈ। ਬੀਟਾ ਰੂਪ 119 ਦੇਸ਼ਾਂ 'ਚ, ਗਾਮਾ ਰੂਪ 71 ਦੇਸ਼ਾਂ ਅਤੇ ਡੈਲਟਾ ਰੂਪ ਦਾ 85 ਦੇਸ਼ਾਂ ਵਿਚ ਹੋਣ ਦਾ ਪਤਾ ਲੱਗਿਆ ਹੈ। ਅਪਡੇਟ ਵਿਚ ਕਿਹਾ ਗਿਆ, 'ਡੈਲਟਾ, ਦੁਨੀਆਂ ਭਰ ਦੇ 85 ਦੇਸ਼ਾਂ ਵਿਚ ਮਿਲਿਆ ਹੈ। ਡਬਲਿਊ. ਐਚ. ਓ. ਅਧੀਨ ਸਾਰੇ ਖੇਤਰਾਂ ਦੇ ਹੋਰ ਦੇਸ਼ਾਂ ਵਿਚ ਵੀ ਇਸ ਦੇ ਮਾਮਲੇ ਸਾਹਮਣੇ ਆਉਣ ਦਾ ਰੁਝਾਨ ਜਾਰੀ ਹੈ, ਜਿਨ੍ਹਾਂ ਵਿਚੋਂ 11 ਖੇਤਰਾਂ 'ਚ ਇਹ ਪਿਛਲੇ ਦੋ ਹਫਤਿਆਂ 'ਚ ਸਾਹਮਣੇ ਆਏ।"

ਡਬਲਿਊ.ਐਚ.ਓ. ਨੇ ਕਿਹਾ ਕਿ ਚਾਰ ਮੌਜੂਦਾ 'ਚਿੰਤਾ ਵਾਲੇ ਰੂਪਾਂ'- ਅਲਫਾ, ਬੀਟਾ, ਗਾਮਾ ਤੇ ਡੈਲਟਾ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ ਜੋ ਵੱਡੀ ਪੱਧਰ 'ਤੇ ਫੈਲੇ ਹੋਏ ਹਨ ਅਤੇ ਡਬਲਿਊ.ਐਚ.ਓ. ਅਧੀਨ ਆਉਣ ਵਾਲੇ ਸਾਰੇ ਖੇਤਰਾਂ ਵਿਚ ਉਨ੍ਹਾਂ ਦਾ ਪਤਾ ਲੱਗਿਆ ਹੈ।

ਇਸ ਨੇ ਕਿਹਾ, "ਡੈਲਟਾ ਰੂਪ, ਅਲਫਾ ਨਾਲੋਂ ਕਿਤੇ ਵੱਧ ਛੇਤੀ ਫੈਲਣ ਵਾਲਾ ਹੈ ਅਤੇ ਜੇਕਰ ਮੌਜੂਦਾ ਰੁਝਾਨ ਜਾਰੀ ਰਹਿੰਦਾ ਹੈ ਤਾਂ ਇਸ ਦੇ ਵਧੇਰੇ ਹਾਵੀ ਹੋਣ ਦੀ ਸੰਭਾਵਨਾ ਹੈ।" ਅਪਡੇਟ ਵਿਚ ਦੱਸਿਆ ਗਿਆ ਕਿ ਪਿਛਲੇ ਹਫਤੇ (14 ਜੂਨ ਤੋਂ 20 ਜੂਨ) ਕੋਵਿਡ ਦੇ ਸਭ ਤੋਂ ਵੱਧ 4,41,976 ਨਵੇਂ ਮਾਮਲੇ ਸਾਹਮਣੇ ਆਏ। ਇਹ ਉਸ ਨਾਲੋਂ ਪਿਛਲੇ ਹਫਤੇ ਦੇ ਮੁਕਾਬਲੇ 30 ਫੀਸਦ ਘੱਟ ਹਨ। ਮੌਤ ਦੇ ਸਭ ਤੋਂ ਵੱਧ ਮਾਮਲੇ ਵੀ ਭਾਰਤ 'ਚੋਂ ਹੀ ਸਾਹਮਣੇ ਆਏ ਹਨ।

ਉਥੇ ਹੀ ਜਾਪਾਨ ਦੇ ਇਕ ਅਧਿਐਨ ਵਿਚ ਵੀ ਪਾਇਆ ਗਿਆ ਹੈ ਕਿ ਡੈਲਟਾ ਰੂਪ ਅਲਫਾ ਰੂਪ ਦੇ ਮੁਕਾਬਲੇ ਵਧੇਰੇ ਫੈਲਣ ਵਾਲੀ ਕਿਸਮ ਹੈ। ਟੀਕੇ ਦੀ ਦੂਜੀ ਖੁਰਾਕ ਲੈਣ ਦੇ 14 ਦਿਨਾਂ ਬਾਅਦ ਡੈਲਟਾ ਤੇ ਅਲਫਾ ਰੂਪਾਂ ਕਾਰਨ ਹਸਪਤਾਲ ਵਿਚ ਭਰਤੀ ਹੋਣ ਦੀ ਸਥਿਤੀ ਪੇਸ਼ ਨਾ ਆਏ, ਇਸ ਲਈ ਫਾਇਜਰ ਤੇ ਬਾਇਓਐਨਟੈੱਕ-ਕੋਮਿਰਨੇਟੀ ਦੀ ਪ੍ਰਭਾਵ ਸਮਰੱਥਾ 96 ਫੀਸਦ ਤੇ 95 ਫੀਸਦ ਤੇ ਐਸਟ੍ਰਾਜੈਨੇਕਾ-ਵੈਕਸਜੇਵਰੀਆ ਦੀ ਕ੍ਰਮਵਾਰ ਪ੍ਰਭਾਵ ਸਮਰੱਥਾ ਕ੍ਰਮਵਾਰ 92 ਫੀਸਦ ਤੇ 86 ਫੀਸਦ ਦੇਖੀ ਗਈ ਹੈ। ਟੀਕੇ ਦੀ ਇਕ ਖੁਰਾਕ ਲੈਣ ਦੇ 21 ਦਿਨਾਂ ਬਾਅਦ ਵੀ ਇਨ੍ਹਾਂ ਟੀਕਿਆਂ ਦੀ ਡੈਲਟਾ ਤੇ ਅਲਫਾ ਰੂਪਾਂ ਖਿਲਾਫ ਪ੍ਰਭਾਵ ਸਮਰੱਥਾ 94 ਫੀਸਦ ਤੇ 83 ਫੀਸਦ ਦੇਖੀ ਗਈ ਹੈ।

**ਮਹਾਰਾਸ਼ਟਰ 'ਚ ਸਖਤ ਪਾਬੰਦੀਆਂ:** ਕੋਵਿਡ-19 ਮਹਾਮਾਰੀ ਦੀ ਤੀਜੀ ਲਹਿਰ ਦੇ ਖਦਸ਼ੇ ਅਤੇ ਮਹਾਰਾਸ਼ਟਰ ਵਿਚ ਵਾਇਰਸ ਦੇ 'ਡੈਲਟਾ ਪਲੱਸ' ਵੈਰੀਐਂਟ ਦੇ ਕਈ ਮਾਮਲੇ ਸਾਹਮਣੇ ਆਉਣ ਬਾਅਦ ਸੂਬਾ ਸਰਕਾਰ ਨੇ ਕਰੋਨਾ ਨੂੰ ਫੈਲਣੋਂ ਰੋਕਣ ਲਈ ਪਾਬੰਦੀਆਂ ਸਖਤ ਕਰ ਦਿੱਤੀਆਂ ਹਨ। ਮਹਾਰਾਸ਼ਟਰ ਸਰਕਾਰ ਵੱਲੋਂ ਬੀਤੇ ਹਫਤੇ ਜਾਰੀ ਨੋਟੀਫਿਕੇਸ਼ਨ ਅਨੁਸਾਰ, ਜਰੂਰੀ ਵਸਤਾਂ ਦੀਆਂ ਦੁਕਾਨਾਂ ਰੋਜ਼ਾਨਾ ਸ਼ਾਮ ਚਾਰ ਵਜੇ ਤੱਕ ਖੁੱਲ੍ਹੀਆਂ ਰਹਿਣਗੀਆਂ। ਹੁਕਮਾਂ ਅਨੁਸਾਰ ਰੈਸਤਰਾਂ ਹਫਤੇ ਦੇ ਦਿਨਾਂ ਵਿਚ ਸ਼ਾਮ 4 ਵਜੇ ਤੱਕ 50 ਫੀਸਦੀ ਸਮਰੱਥਾ ਨਾਲ ਖੋਲ੍ਹਣ ਦੀ ਇਜਾਜ਼ਤ ਹੈ। ਇਸ ਤੋਂ ਬਾਅਦ ਪੈਕਡ ਖਾਣਾ ਤੇ ਹੋਮਡਿਲਿਵਰੀ ਕੀਤੀ ਜਾ ਸਕਦੀ ਹੈ।

## ਪੰਜਾਬ ਵਿਚ ਡੈਲਟਾ ਪਲੱਸ ਬਾਰੇ ਚੌਕਸੀ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੀ ਮੁੱਖ ਸਕੱਤਰ ਵਿਨੀ ਮਹਾਜਨ ਨੇ ਸੂਬੇ ਵਿਚ ਡੈਲਟਾ ਪਲੱਸ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਡੈਲਟਾ ਪਲੱਸ 'ਤੇ ਕਾਬੂ ਪਾਉਣ ਲਈ ਨਿਗਰਾਨੀ ਵਧਾਉਣ ਤੋਂ ਇਲਾਵਾ ਵੱਡੇ ਪੱਧਰ 'ਤੇ ਸੰਪਰਕ ਟਰੇਸਿੰਗ ਤੇ ਟੈਸਟਿੰਗ ਨੂੰ ਯਕੀਨੀ ਬਣਾਉਣ ਵਾਸਤੇ ਸਰਕਾਰੀ ਅਮਲੇ ਨੂੰ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ ਹਨ।

ਮੁੱਖ ਸਕੱਤਰ ਨੇ ਇਥੇ ਕੋਵਿਡ ਰਿਸਪਾਂਸ ਗਰੁੱਪ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਸੂਬੇ ਵਿਚ ਡੈਲਟਾ ਪਲੱਸ ਵੇਰੀਐਂਟ ਦੇ ਕੁਝ ਮਾਮਲੇ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਇਸ ਸਰੂਪ ਦੇ ਅੱਗੇ ਫੈਲਾਅ ਨੂੰ ਰੋਕਣ ਲਈ ਨਿਗਰਾਨੀ ਵਧਾਉਣ ਅਤੇ ਵੱਡੇ ਪੱਧਰ 'ਤੇ ਸੰਪਰਕ ਟਰੇਸਿੰਗ ਤੇ ਟੈਸਟਿੰਗ ਕਰਨ ਦਾ ਫੈਸਲਾ ਲਿਆ ਗਿਆ ਹੈ।

## ਆਸਟਰੇਲੀਆ 'ਚ ਡੈਲਟਾ ਸਰੂਪ ਨੇ ਪੈਰ ਪਸਾਰੇ

**ਸਿਡਨੀ:** ਆਸਟਰੇਲੀਆ ਵਿਚ ਕਰੋਨਾ ਵਾਇਰਸ ਦੇ ਨਵੇਂ ਰੂਪ ਡੈਲਟਾ ਨੇ ਆਪਣੇ ਪੈਰ ਪਸਾਰ ਲਏ ਹਨ। ਇਸ ਦੇ ਫੈਲਾਅ ਨੂੰ ਰੋਕਣ ਲਈ ਜਰੂਰੀ ਕਦਮ ਪੁੱਟੇ ਜਾ ਰਹੇ ਹਨ। ਦੇਸ ਦੇ ਵੱਖ-ਵੱਖ ਸੂਬਿਆਂ ਨੇ ਆਪਣੀਆਂ ਸਰਹੱਦਾਂ ਨੂੰ ਮੁੜ ਤੋਂ ਸੀਲ ਕਰ ਦਿੱਤਾ ਹੈ।

ਮੁਲਕ ਦੀ ਸਭ ਤੋਂ ਵੱਧ ਵਸੋਂ ਵਾਲੇ ਰਾਜ ਨਿਊ ਸਾਊਥ ਵੇਲਜ ਦੇ ਸ਼ਹਿਰ ਸਿਡਨੀ ਵਿਚ ਦੋ ਹਫਤੇ ਲਈ ਤਾਲਾਬੰਦੀ ਕਰ ਦਿੱਤੀ ਗਈ ਹੈ। ਪਿਛਲੇ ਹਫਤੇ ਮੈਲਬਰਨ ਤੋਂ ਬਾਅਦ ਹੁਣ ਸਿਡਨੀ ਨੂੰ ਨਵੇਂ ਵਾਇਰਸ ਤੇ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ
ਕਾਲ ਕਰੋ: ਮਿ. ਸਿੰਘ
ਫੋਨ: 515-291-1961
18-21

ਆਇਓਵਾ ਸਟੇਟ 'ਚ ਚੰਗੀਆਂ ਲੋਕੇਸ਼ਨਾਂ 'ਤੇ ਸਥਿਤ ਅਤੇ ਚੰਗੀ ਕਮਾਈ ਕਰਦੇ
ਦੋ ਗੈਸ ਸਟੇਸ਼ਨ ਵਿਕਾਊ ਹਨ
ਦੋਹਾਂ ਗੈਸ ਸਟੇਸ਼ਨਾਂ 'ਤੇ ਲਿੱਕਰ, ਬੀਅਰ ਤੇ ਵਾਈਨ ਵੇਚਣ ਦਾ ਲਾਈਸੈਂਸ ਵੀ ਹੈ। ਵਿਕਰੀ ਦੀ ਰਕਮ 'ਚ ਜਾਇਦਾਦ ਵੀ ਸ਼ਾਮਲ ਹੈ।
Two Gas Stations Located at Prime Locations with High Profit Margin Are For Sale in State of IOWA with Property.
Both Stores have Liquor, Beer and Wine License.
Real Estate Included In Sale Price.
*Owner is retiring after 30 years in this Business.*
For More Info.,
Call: (916) 254-9231

ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ
ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ:
ਫੋਨ: 651-353-9584
24-28

ਤੰਦੂਰੀਏ, ਸ਼ੈਫ ਤੇ ਕਿਚਨ ਹੈਲਪਰ ਦੀ ਲੋੜ ਹੈ
ਐਟਲਾਂਟਾ, ਜਾਰਜੀਆ ਵਿਚ ਤੰਦੂਰੀਏ, ਸ਼ੈਫ ਤੇ ਕਿਚਨ ਹੈਲਪਰ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਫਰੀ
ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ
ਫੋਨ: 757-240-9348
24-28

ਡਿਸ਼ਵਾਸ਼ਰ, ਕੁੱਕ ਹੈਲਪਰ, ਵੇਟਰ ਅਤੇ ਤੰਦੂਰੀਏ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕੁੱਕ ਹੈਲਪਰ, ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ
ਸੰਪਰਕ ਕਰੋ, ਮਿਸਟਰ ਸਿੰਘ
ਫੋਨ: 608-886-2500
24-28

## ਹੌਟ ਏਅਰ ਬਲੂਨ ਬਿਜਲੀ ਦੀਆਂ ਲਾਈਨਾਂ ਨਾਲ ਟਕਰਾਇਆ, 5 ਲੋਕਾਂ ਦੀ ਮੌਤ

**ਫਰਿਜ਼ਨੋ (ਕੈਲੀਫੋਰਨੀਆ):** ਨਿਊ ਮੈਕਸੀਕੋ ਵਿਚ ਇੱਕ ਹੌਟ ਏਅਰ ਬਲੂਨ ਹਾਦਸੇ ਦਾ ਸ਼ਿਕਾਰ ਹੋ ਜਾਣ ਕਾਰਨ 5 ਲੋਕਾਂ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਲੰਘੇ ਸਨਿਚਰਵਾਰ ਸਵੇਰੇ ਕਰੀਬ 7 ਵਜੇ ਨਿਊ ਮੈਕਸੀਕੋ ਦੇ ਐਲਬੂਕਰਕ ਵਿਚ ਏਅਰ ਬਲੂਨ ਦੇ ਬਿਜਲੀ ਦੀਆਂ ਲਾਈਨਾਂ ਨਾਲ ਟਕਰਾਉਣ ਕਰਕੇ ਇਹ ਹਾਦਸਾ ਹੋਇਆ। ਗੁਬਾਰੇ ਨੂੰ ਅੱਗ ਲੱਗ ਗਈ, ਜਿਸ ਨਾਲ ਇਹ ਕਰੀਬ 100 ਫੁੱਟ ਦੀ ਉਚਾਈ ਤੋਂ ਹੇਠਾਂ ਡਿੱਗਿਆ। ਹਾਦਸੇ ਦੌਰਾਨ ਗੁਬਾਰਾ ਟੋਕਰੀ ਤੋਂ ਅਲੱਗ ਹੋ ਗਿਆ ਸੀ।

ਹਾਦਸੇ ਦੇ ਪੀੜਤਾਂ ਵਿਚੋਂ ਦੋ ਆਦਮੀਆਂ ਅਤੇ ਦੋ ਔਰਤਾਂ ਨੂੰ ਘਟਨਾ ਸਥਾਨ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਸੀ, ਜਦੋਂ ਕਿ ਇੱਕ ਆਦਮੀ ਨੂੰ ਹਸਪਤਾਲ ਲਿਜਾਇਆ ਗਿਆ, ਪਰ ਬਾਅਦ ਵਿਚ ਉਹ ਵੀ ਦਮ ਤੋੜ ਗਿਆ। ਮ੍ਰਿਤਕਾਂ ਵਿਚ ਗੁਬਾਰੇ ਦਾ ਪਾਇਲਟ ਵੀ ਸੀ ਅਤੇ ਮੰਨਿਆ ਜਾ ਰਿਹਾ ਹੈ ਕਿ ਸਾਰੇ ਪੰਜ ਪੀੜਤ ਏਅਰ ਬਲੂਨ ਵਿਚ ਹੀ ਸਵਾਰ ਸਨ, ਜਿਨ੍ਹਾਂ ਦੀ ਉਮਰ 40 ਤੋਂ 69 ਸਾਲ ਦਰਮਿਆਨ ਸੀ। ਇਸ ਤੋਂ ਇਲਾਵਾ ਇਸ ਹਾਦਸੇ ਕਾਰਨ 13,000 ਤੋਂ ਵੱਧ ਲੋਕਾਂ ਨੇ ਬੰਦ ਬਿਜਲੀ ਸਪਲਾਈ ਦਾ ਵੀ ਸਾਹਮਣਾ ਕੀਤਾ, ਜਿਸ ਨੂੰ ਬਾਅਦ ਵਿਚ ਚਾਲੂ ਕਰ ਦਿੱਤਾ ਗਿਆ ਸੀ।


ਕੁੱਕ, ਤੰਦੂਰੀਏ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਵਿਸਕਾਨਸਿਨ ਵਿਚ 'ਮਹਾਰਾਜਾ ਰੈਸਟੋਰੈਂਟ' ਲਈ ਕੁਕ, ਤੰਦੂਰੀਏ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਰਿਹਾਇਸ਼ ਅਤੇ ਖਾਣਾ ਫਰੀ

ਸੰਪਰਕ ਕਰੋ: ਬਲਬੀਰ ਸਿੰਘ

ਫੋਨ: 414-581-3784

22-24


## ਬਿਜਲੀ ਸੰਕਟ: ਕਿਸਾਨਾਂ ਦਾ ਗੁੱਸਾ ਵੇਖ ਜਾਗੀ ਕੈਪਟਨ ਸਰਕਾਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੜਕਾਂ 'ਤੇ ਉਤਰੇ ਕਿਸਾਨਾਂ ਦੇ ਗੁੱਸੇ ਨੂੰ ਦੇਖਦਿਆਂ ਪਾਵਰਕੌਮ ਨੂੰ ਹਦਾਇਤ ਕੀਤੀ ਕਿ ਪੰਜਾਬ ਦੇ ਕਿਸਾਨਾਂ ਨੂੰ ਖੇਤੀ ਲਈ ਅੱਠ ਘੰਟੇ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਵੇ। ਮੁੱਖ ਮੰਤਰੀ ਨੇ ਬਿਜਲੀ ਦੀ ਕਮੀ ਪੂਰੀ ਕਰਨ ਲਈ ਕਿਸੇ ਵੀ ਕੀਮਤ ਉਤੇ ਸੂਬੇ ਤੋਂ ਬਾਹਰੋਂ ਬਿਜਲੀ ਖਰੀਦਣ ਦੇ ਆਦੇਸ਼ ਦਿੱਤੇ ਹਨ। ਚੇਤੇ ਰਹੇ ਕਿ ਪੰਜਾਬ ਦੇ ਕਿਸਾਨ ਝੋਨੇ ਦੀ ਲੁਆਈ ਲਈ ਬਿਜਲੀ ਸੰਕਟ ਕਈ ਦਿਨਾਂ ਤੋਂ ਝੱਲ ਰਹੇ ਸਨ ਪਰ ਕਾਂਗਰਸ ਸਰਕਾਰ ਆਪਣੇ ਅੰਦਰੂਨੀ ਕਲੇਸ਼ ਵਿਚ ਉਲਝੀ ਹੋਈ ਸੀ।

ਕਿਸਾਨਾਂ ਵੱਲੋਂ ਪਿਛਲੇ ਦੋ ਦਿਨਾਂ ਤੋਂ ਗਰਿੱਡਾਂ ਦਾ ਘਿਰਾਓ ਕੀਤਾ ਜਾ ਰਿਹਾ ਸੀ। ਜਦੋਂ ਕਿਸਾਨਾਂ ਨੇ ਖੇਤੀ ਸੈਕਟਰ ਨੂੰ ਮਿਲਦੀ ਬਿਜਲੀ ਸਪਲਾਈ ਦੇ ਅਸਲ ਸੱਚ ਨੂੰ ਨੰਗਾ ਕਰ ਦਿੱਤਾ ਤਾਂ ਮੁੱਖ ਮੰਤਰੀ ਨੂੰ ਇਸ 'ਚ ਦਖਲ ਦੇਣਾ ਪਿਆ। ਉਨ੍ਹਾਂ ਬਿਜਲੀ ਵਿਭਾਗ ਅਤੇ ਪਾਵਰਕੌਮ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ।

ਮੁੱਖ ਮੰਤਰੀ ਨੇ ਉੱਚ ਪੱਧਰੀ ਮੀਟਿੰਗ ਦੌਰਾਨ ਵਿੱਤ ਵਿਭਾਗ ਨੂੰ ਹਦਾਇਤ ਕੀਤੀ ਕਿ ਪਾਵਰਕੌਮ ਨੂੰ 500 ਕਰੋੜ ਰੁਪਏ ਜਾਰੀ ਕੀਤੇ ਜਾਣ ਤਾਂ ਜੋ ਮਹਾਮਾਰੀ ਕਾਰਨ ਪੈਦਾ ਹੋਏ ਵਿੱਤੀ ਸੰਕਟ ਨਾਲ ਨਜਿੱਠਿਆ ਜਾ ਸਕੇ। ਮੀਟਿੰਗ ਵਿਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਬਿਨਾਂ ਕਿਸੇ ਦੇਰੀ ਤੋਂ ਫੰਡ ਜਾਰੀ ਕਰਨ ਦਾ ਭਰੋਸਾ ਦਿੱਤਾ।

ਪਾਵਰਕੌਮ ਦੇ ਅਧਿਕਾਰੀਆਂ ਨੇ ਕਿਹਾ ਕਿ ਮਹਾਮਾਰੀ ਦੇ ਸੰਕਟ ਦੌਰਾਨ ਬੀਤੇ ਇਕ ਸਾਲ ਵਿਚ ਖਪਤ ਅਤੇ ਮਾਲੀਏ ਦੀ ਉਗਰਾਹੀ ਵਿਚ ਕਮੀ ਆਉਣ ਕਰਕੇ ਕਈ ਵਿੱਤੀ ਸੰਕਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਖ ਮੰਤਰੀ ਨੇ ਫਸਲਾਂ ਦੀ ਬਿਜਾਈ ਲਈ ਕਿਸਾਨਾਂ ਨੂੰ ਅੱਠ ਘੰਟੇ ਸਪਲਾਈ ਜਾਰੀ ਰੱਖਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਜ਼ਾਹਰ ਕੀਤੀ। ਉਨ੍ਹਾਂ ਪਾਵਰਕੌਮ ਨੂੰ ਬਿਜਲੀ ਦੀ ਕਮੀ ਪੂਰੀ ਕਰਨ ਲਈ ਲੋੜ ਪੈਣ ਉਤੇ ਸੂਬੇ ਤੋਂ ਬਾਹਰੋਂ ਕਿਸੇ ਵੀ ਕੀਮਤ ਉਤੇ ਬਿਜਲੀ ਖਰੀਦਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਬਿਜਲੀ ਸਪਲਾਈ ਵਿਚ ਕੋਈ ਵਿਘਨ ਨਹੀਂ ਪੈਣਾ ਚਾਹੀਦਾ ਹੈ। ਉਧਰ ਕਿਸਾਨ ਧਿਰਾਂ ਨੇ ਇਸ ਮਾਮਲੇ 'ਤੇ ਕਮਰਕੱਸੇ ਕੀਤੇ ਹੋਏ ਹਨ ਕਿਉਂਕਿ ਖੇਤੀ ਸੈਕਟਰ ਨੂੰ ਅੱਠ ਘੰਟੇ ਬਿਜਲੀ ਸਪਲਾਈ ਨਾ ਮਿਲਣ ਕਰਕੇ ਕਿਸਾਨਾਂ ਨੂੰ ਮਹਿੰਗੇ ਭਾਅ ਦਾ ਡੀਜ਼ਲ ਫੂਕਣਾ ਪੈ ਰਿਹਾ ਹੈ।

## ਫਰਿਜ਼ਨੋ ਯੋਸਮਾਈਟ ਇੰਟਰਨੈਸ਼ਨਲ ਏਅਰਪੋਰਟ 'ਤੇ ਖੋਲ੍ਹਿਆ ਕਰੋਨਾ ਟੀਕਾਕਰਨ ਕਲਿਨਿਕ

**ਫਰਿਜ਼ਨੋ (ਕੈਲੀਫੋਰਨੀਆ):** ਫਰਿਜ਼ਨੋ ਦੇ ਯੋਸਮਾਈਟ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਫਰਿਜ਼ਨੋ ਕਾਊਂਟੀ ਡਿਪਾਰਟਮੈਂਟ ਆਫ ਪਬਲਿਕ ਹੈਲਥ ਨੇ ਏਅਰਪੋਰਟ ਦੀ ਲਾਬੀ ਵਿਚ ਇੱਕ ਟੀਕਾਕਰਨ ਕਲਿਨਿਕ ਖੋਲ੍ਹਿਆ ਹੈ। ਇਸ ਕਲਿਨਿਕ ਦੀ ਸਥਾਪਨਾ ਯਾਤਰੀਆਂ ਦੀ ਗਿਣਤੀ ਵਿਚ ਹੋ ਰਹੇ ਵਾਧੇ ਦੇ ਮੱਦੇਨਜ਼ਰ ਸੁਰੱਖਿਆ ਕਾਰਨਾਂ ਕਰਕੇ ਕੀਤੀ ਗਈ ਹੈ। ਏਅਰਪੋਰਟ ਦੇ ਹਵਾਬਾਜ਼ੀ ਡਾਇਰੈਕਟਰ ਕੇਵਿਨ ਮੇਕਲੇ ਅਨੁਸਾਰ ਏਅਰਪੋਰਟ 'ਤੇ ਯਾਤਰੀਆਂ ਦੀ ਗਤੀਵਿਧੀ ਦਾ ਪੱਧਰ 30% ਤੱਕ ਵਧ ਗਿਆ ਹੈ।

ਸਿਹਤ ਵਿਭਾਗ ਅਨੁਸਾਰ ਇਹ ਕਲਿਨਿਕ 25 ਜੁਲਾਈ ਤੱਕ ਦੁਪਹਿਰ 3 ਵਜੇ ਤੋਂ ਰਾਤ 11 ਵਜੇ ਦਰਮਿਆਨ ਏਅਰਪੋਰਟ ਦੀ ਲਾਬੀ ਵਿਚ ਚੱਲੇਗਾ। ਸਿਹਤ ਵਿਭਾਗ ਦੇ ਇੱਕ ਡਾਕਟਰ ਤ੍ਰਿਨੀਦਾਦ ਸੋਲਿਸ ਨੇ ਕਿਹਾ ਕਿ ਉਹ ਵਾਇਰਸ ਦੇ ਡੈਲਟਾ ਵੇਰੀਐਂਟ ਦੇ ਕਾਰਨ ਟੀਕਾਕਰਨ ਦੀਆਂ ਦਰਾਂ ਵਿਚ ਵਾਧਾ ਵੇਖਣਾ ਚਾਹੁੰਦੇ ਹਨ, ਜਿਸ ਵਿਚ ਇਸ ਕਲਿਨਿਕ ਦੁਆਰਾ ਸਹਾਇਤਾ ਕੀਤੀ ਜਾਵੇਗੀ। ਫਰਿਜ਼ਨੋ ਕਾਊਂਟੀ ਦੇ ਵਾਇਰਸ ਸਬੰਧੀ ਅੰਕੜਿਆਂ ਅਨੁਸਾਰ ਕਾਊਂਟੀ ਵਿਚ 12 ਸਾਲ ਅਤੇ ਵੱਧ ਉਮਰ ਦੇ 52% ਲੋਕਾਂ ਨੂੰ ਟੀਕੇ ਦੀ ਘੱਟੋ ਘੱਟ ਇੱਕ ਖੁਰਾਕ ਮਿਲੀ ਹੈ। ਸੋਲਿਸ ਅਨੁਸਾਰ ਵਿਦੇਸ਼ਾਂ ਜਿਵੇਂ ਕਿ ਮੈਕਸੀਕੋ ਆਦਿ ਤੋਂ ਆਉਣ ਵਾਲੇ ਯਾਤਰੀ ਵੀ ਹਵਾਈ ਅੱਡੇ 'ਤੇ ਟੀਕਾ ਲਵਾਉਣ ਦੇ ਯੋਗ ਹੋਣਗੇ।

## ਸਾਕਾ ਨੀਲਾ ਤਾਰਾ: ਗੋਲੀਆਂ ਦੇ ਨਿਸ਼ਾਨ ਸੰਭਾਲਣ ਦੀ ਅਪੀਲ

**ਅੰਮ੍ਰਿਤਸਰ:** ਸਿੱਖ ਜਥੇਬੰਦੀ 'ਸਿੱਖ ਯੂਥ ਪਾਵਰ ਆਫ ਪੰਜਾਬ' ਦੇ ਕਾਰਕੁਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮੰਗ-ਪੱਤਰ ਦੇ ਕੇ ਮੰਗ ਕੀਤੀ ਹੈ ਕਿ ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਸਮੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਨੁਕਸਾਨੀਆਂ ਇਮਾਰਤਾਂ ਅਤੇ ਉਹ ਥਾਵਾਂ, ਜਿਥੇ ਅੱਜ ਵੀ ਗੋਲੀਆਂ ਦੇ ਨਿਸ਼ਾਨ ਮੌਜੂਦ ਹਨ, ਨੂੰ ਜਿਉਂ ਦਾ ਤਿਉਂ ਸੰਭਾਲਿਆ ਜਾਵੇ।

ਜਥੇਬੰਦੀ ਦੇ ਮੁਖੀ ਪਰਮਜੀਤ ਸਿੰਘ ਅਕਾਲੀ ਨੇ ਦੱਸਿਆ ਕਿ ਇਸ ਸਬੰਧੀ ਇਕ ਮੰਗ-ਪੱਤਰ ਸ਼੍ਰੋਮਣੀ ਕਮੇਟੀ ਨੂੰ ਸੌਂਪਿਆ ਗਿਆ। ਉਨ੍ਹਾਂ ਕਿਹਾ ਕਿ ਉਸ ਸਮੇਂ ਹੋਈ ਗੋਲੀਬਾਰੀ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੀਆਂ ਇਮਾਰਤਾਂ ਦਾ ਵੱਡਾ ਨੁਕਸਾਨ ਹੋਇਆ ਸੀ ਅਤੇ ਸ੍ਰੀ ਅਕਾਲ ਤਖਤ ਦੀ ਇਮਾਰਤ ਵੀ ਨੁਕਸਾਨੀ ਗਈ ਸੀ। ਉਨ੍ਹਾਂ ਅਫਸੋਸ ਜ਼ਾਹਿਰ ਕੀਤਾ ਕਿ ਸਿੱਖ ਸੰਸਥਾ ਦੇ ਹੁਕਮਰਾਨਾਂ ਨੇ ਇਨ੍ਹਾਂ ਗੋਲੀਆਂ ਦੇ ਨਿਸ਼ਾਨਾਂ ਨੂੰ ਸੰਭਾਲਣ ਦੀ ਥਾਂ ਇਨ੍ਹਾਂ ਨੂੰ ਪੂਰ ਦਿੱਤਾ ਅਤੇ ਇਹ ਨਿਸ਼ਾਨ ਖਤਮ ਹੋ ਗਏ। ਉਨ੍ਹਾਂ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਇਮਾਰਤਾਂ 'ਤੇ ਜਿਥੇ ਵੀ ਗੋਲੀਬਾਰੀ ਦੇ ਨਿਸ਼ਾਨ ਬਚੇ ਹਨ ਜਾਂ ਉਸ ਵੇਲੇ ਦੀਆਂ ਹੋਰ ਨੁਕਸਾਨੀਆਂ ਗਈਆਂ ਵਸਤਾਂ ਦੀ ਜਿਉਂ ਦੀ ਤਿਉਂ ਸੰਭਾਲ ਕੀਤੀ ਜਾਵੇ। ਇਸ ਤੋਂ ਇਲਾਵਾ ਫੌਜੀ ਹਮਲੇ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਨਾਵਾਂ ਨੂੰ ਸ਼ਹੀਦੀ ਅਸਥਾਨ 'ਤੇ ਉਕਰਿਆ ਜਾਵੇ।


PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

Low Interest Rates in History
No Cost Refinancing Available!



Madan Khatri
NMLS # 1980752
Call Madan Khatri
Ph: 847-530-1550
Madan@MoonstarMortgage.com
IL and CA Mortgage Loan Licensee
We Works From Start to End!
Moonstar Mortgage Inc.
MOONSTAR Mortgage
953 Plum Grove Road, Unit B, Schaumburg, IL 60173

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

## ਜਾਰਜ ਫਲਾਇਡ ਕਤਲ ਕੇਸ: ਸਾਬਕਾ ਪੁਲਿਸ ਅਧਿਕਾਰੀ ਨੂੰ 22 ਸਾਲ 6 ਮਹੀਨੇ ਕੈਦ ਦੀ ਸਜ਼ਾ

**ਫਰਿਜ਼ਨੋ (ਕੈਲੀਫੋਰਨੀਆ):** ਮਿਨੀਐਪੋਲਿਸ ਦੇ ਸਾਬਕਾ ਪੁਲਿਸ ਅਧਿਕਾਰੀ ਡੈਰੇਕ ਚੌਵਿਨ ਨੂੰ ਕਾਲੇ ਮੂਲ ਦੇ ਵਿਅਕਤੀ ਜਾਰਜ ਫਲਾਇਡ ਦੇ ਕਤਲ ਦੇ ਮਾਮਲੇ ਵਿਚ 22 ਸਾਲ 6 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਹੈਨੇਪਿਨ ਕਾਊਂਟੀ ਜਿਲਾ ਅਦਾਲਤ ਦੇ ਜੱਜ ਪੀਟਰ ਕੈਹਿਲ ਨੇ ਇਹ ਸਜ਼ਾ ਦਿੰਦਿਆਂ ਕਿਹਾ ਕਿ ਉਸ ਦੀ ਸਜ਼ਾ ਸਟੇਟ ਦੀ 12.5 ਸਾਲਾਂ ਦੇ ਸਜ਼ਾ ਦਿਸ਼ਾ-ਨਿਰਦੇਸ਼ਾਂ ਨੂੰ ਪਾਰ ਕਰ ਗਈ ਹੈ, ਕਿਉਂਕਿ ਚੌਵਿਨ ਨੇ ਆਪਣੇ ਅਧਿਕਾਰਾਂ ਤੇ ਅਹੁਦੇ ਦੀ ਦੁਰ-ਵਰਤੋਂ ਕਰਦਿਆਂ ਫਲਾਇਡ ਪ੍ਰਤੀ ਜ਼ੁਲਮ ਨੂੰ ਪ੍ਰਦਰਸ਼ਿਤ ਕੀਤਾ ਸੀ। ਇਸ ਤੋਂ ਪਹਿਲਾਂ ਅਪਰੈਲ ਵਿਚ ਚੌਵਿਨ ਨੂੰ ਦੂਜੀ ਡਿਗਰੀ ਕਤਲ, ਤੀਜੀ ਡਿਗਰੀ ਕਤਲੇਆਮ ਆਦਿ ਦੇ ਦੋਸ਼ੀ ਠਹਿਰਾਇਆ ਗਿਆ ਸੀ।

ਚੌਵਿਨ ਨੂੰ ਰਾਜ ਦੀ ਵੱਧ ਸੁਰੱਖਿਆ ਜੇਲ੍ਹ ਵਿਚ ਰੱਖਿਆ ਗਿਆ ਹੈ। ਚੰਗੇ ਵਿਹਾਰ ਨਾਲ 45 ਸਾਲਾ ਚੌਵਿਨ ਨੂੰ ਉਸ ਦੀ ਦੋ ਤਿਹਾਈ ਸਜ਼ਾ ਜਾਂ ਲਗਭਗ 15 ਸਾਲ ਦੀ ਸਜ਼ਾ ਕੱਟਣ ਤੋਂ ਬਾਅਦ ਪੈਰੋਲ ਦਿੱਤੀ ਜਾ ਸਕਦੀ ਹੈ।

ਜੱਜ ਪੀਟਰ ਕੈਹਿਲ ਨੇ ਸਜ਼ਾ ਸੁਣਾਏ ਜਾਣ ਤੋਂ ਕੁਝ ਘੰਟੇ ਪਹਿਲਾਂ ਹੀ ਨਵੀਂ ਟ੍ਰਾਇਲ ਪਟੀਸ਼ਨ ਲਈ ਡੈਰੇਕ ਚੌਵਿਨ ਦੇ ਪ੍ਰਸਤਾਵ ਤੋਂ ਇਨਕਾਰ ਕਰ ਦਿੱਤਾ ਸੀ। ਜਾਰਜ ਫਲਾਇਡ ਦੇ ਪਰਿਵਾਰ ਅਤੇ ਵਕੀਲਾਂ ਨੇ ਡੈਰੇਕ ਨੂੰ ਵੱਧ ਸਜ਼ਾ ਦੇਣ ਦੀ ਅਪੀਲ ਕੀਤੀ ਸੀ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਇਸ ਗੋਰੇ ਪੁਲਿਸ ਅਧਿਕਾਰੀ ਨੇ ਕਾਲੇ ਮੂਲ ਦੇ ਜਾਰਜ ਫਲਾਇਡ ਨਾਂ ਦੇ ਵਿਅਕਤੀ ਦੀ ਧੌਣ 'ਤੇ ਕਰੀਬ 9 ਮਿੰਟ ਤੋਂ ਉੱਪਰ ਤੱਕ ਆਪਣਾ ਗੋਡਾ ਰੱਖਿਆ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਇਸ ਘਟਨਾ ਦੀ ਇੱਕ ਵੀਡੀਓ ਦੇ ਵਾਇਰਲ ਹੋਣ ਨਾਲ ਦੇਸ਼ ਭਰ 'ਚ ਰੋਸ਼ ਪ੍ਰਦਰਸ਼ਨ ਕੀਤੇ ਗਏ ਸਨ।

## ਸਾਬਕਾ ਸੈਨੇਟਰ ਮਾਈਕ ਗ੍ਰੈਵਲ ਦਾ ਦੇਹਾਂਤ

**ਫਰਿਜ਼ਨੋ (ਕੈਲੀਫੋਰਨੀਆ):** ਅਮਰੀਕਾ ਦੇ ਸਾਬਕਾ ਸੈਨੇਟਰ ਮਾਈਕ ਗ੍ਰੈਵਲ ਦਾ ਦੇਹਾਂਤ ਹੋ ਗਿਆ ਹੈ। ਕਰੀਬ 91 ਸਾਲਾਂ ਦੇ ਅਲਾਸਕਾ ਦੇ ਇਸ ਡੈਮੋਕਰੇਟ, ਜਿਸ ਨੇ ਪੈਂਟਾਗਨ ਪੇਪਰਾਂ ਨੂੰ ਕਾਂਗਰਸ ਦੇ ਰਿਕਾਰਡ ਵਿਚ ਪੜ੍ਹਿਆ ਅਤੇ ਰਾਸ਼ਟਰਪਤੀ ਅਹੁਦੇ ਲਈ ਅਸਫਲ ਕੋਸ਼ਿਸ਼ ਕੀਤੀ ਸੀ, ਦੀ ਧੀ ਲੀਨ ਮੋਸੀਅਰ ਨੇ ਐਤਵਾਰ ਨੂੰ ਉਸ ਦੀ ਮੌਤ ਦੀ ਪੁਸ਼ਟੀ ਕੀਤੀ।

13 ਮਈ 1930 ਨੂੰ ਸਪਰਿੰਗਫੀਲਡ, ਮੈਸਾਚਿਉਸੇਟਸ ਵਿਚ ਪੈਦਾ ਹੋਏ, ਗ੍ਰੈਵਲ ਨੇ ਅਮਰੀਕੀ ਫੌਜ ਵਿਚ ਕਮਿਊਨੀਕੇਸ਼ਨ ਇੰਟੈਲੀਜੈਂਸ ਸਰਵਿਸ 'ਚ ਸਹਾਇਕ ਵਜੋਂ ਕੰਮ ਕੀਤਾ ਅਤੇ 1951 ਤੋਂ 1954 ਤੱਕ ਫਰਾਂਸ ਵਿਚ ਕਾਊਂਟਰ ਇੰਟੈਲੀਜੈਂਸ ਕੋਰ ਵਿਚ ਵੀ ਵਿਸ਼ੇਸ਼ ਏਜੰਟ ਵਜੋਂ ਕੰਮ ਕੀਤਾ। ਮਿਲਟਰੀ ਵਿਚ ਸੇਵਾਵਾਂ ਤੋਂ ਬਾਅਦ ਗ੍ਰੈਵਲ ਨੇ 1956 ਵਿਚ ਕੋਲੰਬੀਆ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਵਿਚ ਡਿਗਰੀ ਹਾਸਲ ਕੀਤੀ। ਉਸ ਨੇ 1963 ਤੋਂ 1966 ਤੱਕ ਅਲਾਸਕਾ ਹਾਊਸ ਆਫ ਰਿਪ੍ਰੈਜ਼ੇਂਟੇਵਿਜ ਵਿਚ ਸੇਵਾ ਕੀਤੀ, ਜਿੱਥੇ ਉਹ 1965 ਵਿਚ ਸਟੇਟ ਹਾਊਸ ਸਪੀਕਰ ਚੁਣੇ ਗਏ। ਗ੍ਰੈਵਲ 1968 ਵਿਚ ਕਾਂਗਰਸ ਲਈ ਚੁਣੇ ਗਏ, ਜਿੱਥੇ 1969 ਤੋਂ 1981 ਤੱਕ ਸੈਨੇਟਰ ਵਜੋਂ ਸੇਵਾ ਨਿਭਾਈ।

1971 ਵਿਚ ਗ੍ਰੈਵਲ ਨੇ ਪੈਂਟਾਗਨ ਪੇਪਰਾਂ ਦੇ ਕੁਝ ਹਿੱਸੇ, ਜੋ ਕਿ ਵੀਅਤਨਾਮ ਯੁੱਧ ਬਾਰੇ ਗੁਪਤ ਜਾਣਕਾਰੀ ਸਬੰਧੀ ਸਨ, ਨੂੰ ਜੰਗ ਖਤਮ ਕਰਨ ਦੀ ਕੋਸ਼ਿਸ਼ ਵਿਚ ਕਾਂਗਰਸ ਦੇ ਰਿਕਾਰਡ ਵਿਚ ਪੜ੍ਹਨ ਤੋਂ ਬਾਅਦ ਦੇਸ਼ ਵਿਆਪੀ ਧਿਆਨ ਖਿੱਚਿਆ। ਗ੍ਰੈਵਲ ਨੇ 2006 ਵਿਚ ਡੈਮੋਕਰੇਟ ਵਜੋਂ ਰਾਸ਼ਟਰਪਤੀ ਦੇ ਅਹੁਦੇ ਲਈ ਅਸਫਲ ਕੋਸ਼ਿਸ਼ ਕੀਤੀ। ਗ੍ਰੈਵਲ ਡੈਮੋਕਰੇਸੀ ਫਾਊਂਡੇਸ਼ਨ ਦੇ ਸੰਸਥਾਪਕ ਅਤੇ ਚੇਅਰਮੈਨ ਵੀ ਸਨ। ਮਾਈਕ ਗ੍ਰੈਵਲ ਕੈਲੀਫੋਰਨੀਆ ਦੇ ਸੀਸਾਈਡ ਵਿਖੇ ਆਪਣੇ ਘਰ ਵਿਚ ਪਰਿਵਾਰ ਨਾਲ ਰਹਿੰਦੇ ਸਨ।

## ਗੰਗਾ ਦੇ ਵਧੇ ਪੱਧਰ ਨੇ ਦੱਬੀਆਂ ਲਾਸ਼ਾਂ ਦੇ ਭੇਤ ਮੁੜ ਖੋਲ੍ਹੇ

**ਪ੍ਰਯਾਗਰਾਜ:** ਉੱਤਰ ਪ੍ਰਦੇਸ਼ 'ਚ ਮੋਹਲੇਧਾਰ ਮੀਂਹ ਨੇ ਕਰੋਨਾ ਦੀ ਦੂਜੀ ਲਹਿਰ ਦੌਰਾਨ ਮਾਰੇ ਗਏ ਲੋਕਾਂ ਦੀ ਗਿਣਤੀ ਛਿਪਾਉਣ ਦੇ ਸਾਰੇ ਯਤਨਾਂ ਨੂੰ ਖੋਲ੍ਹ ਕੇ ਰੱਖ ਦਿੱਤਾ ਹੈ। ਗੰਗਾ ਦਰਿਆ 'ਚ ਪਾਣੀ ਚੜ੍ਹਨ ਨਾਲ ਉਸ ਦੇ ਕੰਢਿਆਂ 'ਤੇ ਦੱਬੀਆਂ ਲਾਸ਼ਾਂ ਬਾਹਰ ਨਿਕਲ ਆਈਆਂ ਹਨ। ਸੀਨੀਅਰ ਮਿਉਂਸਪਲ ਅਧਿਕਾਰੀ ਨੇ ਕਿਹਾ ਕਿ ਇਸ ਮਹੀਨੇ ਕਰੋਨਾ ਦੇ ਕੇਸਾਂ 'ਚ ਵੱਡੇ ਪੱਧਰ 'ਤੇ ਗਿਰਾਵਟ ਦਰਜ ਹੋਈ ਹੈ ਪਰ ਤਿੰਨ ਹਫਤਿਆਂ ਦੌਰਾਨ ਇਕੱਲੇ

ਪ੍ਰਯਾਗਰਾਜ 'ਚ ਗੰਗਾ 'ਚੋਂ ਮਿਲੀਆਂ 108 ਲਾਸ਼ਾਂ



ਦੇ ਅੰਤਿਮ ਸਸਕਾਰ ਕੀਤੇ ਗਏ ਹਨ। ਮਿਉਂਸਪਲ ਕਾਰਪੋਰੇਸ਼ਨ ਨੇ 25 ਵਿਅਕਤੀਆਂ ਦੀ ਟੀਮ ਤਾਇਨਾਤ ਕੀਤੀ ਹੈ ਜੋ ਦਿਨ-ਰਾਤ ਗੰਗਾ 'ਚ ਰੁੜ੍ਹਨ ਵਾਲੀਆਂ ਲਾਸ਼ਾਂ 'ਤੇ ਨਜ਼ਰ ਰੱਖ ਰਹੀ ਹੈ।"

ਉੱਤਰ ਪ੍ਰਦੇਸ਼ ਸਰਕਾਰ ਨੇ ਮਈ 'ਚ ਮੰਨਿਆ ਸੀ ਕਿ ਕੋਵਿਡ-19 ਕਾਰਨ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਗਰੀਬੀ ਕਾਰਨ ਗੰਗਾ 'ਚ ਵਹਾਈਆਂ ਗਈਆਂ ਹਨ। ਉੱਤਰ ਪ੍ਰਦੇਸ਼ ਸਰਕਾਰ ਦੇ ਤਰਜਮਾਨ ਨਵਨੀਤ ਸਹਿਗਲ ਨੇ ਕਿਹਾ ਕਿ ਹਰੇਕ ਜਿਲ੍ਹਾ ਮੈਜਿਸਟਰੇਟ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਲਾਸ਼ਾਂ ਦਾ ਪੂਰੀ ਮਰਿਆਦਾ ਨਾਲ ਸਸਕਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਥਾਨਕ ਰੀਤੀ-ਰਿਵਾਜ ਕਾਰਨ ਦਰਿਆ ਦੇ ਕੰਢਿਆਂ 'ਤੇ ਲਾਸ਼ਾਂ ਨੂੰ ਦੱਬਿਆ ਗਿਆ ਹੈ।

## ਪਰਮਿੰਦਰ ਢੀਂਡਸਾ ਵੱਲੋਂ ਹਮਖਿਆਲੀਆਂ ਨੂੰ ਇਕਜੁਟ ਹੋਣ ਦਾ ਸੱਦਾ

**ਪਟਿਆਲਾ:** ਕਾਂਗਰਸ ਅਤੇ ਅਕਾਲੀ ਦਲ ਉਪਰ ਰਲੇ ਹੋਣ ਦੇ ਦੋਸ਼ ਲਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਇਨ੍ਹਾਂ ਦੋਵਾਂ ਨੇ ਪੰਜਾਬ ਨੂੰ ਰੋਲ ਦਿੱਤਾ ਹੈ, ਜਿਸ ਕਰਕੇ ਇਨ੍ਹਾਂ ਨੂੰ ਸਬਕ ਸਿਖਾਉਣਾ ਜਰੂਰੀ ਹੈ। ਉਨ੍ਹਾਂ ਕਾਂਗਰਸ ਤੇ ਅਕਾਲੀ ਦਲ ਨੂੰ ਸੱਤਾ ਤੋਂ ਲਾਂਭੇ ਰੱਖਣ ਲਈ ਪੰਜਾਬ ਦੀਆਂ ਸਮੂਹ ਹਮਖਿਆਲੀ ਧਿਰਾਂ ਨੂੰ ਇਕ ਪਲੇਟਫਾਰਮ ਉਤੇ ਇਕੱਠਿਆਂ ਹੋਣ ਦਾ ਸੱਦਾ ਦਿੱਤਾ।



ਸ੍ਰੀ ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਸੰਯੁਕਤ ਦਲਿਤ ਅਤੇ ਹਿੰਦੂ ਵਰਗ ਸਮੇਤ ਸਾਰੇ ਵਰਗਾਂ ਨੂੰ ਬਰਾਬਰ ਦੀ ਨੁਮਾਇੰਦਗੀ ਦੇਵੇਗਾ। ਬਸਪਾ ਨਾਲ ਸਮਝੌਤੇ ਨੂੰ ਬਾਦਲ ਦਲ ਦੀ ਮਜਬੂਰੀ ਕਰਾਰ ਦਿੱਤਾ। ਇਸ ਮੌਕੇ ਉਨ੍ਹਾਂ ਨੇ ਜਿਥੇ ਦਲਿਤ ਆਗੂਆਂ ਨੂੰ ਸਨਮਾਨਤ ਕੀਤਾ, ਉਥੇ ਹੀ ਪਿਛਲੇ ਦਿਨੀਂ ਅਕਾਲੀ ਦਲ ਸੰਯੁਕਤ ਨਾਲ ਜੁੜੇ ਬਾਦਲ ਦਲ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਕਸ਼ਮੀਰ ਸਿੰਘ ਮਵੀ ਨੂੰ ਵੀ ਸਿਰੋਪਾਉ ਦਿੱਤਾ।

## ਭਾਜਪਾ ਆਗੂਆਂ ਵੱਲੋਂ ਹੀ ਯੋਗੀ ਨੂੰ ਸਵਾਲ

**ਬਲੀਆ(ਯੂਪੀ):** ਉੱਤਰ ਪ੍ਰਦੇਸ਼ ਵਿਚ ਸੱਤਾਧਾਰੀ ਪਾਰਟੀ ਨਾਲ ਸਬੰਧਤ ਭਾਜਪਾ ਆਗੂ ਨੇ ਕੋਵਿਡ-19 ਸੰਕਟ ਨਾਲ ਨਜਿੱਠਣ ਦੇ ਢੰਗ ਤਰੀਕੇ ਲਈ ਯੋਗੀ ਸਰਕਾਰ ਨੂੰ ਹੀ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਭਾਜਪਾ ਦੀ ਸੂਬਾਈ ਵਰਕਿੰਗ ਕਮੇਟੀ ਦੇ ਮੈਂਬਰ ਰਾਮ ਇਕਬਾਲ ਸਿੰਘ ਨੇ ਦਾਅਵਾ ਕੀਤਾ ਕਿ ਕਰੋਨਾ ਦੀ ਦੂਜੀ ਲਹਿਰ ਦੌਰਾਨ ਹਰੇਕ ਪਿੰਡ ਵਿਚ ਘੱਟੋ-ਘੱਟ ਦਸ ਵਿਅਕਤੀ ਮੌਤ ਦੇ ਮੂੰਹ ਪਏ ਹਨ ਤੇ ਸੂਬਾ ਸਰਕਾਰ ਨੇ ਪਹਿਲੀ ਲਹਿਰ ਤੋਂ ਕੋਈ ਸਬਕ ਨਹੀਂ ਸਿੱਖਿਆ। ਇਸ ਤੋਂ ਪਹਿਲਾਂ ਕਈ ਹੋਰ ਪਾਰਟੀ ਆਗੂ ਯੋਗੀ ਸਰਕਾਰ ਦੀ ਕੋਵਿਡ ਨਾਲ ਨਜਿੱਠਣ ਦੀ ਕਾਰਜਸ਼ੈਲੀ ਦੀ ਨੁਕਤਾਚੀਨੀ ਕਰ ਚੁੱਕੇ ਹਨ।

## ਲਾਸ ਏਂਜਲਸ ਏਅਰਪੋਰਟ 'ਚ ਵਿਅਕਤੀ ਨੇ ਮਾਰੀ ਚਲਦੇ ਜਹਾਜ਼ ਤੋਂ ਛਾਲ

**ਲਾਸ ਏਂਜਲਸ (ਕੈਲੀਫੋਰਨੀਆ):** ਸਥਾਨਕ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇੱਕ ਵਿਅਕਤੀ ਨੇ ਚਲਦੇ ਜਹਾਜ਼ ਵਿਚੋਂ ਛਾਲ ਮਾਰ ਦਿੱਤੀ। ਬਾਅਦ ਵਿਚ ਉਸ ਨੂੰ ਹਸਪਤਾਲ ਲਿਜਾਇਆ ਗਿਆ। ਹਵਾਈ ਅੱਡੇ 'ਤੇ ਯੂਨਾਈਟਿਡ ਐਕਸਪ੍ਰੈਸ ਦੀ ਉਡਾਣ 5365, ਜੋ ਕਿ ਸਕਾਈਵੈਸਟ ਦੁਆਰਾ ਸਵੇਰੇ 7 ਵਜੇ ਤੋਂ ਥੋੜ੍ਹੀ ਦੇਰ ਬਾਅਦ ਏਅਰਪੋਰਟ ਦੇ ਗੇਟ ਤੋਂ ਚਲਾਈ ਗਈ ਕਿ ਇਸ ਦੌਰਾਨ ਇੱਕ ਯਾਤਰੀ ਨੇ ਕਾਕਪਿਟ ਨਿਯਮਾਂ ਦੀ ਉਲੰਘਣਾ ਕਰਦਿਆਂ ਦਰਵਾਜ਼ਾ ਖੋਲ੍ਹ ਕੇ ਐਮਰਜੈਂਸੀ ਸਲਾਇਡ 'ਤੇ ਛਾਲ ਮਾਰ ਦਿੱਤੀ।

ਇਸ ਵਿਅਕਤੀ ਨੂੰ ਟੈਕਸੀਵੇਅ 'ਤੇ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਜ਼ਖਮਾਂ ਕਾਰਨ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਸ ਘਟਨਾ ਕਾਰਨ ਐਂਬਰੇਅਰ 175, ਜੋ ਕਿ ਸਾਲਟ ਲੇਕ ਸਿਟੀ ਵੱਲ ਜਾ ਰਿਹਾ ਸੀ, ਆਪਣੇ ਗੇਟ 'ਤੇ ਵਾਪਸ ਪਰਤਿਆ। ਫਲਾਈਟ ਵੇਅਰ ਡਾਟ ਕਾਮ ਦੀ ਵੈੱਬਸਾਈਟ ਅਨੁਸਾਰ ਸਾਲਟ ਲੇਕ ਸਿਟੀ ਲਈ ਇਹ ਫਲਾਈਟ ਸ਼ੁੱਕਰਵਾਰ ਦੇਰ ਸ਼ਾਮ ਰਵਾਨਾ ਹੋਈ ਅਤੇ ਸਨਿਚਰਵਾਰ ਸਵੇਰੇ ਪਹੁੰਚੀ। ਐੱਫ. ਬੀ. ਆਈ. ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ
ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।
ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ
ਸੰਪਰਕ ਕਰੋ, ਫੋਨ: 317-406-9924
13-16+

Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
Ph: (408) 737-7100
Fax: (408)737-7102 www.homeopathicvibes.com
We sell and ship homeopathic remedies through out North America.

LAW OFFICES OF VIVEK MALIK
Follow us on :
ACCOMPLISHED IMMIGRATION Attorneys help FAMILIES REUNITE in the UNITED STATES



Our Global & Nationwide Services in the field of U.S. Immigration & Nationality Law
Come talk to an experienced immigration attorney
Toll Free No.
866-424-4000
OUR OFFICES
• 432 S Emerson Ave, Suite 220, Greenwood, IN 46143
Phone: 317.560.4777
• 1067 N Mason Rd., Suite 4, St Louis, Missouri 63141
Phone: 314.416.8000
• 2440 W Shaw Ave., Suite 205, Fresno, California 93711
Phone: 559.578.4344
www.usa-immigrationlaw.com
Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵਰਸ
Languages SPOKEN Punjabi | Hindi | Urdu | Spanish & English

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਰੋਨਾ ਦੀ ਮਾਰ ਹੇਠ ਆਏ ਅਰਥਚਾਰੇ ਨੂੰ ਵਿੱਤੀ ਰਾਹਤ

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕੋਵਿਡ-19 ਦੀ ਦੂਜੀ ਲਹਿਰ ਤੋਂ ਪ੍ਰਭਾਵਿਤ ਅਰਥਚਾਰੇ 'ਚ ਸਿਹਤ, ਐਮ.ਐਸ.ਐਮ.ਈ, ਸੈਰ-ਸਪਾਟਾ, ਬਰਾਮਦ ਖੇਤਰ ਸਮੇਤ ਵੱਖ-ਵੱਖ ਖੇਤਰਾਂ ਨੂੰ ਸਹਾਰਾ ਦੇਣ ਲਈ ਕੁੱਲ ਮਿਲਾ ਕੇ 6.28,993 ਕਰੋੜ ਰੁਪਏ ਦੇ ਵਿੱਤੀ ਪੈਕੇਜ ਦਾ ਐਲਾਨ ਕੀਤਾ ਹੈ।

ਸੰਗਠਿਤ ਖੇਤਰ 'ਚ ਨਵੀਆਂ ਭਰਤੀਆਂ ਨੂੰ ਉਤਸ਼ਾਹ ਦੇਣ ਲਈ ਪਿਛਲੇ ਸਾਲ ਸ਼ੁਰੂ ਕੀਤੀ ਗਈ ਆਤਮ ਨਿਰਭਰ ਰੁਜ਼ਗਾਰ ਯੋਜਨਾ ਦੀ ਸਮਾਂ ਸੀਮਾ ਮਾਰਚ 2022 ਤੱਕ ਵਧਾ ਦਿੱਤੀ ਗਈ ਹੈ। ਵਿੱਤ ਮੰਤਰੀ ਨੇ ਕੋਵਿਡ ਮਹਾਮਾਰੀ ਕਾਰਨ ਦਬਾਅ ਹੇਠ ਆਏ ਸਿਹਤ ਢਾਂਚੇ ਸਮੇਤ ਹੋਰਨਾਂ ਖੇਤਰਾਂ ਲਈ ਇਕ ਲੱਖ 10 ਹਜ਼ਾਰ ਕਰੋੜ ਰੁਪਏ ਦੀ ਕਰਜ਼ਾ ਯੋਜਨਾ ਗਾਰੰਟੀ ਦਾ ਐਲਾਨ ਕੀਤਾ ਹੈ ਤੇ ਨਾਲ ਹੀ ਪਿਛਲੇ ਸਾਲ ਮਈ 'ਚ ਆਤਮ-ਨਿਰਭਰ ਭਾਰਤ ਪੈਕੇਜ ਤਹਿਤ ਐਲਾਨੀ ਗਈ ਐਮਰਜੈਂਸੀ ਕਰਜ਼ਾ ਗਾਰੰਟੀ ਯੋਜਨਾ ਦਾ ਆਕਾਰ 1.50 ਲੱਖ ਕਰੋੜ ਰੁਪਏ ਤੋਂ ਵਧਾ ਕੇ 4.50 ਲੱਖ ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਵਿੱਤ ਮੰਤਰੀ ਨੇ ਅਰਥਚਾਰੇ ਦੇ ਮੁੜ ਉਭਾਰ ਲਈ ਇਸ ਨਵੇਂ ਵਿੱਤੀ ਪੈਕੇਜ ਦਾ ਐਲਾਨ ਅਜਿਹੇ ਸਮੇਂ ਕੀਤਾ ਹੈ ਜਦੋਂ ਇਸ ਵਿੱਤੀ ਵਰ੍ਹੇ ਦੀ ਸ਼ੁਰੂਆਤ 'ਚ ਅਪਰੈਲ ਤੇ ਮਈ ਮਹੀਨੇ ਦੌਰਾਨ ਕਰੋਨਾ ਵਾਇਰਸ ਦੀ ਦੂਜੀ ਲਹਿਰ ਨੇ ਆਮ ਆਦਮੀ ਦੇ ਨਾਲ ਨਾਲ ਅਰਥਚਾਰੇ ਦੇ ਵੱਖ ਵੱਖ ਖੇਤਰਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਹੀ ਵਜ੍ਹਾ ਹੈ ਕਿ ਵਿੱਤ ਮੰਤਰੀ ਨੇ ਨਵੇਂ ਵਿੱਤੀ ਪੈਕੇਜ 'ਚ ਸਿਹਤ ਖੇਤਰ 'ਚ ਮੌਜੂਦਾ ਪ੍ਰੋਜੈਕਟਾਂ ਨੂੰ ਪੂਰਾ ਕਰਨ ਅਤੇ ਨਵੇਂ ਪ੍ਰੋਜੈਕਟ ਵਿਕਸਤ ਕਰਨ ਲਈ 50 ਹਜ਼ਾਰ ਕਰੋੜ ਰੁਪਏ ਦੀ ਕਰਜ਼ਾ ਗਾਰੰਟੀ ਯੋਜਨਾ ਦਾ ਐਲਾਨ ਕੀਤਾ ਹੈ।

ਇਸ ਤਹਿਤ ਘੱਟੋ-ਘੱਟ 100 ਕਰੋੜ ਰੁਪਏ ਦਾ ਕਰਜ਼ਾ ਹੋਵੇਗਾ ਤੇ ਤਿੰਨ ਸਾਲ ਦੀ ਗਾਰੰਟੀ ਹੋਵੇਗੀ। ਇਹ ਕਰਜ਼ਾ 7.95 ਫੀਸਦ ਦੀ ਵਿਆਜ ਦਰ ਨਾਲ ਦਿੱਤਾ ਜਾਵੇਗਾ। ਸਿਹਤ ਖੇਤਰ ਤੋਂ ਇਲਾਵਾ ਹੋਰਨਾਂ ਖੇਤਰਾਂ ਲਈ 60 ਹਜ਼ਾਰ ਕਰੋੜ ਰੁਪਏ ਦੀ ਕਰਜ਼ਾ ਗਾਰੰਟੀ ਦਿੱਤੀ ਜਾਵੇਗੀ ਜਿਸ 'ਚ 8.25 ਫੀਸਦ ਵਿਆਜ ਦਰ 'ਤੇ ਕਰਜ਼ਾ ਮੁਹੱਈਆ ਹੋਵੇਗਾ।

# 'ਸਿੱਖਸ ਫਾਰ ਜਸਟਿਸ' ਨੇ ਹਮਾਇਤ ਜੁਟਾਉਣ ਲਈ ਵਿੱਢੀ ਮੁਹਿੰਮ ਰੋਕੀ

**ਵਾਸ਼ਿੰਗਟਨ:** ਭਾਰਤ ਵੱਲੋਂ ਗੈਰਕਾਨੂੰਨੀ ਇਕਾਈ ਕਰਾਰ ਦਿੱਤੇ ਗਏ 'ਸਿੱਖਸ ਫਾਰ ਜਸਟਿਸ' ਨੇ ਉਹ ਮੁਹਿੰਮ ਖਤਮ ਕਰ ਦਿੱਤੀ ਹੈ ਜੋ ਅਮਰੀਕੀ ਸੰਸਦ ਮੈਂਬਰਾਂ ਦਾ ਸਮਰਥਨ ਹਾਸਲ ਕਰਨ ਲਈ ਚਲਾਈ ਗਈ ਸੀ। ਇਕ ਦਸਤਾਵੇਜ਼ ਦੱਸਦਾ ਹੈ ਕਿ ਲਾਬੀ ਦੀ ਇਹ ਮੁਹਿੰਮ ਤਿੰਨ ਮਹੀਨੇ ਪਹਿਲਾਂ ਆਰੰਭੀ ਗਈ ਸੀ।

ਹਮਾਇਤ ਜੁਟਾਉਣ ਵਾਲੀ ਰਜਿਸਟਰਡ 'ਬਲੂ ਸਟਾਰ ਸਟ੍ਰੈਟਜੀਜ ਐਲ.ਐਲ.ਸੀ.' ਨੇ ਲਾਬਿੰਗ ਬਾਰੇ ਜਿਹੜੀ ਰਿਪੋਰਟ ਦਾਖਲ ਕੀਤੀ ਸੀ, ਉਸ ਵਿਚ 'ਸਿੱਖਸ ਫਾਰ ਜਸਟਿਸ' ਨੂੰ 'ਅਮਰੀਕਾ ਆਧਾਰਿਤ ਗੈਰ ਸਰਕਾਰੀ ਸੰਗਠਨ ਦੱਸਿਆ ਗਿਆ ਹੈ ਜੋ ਕਿ ਪੰਜਾਬ ਨੂੰ ਭਾਰਤ ਤੋਂ ਅਲੱਗ ਕਰਨ ਦੀ ਹਮਾਇਤ ਕਰਦਾ ਹੈ।' ਹਮਾਇਤ ਜੁਟਾਉਣ ਵਾਲੇ ਨੇ ਅੱਗੇ ਖੁਲਾਸਾ ਕੀਤਾ ਹੈ ਕਿ 'ਸਿੱਖਸ ਫਾਰ ਜਸਟਿਸ' ਭਾਰਤ ਵਿਚ ਸਿੱਖਾਂ ਨਾਲ ਹੁੰਦੇ ਵਿਹਾਰ ਬਾਰੇ ਅਮਰੀਕੀਆਂ ਨੂੰ ਜਾਗਰੂਕ ਕਰਨਾ ਚਾਹੁੰਦਾ ਹੈ।

ਲਾਬਿੰਗ ਲਈ ਦਸਤਾਵੇਜ਼ ਅਮਰੀਕੀ ਸੈਨੇਟ ਲਾਬਿੰਗ ਕੋਲ 12 ਮਾਰਚ ਨੂੰ ਦਾਖਲ ਕੀਤੇ ਗਏ ਸਨ। ਇਸ ਤੋਂ ਬਾਅਦ ਇਕ ਰਿਪੋਰਟ 19 ਅਪਰੈਲ ਨੂੰ ਦਾਇਰ ਕੀਤੀ ਗਈ।

ਮੁਢਲੀ ਫਾਈਲ ਵਿਚ ਇਹ ਵੀ ਕਿਹਾ ਗਿਆ ਸੀ ਕਿ 'ਸਿੱਖ-ਅਮਰੀਕੀ ਭਾਈਚਾਰਾ ਅਮਰੀਕਾ ਦਾ ਧਿਆਨ ਸਿੱਖਾਂ ਨਾਲ ਜੁੜੇ ਮੁੱਦਿਆਂ ਵੱਲ ਦਿਵਾਉਣਾ ਚਾਹੁੰਦਾ ਹੈ।' ਹਾਲਾਂਕਿ ਤਿੰਨ ਮਹੀਨੇ ਬਾਅਦ 31 ਮਈ ਨੂੰ 'ਬਲੂ ਸਟਾਰ ਸਟ੍ਰੈਟਜੀਜ' ਨੇ 'ਸਿੱਖਸ ਫਾਰ ਜਸਟਿਸ' ਲਈ ਇਹ ਲਾਬਿੰਗ ਬੰਦ ਕਰ ਦਿੱਤੀ ਸੀ। 'ਟਰਮੀਨੇਸ਼ਨ ਰਿਪੋਰਟ' ਅਮਰੀਕੀ ਸੈਨੇਟ ਲਾਬਿੰਗ ਦੇ ਪਲੇਟਫਾਰਮ ਉਤੇ 15 ਜੂਨ ਨੂੰ ਪੋਸਟ ਕਰ ਦਿੱਤੀ ਗਈ ਸੀ।

# ਪੰਜਾਬ ਦੀ ਚੋਣ ਸਿਆਸਤ ਵਿਚੋਂ ਅਸਲ ਮੁੱਦੇ ਗਾਇਬ

*(ਸਫਾ ਇਕ ਦੀ ਬਾਕੀ)*

ਵਿਭਾਗ ਨੂੰ ਸਾਲਾਨਾ ਕੋਈ 300 ਕਰੋੜ ਰੁਪਏ ਦੇਣੇ ਪੈਣਗੇ। 18 ਨੁਕਾਤੀ ਪ੍ਰੋਗਰਾਮ ਵਿਚ ਸ਼ਾਮਲ ਬੇਜ਼ਮੀਨੇ ਕਿਸਾਨਾਂ ਲਈ ਰਾਜ ਸਰਕਾਰ ਕੋਈ 526 ਕਰੋੜ ਦੀ ਕਰਜ਼ਾ ਮੁਆਫੀ ਦਾ ਫੈਸਲਾ ਕਰ ਰਹੀ ਹੈ। ਅਸਲ ਵਿਚ, ਪੰਜਾਬ ਦੀਆਂ ਸਿਆਸੀ ਧਿਰ ਨੌਜਵਾਨਾਂ ਨੂੰ ਰੁਜ਼ਗਾਰ, ਸਿੱਖਿਆ ਤੇ ਸਿਹਤ ਸਹੂਲਤਾਂ ਦੀ ਗੱਲ ਕਰਨ ਲਈ ਤਿਆਰ ਹੀ ਨਹੀਂ।

ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਦੇਖੀਏ ਤਾਂ ਹਾਕਮ ਧਿਰ ਨੇ ਸਭ ਤੋਂ ਵੱਡਾ ਧ੍ਰੋਹ ਬੇਰੁਜ਼ਗਾਰ ਨੌਜਵਾਨਾਂ ਨਾਲ ਕਮਾਇਆ ਹੈ। ਕਾਂਗਰਸ ਸਰਕਾਰ ਵੱਲੋਂ ਸੂਬੇ ਦੇ 16 ਲੱਖ 29 ਹਜ਼ਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਆਰ.ਟੀ.ਆਈ. ਅਧੀਨ ਡਾਇਰੈਕਟਰ ਰੁਜ਼ਗਾਰ ਉਤਪਤੀ ਤੇ ਸਿਖਲਾਈ ਵਿਭਾਗ ਤੋਂ ਹਾਸਲ ਜਾਣਕਾਰੀ ਵਿਚ ਖੁਲਾਸਾ ਹੋਇਆ ਹੈ ਕਿ ਸਰਕਾਰ ਨੇ ਇਸ ਦਾਅਵੇ 'ਚ ਪ੍ਰਧਾਨ ਮੰਤਰੀ ਕੁਸ਼ਲ ਵਿਕਾਸ ਯੋਜਨਾ, ਪ੍ਰਧਾਨ ਮੰਤਰੀ ਸਕਿੱਲ ਵਿਕਾਸ ਮਿਸ਼ਨ ਅਤੇ ਵੱਖ-ਵੱਖ ਕਾਲਜਾਂ ਦੀਆਂ ਪਲੇਸਮੈਂਟਸ 'ਚ ਬੈਠੇ ਵਿਦਿਆਰਥੀਆਂ ਦੀ ਗਿਣਤੀ ਵੀ ਸ਼ਾਮਲ ਕੀਤੀ ਗਈ ਹੈ। 16 ਲੱਖ ਨੌਕਰੀਆਂ ਦੇ ਦਾਅਵੇ ਵਿਚ ਫੌਜ 'ਚ ਭਰਤੀ ਹੋਏ ਨੌਜਵਾਨਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਨਸ਼ਿਆਂ ਦੇ ਮਾਮਲੇ ਉਤੇ ਵੀ ਸਰਕਾਰ ਦੀ ਨਾਲਾਇਕੀ ਦੀ ਪੋਲ ਖੁੱਲ੍ਹ ਗਈ ਹੈ। ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ (ਏਮਸ) ਦੇ ਅੰਕੜੇ ਮਨੁੱਖਤਾ ਨੂੰ ਹਿਲਾ ਕੇ ਰੱਖ ਦੇਣ ਵਾਲੇ ਹਨ। ਪੰਜਾਬ ਵਿਚ ਹਰ ਸਾਲ 7500 ਕਰੋੜ ਦੇ ਨਸ਼ਿਆਂ ਦੀ ਵਿਕਰੀ ਹੋ ਰਹੀ ਹੈ। ਇਹਦੇ ਵਿਚੋਂ 6500 ਕਰੋੜ ਦੀ ਤਾਂ ਹੈਰੋਇਨ ਵਿਕਦੀ ਹੈ। ਏਮਜ਼ ਦੀ ਰਿਪੋਰਟ ਹੋਰ ਵੀ ਦੁਖਦੀ ਰਗ 'ਤੇ ਹੱਥ ਧਰਦੀ ਹੈ ਕਿ ਪੰਜਾਬ ਵਿਚ 16 ਤੋਂ 25 ਸਾਲ ਦੇ ਨੌਜਵਾਨ 75 ਫੀਸਦੀ ਨਸ਼ਾ ਕਰਦੇ ਹਨ।

ਪਿਛਲੀਆਂ ਚੋਣਾਂ ਵਿਚ ਕੈਪਟਨ ਸਰਕਾਰ ਨੇ ਇਨ੍ਹਾਂ ਦੋ ਮੁੱਦਿਆਂ (ਰੁਜ਼ਗਾਰ, ਨਸ਼ਿਆਂ ਦਾ ਖਾਤਮਾ) ਉਤੇ ਸਭ ਤੋਂ ਵੱਧ ਰੌਲਾ ਪਾਇਆ ਸੀ ਪਰ ਹੁਣ ਸਾਢੇ ਚਾਲ ਸਾਲ ਦੀ ਸੱਤਾ ਤੋਂ ਬਾਅਦ ਸਚਾਈ ਸਭ ਦੇ ਸਾਹਮਣੇ ਹੈ। ਹੁਣ ਮੁੜ ਚੋਣਾਂ ਦਾ ਸੀਜ਼ਨ ਆ ਗਿਆ ਹੈ ਤੇ ਕੈਪਟਨ ਸਰਕਾਰ ਇਨ੍ਹਾਂ ਮੁੱਦਿਆਂ ਉਤੇ ਆਪਣੀਆਂ ਪ੍ਰਾਪਤੀਆਂ ਦਿਖਾਉਣ ਲਈ ਇਧਰੋਂ-ਉਧਰੋਂ ਅੰਕੜੇ ਇਕੱਠੇ ਕਰ ਰਹੀ ਹੈ। ਵਿਰੋਧੀ ਧਿਰਾਂ ਇਨ੍ਹਾਂ ਮੁੱਦਿਆਂ ਉਤੇ ਪਿਛਲੀ ਸਰਕਾਰ ਦੀਆਂ ਨਾਕਾਮੀਆਂ ਗਿਣਵਾ ਕੇ ਇਨ੍ਹਾਂ ਮਸਲਿਆਂ ਨੂੰ ਨਵੇਂ ਸਿਰੇ ਚੁੱਕਣ ਲਈ ਕਾਹਲੀਆਂ ਹਨ। ਮੌਜੂਦਾ ਮਾਹੌਲ ਤੋਂ ਜਾਪ ਰਿਹਾ ਹੈ ਕਿ ਚੋਣਾਂ ਵਿਚ ਬਚੇ 6-7 ਮਹੀਨਿਆਂ ਵਿਚਾਲੇ ਸਿਆਸੀ ਧਿਰਾਂ ਦਾ ਜ਼ੋਰ ਇਸੇ ਠਾਹ-ਭੰਨ ਵਿਚ ਲੱਗੇਗਾ।

# 'ਆਪ' ਵੱਲੋਂ ਬਿਜਲੀ ਸਮਝੌਤਿਆਂ ਉਤੇ ਸਰਕਾਰ ਦੀ ਘੇਰਾਬੰਦੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕੈਪਟਨ ਸਰਕਾਰ 'ਤੇ ਕਰੋੜਾਂ ਰੁਪਏ ਦੇ ਬਿਜਲੀ ਘਪਲੇ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਅਕਾਲੀ-ਭਾਜਪਾ ਸਰਕਾਰ ਵੇਲੇ ਬਿਜਲੀ ਖਰੀਦ ਸਮਝੌਤੇ (ਪੀ.ਪੀ.ਏ.) ਤਹਿਤ ਤਲਵੰਡੀ ਸਾਬੋ, ਰਾਜਪੁਰਾ ਅਤੇ ਗੋਇੰਦਵਾਲ ਸਾਹਿਬ ਵਿਚ ਤਿੰਨ ਨਿੱਜੀ ਥਰਮਲ ਪਲਾਂਟ ਸਥਾਪਤ ਕੀਤੇ ਗਏ ਸਨ, ਜਿਨ੍ਹਾਂ ਨੂੰ 20,000 ਕਰੋੜ ਰੁਪਏ ਦਾ ਭੁਗਤਾਨ ਫਿਕਸ ਚਾਰਜ ਦੇ ਰੂਪ ਵਿਚ ਕੀਤਾ। ਇਸ ਵਿਚੋਂ 5700 ਕਰੋੜ ਰੁਪਏ ਦੀ ਰਕਮ ਬਿਨਾਂ ਬਿਜਲੀ ਖਰੀਦ ਦੇ ਜਾਰੀ ਕਰ ਦਿੱਤੀ ਗਈ।

ਅਜਿਹੇ ਵਿਚ ਕੈਪਟਨ ਸਰਕਾਰ ਜਾਂਚ ਕਰਨ ਦੀ ਬਜਾਏ ਮਾਮਲੇ 'ਤੇ ਪਰਦਾ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਗੜਬੜੀ ਅਕਾਲੀ ਅਤੇ ਕੈਪਟਨ ਸਰਕਾਰ ਦੀ ਮਿਲੀਭੁਗਤ ਨੂੰ ਪ੍ਰਗਟਾਉਂਦੀ ਹੈ। ਭਗਵੰਤ ਮਾਨ ਨੇ ਕੈਪਟਨ ਸਰਕਾਰ ਨੂੰ ਇਸ ਸਮਝੌਤੇ ਦੀ ਪੜਚੋਲ ਕਰ ਕੇ ਤੁਰਤ ਰੱਦ ਕਰਨ ਦੀ ਮੰਗ ਕੀਤੀ ਹੈ।

# ਜੰਮੂ ਕਸ਼ਮੀਰ 'ਚ ਸਿੱਖ ਕੁੜੀਆਂ ਦੇ ਧਰਮ ਪਰਿਵਰਤਨ ਦਾ ਮੁੱਦਾ ਭਖਿਆ

*(ਸਫਾ ਇਕ ਦੀ ਬਾਕੀ)*

ਨਾਲ ਇਸ ਘਟਨਾ ਨੂੰ ਅੰਜਾਮ ਦੇਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ।

ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਵੀ ਇਸ ਮਾਮਲੇ ਦੀ ਨਿਖੇਧੀ ਕਰਦਿਆਂ ਕਸ਼ਮੀਰ ਪ੍ਰਸ਼ਾਸਨ ਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਕਾਰਵਾਈ ਕਰਕੇ ਸਿੱਖ ਭਾਈਚਾਰੇ ਨੂੰ ਇਨਸਾਫ ਦਿਵਾਉਣ। ਉਨ੍ਹਾਂ ਕਿਹਾ ਕਿ ਇਸ ਘਟਨਾ ਕਾਰਨ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ ਤੇ ਕਸ਼ਮੀਰ ਦੇ ਧਾਰਮਿਕ, ਸਿਆਸੀ ਤੇ ਸਮਾਜਿਕ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਆਪਸੀ ਸਦਭਾਵਨਾ ਕਾਇਮ ਰੱਖਦਿਆਂ ਪੂਰੀ ਘਟਨਾ ਦੀ ਜਾਂਚ ਪੜਤਾਲ ਕਰਕੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਨੂੰ ਯਕੀਨੀ ਬਣਾਉਣ। ਅਕਾਲ ਤਖਤ ਦੇ ਜਥੇਦਾਰ ਨੇ ਇਸ ਮੁੱਦੇ ਉਤੇ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

# ਟਰੱਕ-ਟ੍ਰੇਨ ਦੀ ਟੱਕਰ 'ਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ

**ਸਟਾਕਟਨ (ਕੈਲੀਫੋਰਨੀਆ):** ਸਟਾਕਟਨ ਦੇ ਦੋ ਪੰਜਾਬੀ ਗੇੜਾ ਲੈ ਕੇ ਟਰੱਕ 'ਤੇ ਮਨਟਾਨਾ ਸਟੇਟ ਵਿਚੋਂ ਗੁਜ਼ਰ ਰਹੇ ਸਨ ਕਿ ਲੰਘੇ ਐਤਵਾਰ ਰਾਤੀਂ 9.30 ਵਜੇ ਦੇ ਕਰੀਬ ਫਰੀਵੇਅ 90 ਦੇ 350 ਮੀਲ ਮਾਰਕਰ ਲਾਗੇ, ਫਰੀਵੇਅ ਦੇ ਐਗਜ਼ਿਟ 'ਤੇ ਰੇਲ ਲਾਈਨ ਉਪਰ ਬਣੇ ਸਟਾਪ ਸ਼ਾਈਨ ਨੂੰ ਮਿਸ ਕਰਨ ਕਰਕੇ ਦੂਸਰੇ ਪਾਸਿਓਂ ਆ ਰਹੀ ਮਾਲ ਗੱਡੀ ਨਾਲ ਜਾ ਟਕਰਾਏ, ਜਿਸ ਕਾਰਨ ਟਰੱਕ ਨੂੰ ਅੱਗ ਲੱਗ ਗਈ ਤੇ ਦੋਵੇਂ ਪੰਜਾਬੀ ਮੁੰਡੇ ਥਾਂ 'ਤੇ ਹੀ ਦਮ ਤੋੜ ਗਏ।

ਮ੍ਰਿਤਕ ਟਰੱਕ ਡਰਾਈਵਰ ਤਰਨਪ੍ਰੀਤ ਸਿੰਘ ਥਾਂਦੀ ਬੱਬਰ ਸ਼ਹੀਦਾਂ ਦੀ ਧਰਤੀ ਪਿੰਡ ਦੌਲਤਪੁਰ, ਜਿਲਾ ਨਵਾਂ ਸ਼ਹਿਰ ਤੋਂ ਸੀ। ਤਰਨਪ੍ਰੀਤ ਦੇ ਪਿਤਾ ਜਿਕੀ ਸਿੰਘ ਥਾਂਦੀ ਦਾ ਵੀ ਦੇਹਾਂਤ ਹੋ ਚੁਕਾ, ਉਹ ਆਪਣੇ ਪਿੱਛੇ ਵਿਧਵਾ ਮਾਤਾ ਅਤੇ ਇਕ ਭਰਾ ਛੱਡ ਗਏ ਹਨ। ਕਰੀਬ 24 ਸਾਲਾਂ ਦਾ ਤਰਨਪ੍ਰੀਤ ਚਾਰ ਕੁ ਸਾਲ ਪਹਿਲਾਂ ਅਮਰੀਕਾ ਆਇਆ ਸੀ ਅਤੇ ਹਾਲੇ ਕੁਆਰਾ ਹੀ ਸੀ।

ਦੂਸਰੇ ਮ੍ਰਿਤਕ ਪੰਜਾਬੀ ਬਾਰੇ ਇਹੀ ਪਤਾ ਚੱਲਿਆ ਕਿ ਉਹ ਟਰੱਕ ਡਰਾਈਵਰ ਨਹੀਂ ਸੀ। ਉਹ ਹਾਲੇ ਕੁਝ ਕੁ ਮਹੀਨੇ ਪਹਿਲਾਂ ਇੰਡੀਆ ਤੋਂ ਛੁੱਟੀਆਂ ਕੱਟ ਕੇ ਮੁੜਿਆ ਸੀ ਅਤੇ ਵੈਸੇ ਹੀ ਤਰਨਪ੍ਰੀਤ ਨਾਲ ਗੇੜੇ 'ਤੇ ਚਲਾ ਗਿਆ। ਉਸ ਦਾ ਸਬੰਧ ਵੀ ਬੰਗਾ ਨੇੜਲੇ ਇਲਾਕੇ ਨਾਲ ਦੱਸਿਆ ਜਾ ਰਿਹਾ ਹੈ।

# ਪੰਜਾਬੀ ਨੌਜਵਾਨ ਦੀ ਕੈਨੇਡਾ 'ਚ ਡੁੱਬਣ ਕਾਰਨ ਮੌਤ

**ਜਲਾਲਾਬਾਦ:** ਇਥੋਂ ਨੇੜਲੇ ਪਿੰਡ ਅਮੀਰ ਖਾਸ ਦੇ ਵਾਸੀ ਸਾਬਕਾ ਚੇਅਰਮੈਨ ਬਲਦੇਵ ਰਾਜ ਕੰਬੋਜ ਦੇ ਪੁੱਤਰ ਸਾਹਿਲ ਹਾਂਡਾ (22) ਦੀ ਕੈਨੇਡਾ ਦੇ ਸ਼ਹਿਰ ਓਂਟਾਰੀਓ ਵਿਚ ਸਮੁੰਦਰ 'ਚ ਡੁੱਬਣ ਕਾਰਨ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਸਾਹਿਲ ਕੈਨੇਡਾ ਵਿਚ ਪੜ੍ਹਨ ਲਈ ਗਿਆ ਹੋਇਆ ਸੀ ਅਤੇ ਉਹ ਲਗਭਗ ਪਿਛਲੇ ਚਾਰ ਸਾਲਾਂ ਤੋਂ ਓਂਟਾਰੀਓ ਵਿਚ ਰਹਿ ਰਿਹਾ ਸੀ। ਉਹ ਆਪਣੇ ਦੋਸਤਾਂ ਦੇ ਨਾਲ ਸਮੁੰਦਰ ਕਿਨਾਰੇ ਗਿਆ ਸੀ, ਜਿਥੇ ਡੁੱਬਣ ਕਰ ਕੇ ਉਸ ਦੀ ਮੌਤ ਹੋ ਗਈ। ਸਾਹਿਲ ਹੋਰੀਂ ਚਾਰ ਭੈਣ-ਭਰਾ ਹਨ ਅਤੇ ਉਹ ਦੋਵਾਂ ਭੈਣਾਂ ਤੋਂ ਛੋਟਾ ਹੈ। ਨੌਜਵਾਨ ਦੀ ਮੌਤ ਦੀ ਖਬਰ ਮਿਲਦੇ ਹੀ ਪਿੰਡ ਅਤੇ ਇਲਾਕੇ ਵਿਚ ਸੋਗ ਦੀ ਲਹਿਰ ਫੈਲ ਗਈ ਹੈ।

# ਪੰਜਾਬ 'ਚ ਕੋਵਿਡ ਪਾਬੰਦੀਆਂ 10 ਜੁਲਾਈ ਤੱਕ ਵਧਾਈਆਂ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਦੇ ਡੈਲਟਾ ਪਲੱਸ ਕੇਸ ਸਾਹਮਣੇ ਆਉਣ 'ਤੇ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 10 ਜੁਲਾਈ ਤੱਕ ਕੋਵਿਡ ਪਾਬੰਦੀਆਂ ਵਧਾ ਦਿੱਤੀਆਂ ਹਨ। ਇਸੇ ਦੌਰਾਨ ਇਨ੍ਹਾਂ ਪਾਬੰਦੀਆਂ ਵਿਚ ਕੁਝ ਰਾਹਤਾਂ ਵੀ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚ ਪੱਬ ਅਤੇ ਅਹਾਤਿਆਂ ਨੂੰ 50 ਫੀਸਦ ਦੀ ਸਮਰੱਥਾ ਨਾਲ ਖੋਲ੍ਹਣ ਦੀ ਇਜਾਜ਼ਤ ਦਿੱਤੀ ਗਈ ਹੈ। ਇਹ ਰਾਹਤ ਪਹਿਲੀ ਜੁਲਾਈ ਤੋਂ ਲਾਗੂ ਹੋਵੇਗੀ।

ਇਸੇ ਤਰ੍ਹਾਂ ਹੁਨਰ ਵਿਕਾਸ ਕੇਂਦਰ ਅਤੇ ਯੂਨੀਵਰਸਿਟੀਆਂ ਨੂੰ ਵੀ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਗਈ ਹੈ ਬਸ਼ਰਤੇ ਕਿ ਸਟਾਫ ਅਤੇ ਵਿਦਿਆਰਥੀਆਂ ਨੇ ਕੋਵਿਡ ਵੈਕਸੀਨ ਦੀ ਪਹਿਲੀ ਖੁਰਾਕ ਜ਼ਰੂਰ ਲਈ ਹੋਵੇ। ਇਨ੍ਹਾਂ ਰਾਹਤਾਂ ਸਬੰਧੀ ਉਚ ਪੱਧਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬਾਰ, ਪੱਬ ਅਤੇ ਅਹਾਤਿਆਂ ਵਿਚ ਸਮਾਜਿਕ ਦੂਰੀ ਨਿਯਮ ਦੀ ਪਾਲਣਾ ਹੋਣੀ ਜਰੂਰੀ ਹੈ ਤੇ ਵੇਟਰਾਂ ਤੇ ਹੋਰ ਸਟਾਫ ਨੇ ਕੋਵਿਡ ਵੈਕਸੀਨ ਦੀ ਪਹਿਲੀ ਖੁਰਾਕ ਜਰੂਰ ਲਈ ਹੋਵੇ। ਪੰਜਾਬ ਵਿਚ ਕੋਵਿਡ ਕੇਸਾਂ ਦੀ ਗਿਣਤੀ ਇਕ ਫੀਸਦ ਤੋਂ ਹੇਠਾਂ ਆਉਣ 'ਤੇ ਤਸੱਲੀ ਪ੍ਰਗਟਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੇ ਕਈ ਸੂਬਿਆਂ ਵਿਚ ਅਜੇ ਵੀ ਕੋਵਿਡ ਦੀ ਪਾਜੀਟਿਵ ਦਰ ਇਕ ਫੀਸਦ ਤੋਂ ਉਪਰ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਨਾਰਥ ਵੈਸਟ ਖੇਤਰਾਂ ’ਚ ਪੈ ਰਹੀ ਹੈ ਰਿਕਾਰਡ ਤੋੜ ਗਰਮੀ

**ਫਰਿਜ਼ਨੋ (ਕੈਲੀਫੋਰਨੀਆ):** ਅਮਰੀਕਾ ਦੇ ਨਾਰਥ ਵੈਸਟ ਖੇਤਰਾਂ ਵਿਚ ਲੋਕ ਰਿਕਾਰਡ ਤੋੜ ਗਰਮੀ ਦਾ ਸਾਹਮਣਾ ਕਰ ਰਹੇ ਹਨ। ਰਾਸ਼ਟਰੀ ਮੌਸਮ ਸਰਵਿਸ ਨੇ ਇਨ੍ਹਾਂ ਇਲਾਕਿਆਂ ਵਿਚ ਪੈ ਰਹੀ ਗਰਮੀ ਦਾ ਇਤਿਹਾਸਕ ਗਰਮੀ ਦੀ ਲਹਿਰ ਵਜੋਂ ਵਰਣਨ ਕੀਤਾ ਹੈ। ਮੌਸਮ ਵਿਭਾਗ ਅਨੁਸਾਰ ਪੋਰਟਲੈਂਡ (ਓਰੇਗਨ) ਵਿਚ ਤਾਪਮਾਨ ਐਤਵਾਰ ਨੂੰ 112 ਡਿਗਰੀ ਫਾਰਨਹੀਟ (44.4 ਡਿਗਰੀ ਸੈਲਸੀਅਸ) ਦਰਜ ਕੀਤਾ ਗਿਆ, ਜਿਸ ਨੇ ਇੱਕ ਦਿਨ ਪਹਿਲਾਂ ਸਥਾਪਤ ਕੀਤੇ ਗਏ 108 ਐੱਫ (42.2 ਸੀ) ਦੇ ਤਾਪਮਾਨ ਰਿਕਾਰਡ ਨੂੰ ਤੋੜ ਦਿੱਤਾ।

ਯੂਜੀਨ, ਓਰੇਗਨ ਵਿਚ ਉਲੰਪਿਕ ਲਈ ਅਮਰੀਕਾ ਦੇ ਟਰੈਕ ਐਂਡ ਫੀਲਡ ਟਰਾਇਲ ਨੂੰ ਐਤਵਾਰ ਦੁਪਹਿਰ ਨੂੰ ਰੋਕ ਦਿੱਤਾ ਗਿਆ ਅਤੇ ਪ੍ਰਸ਼ੰਸਕਾਂ ਨੂੰ ਬਹੁਤ ਗਰਮੀ ਕਾਰਨ ਸਟੇਡੀਅਮ ਨੂੰ ਖਾਲੀ ਕਰਨ ਲਈ ਕਿਹਾ ਗਿਆ, ਕਿਉਂਕਿ ਤਾਪਮਾਨ 110 ਐੱਫ (43.3 ਸੀ) ਤੱਕ ਪਹੁੰਚ ਗਿਆ ਸੀ। ਓਰੇਗਨ ਦੀ ਰਾਜਧਾਨੀ ਸੇਲਮ ਵਿਚ ਵੀ ਐਤਵਾਰ ਨੂੰ ਇਤਿਹਾਸ ਦਾ ਸਭ ਤੋਂ ਉੱਚਾ ਤਾਪਮਾਨ ਦਰਜ ਕੀਤਾ ਗਿਆ, ਜੋ 112 ਐੱਫ (44.4 ਸੀ) ਸੀ। ਸਿਆਟਲ ਵਿਚ ਤਾਪਮਾਨ 104 ਐੱਫ (40 ਸੀ) ਰਿਹਾ।

ਕਈ ਇਲਾਕਿਆਂ ਵਿਚ ਜ਼ਿਆਦਾ ਗਰਮੀ ਨਾਲ ਲੋਕਾਂ ਨੂੰ ਬਿਜਲੀ ਕੱਟਾਂ ਦਾ ਵੀ ਸਾਹਮਣਾ ਕਰਨਾ ਪਿਆ। ਪੋਰਟਲੈਂਡ ਜਨਰਲ ਇਲੈਕਟ੍ਰਿਕ ਨੇ ਦੱਸਿਆ ਕਿ ਐਤਵਾਰ ਦੁਪਹਿਰ ਨੂੰ ਗਰੇਟਰ ਪੋਰਟਲੈਂਡ ਖੇਤਰ ਵਿਚ ਲਗਭਗ 3,000 ਲੋਕ ਬਿਜਲੀ ਤੋਂ ਵਾਂਝੇ ਰਹੇ ਅਤੇ ਪਯੂਟ ਸਾਊਂਡ ਐਨਰਜੀ ਅਨੁਸਾਰ ਸਿਆਟਲ ਖੇਤਰ ਵਿਚ 3,400 ਗ੍ਰਾਹਕਾਂ ਨੇ ਬਿਜਲੀ ਕੱਟ ਦਾ ਸਾਹਮਣਾ ਕੀਤਾ।

ਜ਼ਿਆਦਾ ਪੈ ਰਹੀ ਗਰਮੀ ਕਾਰਨ ਟੀਕਾਕਰਨ ਅਤੇ ਟੈਸਟਿੰਗ ਪ੍ਰਕਿਰਿਆ ਵੀ ਪ੍ਰਭਾਵਿਤ ਹੋ ਰਹੀ ਹੈ। ਕਿੰਗ ਕਾਊਂਟੀ ਨੇ ਗਰਮੀ ਕਾਰਨ ਕਈ ਕੋਵਿਡ-19 ਟੈਸਟਿੰਗ ਸਾਈਟਾਂ ਨੂੰ ਬੰਦ ਕਰ ਦਿੱਤਾ। ਸਿਆਟਲ ਵਿਚ ਐਤਵਾਰ ਨੂੰ ਵਾਧੂ ਪਬਲਿਕ ਲਾਇਬ੍ਰੇਰੀ ਬ੍ਰਾਂਚਾਂ ਖੋਲ੍ਹੀਆਂ। ਪ੍ਰਸ਼ਾਸਨ ਦੁਆਰਾ ਲੋਕਾਂ ਨੂੰ ਗਰਮੀ ਤੋਂ ਬਚਣ ਲਈ ਜ਼ਿਆਦਾ ਬਾਹਰੀ ਗਤੀਵਿਧੀਆਂ ਨਾ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ।

# ਸੈਨ ਫਰਾਂਸਿਸਕੋ ਦੇ ਕਰਮਚਾਰੀਆਂ ਲਈ ਜਰੂਰੀ ਹੋਵੇਗੀ ਕਰੋਨਾ ਵੈਕਸੀਨ

**ਸੈਨ ਫਰਾਂਸਿਸਕੋ:** ਸੈਨ ਫਰਾਂਸਿਸਕੋ ਸ਼ਹਿਰ ਵਿਚ ਕਰੋਨਾ ਟੀਕਾਕਰਨ ਮੁਹਿੰਮ ਦੇ ਮੱਦੇਨਜ਼ਰ ਲਗਭਗ 35,000 ਸਰਕਾਰੀ ਕਰਮਚਾਰੀਆਂ ਨੂੰ ਕਰੋਨਾ ਵਾਇਰਸ ਟੀਕਾ ਲਵਾਉਣਾ ਜਰੂਰੀ ਕੀਤਾ ਜਾਵੇਗਾ। ਇਸ ਸਬੰਧੀ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਅਜਿਹਾ ਨਾ ਕਰਨ ਦੀ ਸੂਰਤ ਵਿਚ ਕਰਮਚਾਰੀਆਂ ਨੂੰ ਨੌਕਰੀ ਤੋਂ ਬਰਖਾਸਤਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਨਵੀਂ ਨੀਤੀ ਨਾਲ ਸੈਨ ਫਰਾਂਸਿਸਕੋ ਸੰਭਾਵਿਤ ਤੌਰ ‘ਤੇ ਸਾਰੇ ਸਰਕਾਰੀ ਅਮਲੇ ਨੂੰ ਕੋਵਿਡ-19 ਲਈ ਵੈਕਸੀਨ ਲਾਉਣ ਨੂੰ ਜਰੂਰੀ ਕਰਨ ਵਾਲਾ ਪਹਿਲਾ ਸ਼ਹਿਰ ਬਣ ਜਾਵੇਗਾ।

ਇਸ ਯੋਜਨਾ ਤਹਿਤ ਡਾਕਟਰੀ ਜਾਂ ਧਾਰਮਿਕ ਕਾਰਨਾਂ ਕਰਕੇ ਟੀਕਾਕਰਨ ਸਬੰਧੀ ਛੋਟਾਂ ਦਿੱਤੀਆਂ ਜਾਣਗੀਆਂ, ਪਰ ਜੇ ਬਿਨਾ ਕਿਸੇ ਛੋਟ ਦੇ ਕਰਮਚਾਰੀ ਟੀਕਾ ਲਵਾਉਣ ਤੋਂ ਇਨਕਾਰ ਕਰਦੇ ਹਨ ਤਾਂ ਉਨ੍ਹਾਂ ਨੂੰ ਬਰਖਾਸਤਗੀ ਦਾ ਸਾਹਮਣਾ ਕਰਨਾ ਪਵੇਗਾ। ਹਾਲਾਂਕਿ ਇਸ ਯੋਜਨਾ ਤਹਿਤ ਨਿਯਮ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ. ਡੀ. ਏ.) ਦੁਆਰਾ ਟੀਕਿਆਂ ਲਈ ਪੂਰੀ ਪ੍ਰਵਾਨਗੀ ਮਿਲਣ ਤੋਂ ਬਾਅਦ ਲਾਗੂ ਹੋਣਗੇ, ਜਿਨ੍ਹਾਂ ਨੂੰ ਇਸ ਸਮੇਂ ਐਮਰਜੈਂਸੀ ਵਰਤੋਂ ਦੇ ਅਧਿਕਾਰਾਂ ਦੀ ਆਗਿਆ ਦਿੱਤੀ ਗਈ ਹੈ। ਟੀਕਾ ਕੰਪਨੀਆਂ ਨੂੰ ਅਗਲੇ ਕੁਝ ਮਹੀਨਿਆਂ ਦੇ ਅੰਦਰ ਟੀਕਾਕਰਨ ਦੀ ਪੂਰੀ ਤਰ੍ਹਾਂ ਮਨਜ਼ੂਰੀ ਮਿਲਣ ਦੀ ਉਮੀਦ ਹੈ। ਅਜਿਹਾ ਹੋਣ ‘ਤੇ ਕਰਮਚਾਰੀਆਂ ਕੋਲ ਵੈਕਸੀਨ ਲੈਣ ਲਈ 10 ਹਫਤੇ ਹੋਣਗੇ ਅਤੇ ਉਨ੍ਹਾਂ ਨੂੰ ਸ਼ਹਿਰ ਦੀ ਤਨਖਾਹ ਪ੍ਰਣਾਲੀ ਦੁਆਰਾ ਆਪਣੇ ਟੀਕਾਕਰਨ ਦੀ ਸਥਿਤੀ ਦੀ ਰਿਪੋਰਟ ਕਰਨ ਦੀ ਜ਼ਰੂਰਤ ਹੋਵੇਗੀ। ਇਸ ਦੇ ਨਾਲ ਹੀ ਟੀਕਾਕਰਨ ਦੇ ਸਬੂਤ ਵਜੋਂ ਟੀਕਾਕਰਨ ਕਾਰਡ ਦੀ ਫੋਟੋ ਆਦਿ ਦੇਣ ਦੀ ਵੀ ਲੋੜ ਹੋਵੇਗੀ। ਅੰਕੜਿਆਂ ਅਨੁਸਾਰ ਅਜੇ ਤੱਕ ਕਰੀਬ 55 ਪ੍ਰਤੀਸ਼ਤ ਸ਼ਹਿਰੀ ਕਾਮਿਆਂ ਨੇ ਟੀਕੇ ਦੀ ਇੱਕ ਖੁਰਾਕ ਪ੍ਰਾਪਤ ਕੀਤੀ ਹੈ।

# ਵੈਕਸੀਨ ਲੱਗੇ ਯਾਤਰੀਆਂ ਨੂੰ ‘ਹਵਾਈ’ ਦੇਵੇਗਾ ਟੈਸਟਿੰਗ ਤੇ ਕੁਆਰੰਟੀਨ ਤੋਂ ਰਾਹਤ

**ਫਰਿਜ਼ਨੋ (ਕੈਲੀਫੋਰਨੀਆ):** ਅਮਰੀਕੀ ਸੂਬਾ ਹਵਾਈ ਅਗਲੇ ਕਰੀਬ ਦੋ ਹਫਤਿਆਂ ਵਿਚ ਪੂਰੀ ਤਰ੍ਹਾਂ ਕਰੋਨਾ ਵੈਕਸੀਨ ਲੱਗੇ ਹੋਏ ਘਰੇਲੂ ਯਾਤਰੀਆਂ ਨੂੰ ਆਪਣੇ ਟੈਸਟਿੰਗ ਅਤੇ ਕੁਆਰੰਟੀਨ ਨਿਯਮਾਂ ਤੋਂ ਰਾਹਤ ਦੇਵੇਗਾ। ਇਸ ਸਬੰਧੀ ਗਵਰਨਰ ਡੇਵਿਡ ਇਗੇ ਨੇ ਜਾਣਕਾਰੀ ਦਿੱਤੀ ਹੈ ਕਿ ਸਟੇਟ 8 ਜੁਲਾਈ ਨੂੰ ਪੂਰੀ ਤਰ੍ਹਾਂ ਟੀਕੇ ਲਾਏ ਹੋਏ ਅਮਰੀਕੀ ਯਾਤਰੀਆਂ ਲਈ ਮੌਜੂਦਾ ਯਾਤਰਾ ਪਾਬੰਦੀਆਂ ਨੂੰ ਹਟਾ ਦੇਵੇਗੀ। ਇਸ ਛੋਟ ਤਹਿਤ ਯਾਤਰੀਆਂ ਨੂੰ ਆਪਣੇ ਟੀਕਾਕਰਨ ਦੇ ਕਾਰਡਾਂ ਨੂੰ ਰਾਜ ਦੀ ਵੈਬਸਾਈਟ ‘ਤੇ ਅਪਲੋਡ ਕਰਨ ਦੇ ਨਾਲ ਯਾਤਰਾ ਦੌਰਾਨ ਇੱਕ ਹਾਰਡ ਕਾਪੀ ਲਿਆਉਣੀ ਵੀ ਜਰੂਰੀ ਹੋਵੇਗੀ।

ਗਵਰਨਰ ਅਨੁਸਾਰ ਸੂਬੇ ਵਿਚ ਉਸ ਸਮੇਂ ਤੱਕ ਟੀਕਾਕਰਨ ਦੀ ਦਰ 60% ਤੱਕ ਪਹੁੰਚਣ ਦੀ ਉਮੀਦ ਹੈ। ਹਵਾਈ ਨੇ ਵੀ ਲੋਕਾਂ ਨੂੰ ਟੀਕਾ ਲਵਾਉਣ ਲਈ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਏਅਰ ਲਾਈਨ ਦੀਆਂ ਟਿਕਟਾਂ ਅਤੇ ਰੈਸਟੋਰੈਂਟ ਵਿਚ ਛੋਟ ਦੇ ਐਲਾਨ ਕੀਤੇ ਹਨ। ਇਸ ਦੇ ਇਲਾਵਾ 8 ਜੁਲਾਈ ਤੋਂ ਲੋਕ ਰੈਸਟੋਰੈਂਟ ਵਿਚ ਸਮਰੱਥਾ ਦੇ 75% ਤੱਕ ਬੈਠ ਸਕਣਗੇ, ਹਾਲਾਂਕਿ ਟੇਬਲਾਂ ਵਿਚਕਾਰ ਸਮਾਜਿਕ ਦੂਰੀ ਨਿਯਮ ਬਣੇ ਰਹਿਣਗੇ ਅਤੇ ਘਰ ਦੇ ਅੰਦਰ ਇਕੱਠੇ ਹੋਣ ‘ਤੇ ਲੋਕਾਂ ਨੂੰ ਅਜੇ ਵੀ ਮਾਸਕ ਪਹਿਨਣੇ ਪੈਣਗੇ, ਜਦੋਂ ਕਿ ਬਾਹਰ ਮਾਸਕ ਜਰੂਰੀ ਨਹੀਂ ਹਨ।

ਹਵਾਈ ਵਿਚ ਟੀਕਾਕਰਨ ਦੀ ਦਰ 70% ਤੱਕ ਪਹੁੰਚਣ ‘ਤੇ ਮਹਾਮਾਰੀ ਨਾਲ ਸਬੰਧਤ ਸਾਰੀਆਂ ਪਾਬੰਦੀਆਂ ਹਟਾਈਆਂ ਜਾ ਸਕਦੀਆਂ ਹਨ। ਹਾਲਾਂਕਿ ਯਾਤਰਾ ਦੌਰਾਨ ਜਿਨ੍ਹਾਂ ਲੋਕਾਂ ਨੇ ਟੀਕਾ ਨਹੀਂ ਲਵਾਇਆ ਹੈ, ਉਨ੍ਹਾਂ ਨੂੰ ਹਵਾਈ ਯਾਤਰਾ ਕਰਨ ਤੋਂ ਪਹਿਲਾਂ ਨੈਗੇਟਿਵ ਕਰੋਨਾ ਵਾਇਰਸ ਟੈਸਟ ਕਰਵਾਉਣ ਦੀ ਲੋੜ ਜਾਰੀ ਰਹੇਗੀ। ਜ਼ਿਕਰਯੋਗ ਹੈ ਕਿ ਮਹਾਮਾਰੀ ਦੀ ਸ਼ੁਰੂਆਤ ਤੋਂ ਹੀ ਹਵਾਈ ਵਿਚ ਕੋਵਿਡ -19 ਦੀ ਲਾਗ ਅਤੇ ਮੌਤ ਦੀ ਦਰ ਸਭ ਤੋਂ ਘੱਟ ਹੈ।


# Matrimonials

## ਲੜਕੀ ਦੀ ਲੋੜ ਹੈ

“Reputed Jatt Sikh family looking for a beautiful, tall (min. 5’-4") and slim girl for Canadian PR boy. Masters in engineering, 26 years, fair complexion, 5’-11". Working in M.N.C. Contact: 412-628-1644 or 91-98146-21221

26-29

Looking for a suitable girl for Sikh Professional Engineer, 27 Years, 5’-9", BS & MS (USA) working in Top MNC in Silicon Valley, San Jose (CA). Boy is clean shaven/Ramgarhia. NO CASTE BAR. Contact, Ph: 408-398-4644; Email: jrksnn@gmail.com

20-23

## ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5’-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665


# ਸੁਖਪਾਲ ਖਹਿਰਾ ਵੱਲੋਂ ਈ. ਡੀ. ‘ਤੇ ਅਕਸ ਵਿਗਾੜਨ ਦਾ ਦੋਸ਼

**ਜਲੰਧਰ:** ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਫੈਸ਼ਨ ਡਿਜ਼ਾਈਨਰਾਂ ਨੂੰ ਉਨ੍ਹਾਂ ਵੱਲੋਂ ਕੀਤੇ ਗਏ ਭੁਗਤਾਨ ਦੀ ਜਾਣਕਾਰੀ ਮੀਡੀਆ ਨੂੰ ਦੇ ਕੇ ਉਨ੍ਹਾਂ ਦਾ ਅਕਸ ਵਿਗਾੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਵਿਰੋਧੀ ਧਿਰ ਦੇ ਸਾਬਕਾ ਆਗੂ ਤੇ ਭੁਲੱਥ ਤੋਂ ਵਿਧਾਇਕ ਖਹਿਰਾ ਨੇ ਉਨ੍ਹਾਂ ਵੱਲੋਂ ਕੁਝ ਫੈਸ਼ਨ ਡਿਜ਼ਾਈਨਰਾਂ ਨੂੰ ਵੱਡੀ ਰਕਮ ਅਦਾ ਕੀਤੇ ਜਾਣ ਦੇ ਈਡੀ ਵੱਲੋਂ ਲਗਾਏ ਜਾ ਰਹੇ ਇਲਜ਼ਾਮਾਂ ਨੂੰ ਮੁੱਢ ਤੋਂ ਖਾਰਜ ਕਰਦਿਆਂ ਇਸ ਨੂੰ ਬੇਬੁਨਿਆਦ ਅਤੇ ਮਨਘੜਤ ਕਰਾਰ ਦਿੱਤਾ।



ਸੁਖਪਾਲ ਖਹਿਰਾ ਨੇ ਕਿਹਾ ਕਿ 2015-16 ਵਿਚ ਦਿੱਤੀ ਗਈ ਇਹ ਰਕਮ ਉਨ੍ਹਾਂ ਦੀ ਬੇਟੀ ਦੇ ਵਿਆਹ ਸਮੇਂ ਕੀਤੀ ਗਈ ਖਰੀਦਦਾਰੀ ਦਾ ਹਿੱਸਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੇ ਆਪਣੀ ਬੇਟੀ ਅਤੇ ਪਰਿਵਾਰ ਵਾਸਤੇ ਵਿਆਹ ਲਈ ਤਿੰਨ ਜੋੜੇ ਖਰੀਦੇ ਸਨ। ਵਿਆਹ ਦੇ ਸਾਰੇ ਕੱਪੜਿਆਂ ਦੀ ਕੁੱਲ ਕੀਮਤ 7-8 ਲੱਖ ਰੁਪਏ ਹੀ ਸੀ।


**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Ph: 317-809-1818 midlandrealtygroup@yahoo.com

Kamaljeet Kaur (Realtor/Broker) Ph: 317-909-9295 kahlonkamaljeet@gmail.com



*Kamaljeet Kaur*

*Mortgage rates available from 2.1% to 3%*

Midland Realty Group-Company You Trust



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**

**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996

FAX: 209.982.9997

www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996

FAX: 209.982.9997


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100%
OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਨਵੀਂ 'ਸਿੱਟ' ਦੀਆਂ ਸਰਗਰਮੀਆਂ ਨੇ ਬਾਦਲਾਂ ਦੀਆਂ ਮੁਸ਼ਕਿਲਾਂ ਵਧਾਈਆਂ

**ਚੰਡੀਗੜ੍ਹ:** ਕੋਟਕਪੂਰਾ ਗੋਲੀ ਕਾਂਡ (2015) ਦੀ ਪੜਤਾਲ ਲਈ ਬਣਾਈ ਨਵੀਂ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀਆਂ ਸਰਗਰਮੀਆਂ ਨੇ ਬਾਦਲ ਪਰਿਵਾਰ ਦੀਆਂ ਮੁਸੀਬਤਾਂ ਵਧਾ ਦਿੱਤੀਆਂ ਹਨ। ਜਾਂਚ ਟੀਮ ਨੇ ਪਿਛਲੇ ਕੁਝ ਦਿਨਾਂ ਤੋਂ ਪੜਤਾਲ ਦਾ ਰੁਖ ਬਾਦਲ ਪਰਿਵਾਰ ਵੱਲ ਕੀਤਾ ਹੋਇਆ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਸਿੱਟ ਨੇ ਸੁਖਬੀਰ ਬਾਦਲ ਤੋਂ ਕਈ ਘੰਟੇ ਪੁੱਛਗਿੱਛ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੋਂ ਚੰਡੀਗੜ੍ਹ ਦੇ ਸੈਕਟਰ-32 ਸਥਿਤ 'ਪੰਜਾਬ ਪੁਲਿਸ ਆਫੀਸਰਜ਼ ਇੰਸਟੀਚਿਊਟ' ਵਿਚ ਪੁੱਛ-ਪੜਤਾਲ ਕੀਤੀ। ਟੀਮ ਦੇ ਮੈਂਬਰਾਂ ਨੇ ਅਕਾਲੀ ਦਲ ਦੇ ਪ੍ਰਧਾਨ ਤੋਂ ਤਕਰੀਬਨ ਚਾਰ ਘੰਟੇ ਪੁੱਛ-ਪੜਤਾਲ ਕੀਤੀ। ਹਾਲਾਂਕਿ ਜਾਂਚ ਟੀਮ ਵੱਲੋਂ ਪੁੱਛੇ ਗਏ ਸਵਾਲਾਂ ਬਾਰੇ ਸਪੱਸ਼ਟ ਜਾਣਕਾਰੀ ਨਹੀਂ ਮਿਲ ਸਕੀ ਹੈ। ਸੂਤਰਾਂ ਅਨੁਸਾਰ ਜਾਂਚ ਟੀਮ ਨੇ ਗੋਲੀ ਚਲਾਉਣ ਦੇ ਹੁਕਮ ਦੇਣ ਬਾਰੇ ਤੇ ਮਾਮਲੇ ਨਾਲ ਸਬੰਧਤ ਹੋਰ ਪਹਿਲੂਆਂ ਬਾਰੇ ਪੁੱਛਗਿੱਛ ਕੀਤੀ ਹੈ।

14 ਅਕਤੂਬਰ 2015 ਨੂੰ ਵਾਪਰੇ ਕੋਟਕਪੂਰਾ ਗੋਲੀ ਕਾਂਡ ਸਮੇਂ ਸੁਖਬੀਰ ਸਿੰਘ ਬਾਦਲ ਸੂਬੇ ਦੇ ਗ੍ਰਹਿ ਮੰਤਰੀ ਸਨ। ਕੋਟਕਪੂਰਾ ਗੋਲੀਕਾਂਡ ਵਾਪਰਨ ਤੋਂ ਇਕ ਘੰਟਾ ਪਹਿਲਾਂ ਫਰੀਦਕੋਟ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੁੱਖ ਮੰਤਰੀ ਦਫਤਰ ਵਿਚ 157 ਵਾਰ ਫੋਨ ਰਾਹੀਂ ਗੱਲ ਹੋਈ ਸੀ। ਸੂਤਰਾਂ ਅਨੁਸਾਰ ਇਨ੍ਹਾਂ ਵਿਚੋਂ ਕੁਝ ਫੋਨ ਸੁਖਬੀਰ ਸਿੰਘ ਬਾਦਲ ਨੂੰ ਵੀ ਕੀਤੇ ਗਏ ਸਨ। ਇਸ ਗੱਲਬਾਤ ਤੋਂ ਕੁਝ ਸਮਾਂ ਬਾਅਦ ਹੀ ਕੋਟਕਪੂਰਾ ਗੋਲੀਕਾਂਡ ਵਾਪਰ ਗਿਆ ਸੀ। ਜਾਂਚ ਟੀਮ ਸਪੱਸ਼ਟ ਕਰਨਾ ਚਾਹੁੰਦੀ ਹੈ ਕਿ ਜਦੋਂ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਫਰੀਦਕੋਟ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਸੀ ਕਿ ਧਰਨੇ 'ਤੇ ਬੈਠੇ ਅੰਦੋਲਨਕਾਰੀਆਂ ਨੂੰ ਸ਼ਾਂਤੀ ਨਾਲ ਉਠਾਇਆ ਜਾਵੇ ਤਾਂ ਫਿਰ ਸਿੱਖ ਸੰਗਤਾਂ ਉੱਪਰ ਗੋਲੀ ਕਿਸ ਦੇ ਹੁਕਮਾਂ ਨਾਲ ਚਲਾਈ ਗਈ। ਵਿਸ਼ੇਸ਼ ਜਾਂਚ ਟੀਮ ਇਸ ਤੋਂ ਪਹਿਲਾਂ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਫਰੀਦਕੋਟ ਦੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਸਮੇਤ ਇਕ ਦਰਜਨ ਉਚ ਪੁਲਿਸ ਅਧਿਕਾਰੀਆਂ ਤੋਂ ਪੁੱਛ-ਪੜਤਾਲ ਕਰ ਚੁੱਕੀ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਪੁੱਛ-ਪੜਤਾਲ ਹੋਣ ਮਗਰੋਂ ਸਪੱਸ਼ਟ ਹੈ ਕਿ ਸੁਮੇਧ ਸੈਣੀ ਅਤੇ ਪਰਮਰਾਜ ਸਿੰਘ ਉਮਰਾਨੰਗਲ ਦੀ ਕੋਟਕਪੂਰਾ ਗੋਲੀਕਾਂਡ ਵਿੱਚ ਵੱਡੀ ਭੂਮਿਕਾ ਸੀ। ਹੁਣ ਜਾਂਚ ਟੀਮ ਇਸ ਮਾਮਲੇ ਵਿਚ ਜਾਣਨਾ ਚਾਹੁੰਦੀ ਹੈ ਕਿ ਕੋਟਕਪੂਰਾ ਗੋਲੀਕਾਂਡ ਲਈ ਗ੍ਰਹਿ ਵਿਭਾਗ ਨੇ ਕਿਸੇ ਤਰ੍ਹਾਂ ਦਾ ਆਦੇਸ਼ ਜਾਰੀ ਕੀਤਾ ਸੀ ਕਿ ਨਹੀਂ ਅਤੇ ਪਰਮਰਾਜ ਸਿੰਘ ਉਮਰਾਨੰਗਲ ਕੋਟਕਪੂਰਾ ਕਿਵੇਂ ਪਹੁੰਚ ਗਏ, ਜਦੋਂ ਕਿ ਰਿਕਾਰਡ ਮੁਤਾਬਕ ਉਨ੍ਹਾਂ ਨੂੰ ਕਿਸੇ ਨੇ ਕੋਟਕਪੂਰਾ ਭੇਜਿਆ ਹੀ ਨਹੀਂ।

ਪ੍ਰਾਪਤ ਜਾਣਕਾਰੀ ਅਨੁਸਾਰ ਸੁਖਬੀਰ ਸਿੰਘ ਬਾਦਲ 11 ਵਜੇ ਸਿੱਟ ਅੱਗੇ ਹਾਜ਼ਰ ਹੋਏ। ਉਨ੍ਹਾਂ ਦੀ ਕਾਰ ਬਿਕਰਮ ਸਿੰਘ ਮਜੀਠੀਆ ਚਲਾ ਰਹੇ ਸਨ। ਉਹ ਪੁੱਛ-ਪੜਤਾਲ ਤੋਂ ਬਾਅਦ 3.10 'ਤੇ ਬਾਹਰ ਨਿਕਲੇ। ਉਨ੍ਹਾਂ ਨੇ ਕਾਰ ਦਾ ਦਰਵਾਜ਼ਾ ਖੋਲ੍ਹ ਕੇ ਪਾਰਟੀ ਵਰਕਰਾਂ ਦਾ ਮਗਰੋਂ ਹੱਥ ਹਿਲਾ ਕੇ ਧੰਨਵਾਦ ਕੀਤਾ। ਉਸ ਤੋਂ ਬਾਅਦ ਬਾਦਲ ਨੇ ਆਪਣੇ ਟਵਿੱਟਰ ਹੈਂਡਲ 'ਤੇ ਵੀ ਪਾਰਟੀ ਵਰਕਰਾਂ ਦਾ ਸਤਿਕਾਰ ਦੇਣ ਲਈ ਧੰਨਵਾਦ ਕੀਤਾ। ਦੱਸਣਯੋਗ ਹੈ ਕਿ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਬਣੀ ਨਵੀਂ ਜਾਂਚ ਟੀਮ ਵੱਲੋਂ ਏ.ਡੀ.ਜੀ.ਪੀ. ਐੱਲ.ਕੇ. ਯਾਦਵ ਦੀ ਅਗਵਾਈ ਹੇਠ ਐਮ.ਐਲ.ਏ. ਫਲੈਟਸ ਵਿਚਲੀ ਬਾਦਲ ਦੀ ਰਿਹਾਇਸ਼ 'ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਵੀ ਪੁੱਛ-ਪੜਤਾਲ ਕੀਤੀ ਜਾ ਚੁੱਕੀ ਹੈ। ਉਸ ਤੋਂ ਪਹਿਲਾਂ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ, ਸਾਬਕਾ ਡੀ.ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਰਣਬੀਰ ਸਿੰਘ ਖੱਟੜਾ ਸਣੇ ਹੋਰਨਾਂ ਪੁਲਿਸ ਅਧਿਕਾਰੀਆਂ ਤੋਂ ਵੀ ਪੁੱਛਗਿੱਛ ਕੀਤੀ ਜਾ ਚੁੱਕੀ ਹੈ।



## ਸੱਤਾ 'ਚ ਆਉਣ 'ਤੇ ਦੋਸ਼ੀਆਂ ਨੂੰ ਦਿਆਂਗੇ ਸਜ਼ਾ: ਅਸ਼ਵਨੀ

**ਪਠਾਨਕੋਟ:** ਭਾਰਤੀ ਜਨਤਾ ਪਾਰਟੀ ਨੇ ਜਿਲ੍ਹਾ ਪ੍ਰਧਾਨ ਵਿਜੇ ਸ਼ਰਮਾ ਦੀ ਅਗਵਾਈ ਹੇਠ ਸਾਲ 1975 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਵਿਰੁੱਧ ਕਾਲਾ ਦਿਵਸ ਮਨਾਇਆ। ਇਸ ਮੌਕੇ ਪ੍ਰਦੇਸ਼ ਪ੍ਰਧਾਨ ਅਸ਼ਵਨੀ ਸ਼ਰਮਾ ਨੇ 25 ਜੂਨ ਨੂੰ ਇਤਿਹਾਸਕ ਕਾਲਾ ਦਿਨ ਕਰਾਰ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦਾ ਲੋਕਤੰਤਰੀ ਪ੍ਰਕਿਰਿਆ ਵਿਚ ਕਦੇ ਵੀ ਵਿਸ਼ਵਾਸ ਨਹੀਂ ਹੈ। ਬੇਅਦਬੀ ਕਾਂਡ 'ਤੇ ਬੋਲਦਿਆਂ ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਸਾਲ 2022 ਦੀਆਂ ਚੋਣਾਂ ਉਪਰੰਤ ਸੱਤਾ ਵਿਚ ਆਉਣ ਬਾਅਦ ਭਾਜਪਾ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਏਗੀ ਕਿਉਂਕਿ ਇਤਿਹਾਸ ਗਵਾਹ ਹੈ ਕਿ 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਵੀ ਸਜ਼ਾ ਭਾਜਪਾ ਨੇ ਹੀ ਦਿਵਾਈ ਸੀ।

# ਭਾਜਪਾ ਆਗੂ ਮਿੱਤਲ ਵੱਲੋਂ ਬਾਦਲਾਂ ਦੇ ਹੱਕ 'ਚ ਆਵਾਜ਼ ਬੁਲੰਦ

**ਸ੍ਰੀ ਆਨੰਦਪੁਰ ਸਾਹਿਬ:** ਭਾਜਪਾ ਦੇ ਸੀਨੀਅਰ ਆਗੂ ਮਦਨ ਮੋਹਨ ਮਿੱਤਲ ਨੇ ਬਾਦਲਾਂ ਦੇ ਹੱਕ 'ਚ ਆਵਾਜ਼ ਬੁਲੰਦ ਕਰਦੇ ਹੋਏ ਕਿਹਾ ਕਿ ਦੇਸ਼ ਦੇ ਸਭ ਤੋਂ ਵੱਡੇ ਸਿੱਖ ਆਗੂ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਫਰਜ਼ੰਦ ਸੁਖਬੀਰ ਸਿੰਘ ਬਾਦਲ ਕਦੇ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਹੀਂ ਕਰਵਾ ਸਕਦੇ।

ਬੇਅਦਬੀਆਂ ਦੇ ਮਸਲੇ ਬਾਰੇ ਗੱਲ ਕਰਦਿਆਂ ਮਿੱਤਲ ਨੇ ਕਾਂਗਰਸ ਸਰਕਾਰ 'ਤੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਜਦੋਂ ਵੀ ਪੰਜਾਬ ਵਿਚ ਸਰਕਾਰ ਬਣਾਉਣ ਜਾਂ ਬਣੀ ਹੋਈ ਸਰਕਾਰ ਨੂੰ ਹੇਠਾਂ ਲਾਹੁਣ ਲਈ ਕਾਂਗਰਸ ਨੇ ਜ਼ੋਰ ਲਗਾਇਆ ਤਾਂ ਕਾਂਗਰਸ ਵੱਲੋਂ ਪੰਜਾਬ ਵਿਚ ਲੋਕਾਂ ਨੂੰ ਧਰਮ ਦੇ ਆਧਾਰ 'ਤੇ ਵੰਡਣ ਦੀ ਹੀ ਗੱਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅਤਿਵਾਦ ਤੇ ਖਾਲਿਸਤਾਨ ਵਰਗੇ ਮੁੱਦੇ ਕਾਂਗਰਸ ਦੀ ਦੇਣ ਹੈ ਪਰ ਪੰਜਾਬ ਦੇ ਲੋਕ ਭਾਰਤ ਦੇ ਸੰਵਿਧਾਨ ਨੂੰ ਮੰਨਦੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਅਤਿਵਾਦ ਦੌਰਾਨ ਕਾਂਗਰਸ ਨੂੰ ਨੁਕਸਾਨ ਝੱਲਣਾ ਪਿਆ ਸੀ, ਉਸੇ ਤਰ੍ਹਾਂ ਹੁਣ ਬੇਅਦਬੀਆਂ ਦਾ ਮੁੱਦਾ ਹੀ



ਕਾਂਗਰਸ ਸਰਕਾਰ ਨੂੰ ਘੇਰੇਗਾ।

ਅਕਾਲੀ ਦਲ ਵੱਲੋਂ ਸਿੱਟ ਦੁਆਰਾ ਕਾਂਗਰਸ ਨੂੰ ਜਾਂਚ ਦੇ ਘੇਰੇ ਵਿਚ ਲਿਆਉਣ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਮਦਨ ਮੋਹਨ ਮਿੱਤਲ ਨੇ ਕਿਹਾ ਕਿ ਉਹ ਇਹ ਤਾਂ ਨਹੀਂ ਕਹਿ ਸਕਦੇ ਕਿ ਕਿਸ ਨੂੰ ਜਾਂਚ ਦੇ ਘੇਰੇ ਵਿਚ ਲਿਆਉਣਾ ਚਾਹੀਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਉਸ ਸਮੇਂ ਸਿੱਟ ਦੇ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਵੱਲੋਂ ਬਣਾਈ ਗਈ ਰਿਪੋਰਟ ਰਾਜਨੀਤੀ ਤੋਂ ਪ੍ਰੇਰਿਤ ਸੀ ਕਿਉਂਕਿ ਕੁੰਵਰ ਵਿਜੇ ਪ੍ਰਤਾਪ ਨੇ ਅਸਤੀਫਾ ਦੇਣ ਤੋਂ ਬਾਅਦ ਵੀ ਬਹੁਤ ਸਾਰੇ ਕਾਂਗਰਸੀ ਆਗੂਆਂ ਨਾਲ ਸੰਪਰਕ ਕੀਤਾ ਅਤੇ ਉਹ ਬਾਦਲ ਪਰਿਵਾਰ ਨੂੰ ਬੇਅਦਬੀਆਂ ਦੇ ਮੁੱਦੇ ਵਿਚ ਫਸਾਉਣਾ ਚਾਹੁੰਦੇ ਸਨ।

# ਬੇਅਦਬੀ: ਸਿੱਧੂ ਵੱਲੋਂ ਅਕਾਲੀ ਦਲ ਨੂੰ ਤਿੱਖੇ ਸਵਾਲ

**ਅੰਮ੍ਰਿਤਸਰ:** ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ ਨੇ ਇਕ ਟਵੀਟ ਵਿਚ ਬਿਨਾਂ ਨਾਂ ਲਏ ਸ਼੍ਰੋਮਣੀ ਅਕਾਲੀ ਦਲ 'ਤੇ ਨਿਸ਼ਾਨਾ ਸੇਧਦਿਆਂ ਆਖਿਆ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਨੂੰ ਵਾਪਰਿਆਂ 6 ਸਾਲ ਹੋ ਗਏ ਹਨ। ਤੁਹਾਡੇ ਰਾਜ ਦੇ 2 ਸਾਲਾਂ ਦੇ ਸਮੇਂ ਦੌਰਾਨ ਇਸ ਬਾਰੇ ਕੋਈ ਇਨਸਾਫ ਨਹੀਂ ਮਿਲਿਆ, ਸਾਵੇ 4 ਸਾਲ ਦੇ ਹੁਣ ਦੇ ਰਾਜ ਵਿਚ ਕੋਈ ਨਿਆਂ ਨਹੀਂ ਮਿਲਿਆ।

ਹੁਣ ਜਦੋਂ ਪੰਜਾਬ ਦੇ ਲੋਕਾਂ ਨੂੰ ਨਿਆਂ ਦੇਣ ਲਈ ਨਵੀਂ ਸਿੱਟ ਜਾਂਚ ਕਰਦੀ ਹੋਈ ਅਗਾਂਹ ਵਧ ਰਹੀ ਹੈ ਤਾਂ ਤੁਸੀਂ ਸਿਆਸੀ ਦਖਲਅੰਦਾਜੀ ਹੋਣ ਦਾ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਹੈ। ਸਿਆਸੀ ਦਖਲਅੰਦਾਜੀ ਤਾਂ ਉਹ ਸੀ ਜਿਸ ਰਾਹੀਂ 6 ਸਾਲ ਨਿਆਂ ਨਹੀਂ ਹੋਣ ਦਿੱਤਾ ਗਿਆ। ਸਿੱਧੂ ਨੇ ਆਪਣੇ ਟਵੀਟ ਰੂਪੀ ਤੀਰਾਂ ਦਾ ਰੁਖ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ (ਡੀ.ਜੀ.ਪੀ.) ਵੱਲ ਕਰਦਿਆਂ ਸਵਾਲ ਕੀਤਾ ਕਿ ਉਨ੍ਹਾਂ ਨੇ ਸੂਬੇ ਵਿਚ ਕੈਮੀਕਲ ਡਰੱਗ ਬਣਾਉਣ ਵਾਲਿਆਂ ਨੂੰ ਸਿਆਸੀ ਸਰਪ੍ਰਸਤੀ ਦੇਣ ਵਾਲਿਆਂ ਖਿਲਾਫ ਕੀ ਕਾਰਵਾਈ ਕੀਤੀ ਹੈ? ਆਪਣੇ ਟਵੀਟ ਰਾਹੀਂ ਉਨ੍ਹਾਂ ਡੀ.ਜੀ.ਪੀ. ਨੂੰ ਸਵਾਲ ਕਰਦਿਆਂ ਪੁੱਛਿਆ ਕਿ 'ਤੁਸੀਂ



ਮਜੀਠੀਆ ਬਾਰੇ ਕੀ ਕੀਤਾ ਹੈ? ਉਨ੍ਹਾਂ ਖਿਲਾਫ ਕੀ ਕਾਰਵਾਈ ਕੀਤੀ ਹੈ ਜਿਨ੍ਹਾਂ ਨੇ ਕੈਮੀਕਲ ਡਰੱਗ ਫੈਕਟਰੀ ਨੂੰ ਸਹੂਲਤਾਂ ਤੇ ਸੁਰੱਖਿਆ ਦਿੱਤੀ।

ਐਸ.ਟੀ.ਐਫ. ਦੀ ਰਿਪੋਰਟ ਵਿਚ ਜਿਨ੍ਹਾਂ ਵੱਡੇ ਵਿਅਕਤੀਆਂ ਦਾ ਜ਼ਿਕਰ ਸੀ, ਉਨ੍ਹਾਂ ਖਿਲਾਫ ਕੀ ਕਾਰਵਾਈ ਕੀਤੀ ਹੈ? ਅੱਜ ਉਹੀ ਲੋਕ ਸਾਡੇ ਖਿਲਾਫ ਕੇਸ ਦਰਜ ਕਰਵਾਉਣ ਦੀਆਂ ਧਮਕੀਆਂ ਦੇ ਰਹੇ ਹਨ।' ਦੱਸਣਯੋਗ ਹੈ ਕਿ ਪਿਛਲੇ ਕੁਝ ਦਿਨਾਂ ਦੌਰਾਨ ਜਦ ਤੋਂ ਕਾਂਗਰਸ ਦਾ ਅੰਦਰੂਨੀ ਕਲੇਸ਼ ਖਤਮ ਕਰਨ ਲਈ ਯਤਨ ਚੱਲ ਰਹੇ ਸਨ ਤਾਂ ਸ੍ਰੀ ਸਿੱਧੂ ਨੇ ਵੀ ਪੂਰੀ ਚੁੱਪ ਧਾਰੀ ਹੋਈ ਸੀ, ਪਰ ਹੁਣ ਜਦੋਂ ਬੇਅਦਬੀ ਮਾਮਲਿਆਂ ਵਿਚ ਨਵੀਂ ਬਣੀ 'ਸਿੱਟ' ਵਲੋਂ ਬਾਦਲਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਇਸ ਵੇਲੇ ਕਾਂਗਰਸ ਆਗੂ ਸਿੱਧੂ ਵੀ ਮੁੜ ਪੂਰੇ ਸਰਗਰਮ ਹੋ ਗਏ ਹਨ।

## ਅਕਾਲੀ ਦਲ ਨੂੰ ਭਾਰਤ ਦੇ ਸੰਵਿਧਾਨ 'ਤੇ ਭਰੋਸਾ ਨਹੀਂ: ਆਪ

**ਚੰਡੀਗੜ੍ਹ:** ਕੋਟਕਪੂਰਾ ਗੋਲੀ ਕਾਂਡ ਲਈ ਨਵੀਂ ਵਿਸ਼ੇਸ਼ ਜਾਂਚ ਕਮੇਟੀ ਐਸ.ਆਈ.ਟੀ. ਵੱਲੋਂ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪੁੱਛ ਪੜਤਾਲ ਲਈ ਸੱਦਣ ਦੇ ਮਾਮਲੇ 'ਤੇ ਹੋ-ਹੱਲਾ ਕਰਨ 'ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਬਾਦਲ ਨੂੰ ਨਾ ਤਾਂ ਭਾਰਤ ਦੇ ਸੰਵਿਧਾਨ ਵਿਚ ਅਤੇ ਨਾ ਹੀ ਕਿਸੇ ਹੋਰ ਏਜੰਸੀ ਉਤੇ ਵਿਸ਼ਵਾਸ ਹੈ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦਾਗ ਛੁਪਾਉਣ ਲਈ ਅਕਾਲੀ ਦਲ ਹੱਲਾ-ਗੁੱਲਾ ਕਰਕੇ ਲੋਕਾਂ ਦਾ ਇਸ ਮਾਮਲੇ ਤੋਂ ਧਿਆਨ ਭਟਕਾਉਣਾ ਚਾਹੁੰਦਾ ਹੈ।

# ਬਾਦਲ ਪਰਿਵਾਰ ਦੇ ਬਚਾਅ ਲਈ ਨਿੱਤਰਿਆ ਸ਼੍ਰੋਮਣੀ ਅਕਾਲੀ ਦਲ

**ਅੰਮ੍ਰਿਤਸਰ:** ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਲਈ ਬਣਾਈ ਨਵੀਂ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਬਾਦਲ ਪਰਿਵਾਰ ਤੋਂ ਪੁੱਛਗਿੱਛ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਤੇ ਆਮ ਆਦਮੀ ਪਾਰਟੀ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਅਕਾਲੀ ਦਲ ਬਾਦਲ ਪਰਿਵਾਰ ਦੇ ਬਚਾਅ ਲਈ ਨਿੱਤਰ ਆਇਆ ਹੈ।

ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਾਇਆ ਕਿ ਕੋਟਕਪੂਰਾ ਗੋਲੀ ਮਾਮਲੇ ਦੀ ਮੁੜ ਹੋ ਰਹੀ ਜਾਂਚ ਵਿਚ ਸਿਆਸੀ ਦਖਲ ਦੇ ਕੇ ਇਸ ਮਾਮਲੇ ਵਿਚ ਬਾਦਲਾਂ ਨੂੰ ਫਸਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਅਕਾਲੀ ਦਲ ਨੇ ਐਲਾਨ ਕੀਤਾ ਕਿ ਪਾਰਟੀ ਵੱਲੋਂ ਇਸ ਮਾਮਲੇ ਵਿਚ ਦਖਲਅੰਦਾਜੀ ਕਰਨ ਅਤੇ ਜਾਅਲੀ ਕੇਸ ਦਰਜ ਕਰਵਾਉਣ ਲਈ ਸਾਜਿਸ਼ ਰਚਣ ਦੇ ਦੋਸ਼ ਹੇਠ ਕਾਂਗਰਸੀ ਆਗੂ ਰਾਹੁਲ ਗਾਂਧੀ, ਸੁਨੀਲ ਜਾਖੜ, ਐਸ.ਆਈ.ਟੀ. ਮੈਂਬਰਾਂ, ਵਿਜੀਲੈਂਸ ਡਾਇਰੈਕਟਰ, ਸਲਾਹਕਾਰ ਭਰਤ ਇੰਦਰ ਸਿੰਘ ਚਹਿਲ ਤੇ ਹੋਰ ਅਧਿਕਾਰੀਆਂ ਖਿਲਾਫ ਵੱਖ-ਵੱਖ ਧਾਰਾਵਾਂ ਹੇਠ ਚੰਡੀਗੜ੍ਹ ਵਿਚ ਪੁਲਿਸ ਕੇਸ ਦਰਜ ਕਰਵਾਇਆ ਜਾਵੇਗਾ।

ਮਜੀਠੀਆ ਨੇ ਦਾਅਵਾ ਕੀਤਾ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਖੁਲਾਸਾ ਕੀਤਾ ਕਿ ਰਾਹੁਲ ਗਾਂਧੀ ਨੇ ਬੇਅਦਬੀ ਕੇਸ ਵਿਚ ਬਾਦਲ ਪਰਿਵਾਰ ਨੂੰ ਫਸਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਖਿਆ ਹੈ। ਉਨ੍ਹਾਂ ਇਸ ਸਬੰਧੀ ਵੀਡੀਓ ਵੀ ਮੀਡੀਆ ਨੂੰ ਦਿਖਾਈ। ਉਨ੍ਹਾਂ ਦਾਅਵਾ ਕੀਤਾ ਕਿ ਵਿਜੀਲੈਂਸ ਵਿਭਾਗ ਹੀ ਐਸ.ਆਈ.ਟੀ. ਨੂੰ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਤੋਂ ਪੁੱਛਗਿਛ ਲਈ ਵੀ ਕੁਝ ਸਾਬਕਾ ਅਧਿਕਾਰੀ ਭੇਜੇ ਗਏ ਸਨ ਜੋ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਦਬਾਅ ਹੇਠ ਅਜਿਹਾ ਕਰ ਰਹੀ ਹੈ ਕਿਉਂਕਿ ਕਾਂਗਰਸੀਆਂ ਦਾ ਮੰਨਣਾ ਹੈ ਕਿ ਉਹ ਸਿਰਫ ਬਾਦਲ ਪਰਿਵਾਰ ਨੂੰ ਫਸਾ ਕੇ ਹੀ ਆਪਣੀਆਂ ਅਸਫਲਤਾਵਾਂ ਤੋਂ ਲੋਕਾਂ ਦਾ ਧਿਆਨ ਪਾਸੇ ਕਰ ਸਕਦੇ ਹਨ। ਇਹੀ ਕਾਰਨ ਹੈ ਕਿ ਹੁਣ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੂੰ ਫਸਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਮੰਗ ਕੀਤੀ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਸੁਨੀਲ ਜਾਖੜ, ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਨਾਲ-ਨਾਲ 'ਆਪ' ਆਗੂਆਂ ਦਾ ਵੀ ਲਾਈ ਡਿਟੈਕਟਰ ਟੈਸਟ ਕਰਵਾਇਆ ਜਾਣਾ ਚਾਹੀਦਾ ਹੈ ਤਾਂ ਕਿ ਇਹ ਪਤਾ ਲੱਗ ਸਕੇ ਕਿ ਉਨ੍ਹਾਂ ਕਿੰਨੀ ਵਾਰ ਸਾਬਕਾ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਨਾਲ ਗੱਲਬਾਤ ਕੀਤੀ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸੀ.ਸੀ.ਟੀ.ਵੀ. ਫੁਟੇਜ ਸਮੇਤ ਮੁੱਖ ਮੰਤਰੀ ਦੀ ਰਿਹਾਇਸ਼ ਦਾ ਰਿਕਾਰਡ ਵੀ ਤਲਬ ਕੀਤਾ ਜਾਵੇ ਤਾਂ ਕਿ ਪਤਾ ਲੱਗ ਸਕੇ ਕਿ ਇਹ ਸਾਬਕਾ ਪੁਲਿਸ ਅਧਿਕਾਰੀ ਕਿੰਨੀ ਵਾਰ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਗਿਆ ਸੀ ਅਤੇ ਉਸ ਵੇਲੇ ਉਥੇ ਕੌਣ-ਕੌਣ ਸੀ।



## 'ਬਾਦਲਾਂ ਦੀ ਗ੍ਰਿਫਤਾਰੀ ਨਾਲ ਸਿਆਸੀ ਲਾਹਾ ਚਾਹੁੰਦੀ ਹੈ ਕਾਂਗਰਸ'

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੂੰ ਕਿਹਾ ਕਿ 'ਸਿੱਟ' ਆਪਣਾ ਦਾਇਰਾ ਵਧਾ ਕੇ ਪਿਛਲੀ ਸਰਕਾਰ ਨੂੰ ਬਦਨਾਮ ਕਰਨ ਲਈ ਕਾਂਗਰਸ ਅਤੇ 'ਆਪ' ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇ। ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੰਗ ਕੀਤੀ ਕਿ ਸਾਜਿਸ਼ ਤਹਿਤ ਲਾਹਾ ਲੈਣ ਵਾਲਿਆਂ ਦੇ ਨਾਰਕੋ ਟੈਸਟ ਕਰਾਏ ਜਾਣ। ਮਜੀਠੀਆ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਸਾਂਝੀ ਪ੍ਰੈਸ ਕਾਨਫਰੰਸ ਕਰਕੇ ਕਾਂਗਰਸ ਹਾਈਕਮਾਨ ਵੱਲੋਂ 'ਸਿੱਟ' ਦੀ ਜਾਂਚ ਮੁਕੰਮਲ ਕਰਨ ਲਈ ਸਮਾਂ ਸੀਮਾ ਤੈਅ ਕੀਤੇ ਜਾਣ ਦੇ ਹੈਰਾਨੀ ਜ਼ਾਹਰ ਕੀਤੀ। ਉਨ੍ਹਾਂ ਸਵਾਲ ਕੀਤਾ ਕਿ ਹੁਣ 'ਸਿੱਟ' ਕਿਸ ਦੇ ਹੁਕਮ ਮੰਨੇਗੀ, ਹਾਈ ਕੋਰਟ ਦੇ ਜਾਂ ਫਿਰ ਕਾਂਗਰਸ ਹਾਈ ਕਮਾਂਡ ਦੇ? ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਪਿਛਲੀ 'ਸਿੱਟ' ਨੂੰ ਰਬੜ ਦੀ ਮੋਹਰ ਦੀ ਤਰ੍ਹਾਂ ਵਰਤਿਆ। ਅਕਾਲੀ ਆਗੂਆਂ ਨੇ ਕਿਹਾ ਕਿ ਕਾਂਗਰਸ ਇਹ ਮੰਨ ਕੇ ਚੱਲ ਰਹੀ ਹੈ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਕਥਿਤ ਗੈਰ-ਕਾਨੂੰਨੀ ਗ੍ਰਿਫਤਾਰੀ ਹੀ ਉਨ੍ਹਾਂ ਦੀ ਭਰੋਸੇਯੋਗਤਾ ਬਹਾਲ ਕਰਾ ਸਕਦੀ ਹੈ।

# ਹਾਈਕਮਾਨ ਨੇ ਕੈਪਟਨ ਸਿਰ ਲੱਦੀ ਸਮਾਂਬੱਧ 'ਹੋਮ ਵਰਕ' ਦੀ ਪੰਡ

**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ 18 ਨੁਕਤਿਆਂ 'ਚ ਅਧਾਰਿਤ ਏਜੰਡਾ ਦਿੱਤਾ ਹੈ। ਇਹੀ ਨਹੀਂ ਅਮਰਿੰਦਰ ਨੂੰ ਇਹ ਡੇਢ ਦਰਜਨ ਵਾਅਦੇ ਪੂਰੇ ਕਰਨ ਲਈ ਡੈੱਡਲਾਈਨ ਵੀ ਦਿੱਤੀ ਗਈ ਹੈ। ਮੁੱਖ ਮੰਤਰੀ ਖਿਲਾਫ ਬਾਗੀ ਸੁਰ ਰੱਖਣ ਵਾਲੇ ਵਜ਼ੀਰਾਂ ਅਤੇ ਵਿਧਾਇਕਾਂ ਨੇ ਪਹਿਲਾਂ ਖੜਗੇ ਕਮੇਟੀ ਅਤੇ ਪਿੱਛੋਂ ਰਾਹੁਲ ਗਾਂਧੀ ਕੋਲ ਕੁਝ ਨੁਕਤੇ ਰੱਖੇ ਸਨ, ਜਿਨ੍ਹਾਂ ਦੇ ਆਧਾਰ 'ਤੇ ਇਹ 18 ਨੁਕਾਤੀ ਏਜੰਡਾ ਤਿਆਰ ਕਰਕੇ ਮੁੱਖ ਮੰਤਰੀ ਹੱਥ ਫੜਾਇਆ ਗਿਆ ਹੈ।



ਸਿਆਸੀ ਮਾਹਿਰਾਂ ਅਨੁਸਾਰ ਨਵਜੋਤ ਸਿੰਘ ਸਿੱਧੂ ਕਾਂਗਰਸ ਹਾਈਕਮਾਨ ਦੀ ਅੰਦਰੂਨੀ ਪਕੜ ਵਿਚ ਜਾਪਦੇ ਹਨ। ਮੁੱਖ ਮੰਤਰੀ ਨੂੰ ਸੌਂਪੇ 18 ਨੁਕਤਿਆਂ ਵਿਚ ਨਵਜੋਤ ਸਿੱਧੂ ਵੱਲੋਂ ਚੁੱਕੇ ਬਹੁਤੇ ਮਸਲੇ ਵੀ ਸ਼ਾਮਲ ਹਨ। ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਸਮੁੱਚੇ ਮਸਲੇ 'ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦਾ ਮਸ਼ਵਰਾ ਵੀ ਲਿਆ। ਉਸ ਮਗਰੋਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਇੰਦਰਬੀਰ ਬੁਲਾਰੀਆ ਵੀ ਮਿਲੇ ਹਨ। ਸੂਤਰਾਂ ਮੁਤਾਬਕ ਰਾਹੁਲ ਗਾਂਧੀ ਨੇ ਸਮੁੱਚੀ ਤਸਵੀਰ ਨੂੰ ਵਾਚਣ ਮਗਰੋਂ ਆਪਣਾ ਮਨ ਬਣਾ ਲਿਆ ਹੈ। ਪਤਾ ਲੱਗਾ ਹੈ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ 8 ਜੁਲਾਈ ਤੱਕ ਪੰਜਾਬ ਵਿਵਾਦ ਨੂੰ ਖਤਮ ਕਰ ਦੇਣਗੇ, ਜਿਸ ਲਈ ਹਾਈਕਮਾਨ ਨੇ ਫਾਰਮੂਲਾ ਤੈਅ ਕਰ ਰੱਖਿਆ ਹੈ। ਚੇਤੇ ਰਹੇ ਕਿ ਰਾਹੁਲ ਗਾਂਧੀ ਨੇ ਨਾਰਾਜ਼ ਵਿਧਾਇਕਾਂ ਤੇ ਵਜ਼ੀਰਾਂ ਨੂੰ ਮਿਲਣ ਦਾ ਅਮਲ ਸ਼ੁਰੂ ਕੀਤਾ ਸੀ। ਇਨ੍ਹਾਂ ਮੀਟਿੰਗਾਂ ਦੌਰਾਨ ਰਾਹੁਲ ਗਾਂਧੀ ਨੇ ਸਾਰੇ ਆਗੂਆਂ ਨੂੰ ਉਚੇਚੇ ਤੌਰ 'ਤੇ ਪੁੱਛਿਆ ਕਿ ਅਗਲੀ ਚੋਣ ਵਿਚ ਮੁੱਖ ਮੰਤਰੀ ਦਾ ਚਿਹਰਾ ਕਿਸ ਨੂੰ ਬਣਾਇਆ ਜਾਵੇ।

ਕੈਪਟਨ ਅਮਰਿੰਦਰ ਬਾਰੇ ਵੀ ਰਾਇ ਜਾਣੀ ਗਈ। ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਨ ਮਗਰੋਂ ਦੱਸਿਆ ਕਿ ਬਰਗਾੜੀ ਅਤੇ ਨਸ਼ਿਆਂ ਦੇ ਮੁੱਦੇ ਸਮੇਤ ਡੇਢ ਦਰਜਨ ਮੁੱਦਿਆਂ ਨੂੰ ਸਮਾਂਬੱਧ ਤਰੀਕੇ ਨਾਲ ਹੱਲ ਕਰਨ ਵਾਸਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਗਿਆ ਹੈ। ਰਾਵਤ ਨੇ ਉਚੇਚੇ ਤੌਰ 'ਤੇ ਰੇਤ ਮਾਫੀਏ, ਟਰਾਂਸਪੋਰਟ ਮਾਫੀਆ ਤੇ ਬਿਜਲੀ ਸਮਝੌਤਿਆਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਮਾਮਲੇ ਵਿਚ ਜੋ ਬਾਕੀ ਬਚ ਗਏ ਹਨ, ਉਨ੍ਹਾਂ ਖਿਲਾਫ ਕਾਰਵਾਈ ਲਈ ਆਖਿਆ ਗਿਆ ਹੈ। ਰਾਵਤ ਨੇ ਦੱਸਿਆ ਕਿ ਦਲਿਤ ਤੇ ਗਰੀਬ ਲੋਕਾਂ ਨੂੰ ਕਰਜ਼ ਮੁਆਫੀ, ਜ਼ਮੀਨਾਂ ਦੇ ਮਾਲਕਾਨਾ ਹੱਕ, ਵਜ਼ੀਫਾ ਅਤੇ ਸ਼ਹਿਰੀ ਖੇਤਰ ਵਿਚ ਪਰਿਵਾਰਾਂ ਨੂੰ 200 ਯੂਨਿਟ ਮੁਫਤ ਬਿਜਲੀ ਦਾ ਵਾਅਦਾ ਪੂਰਾ ਕਰਨ ਲਈ ਕਿਹਾ ਗਿਆ ਹੈ। ਬਰਗਾੜੀ ਮਾਮਲੇ ਨੂੰ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਪੂਰਾ ਕਰਨ ਦੀ ਹਦਾਇਤ ਕੀਤੀ ਗਈ ਹੈ। ਬਿਜਲੀ ਸਮਝੌਤਿਆਂ ਦੇ ਮਾਮਲੇ ਬਾਰੇ ਵੀ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਨੂੰ ਲੋੜ ਪੈਣ 'ਤੇ ਬੁਲਾਇਆ ਜਾਵੇਗਾ ਅਤੇ ਜੇ ਸਿੱਧੂ ਨੇ ਬਿਆਨਬਾਜ਼ੀ ਕੀਤੀ ਹੈ, ਉਸ ਦੀ ਸਮੀਖਿਆ ਕਰਕੇ ਸਲਾਹ ਜਾਂ ਨਿਰਦੇਸ਼ ਦੇ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਤਿੰਨ ਮੈਂਬਰੀ ਕਮੇਟੀ ਨੇ ਆਪਣੀ ਤਫਸੀਲੀ ਰਿਪੋਰਟ ਦਿੱਤੀ ਹੋਈ ਹੈ ਅਤੇ ਹਾਈਕਮਾਨ ਜਲਦੀ ਫੈਸਲਾ ਲਵੇਗੀ। ਪਤਾ ਲੱਗਾ ਹੈ ਕਿ ਹਰੀਸ਼ ਰਾਵਤ ਨੇ ਇਹ ਵੀ ਕਿਹਾ ਹੈ ਕਿ ਨਵਜੋਤ ਸਿੱਧੂ ਨੂੰ ਪਾਰਟੀ ਵਿਚ ਜ਼ਿੰਮੇਵਾਰੀ ਦਿੱਤੀ ਜਾਵੇਗੀ ਅਤੇ ਉਸ ਦੀ ਸਮਰੱਥਾ ਦੀ ਵਰਤੋਂ ਕੀਤੀ ਜਾਵੇਗੀ। ਉਧਰ, ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਉਨ੍ਹਾਂ ਨੇ ਰਾਹੁਲ ਗਾਂਧੀ ਕੋਲ ਪੰਜਾਬ ਚੋਣਾਂ ਨੂੰ ਜਿੱਤਣ ਲਈ ਆਪਣਾ ਨਜ਼ਰੀਆ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਇਹ ਵਿਵਾਦ ਇਕ ਹਫਤੇ ਵਿਚ ਸੁਲਝਾ ਲਿਆ ਆਵੇਗਾ। ਉਨ੍ਹਾਂ ਸੁਨੀਲ ਜਾਖੜ ਨਾਲ ਮੱਤਭੇਦ ਹੋਣ ਤੋਂ ਇਨਕਾਰ ਕੀਤਾ।

## ਨਸ਼ਿਆਂ ਦੀ ਰੋਕਥਾਮ ਲਈ ਕੌਮੀ ਡਰੱਗ ਨੀਤੀ ਬਣੇ: ਕੈਪਟਨ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਨਾਲ ਨਜਿੱਠਣ ਲਈ ਕੌਮੀ ਡਰੱਗ ਨੀਤੀ ਲਿਆਉਣ ਲਈ ਆਪਣੀ ਮੰਗ ਨੂੰ ਦੁਹਰਾਉਂਦੇ ਹੋਏ ਸੂਬੇ ਵਿਚੋਂ ਨਸ਼ਿਆਂ ਦੇ ਖਾਤਮੇ ਵਾਸਤੇ ਐਸ.ਟੀ.ਐਫ, ਪੁਲਿਸ ਅਤੇ ਖੁਫੀਆ ਵਿੰਗ ਦਰਮਿਆਨ ਹੋਰ ਤਾਲਮੇਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਦਿੱਲੀ ਵਰਗੇ ਗੁਆਂਢੀ ਸੂਬੇ ਨਸ਼ਿਆਂ ਦੀ ਤਸਕਰੀ ਨਾਲ ਨਿਪਟਣ ਲਈ ਕਾਰਗਰ ਢੰਗ-ਤਰੀਕਾ ਲਾਗੂ ਕਰਨ ਵਾਸਤੇ ਰਜ਼ਾਮੰਦ ਹੋਏ ਸਨ ਪਰ ਇਸ ਪਾਸੇ ਵੱਲ ਮਹੱਤਵਪੂਰਨ ਅਮਲ ਨਹੀਂ ਹੋਇਆ। ਮੁੱਖ ਮੰਤਰੀ ਨੇ ਕਿਹਾ ਕਿ ਬਹੁਤੇ ਨਸ਼ੇ ਖਾਸ ਤੌਰ 'ਤੇ ਅਫ਼ਗਾਨਿਸਤਾਨ ਤੋਂ ਹੈਰੋਇਨ ਦੀ ਤਸਕਰੀ ਪਾਕਿਸਤਾਨ ਰਾਹੀਂ ਜਾਂ ਹਰਿਆਣਾ, ਜੰਮੂ ਕਸ਼ਮੀਰ, ਰਾਜਸਥਾਨ, ਦਿੱਲੀ ਅਤੇ ਨੇਪਾਲ ਤੋਂ ਹੁੰਦੀ ਹੈ।

## ਕੁਰਸੀ ਬਚਾਉਣ ਲਈ ਰਾਹੁਲ ਦੇ ਦਰਬਾਰ 'ਚ ਮੱਥਾ ਰਗੜ ਰਹੇ ਹਨ ਕੈਪਟਨ: ਚੀਮਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੰਜਾਬ ਨੂੰ ਲਾਵਾਰਸ ਛੱਡ ਕੇ ਆਪਣੀ ਕੁਰਸੀ ਬਚਾਉਣ ਲਈ ਵਾਰ-ਵਾਰ ਰਾਹੁਲ ਗਾਂਧੀ ਦੇ ਦਰਬਾਰ 'ਚ ਮੱਥਾ ਰਗੜ ਰਹੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਅਤੇ ਸਿੱਖਾਂ 'ਤੇ ਗੋਲੀ ਚਲਾਉਣ ਵਾਲਿਆਂ ਸਾਜਿਸ਼ਘਾੜਿਆਂ ਨੂੰ ਅਜੇ ਤੱਕ ਕੋਈ ਸਜ਼ਾ ਨਹੀਂ ਦਿਵਾ ਸਕੇ।

# ਕਾਂਗਰਸ ਨੂੰ ਹੁਣ ਟਕਸਾਲੀ ਆਗੂਆਂ ਦੀ ਆਈ ਯਾਦ

**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਪੰਜਾਬ ਕਾਂਗਰਸ 'ਚ ਚੱਲ ਰਹੀ ਖਾਨਾਜੰਗੀ ਦੇ ਹੱਲ ਲਈ ਹੁਣ ਟਕਸਾਲੀ ਆਗੂਆਂ ਨੂੰ ਵੀ ਟੋਹਣ ਲੱਗੀ ਹੈ। ਭਾਵੇਂ ਕਾਂਗਰਸ ਹਾਈਕਮਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ 18 ਨੁਕਾਤੀ ਏਜੰਡੇ 'ਤੇ ਅਮਲ ਕਰਨ ਲਈ ਆਖ ਦਿੱਤਾ ਹੈ ਪਰ ਪਾਰਟੀ ਆਗੂ ਰਾਹੁਲ ਗਾਂਧੀ ਨੇ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਤੋਂ ਰਾਏ ਲੈਣ ਦਾ ਕੰਮ ਜਾਰੀ ਰੱਖਿਆ ਹੋਇਆ ਹੈ। ਹਾਈਕਮਾਨ ਪਾਰਟੀ ਦੇ ਪੁਰਾਣੇ ਆਗੂਆਂ ਨੂੰ ਵੀ ਭਰੋਸੇ 'ਚ ਲੈਣ ਲੱਗੀ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਕਾਂਗਰਸੀ ਨੇਤਾ ਰਾਹੁਲ ਗਾਂਧੀ ਨਾਲ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ, ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ, ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਕਾਂਗਰਸੀ ਵਿਧਾਇਕ ਲਖਵੀਰ ਸਿੰਘ ਲੱਖਾ ਨੇ ਮੁਲਾਕਾਤ ਕੀਤੀ। ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਦੇ ਵੀ ਮੁਲਾਕਾਤ ਕੀਤੇ ਜਾਣ ਦੇ ਚਰਚੇ ਹਨ। ਸੂਤਰ ਦੱਸਦੇ ਹਨ ਕਿ ਰਾਹੁਲ ਗਾਂਧੀ ਨੇ ਇਨ੍ਹਾਂ ਆਗੂਆਂ ਨਾਲ ਪੰਜਾਬ ਵਿਧਾਨ ਸਭਾ ਦੀਆਂ ਆਉਣ ਵਾਲੀਆਂ ਚੋਣਾਂ ਦੀਆਂ ਤਿਆਰੀਆਂ ਸਬੰਧੀ ਗੱਲਬਾਤ ਕੀਤੀ ਹੈ।

ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਨੇ ਕਿਹਾ ਕਿ ਉਨ੍ਹਾਂ ਰਾਹੁਲ ਗਾਂਧੀ ਨੂੰ ਮਸ਼ਵਰਾ ਦਿੱਤਾ ਹੈ ਕਿ ਪੰਜਾਬ 'ਚ ਨੁੱਕਰੇ ਲਾਏ ਗਏ ਟਕਸਾਲੀ ਆਗੂਆਂ ਨੂੰ ਮੁੱਖ ਧਾਰਾ ਵਿਚ ਲਿਆਂਦਾ ਜਾਵੇ ਅਤੇ ਪਾਰਟੀ ਨੂੰ ਦਲ ਬਦਲੂਆਂ ਤੋਂ ਬਚਾਇਆ ਜਾਵੇ। ਉਨ੍ਹਾਂ ਕਿਹਾ ਕਿ ਦਲ-ਬਦਲੂ ਕੁਰਸੀ ਖਾਤਰ ਗੇੜੇ ਮਾਰ ਰਹੇ ਹਨ ਅਤੇ ਉਨ੍ਹਾਂ ਦੀ ਪਾਰਟੀ 'ਚ ਕੋਈ ਸੇਵਾ ਨਹੀਂ ਹੈ। ਅਗਲੀਆਂ ਚੋਣਾਂ ਵਿਚ ਪਾਰਟੀ ਵੱਲੋਂ ਕਿਸੇ ਦਲਿਤ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਉਭਾਰਿਆ ਜਾਵੇ। ਉਨ੍ਹਾਂ ਪੰਜਾਬ ਵਿਚ ਮਾਫੀਆ ਰਾਜ ਬਾਰੇ ਵਿਸਥਾਰ 'ਚ ਦੱਸਿਆ।

ਉਨ੍ਹਾਂ ਲਿਖਤੀ ਪੱਤਰ ਦੇ ਕੇ ਪੰਜਾਬ ਵਿਚ ਗੱਠਜੋੜ ਸਰਕਾਰ ਸਮੇਂ ਹੋਏ ਵਜ਼ੀਫਾ ਘੁਟਾਲੇ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਏ ਜਾਣ ਦੀ ਮੰਗ ਰੱਖੀ। ਉਨ੍ਹਾਂ ਹੋਰ ਦਲਿਤ ਮਾਮਲੇ ਵੀ ਰਾਹੁਲ ਗਾਂਧੀ ਕੋਲ ਚੁੱਕੇ। ਇਸੇ ਦੌਰਾਨ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਆਪਣੀ ਰਾਏ ਰਾਹੁਲ ਗਾਂਧੀ ਨੂੰ ਦੇ ਦਿੱਤੀ ਹੈ ਅਤੇ ਮੀਟਿੰਗ ਸੁਖਾਵੇਂ ਮਾਹੌਲ ਵਿਚ ਹੋਈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਪਾਰਟੀ ਦਾ ਅੰਦਰੂਨੀ ਵਿਵਾਦ ਜਲਦੀ ਨਿੰਬੜ ਜਾਵੇਗਾ। ਦੱਸਣਯੋਗ ਹੈ ਕਿ ਪੰਜਾਬ ਕਾਂਗਰਸ ਦੇ ਵਿਵਾਦ ਦੇ ਹੱਲ ਲਈ ਬਣਾਈ ਖੜਗੇ ਕਮੇਟੀ ਨੇ ਆਪਣੀ ਰਿਪੋਰਟ ਕਾਫੀ ਦਿਨ ਪਹਿਲਾਂ ਹਾਈਕਮਾਨ ਨੂੰ ਸੌਂਪ ਦਿੱਤੀ ਸੀ। ਇਧਰ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਹਾਈਕਮਾਨ ਤੋਂ ਮਿਲੀ ਹਦਾਇਤ ਮਗਰੋਂ 18 ਨੁਕਾਤੀ ਏਜੰਡੇ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

# ਬੇਜ਼ਮੀਨੇ ਖੇਤੀ ਕਾਮਿਆਂ ਨੂੰ ਜਲਦ ਰਾਹਤ ਦੇਵਾਂਗੇ: ਕੈਪਟਨ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਗਤ ਕਬੀਰ ਜੀ ਦੀ ਜੈਅੰਤੀ ਮੌਕੇ ਕਰਵਾਏ ਸੂਬਾ ਪੱਧਰੀ ਸਮਾਗਮ ਵਿਚ ਵਰਚੁਅਲ ਹਿੱਸਾ ਲੈਂਦਿਆਂ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਕਰਜ਼ਾ ਰਾਹਤ ਸਕੀਮ ਤਹਿਤ ਬੇਜ਼ਮੀਨੇ ਖੇਤ ਕਾਮਿਆਂ ਨੂੰ ਛੇਤੀ 560 ਕਰੋੜ ਰੁਪਏ ਦੀ ਰਾਹਤ ਮੁਹੱਈਆ ਕਰਵਾਏਗੀ। ਮੁੱਖ ਮੰਤਰੀ ਨੇ ਅਨੁਸੂਚਿਤ ਤੇ ਪੱਛੜੀਆਂ ਜਾਤਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਦਾ ਵੀ ਜ਼ਿਕਰ ਕੀਤਾ।

ਭਗਤ ਭਗਤ ਕਬੀਰ ਜੀ ਨੂੰ ਸ਼ਰਧਾ ਭੇਟ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸੰਤ ਕਬੀਰ ਦੀ ਯਾਦ ਵਿਚ ਸਥਾਪਤ ਕੀਤੀ ਜਾਣ ਵਾਲੀ ਚੇਅਰ ਵੱਲੋਂ ਮਹਾਨ ਕਵੀ ਭਗਤ ਕਬੀਰ ਜੀ ਦੇ ਜੀਵਨ ਅਤੇ ਫਿਲਾਸਫੀ ਬਾਰੇ ਖੋਜ ਕੀਤੀ ਜਾਵੇਗੀ। ਇਸੇ ਤਰ੍ਹਾਂ ਭਗਤ ਕਬੀਰ ਭਵਨ 0.77 ਏਕੜ ਰਕਬੇ ਵਿਚ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ 10 ਕਰੋੜ ਰੁਪਏ ਵਿਚੋਂ 3 ਕਰੋੜ ਰੁਪਏ ਭਵਨ ਦੇ ਨਿਰਮਾਣ ਉਤੇ ਜਦਕਿ 7 ਕਰੋੜ ਜ਼ਮੀਨ ਦੀ ਕੀਮਤ ਉਤੇ ਖਰਚ ਕੀਤੇ ਜਾਣਗੇ। ਪੋਸਟ ਮੈਟ੍ਰਿਕ ਵਜ਼ੀਫਾ ਸਕੀਮ ਦਾ ਜ਼ਿਕਰ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਾਲ 2020-21 ਦੇ ਅਕਾਦਮਿਕ ਸੈਸ਼ਨ ਦੌਰਾਨ ਸੂਬਾ ਸਰਕਾਰ ਨੇ ਵਜ਼ੀਫਾ ਰਾਸ਼ੀ 100 ਫੀਸਦੀ ਜਾਰੀ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਕਾਲਜਾਂ ਨੂੰ ਕਿਸੇ ਵੀ ਵਿਦਿਆਰਥੀ ਦਾ ਰੋਲ ਨੰਬਰ ਨਾ ਰੋਕਣ ਦੀਆਂ ਸਪੱਸ਼ਟ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ। ਮੁੱਖ ਮੰਤਰੀ ਨੇ ਇਸ ਸਕੀਮ ਨੂੰ ਇਕਦਮ ਵਾਪਸ ਲੈਣ ਲਈ ਕੇਂਦਰ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਇਸ ਨਾਲ ਸਾਡੇ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪਾਇਆ ਗਿਆ।

# ਪੰਜਾਬ ਸਰਕਾਰ ਲਈ ਤਰਸ ਦੇ ਆਧਾਰ 'ਤੇ ਨੌਕਰੀ ਬਣਨ ਲੱਗੀ ਚੁਣੌਤੀ

## ਖਾੜਕੂਵਾਦ ਦੌਰ ਦੇ ਵੱਡੀ ਗਿਣਤੀ ਪੀੜਤ ਪਰਿਵਾਰ ਹੋਏ ਸਰਕਾਰ ਦੁਆਲੇ

**ਚੰਡੀਗੜ੍ਹ:** ਕਾਂਗਰਸੀ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਦੇ ਪੁੱਤਰ ਅਰਜੁਨ ਪ੍ਰਤਾਪ ਸਿੰਘ ਬਾਜਵਾ ਨੂੰ 'ਤਰਸ ਦੇ ਆਧਾਰ' ਇੰਸਪੈਕਟਰ ਅਤੇ ਲੁਧਿਆਣਾ ਤੋਂ ਵਿਧਾਇਕ ਰਾਕੇਸ਼ ਪਾਂਡੇ ਦੇ ਪੁੱਤਰ ਨੂੰ ਨਾਇਬ ਤਹਿਸੀਲਦਾਰ ਦੀ ਨੌਕਰੀ ਦੇਣਾ ਪੰਜਾਬ ਸਰਕਾਰ ਲਈ ਚੁਣੌਤੀ ਬਣਦਾ ਜਾ ਰਿਹਾ ਹੈ। ਭਾਵੇਂ ਚੁਫੇਰਿਉਂ ਅਲੋਚਨਾ ਪਿੱਛੋਂ ਫਤਹਿਜੰਗ ਸਿੰਘ ਬਾਜਵਾ ਨੇ ਨੌਕਰੀ ਲੈਣ ਤੋਂ ਨਾਂਹ ਕਰ ਦਿੱਤੀ ਹੈ ਪਰ ਇਸ ਫੈਸਲੇ ਪਿੱਛੋਂ ਖਾੜਕੂਵਾਦ ਦੇ ਦੌਰ ਦੇ ਵੱਡੀ ਗਿਣਤੀ ਪੀੜਤ ਪਰਿਵਾਰ ਤਰਸ ਦੇ ਆਧਾਰ ਉਤੇ ਨੌਕਰੀ ਲਈ ਸਰਕਾਰ ਦੁਆਲੇ ਹੋ ਗਏ ਹਨ।

ਸਾਲ 1991 ਵਿਚ ਫਿਰੋਜ਼ਪੁਰ ਦੇ ਪਿੰਡ ਪੰਡੋਰੀ ਖੱਤਰੀਆਂ 'ਚ ਆਪਣੇ ਪਰਿਵਾਰ ਦੇ ਸੱਤ ਜੀਅ ਗੁਆਉਣ ਵਾਲੀ ਅਮਨਦੀਪ ਕੌਰ ਨੇ ਪੰਜਾਬ ਸਰਕਾਰ ਤੋਂ ਤਰਸ ਦੇ ਆਧਾਰ 'ਤੇ ਨੌਕਰੀ ਦੀ ਮੰਗ ਕੀਤੀ ਹੈ। ਅਮਨਦੀਪ ਕੌਰ ਨੇ ਦੱਸਿਆ ਕਿ ਉਸ ਦੇ ਪਰਿਵਾਰ ਦੇ ਸੱਤ ਮੈਂਬਰਾਂ ਪਿਤਾ ਪਰਮਜੀਤ ਸਿੰਘ, ਮਾਤਾ ਕਰਮਜੀਤ ਕੌਰ, 9 ਸਾਲਾਂ ਦੇ ਭਰਾ ਕੁਲਦੀਪ ਸਿੰਘ, ਤਾਇਆ ਹਰਬੰਸ



ਸਿੰਘ, ਤਾਈ ਮਲਕੀਤ ਕੌਰ, ਚਾਚਾ ਪਰਗਟ ਸਿੰਘ ਤੇ ਦਾਦੀ ਅਮਰ ਕੌਰ ਨੂੰ ਖਾੜਕੂਆਂ ਨੇ ਗੋਲੀਆਂ ਮਾਰ ਦਿੱਤੀਆਂ ਸਨ। ਉਸ ਨੂੰ ਅਤੇ ਉਸ ਦੀ ਭੈਣ ਸੁਖਦੀਪ ਕੌਰ ਜੋ ਉਸ ਵੇਲੇ 7-8 ਸਾਲਾਂ ਦੀਆਂ ਸਨ, ਨੂੰ ਤਰਸ ਕਰਕੇ ਛੱਡ ਦਿੱਤਾ ਸੀ। ਅਮਨਦੀਪ ਕੌਰ ਹੁਣ ਮਲੋਟ ਹਲਕੇ ਦੇ ਪਿੰਡ ਚੱਕ ਸ਼ੇਰੇ ਵਾਲਾ 'ਚ ਰਹਿ ਰਹੀ ਹੈ। ਉਸ ਨੇ ਕਿਹਾ ਕਿ ਜਿਨ੍ਹਾਂ ਦੇ ਪਰਿਵਾਰ ਦਾ ਇਕ ਮੈਂਬਰ ਸ਼ਹੀਦ ਹੋਇਆ, ਉਸ 'ਤੇ ਤਾਂ ਮੁੱਖ ਮੰਤਰੀ ਨੂੰ ਤਰਸ ਆਇਆ ਤੇ ਨੌਕਰੀ ਦੇ ਦਿੱਤੀ ਪਰ ਉਨ੍ਹਾਂ ਦੀ ਫਾਈਲ 'ਤੇ ਵਿਚਾਰ ਨਹੀਂ ਕੀਤਾ ਗਿਆ।

ਉਧਰ, ਜਦੋਂ ਕਾਂਗਰਸੀ ਵਿਧਾਇਕਾਂ ਦੇ ਪੁੱਤਰਾਂ ਦੀ ਦਿੱਤੀ ਸਰਕਾਰੀ ਨੌਕਰੀ 'ਤੇ ਉਂਗਲ ਉਠੀ ਤਾਂ ਪੰਜਾਬ ਸਰਕਾਰ ਨੇ ਰਾਤੋ-ਰਾਤ ਅਤਿਵਾਦ ਪੀੜਤ ਪਰਿਵਾਰਾਂ ਦੇ ਕੇਸਾਂ ਤੋਂ ਧੂੜ ਝਾੜਨੀ ਸ਼ੁਰੂ ਕਰ ਦਿੱਤੀ। ਮਾਲ ਵਿਭਾਗ ਪੰਜਾਬ ਤਰਫੋਂ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰ ਕੇ ਇਕੋ ਦਿਨ ਵਿਚ ਅਤਿਵਾਦ ਪੀੜਤ ਪਰਿਵਾਰਾਂ ਬਾਰੇ ਸਾਰੇ ਵੇਰਵੇ ਮੰਗ ਲਏ ਹਨ। ਮਾਲ ਵਿਭਾਗ ਵੱਲੋਂ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ 31 ਮਈ, 2021 ਤੱਕ ਅਤਿਵਾਦ ਪੀੜਤ ਪਰਿਵਾਰਾਂ ਨੂੰ ਮਿਲੀਆਂ ਸਹੂਲਤਾਂ ਦਾ ਵਿਸਥਾਰ ਵਿਚ ਵੇਰਵਾ ਭੇਜਿਆ ਜਾਵੇ। ਪੰਜਾਬ ਸਰਕਾਰ ਨੇ ਤਰਸ ਦੇ ਆਧਾਰ 'ਤੇ ਨੌਕਰੀ ਪ੍ਰਾਪਤ ਕਰ ਚੁੱਕੇ ਮੈਂਬਰਾਂ ਦੀ ਸੂਚਨਾ ਮੰਗੀ ਹੈ ਤਾਂ ਜੋ ਬਕਾਇਆ ਕੇਸਾਂ ਬਾਰੇ ਪਤਾ ਲਗਾਇਆ ਜਾ ਸਕੇ। ਇਸ ਦੇ ਨਾਲ ਹੀ ਗੁਜ਼ਾਰਾ ਭੱਤਾ ਪ੍ਰਾਪਤ ਕਰਨ ਵਾਲੀਆਂ ਵਿਧਵਾਵਾਂ ਦੇ ਵੇਰਵੇ ਵੀ ਮੰਗੇ ਗਏ ਹਨ। ਪੰਜਾਬ ਸਰਕਾਰ ਵੱਲੋਂ ਪ੍ਰੋਫਾਰਮਾ ਵੀ ਭੇਜਿਆ ਗਿਆ ਹੈ। ਕੁਝ ਜ਼ਿਲ੍ਹਿਆਂ 'ਚੋਂ ਵੇਰਵੇ ਪ੍ਰਾਪਤ ਵੀ ਹੋ ਚੁੱਕੇ ਹਨ, ਜਿਨ੍ਹਾਂ ਅਨੁਸਾਰ ਅਤਿਵਾਦ ਪੀੜਤ ਬਹੁਤੇ ਪਰਿਵਾਰਾਂ ਦੇ ਮੈਂਬਰਾਂ ਨੂੰ ਸੇਵਾਦਾਰ ਜਾਂ ਚੌਕੀਦਾਰ ਦੀ ਨੌਕਰੀ ਮਿਲੀ ਹੈ। ਮਿਸਾਲ ਦੇ ਤੌਰ 'ਤੇ ਜ਼ਿਲ੍ਹਾ ਮਾਨਸਾ 'ਚ 25 ਅਤਿਵਾਦ ਪੀੜਤ ਪਰਿਵਾਰਾਂ ਦੇ ਜੀਆਂ ਨੂੰ ਨੌਕਰੀਆਂ ਮਿਲੀਆਂ ਹਨ, ਜਿਨ੍ਹਾਂ 'ਚੋਂ 17 ਮੈਂਬਰਾਂ ਨੂੰ ਸੇਵਾਦਾਰ ਦੀ ਨੌਕਰੀ ਦਿੱਤੀ ਗਈ ਹੈ। ਦੋ ਜੀਆਂ ਨੂੰ ਪਟਵਾਰੀ ਅਤੇ ਪੰਜ ਮੈਂਬਰਾਂ ਨੂੰ ਕਲਰਕ ਦੀ ਨੌਕਰੀ ਦਿੱਤੀ ਗਈ ਹੈ। ਅਤਿਵਾਦ ਪੀੜਤ ਪਰਿਵਾਰਾਂ ਦੀਆਂ ਵਿਧਵਾ ਔਰਤਾਂ ਨੂੰ ਵੀ ਸਰਕਾਰ ਵੱਲੋਂ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਗੁਜ਼ਾਰਾ ਭੱਤਾ ਦਿੱਤਾ ਜਾਂਦਾ ਹੈ। ਪੰਜਾਬ ਸਰਕਾਰ ਕੋਲ ਕਈ ਵਾਰ ਇਹ ਪਰਿਵਾਰ ਮੰਗ ਰੱਖ ਚੁੱਕੇ ਹਨ ਕਿ ਉਨ੍ਹਾਂ ਦੇ ਗੁਜ਼ਾਰੇ ਭੱਤੇ ਵਿਚ ਵਾਧਾ ਕੀਤਾ ਜਾਵੇ। ਅਤਿਵਾਦ ਪੀੜਤ ਪਰਿਵਾਰਾਂ ਦੀ ਐਸੋਸੀਏਸ਼ਨ ਨੇ ਕਈ ਵਾਰ ਮੰਗ ਉਠਾਈ ਹੈ ਕਿ ਪਰਿਵਾਰਾਂ ਨੂੰ ਦਿੱਲੀ ਦੰਗਿਆਂ ਤੋਂ ਪੀੜਤ ਪਰਿਵਾਰਾਂ ਨੂੰ ਮਿਲੇ ਮੁਆਵਜ਼ੇ ਦੀ ਤਰਜ਼ 'ਤੇ ਮੁਆਵਜ਼ਾ ਦਿੱਤਾ ਜਾਵੇ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਹੁਣ ਅਤਿਵਾਦ ਪੀੜਤ ਪਰਿਵਾਰਾਂ ਲਈ ਕੁਝ ਫੈਸਲੇ ਲੈ ਸਕਦੀ ਹੈ ਕਿਉਂਕਿ ਵਿਧਾਇਕਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦਿੱਤੇ ਜਾਣ ਤੋਂ ਸਰਕਾਰ ਦੀ ਕਿਰਕਿਰੀ ਹੋਈ ਹੈ। ਪਤਾ ਲੱਗਾ ਹੈ ਕਿ ਸਰਕਾਰ ਇਨ੍ਹਾਂ ਪਰਿਵਾਰਾਂ ਦੇ ਗੁਜ਼ਾਰਾ ਭੱਤੇ ਵਿਚ ਵੀ ਵਾਧਾ ਕਰ ਸਕਦੀ ਹੈ।

## ਬਾਜਵਾ ਪਰਿਵਾਰ ਜਨਤਕ ਮੁਆਫੀ ਮੰਗੇ: ਜਾਖੜ

ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਸਲਾਹ ਦਿੱਤੀ ਹੈ ਕਿ ਚੰਗੀ ਸਿਆਸੀ ਤੇ ਵਿੱਤੀ ਪਹੁੰਚ ਰੱਖਣ ਵਾਲੇ ਬਾਜਵਾ ਪਰਿਵਾਰ ਨੂੰ ਦੂਜਿਆਂ 'ਤੇ ਚਿੱਕੜ ਸੁੱਟਣ ਦੀ ਥਾਂ ਪੰਜਾਬ ਦੇ ਨੌਜਵਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਜਨਤਕ ਤੌਰ 'ਤੇ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬਾਜਵਾ ਪਰਿਵਾਰ ਨੇ ਮੁੱਖ ਮੰਤਰੀ ਤੇ ਪਾਰਟੀ ਦੀ ਦਿੱਖ ਨੂੰ ਨੁਕਸਾਨ ਤੋਂ ਇਲਾਵਾ ਆਪਣੇ ਪਿਤਾ ਦੇ ਨਾਂ 'ਤੇ ਵੀ ਵੱਟਾ ਲਾਇਆ ਹੈ ਅਤੇ ਹੁਣ ਆਪਣੀਆਂ ਗਲਤੀਆਂ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਦੱਸ ਦਈਏ ਫਤਹਿਜੰਗ ਸਿੰਘ ਬਾਜਵਾ ਨੇ ਆਪਣੇ ਪੁੱਤ ਨੂੰ ਮਿਲੀ ਨੌਕਰੀ ਲੈਣ ਤੋਂ ਨਾਂਹ ਕਰਨ ਪਿੱਛੋਂ ਅਜਿਹੀਆਂ ਸਹੂਲਤਾਂ ਦਾ ਨਿੱਘ ਮਾਣ ਰਹੇ ਹੋਰ ਕਾਂਗਰਸੀਆਂ ਉਤੇ ਵੀ ਸਵਾਲ ਚੁੱਕੇ ਸਨ।

# ‘ਖੇਤੀ ਬਚਾਓ ਲੋਕਤੰਤਰ ਬਚਾਓ’ ਸੱਦੇ ਦੀ ਸਫਲਤਾ ਨਾਲ ਕਿਸਾਨਾਂ ’ਚ ਜੋਸ਼

**ਨਵੀਂ ਦਿੱਲੀ:** ਦਿੱਲੀ ਦੀਆਂ ਬਰੂੰਹਾਂ ‘ਤੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨ ਅੰਦੋਲਨ ਦੇ 7 ਮਹੀਨੇ ਪੂਰੇ ਹੋਣ ‘ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ‘ਖੇਤੀ ਬਚਾਓ-ਲੋਕਤੰਤਰ ਬਚਾਓ‘ ਦਿਵਸ ਮਨਾਉਣ ਦੇ ਦਿੱਤੇ ਸੱਦੇ ਨੂੰ ਦੇਸ਼ ਭਰ ਵਿਚ ਲਾਮਿਸਾਲ ਹੁੰਗਾਰਾ ਮਿਲਿਆ ਹੈ। ਲਗਭਗ ਸਾਰੇ ਹੀ ਸੂਬਿਆਂ ‘ਚ ਰਾਜ-ਭਵਨਾਂ ਅੱਗੇ ਜ਼ਬਰਦਸਤ ਰੋਸ-ਮੁਜ਼ਾਹਰੇ ਹੋਏ ਤੇ ਰਾਸ਼ਟਰਪਤੀ ਨੂੰ ਰੋਸ ਪੱਤਰ ਭੇਜੇ ਗਏ।

ਕਿਸਾਨ ਆਗੂਆਂ ਨੇ ਕਿਹਾ ਕਿ ਚੰਡੀਗੜ੍ਹ ਵਿਚ ਕਿਸਾਨ ਜਥੇਬੰਦੀਆਂ ਵੱਲੋਂ ਰਾਜ-ਭਵਨ ਵੱਲ ਕੀਤੇ ਰੋਸ ਮਾਰਚ ਵਿਚ ਹਜ਼ਾਰਾਂ ਕਿਸਾਨ ਸ਼ਾਮਲ ਹੋਏ। ਇਸ ਸ਼ਾਂਤਮਈ ਸਫਲ ਪ੍ਰਦਰਸ਼ਨ ‘ਚ ਚੰਡੀਗੜ੍ਹ ਦੇ ਵਸਨੀਕਾਂ ਦਾ ਵੀ ਵਿਸ਼ੇਸ਼ ਸਹਿਯੋਗ ਰਿਹਾ। ਸਾਰਾ ਪ੍ਰਦਰਸ਼ਨ ਅਨੁਸ਼ਾਸਨੀ ਤੇ ਜਥੇਬੰਦਕ ਸੀ।

ਕਿਸਾਨ ਆਗੂਆਂ ਨੇ ਕਿਹਾ ਹੈ ਕਿ ਨਾ ਸਿਰਫ ਖੇਤੀ ਤੇ ਕਿਰਤ ਕਾਨੂੰਨਾਂ ਕਾਰਨ, ਸਗੋਂ ਪਿਛਲੇ 7 ਸਾਲਾਂ ਵਿਚ ਕੇਂਦਰ ਸਰਕਾਰ ਵੱਲੋਂ ਲਏ ਹੋਰਨਾਂ ਲੋਕ ਵਿਰੋਧੀ ਫੈਸਲਿਆਂ ਕਾਰਨ ਸਮੁੱਚੇ ਦੇਸ਼ ਵਿਚ ਮੋਦੀ ਸਰਕਾਰ ਦਾ ਵੱਡਾ ਵਿਰੋਧ ਹੋ ਰਿਹਾ ਹੈ। ਪੱਛਮੀ ਬੰਗਾਲ ਹੀ ਨਹੀਂ, ਆਉਣ ਵਾਲੀਆਂ ਯੂਪੀ ਤੇ ਉਤਰਾਖੰਡ ਚੋਣਾਂ ਵਿਚ ਵੀ ਲੋਕ ਭਾਜਪਾ ਨੂੰ ਸਬਕ ਸਿਖਾਉਣਗੇ। ਉਨ੍ਹਾਂ ਕਿਹਾ ਕਿ ਸ਼ਾਂਤਮਈ ਅਤੇ ਜਥੇਬੰਦਕ ਸੰਘਰਸ਼ ਜਿੱਤ ਵੱਲ ਵੱਧ ਰਿਹਾ ਹੈ।

ਪੰਜਾਬ ਦੇ ਕਿਸਾਨਾਂ ਨੇ ਕੇਂਦਰ ਸਰਕਾਰ ਨੂੰ ਦਿਖਾ ਦਿੱਤਾ ਹੈ ਕਿ ਕਿਸਾਨ ਅੰਦੋਲਨ ਨੂੰ ਲੀਹੋਂ ਲਾਹੁਣ ਦੀਆਂ ਤਮਾਮ ਕੋਸ਼ਿਸ਼ਾਂ ਅਸਫਲ ਹੋ ਚੁੱਕੀਆਂ ਹਨ। ਕੇਂਦਰ ਸਰਕਾਰ ਨੂੰ 3 ਖੇਤੀ ਕਾਨੂੰਨ, ਬਿਜਲੀ ਸੋਧ ਬਿਲ-2020 ਅਤੇ ਪਰਾਲੀ ਆਰਡੀਨੈਂਸ ਰੱਦ ਕਰਨੇ ਹੀ ਪੈਣਗੇ ਤੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.)



ਲਈ ਗਾਰੰਟੀ ਕਾਨੂੰਨ ਬਣਾਉਣਾ ਪਵੇਗਾ।

ਹੁਕਮਰਾਨ ਭਾਜਪਾ ਅਤੇ ਹੋਰ ਪਾਰਟੀਆਂ ਦੀਆਂ ਸਰਕਾਰਾਂ ਨੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਹਿਰਾਸਤ ‘ਚ ਲਿਆ। ਦਿੱਲੀ, ਕਰਨਾਟਕ, ਉਤਰਾਖੰਡ, ਮੱਧ ਪ੍ਰਦੇਸ਼, ਤਿਲੰਗਾਨਾ ਅਤੇ ਹੋਰ ਸੂਬਿਆਂ ਵਿਚ ਕਿਸਾਨਾਂ ਨੂੰ ਰਾਜ ਭਵਨਾਂ ਵੱਲ ਮਾਰਚ ਕਰਨ ਦੀ ਆਗਿਆ ਨਹੀਂ ਦਿੱਤੀ ਗਈ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਸਪੱਸ਼ਟ ਹੈ ਕਿ ਸਰਕਾਰ ਵਾਰ-ਵਾਰ ਕਿਸਾਨਾਂ ਪ੍ਰਤੀ ਆਪਣੀ ਜਿੰਮੇਵਾਰੀ ਤੋਂ ਭੱਜਦਿਆਂ ਵੱਖ-ਵੱਖ ਹੱਥਕੰਡੇ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਭਾਜਪਾ ਨੂੰ ਸਬਕ ਸਿਖਾ ਕੇ ਰਹਿਣਗੇ।

ਦਿੱਲੀ ‘ਚ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਦੀ ਅਗਵਾਈ ਹੇਠ ਕਿਸਾਨਾਂ ਨੇ ਉਪ ਰਾਜਪਾਲ ਅਨਿਲ ਬੈਜਲ ਨਾਲ ਵਰਚੁਅਲੀ ਮੀਟਿੰਗ ਮਗਰੋਂ ਆਪਣੀਆਂ ਮੰਗਾਂ ਵਾਲਾ ਪੱਤਰ ਉਤਰ-ਪੂਰਬੀ ਦਿੱਲੀ ਦੇ ਡੀ.ਸੀ.ਪੀ. ਦਫਤਰ ‘ਚ ਸੌਂਪਿਆ। ਇਸ ਤੋਂ ਪਹਿਲਾਂ ਸਿਵਲ ਲਾਈਨਜ ‘ਚ ਉਪ ਰਾਜਪਾਲ ਨੂੰ ਰੋਸ ਪੱਤਰ ਸੌਂਪਣ ਗਏ ਕਿਸਾਨ ਆਗੂ ਯੁੱਧਵੀਰ ਸਿੰਘ ਅਤੇ ਹੋਰਾਂ ਨੂੰ ਦਿੱਲੀ ਪੁਲਿਸ ਨੇ ਹਿਰਾਸਤ ‘ਚ ਲੈ ਲਿਆ ਸੀ। ਉਨ੍ਹਾਂ ਨੂੰ ਦੇਰ ਸ਼ਾਮ ਰਿਹਾਅ ਕਰ ਦਿੱਤਾ ਗਿਆ। ਉਧਰ, ਰਾਕੇਸ਼ ਟਿਕੈਤ ਨੇ ਅੰਦੋਲਨ ਤੇਜ ਕਰਨ ਲਈ ਅਗਲੇ ਮਹੀਨੇ ਦਿੱਲੀ ਵਿਚ ਦੋ ਟਰੈਕਟਰ ਰੈਲੀਆਂ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਗਾਜੀਪੁਰ ਸਰਹੱਦ ‘ਤੇ ਕਿਸਾਨਾਂ ਨਾਲ ਮੀਟਿੰਗ ਕਰਨ ਮਗਰੋਂ ਦੱਸਿਆ ਕਿ 9 ਜੁਲਾਈ ਨੂੰ ਉਤਰ ਪ੍ਰਦੇਸ ਦੇ ਸ਼ਾਮਲੀ ਜਿਲ੍ਹੇ ਤੋਂ ਕਿਸਾਨਾਂ ਦਾ ਜਥਾ ਸਿੰਘੂ ਸਰਹੱਦ ਲਈ ਰਵਾਨਾ ਹੋਵੇਗਾ ਅਤੇ ਅਜਿਹੀ ਹੀ ਇਕ ਹੋਰ ਰੈਲੀ 24 ਜੁਲਾਈ ਨੂੰ ਬਿਜਨੌਰ ਤੋਂ ਸ਼ੁਰੂ ਹੋ ਕੇ ਮੇਰਠ ਦੇ ਰਸਤੇ ਗਾਜੀਪੁਰ ਵੱਲ ਆਵੇਗੀ। ਉਨ੍ਹਾਂ ਕਿਹਾ ਕਿ ਘੱਟੋ ਘੱਟ ਚਾਰ ਲੱਖ ਟਰੈਕਟਰ ਤੇ 25 ਲੱਖ ਕਿਸਾਨ ਦਿੱਲੀ ਵੱਲ ਮਾਰਚ ਕਰਨ ਲਈ ਤਿਆਰ ਹਨ। ਦੇਹਰਾਦੂਨ, ਬੰਗਲੂਰੂ, ਹੈਦਰਾਬਾਦ, ਦਿੱਲੀ, ਭੁਪਾਲ ਅਤੇ ਹੋਰ ਥਾਵਾਂ ‘ਤੇ ਪੁਲਿਸ ਨੇ ਵਿਰੋਧ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਚੁੱਕ ਲਿਆ ਅਤੇ ਰਾਜ ਭਵਨਾਂ ਵੱਲ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਲਖਨਊ ਵਿਚ ਕਿਸਾਨ ਆਗੂਆਂ ਦੇ ਇਕ ਵਫਦ ਨੇ ਰਾਜ ਭਵਨ ਦੇ ਇਕ ਨਾਮਜ਼ਦ ਅਧਿਕਾਰੀ ਨੂੰ ਮੰਗ ਪੱਤਰ ਸੌਂਪਿਆ ਜਦਕਿ ਉੜੀਸਾ ‘ਚ ਰਾਜਪਾਲ ਦੇ ਸਕੱਤਰ ਨੂੰ ਮੰਗ-ਪੱਤਰ ਸੌਂਪਿਆ। ਮਹਾਰਾਸ਼ਟਰ ਅਤੇ ਹਿਮਾਚਲ ਪ੍ਰਦੇਸ਼ ‘ਚ ਕਿਸਾਨ ਨੁਮਾਇੰਦਿਆਂ ਨੇ ਰਾਜਪਾਲ ਨਾਲ ਮੁਲਾਕਾਤ ਕੀਤੀ ਅਤੇ ਮੰਗ ਪੱਤਰ ਸੌਂਪਿਆ। ਪਟਨਾ, ਕੋਲਕਾਤਾ, ਅਗਰਤਲਾ, ਜੈਪੁਰ, ਰਾਂਚੀ ਅਤੇ ਚੇਨੱਈ ਵਿਚ ਕਿਸਾਨਾਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਤਿਰੁਚੀ, ਇਰੋਡ, ਮੈਸੂਰ, ਰਾਮਨਗਰ, ਗੁਲਬਰਗਾ, ਆਦਿਲਾਬਾਦ, ਵਾਰੰਗਲ ਅਤੇ ਹੋਰ ਜ਼ਿਲ੍ਹਿਆਂ ਵਿਚ ਵੀ ਪ੍ਰਦਰਸ਼ਨ ਕੀਤੇ ਗਏ। ਬਿਹਾਰ, ਰਾਜਸਥਾਨ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿਚ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਕੀਤੇ ਗਏ।

ਰਾਸ਼ਟਰਪਤੀ ਨੂੰ ਸੰਬੋਧਤ ਮੈਮੋਰੰਡਮ ਵਿਚ ਗੈਰਸੰਵਿਧਾਨਕ, ਗੈਰਜਮਹੂਰੀ ਅਤੇ ਕਿਸਾਨ ਵਿਰੋਧੀ ਕੇਂਦਰੀ ਕਾਨੂੰਨਾਂ ਦਾ ਜਿਕਰ ਕੀਤਾ ਗਿਆ ਹੈ। ਉਸ ‘ਚ ਕਿਸਾਨਾਂ ਵੱਲੋਂ ਪਿਛਲੇ ਸੱਤ ਮਹੀਨਿਆਂ ਤੋਂ ਕੀਤੇ ਜਾ ਰਹੇ ਸੰਘਰਸ਼ ਦੀ ਜਾਣਕਾਰੀ ਵੀ ਦਿੱਤੀ ਗਈ ਹੈ। ‘ਇਤਿਹਾਸਕ ਕਿਸਾਨ ਅੰਦੋਲਨ ਨਾ ਸਿਰਫ ਖੇਤੀਬਾੜੀ ਤੇ ਦੇਸ਼ ਦੇ ਕਿਸਾਨਾਂ ਨੂੰ ਬਚਾਉਣ ਦੀ ਲਹਿਰ ਹੈ, ਬਲਕਿ ਸਾਡੇ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਦੀ ਲਹਿਰ ਵੀ ਹੈ।‘

## ਰੋਕਾਂ ਤੋੜ ਕੇ ਰਾਜਪਾਲਾਂ ਨੂੰ ਸੌਂਪੇ ਰੋਸ ਪੱਤਰ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਦੇ ਕਿਸਾਨ ਪੂਰੇ ਜੋਸ਼ ਅਤੇ ਹੋਸ਼ ਨਾਲ ਸਾਰੀਆਂ ਰੋਕਾਂ ਤੋੜਦੇ ਹੋਏ ਚੰਡੀਗੜ੍ਹ ਪਹੁੰਚੇ। ਉਂਜ ਚੰਡੀਗੜ੍ਹ ਪੁਲਿਸ ਨੇ ਪੰਜਾਬ ਦੇ ਕਿਸਾਨਾਂ ਨੂੰ ਰੋਕਣ ਲਈ ਜਲ ਤੋਪਾਂ ਦੀ ਵਰਤੋਂ ਕੀਤੀ ਜਿਸ ਕਾਰਨ ਕਈ ਵਿਅਕਤੀਆਂ ਦੀਆਂ ਪੱਗਾਂ ਲੱਥ ਗਈਆਂ। ਫਿਰ ਵੀ ਬਜ਼ੁਰਗਾਂ, ਨੌਜਵਾਨਾਂ, ਬੀਬੀਆਂ ਅਤੇ ਮਜ਼ਦੂਰਾਂ ਦਾ ਹੜ੍ਹ ਸ਼ਾਂਤਮਈ ਢੰਗ ਨਾਲ ਰਾਜ ਭਵਨ ਵੱਲ ਵਧਦਾ ਗਿਆ। ਕਿਸਾਨਾਂ ਨੇ ਰਾਜ ਭਵਨ ਤੋਂ ਕੁਝ ਦੂਰੀ ‘ਤੇ ਪ੍ਰਦਰਸ਼ਨ ਕੀਤਾ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਰਾਹੀਂ ਰਾਜਪਾਲ ਨੂੰ ਰਾਸ਼ਟਰਪਤੀ ਦੇ ਨਾਮ ਰੋਸ ਪੱਤਰ ਸੌਂਪਿਆ। ਇਸ ਮਗਰੋਂ ਜੇਤੂ ਅੰਦਾਜ਼ ‘ਚ ਕਿਸਾਨ ਆਪਣੇ ਆਪਣੇ ਟਿਕਾਣਿਆਂ ਵੱਲ ਪਰਤ ਗਏ। ਪੂਰੇ ਪੰਜਾਬ ਤੋਂ ਆਏ ਕਿਸਾਨ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਵਿਚ ਇਕੱਠੇ ਹੋਏ ਸਨ।

## ਅੰਦੋਲਨ ਨੂੰ ਬਚਾਉਣ ਲਈ ਚੌਕਸੀ ਰੱਖੀ: ਰਾਜੇਵਾਲ

ਖੇਤੀ ਬਚਾਓ-ਲੋਕਤੰਤਰ ਬਚਾਓ’ ਦਿਵਸ ਮੌਕੇ ਪੰਜਾਬ ਅਤੇ ਹਰਿਆਣਾ ਵਿਚ ਕਿਸਾਨਾਂ ਨੇ ਸ਼ਾਂਤਮਈ ਢੰਗ ਨਾਲ ਰੋਸ ਮਾਰਚ ਕੀਤੇ। ਸ਼ਰਾਰਤੀ ਅਨਸਰਾਂ ਨੂੰ ਰੋਕਣ ਲਈ ਵਿਸ਼ੇਸ਼ ਤੌਰ ’ਤੇ ਚੌਕਸੀ ਵਰਤੀ ਗਈ ਤਾਂ ਜੋ ਰੋਸ ਮਾਰਚ ਵਿਚ ਕੋਈ ਅੜਿੱਕਾ ਨਾ ਪਾਇਆ ਜਾ ਸਕੇ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨਾ ਕਿਸਾਨਾਂ ਦਾ ਸੰਵਿਧਾਨਕ ਹੱਕ ਹੈ ਜਿਸ ਨੂੰ ਸਰਕਾਰਾਂ ਦਬਾਉਣ ’ਤੇ ਲੱਗੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਸ਼ਰਾਰਤੀ ਅਨਸਰਾਂ ਰਾਹੀਂ ਅੰਦੋਲਨ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

# ਕਿਸਾਨਾਂ ਦੀ ਖੁੱਲ੍ਹ ਕੇ ਹਮਾਇਤ ਲਈ ਰਣਨੀਤੀ ਬਣਾਉਣ ਲੱਗੀਆਂ ਵਿਰੋਧੀ ਧਿਰਾਂ

**ਪੁਣੇ:** ਐਨ.ਸੀ.ਪੀ. ਮੁਖੀ ਸ਼ਰਦ ਪਵਾਰ ਨੇ ਦਾਅਵਾ ਕੀਤਾ ਹੈ ਕਿ ਹਫਤੇ ਦੇ ਸ਼ੁਰੂ ‘ਚ ਅੱਠ ਵਿਰੋਧੀ ਧਿਰਾਂ ਵੱਲੋਂ ਕੀਤੀ ਗਈ ਬੈਠਕ ‘ਚ ਕੌਮੀ ਗੱਠਜੋੜ ਦੇ ਗਠਨ ਦਾ ਵਿਸ਼ਾ ਨਹੀਂ ਵਿਚਾਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਦਿੱਲੀ ਰਿਹਾਇਸ਼ ‘ਤੇ ਹੋਈ ਮੀਟਿੰਗ ਦਾ ਉਦੇਸ਼ ਕਿਸਾਨਾਂ ਦੇ ਚੱਲ ਰਹੇ ਅੰਦੋਲਨ ਨੂੰ ਹਮਾਇਤ ਦੇਣਾ ਸੀ। ਸ੍ਰੀ ਪਵਾਰ ਨੇ ਕਿਹਾ, ”ਕਿਸਾਨ ਦਿੱਲੀ ਦੀਆਂ ਸਰਹੱਦਾਂ ‘ਤੇ ਪ੍ਰਦਰਸ਼ਨ ਕਰ ਰਹੇ ਹਨ। ਇਹ ਅੰਦੋਲਨ ਸਿਆਸੀ ਨਹੀਂ ਹੈ ਪਰ ਅਸੀਂ ਸੋਚਿਆ ਕਿ ਇਹ ਖੇਤੀਬਾੜੀ ਨਾਲ ਸਬੰਧਤ ਹੈ ਅਤੇ ਇਸ ਨੂੰ ਅਸੀਂ ਕਿਵੇਂ ਹਮਾਇਤ ਦੇ ਸਕਦੇ ਹਾਂ। ਿ

ਕਸਾਨਾਂ ਦੀ ਆਵਾਜ਼ ਸੰਸਦ ‘ਚ ਬੁਲੰਦ ਕਰਕੇ ਅਸੀਂ ਉਨ੍ਹਾਂ ਨੂੰ ਕਿਵੇਂ ਸਹਾਇਤਾ ਦੇ ਸਕਦੇ ਹਾਂ, ਇਸ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।“ ਸਾਬਕਾ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਖੇਤੀ ਸੈਕਟਰ ਬਾਰੇ ਵ੍ਹਾਈਟ ਪੇਪਰ ਪੇਸ਼ ਕਰਨ ਦਾ ਵਿਚਾਰ ਵੀ ਆਇਆ ਅਤੇ ਕੇਂਦਰ ਸਰਕਾਰ ਅੱਗੇ ਖੇਤੀ ਨਾਲ ਸਬੰਧਤ ਮੁੱਦਿਆਂ ਨੂੰ ਰੱਖਣ ਦੀ ਗੱਲ ਵੀ ਹੋਈ। ਭਵਿੱਖ ‘ਚ ਭਾਜਪਾ ਖਿਲਾਫ ਗੱਠਜੋੜ ਬਣਾਉਣ ਬਾਰੇ ਪਵਾਰ ਨੇ ਕਿਹਾ ਕਿ ਅਜਿਹੀ



ਕੋਈ ਚਰਚਾ ਨਹੀਂ ਹੋਈ। ‘ਉਂਜ ਮੇਰਾ ਵਿਚਾਰ ਹੈ ਕਿ ਜੇਕਰ ਕੋਈ ਗੱਠਜੋੜ ਬਣਦਾ ਹੈ ਤਾਂ ਕਾਂਗਰਸ ਨੂੰ ਨਾਲ ਲੈ ਕੇ ਚੱਲਣ ਦੀ ਲੋੜ ਹੈ।‘ ਗੱਠਜੋੜ ਦੀ ਅਗਵਾਈ ਕਰਨ ਬਾਰੇ ਸੀਨੀਅਰ ਆਗੂ ਨੇ ਕਿਹਾ,”ਸ਼ਰਦ ਪਵਾਰ ਨੇ ਅਜਿਹੇ ਕੰਮ ਕਈ ਸਾਲ ਕੀਤੇ ਹਨ ਪਰ ਹੁਣ ਮੇਰੀ ਭੂਮਿਕਾ ਸਹਾਇਤਾ ਅਤੇ ਦਿਸ਼ਾ-ਨਿਰਦੇਸ਼ ਦੇਣ ਦੀ ਹੋਵੇਗੀ। ਸਾਰਿਆਂ ਨੂੰ ਇਕਜੁੱਟ ਰੱਖਣ ਦੀਆਂ ਕੋਸ਼ਿਸ਼ਾਂ ਵੀ ਕਰਾਂਗਾ।“ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜੰਮੂ ਕਸ਼ਮੀਰ ਬਾਰੇ ਆਗੂਆਂ ਨਾਲ ਕੀਤੀ ਗਈ ਮੀਟਿੰਗ ਬਾਰੇ ਉਨ੍ਹਾਂ ਕਿਹਾ ਕਿ ਉਹ ਇਸ ਕਦਮ ਦਾ ਸਵਾਗਤ ਕਰਦੇ ਹਨ।

## ਅਸੀਂ ਕਿਸਾਨਾਂ ਦੇ ਨਾਲ ਹਾਂ: ਰਾਹੁਲ ਗਾਂਧੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਹੱਦਾਂ ‘ਤੇ ਕੀਤੇ ਜਾ ਰਹੇ ਸੰਘਰਸ਼ ਦੇ ਸੱਤ ਮਹੀਨੇ ਪੂਰੇ ਹੋਣ ‘ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੇ ਸਮਰਥਨ ਵਿਚ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ, ”ਸਿੱਧੀ ਜਿਹੀ ਗੱਲ ਇਹ ਹੈ ਕਿ ਅਸੀਂ ਕਿਸਾਨਾਂ ਦੇ ਨਾਲ ਹਾਂ।“ ਉਨ੍ਹਾਂ ਹਿੰਦੀ ਵਿਚ ਟਵੀਟ ਕੀਤਾ, ”ਇਹ ਬੜੀ ਸਿੱਧੀ ਜਿਹੀ ਗੱਲ ਹੈ ਕਿ ਅਸੀਂ ਸੱਤਿਆਗ੍ਰਹੀ ਅੰਨਦਾਤਾ (ਕਿਸਾਨਾਂ) ਦੇ ਨਾਲ ਹਾਂ।“ ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਸੰਘਰਸ਼ ਦੇ ਪਿਛਲੇ ਸੱਤ ਮਹੀਨਿਆਂ ਤੋਂ ਨਹੀਂ ਬਲਕਿ ਸੱਤਾ ਦੇ ਸੱਤ ਸਾਲਾਂ ਤੋਂ ਕਿਸਾਨਾਂ ਨੂੰ ਪਰੇਸ਼ਾਨ ਕਰ ਰਹੀ ਹੈ।

## ਜੇ ਸਰਕਾਰ ਨਹੀਂ ਸੁਣਦੀ ਤਾਂ ਅਗਲਾ ਕਦਮ ਚੁੱਕਾਂਗੇ: ਟਿਕੈਤ

**ਨਵੀਂ ਦਿੱਲੀ:** ਦਿੱਲੀ ਦੀਆਂ ਹੱਦਾਂ ‘ਤੇ ਕਿਸਾਨ ਅੰਦੋਲਨ ਦੇ 7 ਮਹੀਨੇ ਪੂਰੇ ਹੋਣ ‘ਤੇ ਗਾਜੀਪੁਰ ਹੱਦ ‘ਤੇ ਟਰੈਕਟਰ ਰੈਲੀ ਕੱਢੀ ਗਈ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ, ‘ਸਾਨੂੰ ਉਮੀਦ ਹੈ ਕਿ ਸਰਕਾਰ ਗੱਲਬਾਤ ਕਰੇਗੀ। ਜੇ ਨਹੀਂ ਕਰਦੀ ਤਾਂ ਅਸੀਂ ਅਗਲਾ ਕਦਮ ਚੁੱਕਾਂਗੇ। ਇਹ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਭਾਰਤ ਸਰਕਾਰ ਨਵੇਂ ਖੇਤੀ ਕਾਨੂੰਨ ਵਾਪਸ ਨਹੀਂ ਲੈਂਦੀ ਤੇ ਐਮ.ਐਸ.ਪੀ. ‘ਤੇ ਕੋਈ ਕਾਨੂੰਨ ਨਹੀਂ ਬਣਾਉਂਦੀ।‘

## ਸਰਕਾਰ ਗੱਲਬਾਤ ਲਈ ਤਿਆਰ: ਤੋਮਰ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦਾ ਅੰਦੋਲਨ ਹੁਣ ਜਦੋਂ ਅੱਠਵੇਂ ਮਹੀਨੇ ‘ਚ ਦਾਖਲ ਹੋ ਗਿਆ ਹੈ ਤਾਂ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਸਾਨਾਂ ਨੂੰ ਅੰਦੋਲਨ ਖਤਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਤਿੰਨੋਂ ਖੇਤੀ ਕਾਨੂੰਨਾਂ ਦੀਆਂ ਮੱਦਾਂ ‘ਤੇ ਕਿਸਾਨਾਂ ਨਾਲ ਮੁੜ ਤੋਂ ਗੱਲਬਾਤ ਲਈ ਤਿਆਰ ਹੈ। ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿਚਕਾਰ ਹੁਣ ਤੱਕ 11 ਗੇੜ ਦੀ ਗੱਲਬਾਤ ਹੋ ਚੁੱਕੀ ਹੈ ਅਤੇ ਆਖਰੀ ਵਾਰਤਾ 22 ਜਨਵਰੀ ਨੂੰ ਹੋਈ ਸੀ। ਗਣਤੰਤਰ ਦਿਵਸ ਮੌਕੇ ਕਿਸਾਨਾਂ ਦੀ ਟਰੈਕਟਰ ਰੈਲੀ ਦੌਰਾਨ ਵਾਪਰੀਆਂ ਘਟਨਾਵਾਂ ਮਗਰੋਂ ਵਾਰਤਾ ‘ਚ ਖੜੋਤ ਆ ਗਈ ਸੀ। ਪੰਜਾਬ, ਹਰਿਆਣਾ ਤੇ ਉਤਰ ਪ੍ਰਦੇਸ਼ ਦੇ ਹਜ਼ਾਰਾਂ ਕਿਸਾਨ ਤਿੰਨੇ ਖੇਤੀ ਕਾਨੂੰਨਾਂ ਦੇ ਵਿਰੋਧ ਅਤੇ ਫਸਲਾਂ ਦੀ ਖਰੀਦ ਐਮ.ਐਸ.ਪੀ. ਉਤੇ ਕਰਨ ਦੀ ਮੰਗ ਨੂੰ ਲੈ ਕੇ ਦਿੱਲੀ ਦੇ ਬਾਰਡਰਾਂ ‘ਤੇ ਡਟੇ ਹੋਏ ਹਨ। ਉਂਜ ਸੁਪਰੀਮ ਕੋਰਟ ਨੇ ਤਿੰਨੇ ਖੇਤੀ ਕਾਨੂੰਨਾਂ ਦੇ ਅਮਲ ‘ਤੇ ਅਗਲੇ ਹੁਕਮਾਂ ਤੱਕ ਰੋਕ ਲਾਈ ਹੋਈ ਹੈ ਅਤੇ ਕਮੇਟੀ ਬਣਾ ਕੇ ਮਸਲੇ ਦਾ ਹੱਲ ਕੱਢਣ ਦੀ ਕੋਸ਼ਿਸ਼ ਕੀਤੀ ਸੀ ਜਿਸ ਨੇ ਆਪਣੀ ਰਿਪੋਰਟ ਜਮ੍ਹਾਂ ਕਰਵਾ ਦਿੱਤੀ ਹੈ।

# ਕਿਸਾਨਾਂ ਨੂੰ ਆਪਸ ‘ਚ ਉਲਝਾਉਣ ਦੀ ਰਣਨੀਤੀ ਉਤੇ ਚੱਲ ਰਹੀ ਹੈ ਖੱਟਰ ਸਰਕਾਰ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਕਿ ਕਿਸਾਨਾਂ ਦੇ ਵੱਧ ਰਹੇ ਵਿਰੋਧ ਤੋਂ ਬਾਅਦ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਕੇਂਦਰ ਸਰਕਾਰ ਦੀਆਂ ਅਸਫਲ ਚਾਲਾਂ ਨੂੰ ਹੀ ਦੁਹਰਾ ਰਹੇ ਹਨ। ਸੂਬਾ ਸਰਕਾਰ ਵੱਲੋਂ ਕੁਝ ਕਿਸਾਨਾਂ ਨੂੰ ਖੇਤੀ ਕਾਨੂੰਨਾਂ ਦੇ ਹਮਾਇਤੀਆਂ ਵਜੋਂ ਵਿਖਾਉਂਦਿਆਂ ਦਲੀਲ ਦਿੱਤੀ ਜਾ ਰਹੀ ਹੈ ਕਿ ਕਿਸਾਨਾਂ ਨੂੰ ਸਿੱਖਿਅਤ ਕਰਨ ਦੀ ਲੋੜ ਹੈ। ਆਗੂਆਂ ਨੇ ਕਿਹਾ ਕਿ ਸੂਬਾ ਸਰਕਾਰ ਜਿਨ੍ਹਾਂ ਲੋਕਾਂ ਨੂੰ ਨਵੇਂ ਕਾਨੂੰਨਾਂ ਦੀ ਹਮਾਇਤੀ ਦੱਸ ਰਹੀ ਹੈ, ਉਹ ਖੁਦ ਕਾਰਪੋਰੇਟ ਪੱਖੀ ਅਤੇ ਕਿਸਾਨ ਵਿਰੋਧੀ ਹਨ, ਜਾਂ ਉਹ ਲੋਕ ਹਨ ਜਿਨ੍ਹਾਂ ਦਾ ਅਸਲ ਜ਼ਮੀਨੀ ਆਧਾਰ ਨਹੀਂ ਹੈ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਨੇ ਕੁਝ ਅਜਿਹੇ ਕਿਸਾਨਾਂ ਨਾਲ ਮੁਲਾਕਾਤ ਕੀਤੀ ਅਤੇ ਐਲਾਨ ਕੀਤਾ ਕਿ 3 ਕੇਂਦਰੀ ਖੇਤੀ ਕਾਨੂੰਨਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਇਸ ਦੌਰਾਨ ਮੁੱਖ ਮੰਤਰੀ ਇਸ ਗੱਲ ਨੂੰ



ਅਣਗੌਲਿਆ ਕਰ ਗਏ ਕਿ ਲੱਖਾਂ ਹੋਰ ਕਿਸਾਨ ਹੁਣ ਪਹਿਲਾਂ ਨਾਲੋਂ ਖੇਤੀ ਕਾਨੂੰਨਾਂ ਦੇ ਮਾੜੇ ਪ੍ਰਭਾਵਾਂ ਬਾਰੇ ਵੱਧ ਜਾਣੂ ਹਨ। ਉਨ੍ਹਾਂ ਕਿਹਾ ਕਿ ਲੋਕ ਸੰਯੁਕਤ ਕਿਸਾਨ ਮੋਰਚੇ ਦੇ ਯਤਨਾਂ ਸਦਕਾ ਹੀ ਕਾਨੂੰਨਾਂ ਦੇ ਸੱਚ ਬਾਰੇ ਜਾਣੂ ਹੋਏ ਹਨ। ਉਨ੍ਹਾਂ ਕਿਹਾ ਕਿ ਜਿਹੜੇ ਖੇਤੀਬਾੜੀ ਵਿਚ ਕੁਝ ਅਖੌਤੀ ‘ਸੁਧਾਰਾਂ’ ਦੀ ਹਮਾਇਤ ਕਰਦੇ ਵੀ ਹਨ, ਉਹ ਵੀ ਕਾਨੂੰਨ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ। ਕਿਸਾਨ ਅੰਦੋਲਨ ਦੀ ਵਧ ਰਹੀ ਤਾਕਤ ਵੇਖਦਿਆਂ ਹਰਿਆਣਾ ਸਰਕਾਰ ਨੇ ਇਕ ਹੋਰ ਚਾਲ ਚੱਲੀ ਹੈ। ਅੰਦੋਲਨ ਨੂੰ ਕਮਜ਼ੋਰ ਕਰਨ ਦੇ ਮੰਤਵ ਨਾਲ ਕਿਸਾਨ ਹਮਾਇਤੀਆਂ ਨੂੰ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਕੁਰੂਕਸ਼ੇਤਰ ਤੇ ਸੋਨੀਪਤ ਦੇ ਸਿੰਘੂ/ਕੁੰਡਲੀ ਬਾਰਡਰ ’ਤੇ ‘ਗੋਲਡਨ-ਹੱਟ’ ਢਾਬਾ ਚਲਾਉਣ ਵਾਲੇ ਕਿਸਾਨ ਅੰਦੋਲਨ ਦੇ ਕੱਟੜ ਸਮਰਥਕ ਰਾਮ ਸਿੰਘ ਰਾਣਾ ਹੁਣ ਪ੍ਰਸ਼ਾਸਨ ਤੋਂ ਪਰੇਸ਼ਾਨ ਹਨ। ਪ੍ਰਸ਼ਾਸਨ ਨੇ ਢਾਬੇ ਵੱਲ ਜਾਣ ਵਾਲੇ ਰਸਤੇ ਨੂੰ ਬੰਦ ਕਰ ਦਿੱਤਾ ਹੈ। ਰਾਮ ਸਿੰਘ ਰਾਣਾ ਨੇ ਲਗਾਤਾਰ ਆਪਣੀ ਨਿੱਜੀ ਆਮਦਨੀ ’ਚੋਂ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੀ ਵੱਖੋ-ਵੱਖਰੇ ਤਰੀਕਿਆਂ ਨਾਲ ਮਦਦ ਕੀਤੀ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਰਾਮ ਸਿੰਘ ਰਾਣਾ ਅਤੇ ਉਨ੍ਹਾਂ ਵਰਗੇ ਹੋਰ ਹਮਾਇਤੀਆਂ ਦੀ ਹਮਾਇਤ ’ਚ ਖੜ੍ਹਨ ਦਾ ਵਾਅਦਾ ਕਰਦਾ ਹੈ।

## ਚਾਲਾਂ ਚੱਲ ਰਹੀ ਹੈ ਸਰਕਾਰ: ਉਗਰਾਹਾਂ

**ਨਵੀਂ ਦਿੱਲੀ:** ਦਿੱਲੀ ਦੀ ਟਿਕਰੀ ਹੱਦ ਤੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਖੇਤੀ ਵਿਰੋਧੀ ਕਾਲੇ ਕਾਨੂੰਨ ਰੱਦ ਕਰਵਾਉਣ ਲਈ ਦਿੱਲੀ ਦੀਆਂ ਹੱਦਾਂ ‘ਤੇ ਚੱਲ ਰਹੇ ਕਿਸਾਨ ਮੋਰਚੇ ਨੂੰ ਫੇਲ੍ਹ ਕਰਨ ਲਈ ਕਈ ਤਰ੍ਹਾਂ ਦੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਆਗੂਆਂ ਤੋਂ ਭਰੋਸਾ ਤੋੜਨ ਲਈ ਸੋਸ਼ਲ ਮੀਡੀਆ ਰਾਹੀਂ ਪੰਜਾਬ ਦੇ ਕਿਸਾਨ ਆਗੂਆਂ ਨੂੰ 2022 ਦੀਆਂ ਚੋਣਾਂ ‘ਚ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਪੇਸ਼ ਕਰ ਕੇ ਭਰਮ ਭੁਲੇਖੇ ਖੜ੍ਹੇ ਕੀਤੇ ਜਾ ਰਹੇ ਹਨ। ਸੂਬਾ ਪ੍ਰਧਾਨ ਨੇ ਸਪੱਸ਼ਟ ਕੀਤਾ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਕਿਸੇ ਤਰ੍ਹਾਂ ਦੀਆਂ ਚੋਣਾਂ ਵਿਚ ਹਿੱਸਾ ਨਹੀਂ ਲੈਂਦੀ ਤੇ ਨਾ ਹੀ ਕਿਸੇ ਪਾਰਟੀ ਜਾਂ ਚੋਣਾਂ ਲੜ ਰਹੇ ਕਿਸੇ ਵੀ ਵਿਅਕਤੀ ਦਾ ਸਮਰਥਨ ਕਰਦੀ ਹੈ।

# ‘ਵਾਧੂ ਬਿਜਲੀ’ ਵਾਲੇ ਸੂਬੇ ਦੇ ਹੱਥ ਖੜ੍ਹੇ; ਕਿਸਾਨ ਸਰਕਾਰ ਦੁਆਲੇ ਹੋਏ

**ਚੰਡੀਗੜ੍ਹ:** ਸਰਕਾਰ ਵੱਲੋਂ ਭਾਵੇਂ ਪੰਜਾਬ ਨੂੰ ਵਾਧੂ ਬਿਜਲੀ ਵਾਲਾ ਸੂਬਾ ਐਲਾਨਿਆ ਹੋਇਆ ਹੈ ਪਰ ਹਾੜ੍ਹੀ ਦੇ ਸੀਜ਼ਨ ਤੇ ਗਰਮੀ ਕਾਰਨ ਮੰਗ ਵਧਣ ਪਿੱਛੋਂ ਇਨ੍ਹਾਂ ਦਾਅਵਿਆਂ ਦੀ ਹਵਾ ਨਿਕਲ ਗਈ ਹੈ। ਬਿਜਲੀ ਕੱਟਾਂ ਤੋਂ ਕਿਸਾਨ ਡਾਢੇ ਪਰੇਸ਼ਾਨ ਹਨ। ਥਾਂ-ਥਾਂ ਸਰਕਾਰ ਦੀ ਘੇਰਾਬੰਦੀ ਹੋ ਰਹੀ ਹੈ। ਹਾਲਾਤ ਇਹ ਹਨ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪਾਵਰਕੌਮ ਨੂੰ ਬਾਹਰੋਂ ਬਿਜਲੀ ਖਰੀਦਣ ਲਈ 500 ਕਰੋੜ ਰੁਪਏ ਤੁਰਤ ਜਾਰੀ ਕਰਨੇ ਪਏ ਹਨ। ਤਲਵੰਡੀ ਸਾਬੋ ਪਾਵਰ ਪਲਾਂਟ ਦਾ ਇਕ ਯੂਨਿਟ ਬੰਦ ਹੋਣ ਕਰਕੇ ਪਾਵਰਕੌਮ ਨੂੰ ਹੋਰਨਾਂ ਸਰੋਤਾਂ ਤੋਂ ਜਿਥੇ ਬਿਜਲੀ ਖਰੀਦਣੀ ਪੈ ਰਹੀ ਹੈ, ਉਥੇ ਤਲਵੰਡੀ ਸਾਬੋ ਪਲਾਂਟ ਨੂੰ ਪੂਰੇ ਫਿਕਸਿਡ ਚਾਰਜਿਜ ਵੀ ਦੇਣੇ ਪੈ ਰਹੇ ਹਨ।

ਪੰਜਾਬ ਸਰਕਾਰ ਇੰਨੀ ਨਿਹੱਥੀ ਹੋਈ ਹੈ ਕਿ ਜੇ ਪ੍ਰਾਈਵੇਟ ਥਰਮਲ ਝੋਨੇ ਦੀ ਸੀਜ਼ਨ ‘ਚ ਵੀ ਬਿਜਲੀ ਸਪਲਾਈ ਨਾ ਦੇਣ ਤਾਂ ਵੀ ਇਨ੍ਹਾਂ ਨੂੰ ਕੋਈ



ਜੁਰਮਾਨੇ ਨਹੀਂ ਲਗਾ ਸਕਦੀ। ਬਿਜਲੀ ਖਰੀਦ ਸਮਝੌਤਿਆਂ ‘ਚ ਕਿਧਰੇ ਅਜਿਹੀ ਕੋਈ ਮੱਦ ਨਹੀਂ ਜਿਸ ‘ਚ ਪੀਕ ਸੀਜ਼ਨ ‘ਚ ਇਨ੍ਹਾਂ ਥਰਮਲਾਂ ਨੂੰ ਬਿਜਲੀ ਸਪਲਾਈ ਦੇਣਾ ਲਾਜ਼ਮੀ ਕਰਾਰ ਦਿੱਤਾ ਹੋਵੇ। ਝੋਨੇ ਦੇ ਸੀਜ਼ਨ ‘ਚ ਪਏ ਰੌਲੇ ਮਗਰੋਂ ਸਿਆਸੀ ਤੌਰ ‘ਤੇ ਵੀ ਬਿਜਲੀ ਖਰੀਦ ਸਮਝੌਤੇ ਮੁੱਖ ਮੁੱਦੇ ਵਜੋਂ ਉਭਰਨੇ ਸ਼ੁਰੂ ਹੋਏ ਹਨ।

ਪ੍ਰਾਪਤ ਵੇਰਵਿਆਂ ਅਨੁਸਾਰ ਪਾਵਰਕੌਮ ਇਨ੍ਹਾਂ ਪ੍ਰਾਈਵੇਟ ਥਰਮਲਾਂ ਨੂੰ 31 ਮਾਰਚ 2021 ਤੱਕ ਕਰੀਬ 18,850 ਕਰੋੜ ਰੁਪਏ ਫਿਕਸਡ ਚਾਰਜਿਜ ਵਜੋਂ ਪਾਰ ਚੁੱਕਾ ਹੈ ਜਿਸ ‘ਚੋਂ 5900 ਕਰੋੜ ਰੁਪਏ ਬਿਨਾਂ ਬਿਜਲੀ ਲਏ ਦਿੱਤੇ ਹਨ। ਇੰਨੀ ਵੱਡੀ ਅਦਾਇਗੀ ਦੇ ਬਾਵਜੂਦ ਝੋਨੇ ਦੇ ਸੀਜ਼ਨ ‘ਚ ਪ੍ਰਾਈਵੇਟ ਥਰਮਲਾਂ ਵੱਲੋਂ ਬਿਜਲੀ ਸਪਲਾਈ ਨਾ ਦਿੱਤੇ ਜਾਣ ਦੀ ਸੂਰਤ ਵਿਚ ਪੰਜਾਬ ਸਰਕਾਰ ਕੋਲ ਡੰਡਾ ਖੜਕਾਉਣ ਦੀ ਤਾਕਤ ਨਹੀਂ।

ਤਲਵੰਡੀ ਸਾਬੋ ਪਾਵਰ ਪਲਾਂਟ ਦਾ ਯੂਨਿਟ ਨੰਬਰ 3 ਤਾਂ ਅੱਠ ਮਾਰਚ ਤੋਂ ਬੰਦ ਪਿਆ ਹੈ ਜਿਸ ਖਿਲਾਫ ਕੋਈ ਕਦਮ ਨਹੀਂ ਚੁੱਕਿਆ ਜਾ ਸਕਿਆ। ਗੱਠਜੋੜ ਸਰਕਾਰ ਵੇਲੇ ਤਲਵੰਡੀ ਸਾਬੋ ਪਾਵਰ ਪਲਾਂਟ, ਰਾਜਪੁਰਾ ਥਰਮਲ ਪਲਾਂਟ ਅਤੇ ਗੋਇੰਦਵਾਲ ਥਰਮਲ ਪਲਾਂਟਾਂ ਦੇ 3920 ਮੈਗਾਵਾਟ ਸਮਰੱਥਾ ਦੇ ਬਿਜਲੀ ਖਰੀਦ ਸਮਝੌਤੇ ਹੋਏ ਸਨ। ਤਲਵੰਡੀ ਸਾਬੋ ਪਾਵਰ ਪਲਾਂਟ ਨਾਲ 1 ਸਤੰਬਰ 2008 ਅਤੇ ਰਾਜਪੁਰਾ ਥਰਮਲ ਪਲਾਂਟ ਦਾ 18 ਜਨਵਰੀ 2010 ਨੂੰ ਬਿਜਲੀ ਖਰੀਦ ਸਮਝੌਤਾ ਹੋਇਆ ਸੀ। ਬਿਜਲੀ ਸਮਝੌਤਿਆਂ ਅਨੁਸਾਰ ਜੇਕਰ ਇਹ ਤਿੰਨੋਂ ਪ੍ਰਾਈਵੇਟ ਥਰਮਲ ਕਿਸੇ ਵੀ ਵਜ੍ਹਾ ਕਾਰਨ ਸਾਲ ‘ਚ 91 ਦਿਨ ਲਗਾਤਾਰ ਬਿਜਲੀ ਸਪਲਾਈ ਨਾ ਵੀ ਦੇਣ ਤਾਂ ਵੀ ਉਨ੍ਹਾਂ ‘ਤੇ ਕੋਈ ਜੁਰਮਾਨਾ ਨਹੀਂ ਲਗਾਇਆ ਜਾ ਸਕਦਾ। ਮਾਹਿਰਾਂ ਅਨੁਸਾਰ ਜੇਕਰ ਤਲਵੰਡੀ ਸਾਬੋ ਪਾਵਰ ਪਲਾਂਟ ਦਾ ਕੋਈ ਵੀ ਇਕ ਯੂਨਿਟ ਸਾਲ ਵਿਚ 273 ਦਿਨ, ਰਾਜਪੁਰਾ ਤੇ ਗੋਇੰਦਵਾਲ ਸਾਹਿਬ ਥਰਮਲ ਦੀ ਇਕ-ਇਕ ਯੂਨਿਟ ਸਾਲ ‘ਚ 182-182 ਦਿਨ ਬਿਨਾਂ ਕਿਸੇ ਕਾਰਨ ਵੀ ਬਿਜਲੀ ਸਪਲਾਈ ਨਹੀਂ ਦਿੰਦੇ ਤਾਂ ਵੀ ਉਨ੍ਹਾਂ ਨੂੰ ਕੋਈ ਜੁਰਮਾਨਾ ਨਹੀਂ ਕੀਤਾ ਜਾ ਸਕਦਾ। ਇਵੇਂ ਹੀ ਫਿਕਸਿਡ ਚਾਰਜਿਜ ਦੀ ਗੱਲ ਕਰੀਏ ਤਾਂ ਤਲਵੰਡੀ ਸਾਬੋ ਪਲਾਂਟ ਦੀ 80 ਫੀਸਦੀ ਅਤੇ ਰਾਜਪੁਰਾ ਥਰਮਲ 85 ਫੀਸਦੀ ਪਲਾਂਟ ਉਪਲੱਭਧਤਾ ਹੈ ਤਾਂ ਵੀ ਉਨ੍ਹਾਂ ਨੂੰ ਪੂਰੇ ਫਿਕਸਿਡ ਚਾਰਜਿਜ ਦੇਣੇ ਪੈਣਗੇ।

ਸੌਖੇ ਲਫਜ਼ਾਂ ਕਹਿਣਾ ਹੋਵੇ ਤਾਂ ਤਲਵੰਡੀ ਸਾਬੋ ਪਲਾਂਟ ਸਾਲ ‘ਚ ਲਗਾਤਾਰ 71 ਦਿਨ ਅਤੇ ਰਾਜਪੁਰਾ ਪਲਾਂਟ 55 ਦਿਨ ਬੰਦ ਵੀ ਰਹਿੰਦਾ ਹੈ ਤਾਂ ਉਨ੍ਹਾਂ ਦੇ ਫਿਕਸਿਡ ਚਾਰਜਿਜ ‘ਤੇ ਕੋਈ ਕੱਟ ਨਹੀਂ ਲੱਗੇਗਾ। ਝੋਨੇ ਦੇ ਸੀਜ਼ਨ ‘ਚ ਕਰੀਬ ਦੋ ਮਹੀਨੇ ਬਿਜਲੀ ਦਾ ਪੀਕ ਸੀਜ਼ਨ ਹੁੰਦਾ ਹੈ ਪਰ ਇਸ ਸਮੇਂ ਦੌਰਾਨ ਪ੍ਰਾਈਵੇਟ ਥਰਮਲਾਂ ਦੇ ਨਾ ਚੱਲਣ ਦੀ ਸੂਰਤ ਵਿਚ ਵੀ ਸਰਕਾਰ ਕੋਈ ਐਕਸ਼ਨ ਨਹੀਂ ਲੈ ਸਕਦੀ। ਚਰਚੇ ਰਹੇ ਹਨ ਕਿ ਰਾਜਪੁਰਾ ਤੇ ਤਲਵੰਡੀ ਸਾਬੋ ਪਲਾਂਟ ਲਈ ਕੋਲਾ ਸਪਲਾਈ ਪਛਵਾੜਾ ਕੋਲਾ ਖਾਨ ਦੀ ਥਾਂ ਕੋਲ ਇੰਡੀਆ ਤੋਂ ਲੈਣੀ ਸ਼ੁਰੂ ਕਰ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਪਾਵਰਕੌਮ ਨੂੰ ਬਾਹਰੋਂ ਬਿਜਲੀ ਖਰੀਦਣ ਲਈ 500 ਕਰੋੜ ਰੁਪਏ ਜਾਰੀ ਕੀਤੇ ਹਨ। ਤਲਵੰਡੀ ਸਾਬੋ ਪਾਵਰ ਪਲਾਂਟ ਦਾ ਇਕ ਯੂਨਿਟ ਬੰਦ ਹੋਣ ਕਰਕੇ ਪਾਵਰਕੌਮ ਨੂੰ ਹੋਰਨਾਂ ਸਰੋਤਾਂ ਤੋਂ ਜਿੱਥੇ ਬਿਜਲੀ ਖਰੀਦਣੀ ਪੈ ਰਹੀ ਹੈ, ਉਥੇ ਤਲਵੰਡੀ ਸਾਬੋ ਪਲਾਂਟ ਨੂੰ ਪੂਰੇ ਫਿਕਸਿਡ ਚਾਰਜਿਜ ਵੀ ਦੇਣੇ ਪੈ ਰਹੇ ਹਨ।

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਮੰਗ ਕੀਤੀ ਕਿ ਨੁਕਸਦਾਰ ਬਿਜਲੀ ਸਮਝੌਤੇ ਕਰਨ ਵਾਲਿਆਂ ‘ਤੇ ਫੌਜਦਾਰੀ ਕਾਰਵਾਈ ਹੋਣੀ ਚਾਹੀਦੀ ਹੈ। ਪੰਜਾਬ ਨੂੰ 25 ਸਾਲ ਖਮਿਆਜ਼ਾ ਭੁਗਤਣਾ ਪਵੇਗਾ ਕਿਉਂਕਿ ਗੱਠਜੋੜ ਸਰਕਾਰ ਨੇ ਇਨ੍ਹਾਂ ‘ਚ ਚਾਬੀ ਕਾਰਪੋਰੇਟਾਂ ਦੇ ਹੱਥ ਫੜਾ ਦਿੱਤੀ ਹੈ। ਕਰੋੜਾਂ ਰੁਪਏ ਦੇ ਫਿਕਸਿਡ ਚਾਰਜਿਜ ਦੇਣ ਦੇ ਬਾਵਜੂਦ ਇਹ ਥਰਮਲ ਝੋਨੇ ਦੇ ਸੀਜ਼ਨ ‘ਚ ਕੰਮ ਨਹੀਂ ਆਉਂਦੇ।

## ਐੱਚ-1ਬੀ ਵੀਜ਼ੇ ਦੇ ਇਛੁੱਕਾਂ ਤੋਂ ਮੁੜ ਅਰਜ਼ੀਆਂ ਮੰਗੀਆਂ

**ਵਾਸ਼ਿੰਗਟਨ:** ਅਮਰੀਕਾ ਵਿਚ ਅਜਿਹੇ ਵਿਦੇਸ਼ੀ ਮਹਿਮਾਨ ਵਰਕਰ ਐੱਚ-1ਬੀ ਵੀਜ਼ਾ ਲਈ ਮੁੜ ਤੋਂ ਅਰਜ਼ੀਆਂ ਦਾਖਲ ਕਰ ਸਕਣਗੇ ਜਿਨ੍ਹਾਂ ਦੀਆਂ ਅਰਜ਼ੀਆਂ ਨੂੰ ਸ਼ੁਰੂਆਤੀ ਰਜਿਸਟਰੇਸ਼ਨ ਵਕਫੇ ‘ਤੇ ਅਧਾਰਤ ਹੋਣ ਕਾਰਨ ਰੱਦ ਕਰ ਦਿੱਤਾ ਗਿਆ ਸੀ। ਯੂ.ਐਸ. ਸਿਟੀਜਨਸ਼ਿਪ ਐਂਡ ਇਮੀਗਰੇਸ਼ਨ ਸਰਵਿਸਿਜ (ਯੂ. ਐਸ. ਸੀ. ਆਈ. ਐਸ.) ਮੁਤਾਬਕ ਅਜਿਹੇ ਲੋਕ ਮੁੜ ਤੋਂ ਅਰਜ਼ੀਆਂ ਦਾਖਲ ਕਰ ਸਕਦੇ ਹਨ ਜਿਨ੍ਹਾਂ ਦੀਆਂ ਅਰਜ਼ੀਆਂ ਸਿਰਫ ਇਸ ਵਾਸਤੇ ਰੱਦ ਕਰ ਦਿੱਤੀਆਂ ਗਈਆਂ ਹਨ ਜਾਂ ਪ੍ਰਸ਼ਾਸਨਿਕ ਤੌਰ ‘ਤੇ ਬੰਦ ਕਰ ਦਿੱਤੀਆਂ ਗਈਆਂ ਹਨ ਕਿਉਂਕਿ ਉਨ੍ਹਾਂ ਦੀ ਬੇਨਤੀ ਸ਼ੁਰੂਆਤ ਤਰੀਕ 1 ਅਕਤੂਬਰ 2020 ਤੋਂ ਬਾਅਦ ਸੀ। ਐੱਚ-1ਬੀ ਵੀਜ਼ਾ ਇਕ ਗੈਰ-ਅਪਰਵਾਸੀ ਵੀਜ਼ਾ ਹੈ ਜਿਸ ਦੀ ਮਦਦ ਨਾਲ ਅਮਰੀਕੀ ਕੰਪਨੀਆਂ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਜਰੂਰਤ ਵਾਲੇ ਵਿਸ਼ੇਸ਼ ਪੇਸ਼ਿਆਂ ਵਿਚ ਵਿਦੇਸ਼ੀ ਵਰਕਰਾਂ ਨੂੰ ਨੌਕਰੀਆਂ ‘ਤੇ ਰੱਖਦੀਆਂ ਹਨ। ਯੂ.ਐਸ.ਸੀ.ਆਈ.ਐਸ. ਨੇ ਕਿਹਾ, ”ਜੇਕਰ ਤੁਹਾਡੀ ਵਿੱਤੀ ਵਰ੍ਹੇ 2021 ਦੀ ਪਟੀਸ਼ਨ ਇਸ ਵਾਸਤੇ ਪੂਰੀ ਤਰ੍ਹਾਂ ਰੱਦ ਜਾਂ ਪ੍ਰਸ਼ਾਸਨਿਕ ਤੌਰ ‘ਤੇ ਬੰਦ ਕੀਤੀ ਗਈ ਹੈ ਕਿਉਂਕਿ ਤੁਹਾਡੀ ਪਟੀਸ਼ਨ ਸ਼ੁਰੂਆਤੀ ਰਜਿਸਟਰੇਸ਼ਨ ਵਕਫੇ ਦੌਰਾਨ ਜਮ੍ਹਾਂ ਕੀਤੇ ਗਏ ਰਜਿਸਟਰੇਸ਼ਨ ‘ਤੇ ਅਧਾਰਤ ਸੀ ਪਰ ਤੁਸੀਂ 1 ਅਕਤੂਬਰ 2020 ਤੋਂ ਬਾਅਦ ਕਿਸੇ ਸ਼ੁਰੂਆਤੀ ਤਰੀਕ ਦੀ ਅਪੀਲ ਕੀਤੀ ਸੀ ਤਾਂ ਤੁਸੀਂ ਪਹਿਲਾਂ ਤੋਂ ਦਾਇਰ ਪਟੀਸ਼ਨ ਨੂੰ ਮੁੜ ਤੋਂ ਦਾਖਲ ਕਰ ਸਕਦੇ ਹੋ।“ ਯੂ.ਐਸ.ਸੀ.ਆਈ.ਐਸ. ਨੇ ਕਿਹਾ ਕਿ ਇਨ੍ਹਾਂ ਪਟੀਸ਼ਨਾਂ ਨੂੰ 1 ਅਕਤੂਬਰ 2021 ਤੋਂ ਪਹਿਲਾਂ ਜਮ੍ਹਾਂ ਕੀਤਾ ਜਾ ਸਕਦਾ ਹੈ।

## ਪੰਜਾਬ ‘ਚ ਹੋਰ ਆਕਸੀਜਨ ਪਲਾਂਟ ਸ਼ੁਰੂ ਹੋਣਗੇ

**ਚੰਡੀਗੜ੍ਹ:** ਕੋਵਿਡ ਦੀ ਸੰਭਾਵੀ ਤੀਜੀ ਲਹਿਰ ਦੇ ਟਾਕਰੇ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਤਹਿਤ ਮੈਡੀਕਲ ਆਕਸੀਜਨ ਦਾ ਉਤਪਾਦਨ ਵਧਾਉਣ ਲਈ ਪੰਜਾਬ ਸਰਕਾਰ ਵੱਲੋਂ ਜੁਲਾਈ ਦੇ ਅਖੀਰ ਤੱਕ 75 ਹੋਰ ਪ੍ਰੈੱਸ਼ਰ ਸਵਿੰਗ ਐਡਸੌਰਪਸ਼ਨ (ਪੀ.ਐਸ.ਏ.) ਪਲਾਂਟ ਸਥਾਪਤ ਕੀਤੇ ਜਾਣਗੇ। ਮੁੱਖ ਸਕੱਤਰ ਵਿਨੀ ਮਹਾਜਨ ਨੇ ਦੱਸਿਆ ਕਿ ਸਬੰਧਤ ਵਿਭਾਗਾਂ ਨੂੰ ਅਗਲੇ ਮਹੀਨੇ ਦੇ ਅੰਤ ਤੱਕ ਇਹ ਪਲਾਂਟ ਲਗਾਉਣ ਅਤੇ ਇਸ ਜੀਵਨ ਰੱਖਿਅਕ ਗੈਸ ਦਾ ਉੱਚਿਤ ਪ੍ਰੈੱਸਰ ਤੇ ਸ਼ੁੱਧਤਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਇਸ ਨਾਲ ਸੂਬੇ ਦੀਆਂ ਸਿਹਤ ਸੰਸਥਾਵਾਂ ਵਿਚ ਤਰਲ ਮੈਡੀਕਲ ਆਕਸੀਜਨ ਸਪਲਾਈ ਦੀ ਮੰਗ ਪੂਰੀ ਹੋਵੇਗੀ। ਪੀ.ਐਸ.ਏ. ਪਲਾਂਟਾਂ ਦੀ ਸਥਾਪਨਾ ਤੇ ਇਸ ਨਾਲ ਜੁੜੇ ਕੰਮਾਂ ਦੀ ਸਮੀਖਿਆ ਕਰਨ ਲਈ ਬੁਲਾਈ ਉੱਚ ਪੱਧਰੀ ਵਰਚੁਅਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਸਕੱਤਰ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਲਾਂਟਾਂ ਦੀ ਸਥਾਪਨਾ ਤੋਂ ਪਹਿਲਾਂ ਦੀਆਂ ਸਾਰੀਆਂ ਗਤੀਵਿਧੀਆਂ ਨੂੰ 15 ਜੁਲਾਈ ਤੱਕ ਮੁਕੰਮਲ ਕੀਤਾ ਜਾਵੇ।

## ਗੱਠਜੋੜ ਪਿੱਛੋਂ ਸੀਟਾਂ ਦੀ ਵੰਡ ਪਿੱਛੇ ਬਸਪਾ ‘ਚ ਘਮਸਾਣ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ (ਬਸਪਾ) ਵਿਚ ਹੋਏ ਸਿਆਸੀ ਗੱਠਜੋੜ ਤੋਂ ਬਾਅਦ ਸੀਟਾਂ ਦੀ ਵੰਡ ਨੂੰ ਲੈ ਕੇ ਬਸਪਾ ਵਿਚ ਘਮਸਾਣ ਪੈ ਗਿਆ ਹੈ। ਇਕ ਪਾਸੇ ਜਿਥੇ ਪਾਰਟੀ ਦੇ ਕੁਝ ਸੀਨੀਅਰ ਆਗੂਆਂ ਵੱਲੋਂ ਇਸ ਗੱਠਜੋੜ ਤਹਿਤ ਹੋਈ ਸੀਟਾਂ ਦੀ ਵੰਡ ਨੂੰ ਲੈ ਕੇ ਸਵਾਲ ਉਠਾਏ ਜਾ ਰਹੇ ਹਨ ਜਦਕਿ ਦੂਜੇ ਪਾਸੇ ਲਖਨਊ (ਉਤਰ ਪ੍ਰਦੇਸ਼) ਵਿਚ ਬਹੁਜਨ ਸਮਾਜ ਪਾਰਟੀ ਦੀ ਕੌਮੀ ਪ੍ਰਧਾਨ ਮਾਇਆਵਤੀ ਵੱਲੋਂ ਕੀਤੀ ਗਈ ਮੀਟਿੰਗ ਵਿਚ ਇਹ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਅਕਾਲੀ ਦਲ ਨਾਲ ਜੋ ਗੱਠਜੋੜ ਹੋਇਆ ਹੈ, ਉਸ ਵਿਚ ਬਸਪਾ ਦੇ ਹਿੱਸੇ ਆਉਂਦੀਆਂ 20 ਸੀਟਾਂ ਵਿਚੋਂ ਕੋਈ ਸੀਟ ਬਦਲੀ ਨਹੀਂ ਜਾਵੇਗੀ।



ਇਸੇ ਦੌਰਾਨ ਅਕਾਲੀ ਦਲ-ਬਸਪਾ ਗੱਠਜੋੜ ਵਿਰੁੱਧ ਗੁੰਮਰਾਹਕੁਨ ਪ੍ਰਚਾਰ ਕਰਨ ਦੇ ਦੋਸ਼ ਲਾਉਂਦਿਆਂ ਸਾਬਕਾ ਸੂਬਾ ਪ੍ਰਧਾਨ ਰਸ਼ਪਾਲ ਸਿੰਘ ਰਾਜੂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਹੈ। ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੇ ਦਸਤਖਤਾਂ ਹੇਠ ਜਾਰੀ ਕੀਤੇ ਗਏ ਬਿਆਨ ਵਿਚ ਪਾਰਟੀ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਦਾ ਦੋਸ਼ ਲਗਾਉਂਦਿਆਂ ਰਸ਼ਪਾਲ ਸਿੰਘ ਰਾਜੂ ਨੂੰ ਪਾਰਟੀ ਵਿਚੋਂ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ। ਉਧਰ, ਬਸਪਾ ਦੇ ਸੀਨੀਅਰ ਆਗੂ ਤੇ ਪਾਰਟੀ ਵਿਚ ਪੱਛੜੀਆਂ ਸ਼੍ਰੇਣੀਆਂ ਵਿੰਗ ਦੇ ਇੰਚਾਰਜ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਹੋਏ ਸਮਝੌਤੇ ਤਹਿਤ ਹਾਰੀਆਂ ਜਾਣ ਵਾਲੀਆਂ ਸੀਟਾਂ ਲੈਣ ਦੇ ਦੋਸ਼ ਲਾਉਂਦਿਆਂ ਇਸ ਦੇ ਵਿਰੋਧ ਵਜੋਂ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਾਰਟੀ ਦੀ ਸੂਬਾਈ ਲੀਡਰਸ਼ਿਪ ਨੇ ਪਾਰਟੀ ਦੀ ਕੌਮੀ ਪ੍ਰਧਾਨ ਮਾਇਆਵਤੀ ਨੂੰ ਗੁੰਮਰਾਹ ਕੀਤਾ ਹੈ। ਸ੍ਰੀ ਸ਼ਾਲੀਮਾਰ ਅਨੁਸਾਰ ਸੀਟਾਂ ਦੀ ਵੰਡ ਨੂੰ ਲੈ ਕੇ ਬਸਪਾ ਵਰਕਰਾਂ ਵਿਚ ਵੱਡੀ ਪੱਧਰ ‘ਤੇ ਨਿਰਾਸ਼ਾ ਪਾਈ ਜਾ ਰਹੀ ਹੈ।

ਉਧਰ, ਪਾਰਟੀ ਵਿੱਚੋਂ ਕੱਢੇ ਜਾਣ ਬਾਰੇ ਸ੍ਰੀ ਰਾਜੂ ਨੇ ਕਿਹਾ ਕਿ ਬਸਪਾ ਦੀ ਕੌਮੀ ਪ੍ਰਧਾਨ ਮਾਇਆਵਤੀ ਕੋਲ ਉਨ੍ਹਾਂ ਬਾਰੇ ਗਲਤ ਸ਼ਿਕਾਇਤਾਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਗੜ੍ਹਸ਼ੰਕਰ ਨਗਰ ਕੌਂਸਲ ਵਿਚ ਉਨ੍ਹਾਂ ਦੀ ਪਤਨੀ ਮੀਤ ਪ੍ਰਧਾਨ ਹੈ ਅਤੇ ਇਕ ਦਿਨ ਜਰੂਰੀ ਰੁਝੇਵੇਂ ਕਾਰਨ ਉਹ ਆਪਣੇ ਵਾਰਡ ਲਈ ਆਏ ਫੰਡ ਨਹੀਂ ਲੈਣ ਜਾ ਸਕੀ ਤਾਂ ਉਨ੍ਹਾਂ ਦੀ ਥਾਂ ਉਹ (ਰਾਜੂ) ਚਲੇ ਗਏ ਸਨ। ਉਥੇ ਕਾਂਗਰਸ ਦੇ ਸਾਬਕਾ ਵਿਧਾਇਕ ਲਵ ਕੁਮਾਰ ਗੋਲਡੀ ਵੀ ਆ ਗਏ। ਉਨ੍ਹਾਂ ਨਾਲ ਮੀਡੀਆ ਵਿਚ ਛਪੀਆਂ ਤਸਵੀਰਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਰਸ਼ਪਾਲ ਰਾਜੂ ਕਾਂਗਰਸ ਵਿੱਚ ਸ਼ਾਮਲ ਹੋਣ ਜਾ ਰਹੇ ਹਨ। ਸ੍ਰੀ ਰਾਜੂ ਨੇ ਕਿਹਾ ਕਿ ਉਹ ਬਸਪਾ ਦੇ ਵਫਾਦਾਰ ਸਿਪਾਹੀ ਹਨ ਤੇ ਬਾਬੂ ਕਾਂਸ਼ੀ ਰਾਮ ਦੀ ਵਿਚਾਰਧਾਰਾ ਨੂੰ ਲੈ ਕੇ ਚੱਲ ਰਹੇ ਹਨ ਅਤੇ ਚੱਲਦੇ ਰਹਿਣਗੇ।

ਇਕ ਹੋਰ ਟਵੀਟ ਵਿਚ ਮਾਇਆਵਤੀ ਨੇ ਕਿਹਾ, “ਪਾਰਟੀ ਇਹ ਸਪੱਸ਼ਟ ਕਰਨਾ ਚਾਹੁੰਦੀ ਹੈ ਕਿ ਪੰਜਾਬ ਨੂੰ ਛੱਡ ਕੇ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਬਸਪਾ ਇਕੱਲਿਆਂ ਹੀ ਲੜੇਗੀ ਅਤੇ ਕਿਸੇ ਨਾਲ ਕੋਈ ਗੱਠਜੋੜ ਨਹੀਂ ਕਰੇਗੀ।”

# ਮੁਲਾਜ਼ਮ ਜਥੇਬੰਦੀਆਂ ਨੇ ਕੈਪਟਨ ਦੀਆਂ ਵਾਅਦਾਖਿਲਾਫੀਆਂ ਖਿਲਾਫ ਮੋਰਚਾ ਖੋਲ੍ਹਿਆ

**ਚੰਡੀਗੜ੍ਹ:** ਪੰਜਾਬ ਦੀਆਂ ਮੁਲਾਜ਼ਮ ਜਥੇਬੰਦੀਆਂ ਨੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀਆਂ ਵਾਅਦਾਖਿਲਾਫੀਆਂ ਖਿਲਾਫ ਮੋਰਚਾ ਖੋਲ ਦਿੱਤਾ ਹੈ।

ਕੱਚੇ ਅਧਿਆਪਕ ਯੂਨੀਅਨ ਪੰਜਾਬ ਅਤੇ ਸਿੱਖਿਆ ਪ੍ਰੋਵਾਈਡਰ ਸਮੇਤ ਹੋਰਨਾਂ ਅਧਿਆਪਕ ਯੂਨੀਅਨਾਂ ਦਾ ਮੰਗਾਂ ਸਬੰਧੀ ਸ਼ੁਰੂ ਕੀਤਾ ਗਿਆ ਲੜੀਵਾਰ ਧਰਨਾ ਜਾਰੀ ਹੈ।

ਇਸ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪੁੱਜੇ ਸਰਵ ਸਿੱਖਿਆ ਅਭਿਆਨ ਮਿੱਡ-ਡੇਅ ਮੀਲ ਦਫਤਰੀ ਕਾਮਿਆਂ ਵੱਲੋਂ ਸੇਵਾਵਾਂ ਰੈਗੂਲਰ ਕਰਾਉਣ ਦੀ ਮੰਗ ਨੂੰ ਲੈ ਕੇ ਕਾਂਗਰਸ ਸਰਕਾਰ ਦੇ ਵਾਅਦਿਆਂ ਦੀ ਪੋਲ ਖੋਲ੍ਹਣ ਲਈ ਸ਼ਹਿਰ ਵਿਚ ਅਨੋਖੇ ਢੰਗ ਨਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਸੈਂਕੜੇ ਕਾਮਿਆਂ ਦੇ ਹੱਥਾਂ ਵਿਚ ਰੰਗ-ਬਿਰੰਗੇ ਗੁਬਾਰੇ ਫੜੇ ਹੋਏ ਸਨ, ਜਿਨ੍ਹਾਂ ‘ਤੇ ਸਰਕਾਰ ਵੱਲੋਂ ਕੀਤੇ ਵਾਅਦੇ ਅਤੇ ਵੱਖ-ਵੱਖ ਨਾਅਰੇ ਲਿਖੇ ਹੋਏ ਸਨ। ਰੋਸ ਮਾਰਚ ਦੌਰਾਨ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਕਿ ਸਰਕਾਰ ਦੇ ਵਾਅਦੇ ਇਨ੍ਹਾਂ ਗੁਬਾਰਿਆਂ ਵਾਂਗ ਹਵਾ ਹੋ ਗਏ ਹਨ। ਪ੍ਰਦਰਸ਼ਨਕਾਰੀ ਇਸ ਗੱਲੋਂ ਖਫ਼ਾ ਸਨ ਕਿ ਸੰਨ 2018 ਵਿਚ ਸਰਵ ਸਿੱਖਿਆ ਅਭਿਆਨ ਤਹਿਤ ਅਧਿਆਪਕਾਂ ਦੀਆਂ ਸੇਵਾਵਾਂ ਤਾਂ ਰੈਗੂਲਰ ਕਰ ਦਿੱਤੀਆਂ, ਪਰ ਦਫਤਰੀ





ਕਾਮਿਆਂ ਨੂੰ ਸਰਕਾਰ ਹੁਣ ਤੱਕ ਲਾਰੇ ਹੀ ਲਾਉਂਦੀ ਆ ਰਹੀ ਹੈ।

ਉਧਰ, ਅਧਿਆਪਕਾਂ ਨੇ ਸ਼ਹਿਰ ਦੀਆਂ ਸੜਕਾਂ ‘ਤੇ ਕਾਲੇ ਝੰਡੇ ਲੈ ਕੇ ਪੈਦਲ ਰੋਸ ਮਾਰਚ ਕਰਦਿਆਂ ਹੁਕਮਰਾਨਾਂ ਨੂੰ ਰੱਜ ਕੇ ਭੰਡਿਆ। ਰੋਸ ਮਾਰਚ ਦੀ ਅਗਵਾਈ ਕਰਦਿਆਂ ਸੂਬਾ ਕਨਵੀਨਰ ਅਜਮੇਰ ਸਿੰਘ ਔਲਖ ਅਤੇ ਗਗਨਦੀਪ ਕੌਰ ਅਬੋਹਰ ਨੇ ਕਿਹਾ ਕਿ ਉਹ ਪਿਛਲੇ 18-20 ਸਾਲਾਂ ਤੋਂ ਨਿਗੂਣੀਆਂ ਤਨਖਾਹਾਂ ‘ਤੇ ਪੜ੍ਹਾਉਂਦੇ ਆ ਰਹੇ ਹਨ ਅਤੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਬੱਚਿਆਂ ਦੀ ਦਾਖਲਾ ਦਰ ਵਿਚ ਰਿਕਾਰਡ ਵਾਧਾ ਵੀ ਉਨ੍ਹਾਂ ਦੀ ਸਖਤ ਮਿਹਨਤ ਦਾ ਨਤੀਜਾ ਹੈ ਪਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਗੰਭੀਰ ਨਹੀਂ ਹੈ। ਆਗੂਆਂ ਨੇ ਕਿਹਾ ਕਿ ਪਿਛਲੀ ਅਕਾਲੀ ਸਰਕਾਰ ਦੌਰਾਨ ਕੱਚੇ ਅਧਿਆਪਕਾਂ ਦੇ ਧਰਨੇ ਵਿਚ ਆ ਕੇ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਸਰਕਾਰ ਬਣਨ ‘ਤੇ ਪੱਕਾ ਕਰਨ ਦਾ ਭਰੋਸਾ ਦਿੱਤਾ ਸੀ, ਜੋ ਹੁਣ ਤੱਕ ਪੂਰਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਜਾਰੀ ਰਹੇਗਾ।

### ਸ਼ਿਕਾਇਤਾਂ ਦੇ ਨਿਬੇੜੇ ਲਈ ਮੰਤਰੀਆਂ ਦੀ ਕਮੇਟੀ ਬਣਾਈ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬਾ ਸਰਕਾਰ ਦੇ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਮੰਤਰੀਆਂ ਦੀ ਨਿਗਰਾਨ ਕਮੇਟੀ ਦਾ ਗਠਨ ਕੀਤਾ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸਥਾਨਕ ਸਰਕਾਰਾਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ, ਵਿੱਤ ਮੰਤਰੀ ਮਨਪ੍ਰੀਤ ਬਾਦਲ, ਸਮਾਜਿਕ ਨਿਆਂ ਮੰਤਰੀ ਸਾਧੂ ਸਿੰਘ ਧਰਮਸੋਤ, ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਓ.ਪੀ. ਸੋਨੀ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਇਸ ਕਮੇਟੀ ਦਾ ਹਿੱਸਾ ਹੋਣਗੇ। ਮੁੱਖ ਮੰਤਰੀ ਨੇ ਮੁੱਖ ਸਕੱਤਰ ਨੂੰ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਦੀਆ ਸ਼ਿਕਾਇਤਾਂ ਦੀ ਨਿੱਜੀ ਤੌਰ ਉਤੇ ਸੁਣਵਾਈ ਕਰਨ ਲਈ ਅਫਸਰਾਂ ਉਤੇ ਅਧਾਰਿਤ ਕਮੇਟੀ ਕਾਇਮ ਕਰਨ ਦੇ ਵੀ ਹੁਕਮ ਦਿੱਤੇ ਹਨ।

ਬੇਰੁਜ਼ਗਾਰ ਈ.ਟੀ.ਟੀ. ਟੈੱਟ ਪਾਸ ਅਧਿਆਪਕਾਂ ਯੂਨੀਅਨ ਦੇ ਕਾਰਕੁਨਾਂ ਵੱਲੋਂ ਪਹਿਲਾਂ ਇਥੇ ਲੀਲਾ ਭਵਨ ਚੌਕ ‘ਚ ਕੁਝ ਚਿਰ ਸੜਕ ਜਾਮ ਲਗਾ ਕੇ ਮਗਰੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ‘ਨਿਊ ਮੋਤੀ ਬਾਗ ਪੈਲੇਸ‘ ਵੱਲ ਰੋਸ ਮਾਰਚ ਕੀਤਾ ਗਿਆ। ਇਸ ਪ੍ਰਦਰਸ਼ਨ ਦੌਰਾਨ ਬੇਰੁਜ਼ਗਾਰ ਕਾਰਕੁਨਾਂ ਨੇ ਅਤਿ ਦੀ ਗਰਮੀ ‘ਚ ਆਪਣੀਆਂ ਕਮੀਜ਼ਾਂ ਉਤਾਰ ਕੇ ਨੰਗੇ ਪਿੰਡੇ ‘ਤੇ ਰੁਜ਼ਗਾਰ ਪ੍ਰਾਪਤੀ ਦੀ ਮੰਗ ਨੂੰ ਉਭਾਰਿਆ ਹੋਇਆ ਸੀ।

ਉਧਰ, ਮੁਲਾਜ਼ਮ ਜਥੇਬੰਦੀ ਪੀ.ਐਸ.ਐਮ.ਐਸ.ਯੂ. ਦੇ ਸੱਦੇ ‘ਤੇ ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਖਿਲਾਫ ਸ਼ੁਰੂ ਕੀਤੀਆਂ ਰੋਸ ਰੈਲੀਆਂ ਦੇ ਮੱਦੇਨਜ਼ਰ ਜਿਥੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਸਰਕਾਰੀ ਦਫਤਰਾਂ ਵਿਚ ਹੜਤਾਲ ਜਾਰੀ ਰਹੀ, ਉਥੇ ਹੀ ਪੰਜਾਬ ਸਿਵਲ ਸਕੱਤਰੇਤ-1 ਅਤੇ 2 ਸਣੇ ਸਥਾਨਕ ਸਰਕਾਰਾਂ ਵਿਭਾਗ, ਮੁੱਖ ਭੂਮੀ ਪਾਲ ਵਿਭਾਗ, ਟਰਾਂਸਪੋਰਟ ਵਿਭਾਗ, ਫੂਡ ਐਂਡ ਸਪਲਾਈ ਵਿਭਾਗ, ਕੋਆਪ੍ਰੇਟਿਵ ਵਿਭਾਗ, ਵਿੱਤ ਤੇ ਯੋਜਨਾ ਭਵਨ, ਸਿਹਤ ਵਿਭਾਗ ਸੈਕਟਰ-34, ਤਕਨੀਕੀ ਸਿੱਖਿਆ ਵਿਭਾਗ, ਜਲ ਸਰੋਤ ਵਿਭਾਗ ਆਦਿ ਵਿਚ ਵੀ ਮੁਲਾਜ਼ਮਾਂ ਵੱਲੋਂ ਰੋਸ ਰੈਲੀਆਂ ਕੀਤੀਆਂ ਗਈਆਂ।

# ਡਿਜੀਟਲ ਮੀਡੀਆ ਨੂੰ ਨੱਥ ਪਾਉਣ ਲਈ ਮੋਦੀ ਸਰਕਾਰ ਬਜ਼ਿਦ

**ਨਵੀਂ ਦਿੱਲੀ:** ਮੋਦੀ ਸਰਕਾਰ ਦੀ ਡਿਜੀਟਲ ਮੀਡੀਆ ਖਿਲਾਫ ਮੁਹਿੰਮ ਦਾ ਮਾਮਲਾ ਭਖਦਾ ਜਾ ਰਿਹਾ ਹੈ। ਇਕ ਪਾਸੇ ਮੋਦੀ ਸਰਕਾਰ ਸੋਸ਼ਲ ਮੀਡੀਆ ਨੂੰ ਨੱਥ ਪਾਉਣ ਲਈ ਬਜ਼ਿਦ ਹੈ ਤੇ ਦੂਜੇ ਪਾਸੇ ਟਵਿੱਟਰ, ਵਟਸਐਪ ਸਣੇ ਵੱਡੀ ਗਿਣਤੀ ਗਰੁੱਪ ਸਰਕਾਰ ਦੇ ਫੈਸਲਿਆਂ ਸਾਹਮਣੇ ਚੁਣੌਤੀ ਬਣ ਖੜ੍ਹੇ ਹਨ। ਸਰਕਾਰ ਨੇ ਪਿਛਲੇ ਦਿਨੀਂ ਟਵਿੱਟਰ ਨੂੰ ਸਬਕ ਸਿਖਾਉਣ ਲਈ ਸਖਤੀ ਵਰਤੀ ਸੀ ਤੇ ਉਸ ਖਿਲਾਫ ਕਈ ਕੇਸ ਦਰਜ ਕਰਕੇ ਸੁਨੇਹਾ ਦੇ ਦਿੱਤਾ ਸੀ ਕਿ ਸਰਕਾਰੀ ਹੁਕਮ ਮੰਨਣ ਦੇ ਸਿਵਾਏ ਹੋਰ ਕੋਈ ਚਾਰਾ ਨਹੀਂ।

ਦੂਜੇ ਪਾਸੇ ਸਰਕਾਰ ਦੀਆਂ ਇਨ੍ਹਾਂ ਸਖਤੀਆਂ ਦੀ ਅਲੋਚਨਾ ਵੀ ਹੋ ਰਹੀ ਹੈ। ਅਸਲ ਵਿਚ, ਪਿਛਲੇ ਦਿਨੀਂ ਕੁਝ ਭਾਜਪਾ ਮੰਤਰੀਆਂ ਨੇ ਮੰਨਿਆਂ ਸੀ ਸੋਸ਼ਲ ਮੀਡੀਆ ਵਿਚ ਸਰਕਾਰ ਪਲਟਾਉਣ ਦੀ ਤਾਕਤ ਹੈ। ਕੇਂਦਰ ਸਰਕਾਰ ਡਿਜੀਟਲ ਮੀਡੀਆ ਨੂੰ ਨੇਮਬੱਧ ਕਰਨ ਲਈ ਫਰਵਰੀ 2021 'ਚ ਜਾਰੀ ਨਿਯਮਾਂ ਉਤੇ ਕਾਇਮ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ ਉਤੇ ਲਾਗੂ ਨਿਯਮਾਂ ਖਿਲਾਫ ਟਵਿੱਟਰ ਨੇ ਅਦਾਲਤ 'ਚ ਚੁਣੌਤੀ ਦਿੱਤੀ ਹੋਈ ਹੈ। ਹਾਲ ਹੀ 'ਚ ਦੇਸ਼ ਦੀਆਂ 13 ਮੀਡੀਆ ਸੰਸਥਾਵਾਂ ਨੇ ਮਦਰਾਸ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਕੇ 'ਦਿ ਇਨਫਰਮੇਸ਼ਨ ਟੈਕਨਾਲੋਜੀ (ਇੰਟਰਮੀਡੀਅਰੀ ਗਾਈਡਲਾਈਨਜ਼ ਅਤੇ ਡਿਜੀਟਲ ਮੀਡੀਆ ਐਥਿਕਸ ਕੋਡ) ਰੂਲਜ਼, 2021' ਨੂੰ ਸੰਵਿਧਾਨ ਦਾ ਉਲੰਘਣ ਕਰਾਰ ਦਿੱਤਾ ਹੈ।



ਪਟੀਸ਼ਨ ਡਿਜੀਟਲ ਖਬਰਾਂ ਪ੍ਰਕਾਸ਼ਤ ਕਰਨ ਵਾਲੇ ਪਲੇਟਫਾਰਮਾਂ ਦੀ ਸੰਸਥਾ ਡਿਜੀਟਲ ਨਿਊਜ਼ ਪਬਲਿਸ਼ਰਜ਼ ਐਸੋਸੀਏਸ਼ਨ ਵੱਲੋਂ ਦਾਇਰ ਕੀਤੀ ਗਈ ਹੈ। ਇਹ ਦਲੀਲ ਦਿੱਤੀ ਗਈ ਹੈ ਕਿ ਨਵੇਂ ਨਿਯਮਾਂ ਨਾਲ ਸੰਵਿਧਾਨ ਦੀ ਧਾਰਾ 14 ਤਹਿਤ ਮਿਲੇ ਬਰਾਬਰੀ ਅਤੇ ਧਾਰਾ 19(1)(ਏ) ਅਤੇ 19(1)(ਜੀ) ਤਹਿਤ ਮਿਲੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰਾਂ ਉਤੇ ਰੋਕ ਲੱਗਦੀ ਹੈ। ਹਾਈਕੋਰਟ ਨੇ ਇਸ ਪਟੀਸ਼ਨ ਨੂੰ ਇਨ੍ਹਾਂ ਨਿਯਮਾਂ ਖਿਲਾਫ ਲੇਖਕ ਅਤੇ ਸੰਗੀਤਕਾਰ ਕੇ.ਐਮ. ਕ੍ਰਿਸ਼ਨਾ ਵੱਲੋਂ ਪਹਿਲਾਂ ਪਾਈ ਪਟੀਸ਼ਨ ਨਾਲ ਜੋੜ ਕੇ ਸਾਂਝੀ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ।

ਹਾਈਕੋਰਟ ਨੇ ਨਿਯਮਾਂ 'ਤੇ ਪਾਬੰਦੀ ਦੀ ਮੰਗ ਤਾਂ ਨਹੀਂ ਮੰਨੀ ਪਰ ਇਹ ਕਿਹਾ ਕਿ ਜੇ ਕੇਂਦਰ ਇਨ੍ਹਾਂ ਨਿਯਮਾਂ ਤਹਿਤ ਕਾਰਵਾਈ ਕਰਦੀ ਹੈ ਤਾਂ ਸਬੰਧਤ ਪਾਰਟੀ ਹਾਈਕੋਰਟ ਦਾ ਦਰਵਾਜ਼ਾ ਖੜਕਾ ਸਕਦੀ ਹੈ। ਨਿਯਮਾਂ 'ਚ ਅਖਬਾਰਾਂ ਅਤੇ ਟੀਵੀ ਚੈਨਲਾਂ ਨੂੰ ਛੋਟ ਦਿੱਤੀ ਗਈ ਹੈ ਅਤੇ ਇਨ੍ਹਾਂ ਨੂੰ ਖੁਦ ਹੀ ਜਵਾਬਦੇਹੀ ਤੈਅ ਕਰਨ ਵਾਸਤੇ ਸੰਸਥਾ ਬਣਾਉਣ ਲਈ ਕਿਹਾ ਗਿਆ ਹੈ। ਇਸ ਸਮੇਂ ਅਖਬਾਰਾਂ ਅਤੇ ਟੀਵੀ ਚੈਨਲ ਆਪਣੇ ਮੂਲ ਰੂਪ ਦੇ ਨਾਲ ਨਾਲ ਵੱਖ-ਵੱਖ ਤਰ੍ਹਾਂ ਦੇ ਡਿਜੀਟਲ ਪਲੇਟਫਾਰਮ ਵੀ ਵਰਤਦੇ ਹਨ। ਇਸ ਨਾਲ ਅਖਬਾਰ ਅਤੇ ਟੀਵੀ ਚੈਨਲ ਵੀ ਆਈ.ਟੀ. ਨਿਯਮਾਂ ਦੀ ਜੱਦ 'ਚ ਆ ਜਾਂਦੇ ਹਨ। ਆਈ.ਟੀ. ਨਿਯਮ 12 'ਚ ਇਕ ਜਾਂ ਇਸ ਤੋਂ ਵੱਧ ਸਵੈ-ਨਿਯਮਤ ਸੰਸਥਾਵਾਂ ਬਣਾਉਣ ਲਈ ਕਿਹਾ ਗਿਆ ਹੈ। ਨਿਯਮ 16 ਤਹਿਤ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਨੂੰ ਆਰਜ਼ੀ ਤੌਰ 'ਤੇ ਕਿਸੇ ਵੀ ਪ੍ਰਸਾਰਨ 'ਤੇ ਰੋਕ ਲਾਉਣ ਦੇ ਅਧਿਕਾਰ ਹਨ। ਦੇਸ਼ ਵਿਚ ਬਣ ਰਿਹਾ ਮਾਹੌਲ ਤਾਕਤਾਂ ਦੇ ਕੇਂਦਰੀਕਰਨ ਵਾਲਾ ਹੈ। ਬਹੁਤ ਸਾਰੇ ਸਿਆਸੀ ਮਾਹਿਰ ਤੇ ਚਿੰਤਕ ਇਸ ਨੂੰ ਅਣਐਲਾਨੀ ਐਮਰਜੈਂਸੀ ਵਾਲੇ ਹਾਲਾਤ ਕਹਿ ਰਹੇ ਹਨ।

## ਕਿਸਾਨਾਂ ਨੇ ਉਦਘਾਟਨ ਕਰਨ ਆਇਆ ਕਾਂਗਰਸੀ ਵਿਧਾਇਕ ਘੇਰਿਆ

**ਫਾਜ਼ਿਲਕਾ:** ਜ਼ਿਲ੍ਹੇ ਦੇ ਵੱਡੇ ਪਿੰਡ ਲਾਧੂਕਾ ਵਿਚ ਇੰਟਰਲਾਕ ਟਾਈਲਾਂ ਸਮੇਤ ਹੋਰ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਆਏ ਹਾਕਮ ਧਿਰ ਦੇ ਵਿਧਾਇਕ ਦਵਿੰਦਰ ਘੁਬਾਇਆ ਦਾ ਪਿੰਡ ਵਾਸੀਆਂ ਅਤੇ ਕਿਸਾਨ ਜਥੇਬੰਦੀਆਂ ਨੇ ਘਿਰਾਓ ਕੀਤਾ, ਜਿਸ ਕਾਰਨ ਵਿਧਾਇਕ ਨੂੰ ਪਿੰਡ ਦੀ ਜੂਹ ਤੋਂ ਹੀ ਮੁੜਨਾ ਪਿਆ। ਪਿੰਡ ਲਾਧੂਕਾ ਵਿਚ ਕਿਸਾਨ ਜਥੇਬੰਦੀਆਂ ਅਤੇ ਪਿੰਡ ਵਾਸੀਆਂ ਨੇ ਕਿਸੇ ਵੀ ਸਿਆਸੀ ਧਿਰ ਦੇ ਆਗੂ ਦੇ ਦਾਖਲੇ 'ਤੇ ਰੋਕ ਦੇ ਬੋਰਡ ਲਾਏ ਹੋਏ ਹਨ। ਇਸ ਦੇ ਬਾਵਜੂਦ ਪਿੰਡ ਦੇ ਗੁਰਦੁਆਰੇ ਤੋਂ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਦੇ ਆਉਣ ਦੀ ਸੂਚਨਾ ਦਿੱਤੀ ਗਈ, ਜਿਉਂ ਹੀ ਕਾਂਗਰਸੀ ਵਿਧਾਇਕ ਲਾਧੂਕਾ ਦਾਖਲ ਹੋਏ ਤਾਂ ਪਿੰਡ ਵਾਸੀਆਂ ਅਤੇ ਕਿਸਾਨ ਜਥੇਬੰਦੀ ਦੇ ਨੁਮਾਇੰਦਿਆਂ ਨੇ ਪਿੰਡ ਦੇ ਬਾਹਰਵਾਰ ਕਾਲੀਆਂ ਝੰਡੀਆਂ ਦਿਖਾਉਂਦਿਆਂ ਕੇਂਦਰ ਅਤੇ ਸੂਬਾ ਸਰਕਾਰ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਕਿਸਾਨਾਂ ਨੇ ਕਿਹਾ ਕਿ ਜਦੋਂ ਤੱਕ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ, ਪਿੰਡ ਵਿਚ ਕਿਸੇ ਵੀ ਸਿਆਸੀ ਧਿਰ ਦੇ ਆਗੂ ਨੂੰ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਸੱਤ ਮਹੀਨਿਆਂ ਤੋਂ ਕਿਸਾਨ ਦਿੱਲੀ ਦੀਆਂ ਬਰੂੰਹਾਂ 'ਤੇ ਸੰਘਰਸ਼ ਕਰ ਰਹੇ ਹਨ ਪਰ ਸਿਆਸੀ ਆਗੂਆਂ ਨੂੰ ਪਿੰਡਾਂ ਵਿਚ ਆਪਣਾ ਵੋਟ ਬੈਂਕ ਪੱਕਾ ਕਰਨ ਦੀ ਪਈ ਹੋਈ ਹੈ।

# ਕੈਨੇਡਾ ਦੇ ਇਕ ਹੋਰ ਸਕੂਲ 'ਚੋਂ ਮਿਲੇ 751 ਬੱਚਿਆਂ ਦੇ ਪਿੰਜਰ

**ਟੋਰਾਂਟੋ:** ਕੈਨੇਡਿਆਈ ਮੂਲ ਵਾਸੀਆਂ ਦੇ ਇਕ ਸਮੂਹ ਦੇ ਮੁਖੀ ਨੇ ਖੁਲਾਸਾ ਕੀਤਾ ਹੈ ਕਿ ਜਾਂਚ ਕਰਤਾਵਾਂ ਨੂੰ ਆਦਿਵਾਸੀ ਬੱਚਿਆਂ ਲਈ ਬਣਾਏ ਇਕ ਪੁਰਾਣੇ ਰਿਹਾਇਸ਼ੀ ਸਕੂਲ 'ਚੋਂ 751 ਅਣਪਛਾਤੀਆਂ ਕਬਰਾਂ ਮਿਲੀਆਂ ਹਨ। ਦੱਸਣਯੋਗ ਹੈ ਕਿ ਪਿਛਲੇ ਮਹੀਨੇ ਇਕ ਹੋਰ ਸਕੂਲ 'ਚ 215 ਕਬਰਾਂ ਮਿਲਣ ਦੀ ਗੱਲ ਸਾਹਮਣੇ ਆਈ ਸੀ। ਕਾਊਸੈਸ ਫਸਟ ਨੇਸ਼ਨਸ ਦੇ ਮੁਖੀ ਕੈਡਮੂਸਨ ਡੇਲਮੋਰ ਨੇ ਇਕ ਪੱਤਰਕਾਰ ਸੰਮੇਲਨ ਦੌਰਾਨ ਇਹ ਖੁਲਾਸਾ ਕੀਤਾ। ਫੈਡਰੇਸ਼ਨ ਆਫ ਸੋਵੇਰੀਅਨ ਇੰਡੀਜੀਨੀਅਸ ਫਸਟ ਨੇਸ਼ਨਸ ਦੇ ਮੁਖੀ ਬੌਬੀ ਕੈਮਰੋਨ ਨੇ ਕਿਹਾ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਕੈਨੇਡਾ ਭਰ 'ਚ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਮੈਦਾਨਾਂ 'ਚ ਹੋਰ ਕਬਰਾਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਇਹ ਮਨੁੱਖਤਾ ਖਿਲਾਫ ਇਕ ਅਪਰਾਧ ਸੀ ਤੇ ਮੂਲ ਕੌਮ 'ਤੇ ਹਮਲਾ। ਉਨ੍ਹਾਂ ਕਿਹਾ ਕਿ ਅਸੀਂ ਉਦੋਂ ਤੱਕ ਨਹੀਂ ਰੁਕਾਂਗੇ ਜਦੋਂ ਤੱਕ ਸਾਨੂੰ ਸਾਰੀਆਂ ਲਾਸ਼ਾਂ ਨਹੀਂ ਮਿਲ ਜਾਂਦੀਆਂ। ਇਹ ਪਿੰਜਰ ਸਸਕੈਚਵਨ ਸੂਬੇ ਦੇ ਰਿਜਾਈਨਾ ਸ਼ਹਿਰ ਦੇ 87 ਮੀਲ ਪੂਰਬ 'ਚ ਸਥਿਤ ਰੈਜ਼ੀਡੈਂਸ਼ੀਅਲ ਸਕੂਲ ਜੋ ਲਗਭਗ ਇਕ ਸਦੀ (1899 ਤੋਂ 1997) ਤੱਕ ਚੱਲਦਾ ਰਿਹਾ, ਵਿਚੋਂ ਮਿਲੇ ਹਨ।



ਡੇਲਮੋਰ ਨੇ ਕਿਹਾ ਕਿ ਇਕ ਸਮੇਂ ਕਬਰਾਂ ਦੀ ਨਿਸ਼ਾਨਦੇਹੀ ਕੀਤੀ ਗਈ ਸੀ, ਪਰ ਸਕੂਲ ਪ੍ਰਸ਼ਾਸਨ ਨੇ ਉਨ੍ਹਾਂ ਨਿਸ਼ਾਨਾਂ ਨੂੰ ਹਟਾ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਇਸ ਨੂੰ ਇਕ ਅਪਰਾਧ ਦੀ ਤਰ੍ਹਾਂ ਦੇਖ ਰਹੇ ਹਾਂ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਬ੍ਰਿਗਿਸ਼ ਕੋਲੰਬੀਆ ਦੇ ਇਕ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਦੇ ਮੈਦਾਨ 'ਚ ਮਿਲੀਆਂ ਕਬਰਾਂ 'ਚੋਂ 215 ਬੱਚਿਆਂ ਦੇ ਪਿੰਜਰ ਮਿਲਣ ਦਾ ਮਾਮਲਾ ਸਾਹਮਣੇ ਆਇਆ ਸੀ। ਦੋਵੇਂ ਸਕੂਲ ਇਕ ਅਜਿਹੀ ਵਿਵਸਥਾ ਦਾ ਹਿੱਸਾ ਸਨ, ਜੋ ਦੇਸ਼ ਦੇ ਮੂਲ ਵਾਸੀਆਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ 'ਚੋਂ ਬਲ ਦਾ ਪ੍ਰਯੋਗ ਕਰਕੇ ਲੈ ਜਾਂਦੇ ਸਨ ਤੇ ਉਨ੍ਹਾਂ ਨੂੰ ਉਕਤ ਰੈਜ਼ੀਡੈਂਸ਼ੀਅਲ ਸਕੂਲਾਂ 'ਚ ਰੱਖਦੇ ਸਨ। ਇਕ ਰਾਸ਼ਟਰੀ ਸੱਚਾਈ ਤੇ ਮੇਲ ਮਿਲਾਪ ਆਯੋਗ ਨੇ ਇਸ ਪ੍ਰਥਾ ਨੂੰ ਸੱਭਿਆਚਾਰਕ ਨਸਲਕੁਸ਼ੀ ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ 'ਚੋਂ ਕਈ ਬੱਚੇ ਕਦੇ ਆਪਣੇ ਘਰ ਨਹੀਂ ਪਰਤ ਸਕੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਬਾਰੇ ਸਿਰਫ ਝੂਠੀ ਜਾਣਕਾਰੀ ਦਿੱਤੀ ਗਈ ਸੀ ਜਾਂ ਬਿਲਕੁਲ ਵੀ ਨਹੀਂ ਦੱਸਿਆ ਗਿਆ ਸੀ। ਹੁਣ ਵੱਡੀ ਗਿਣਤੀ 'ਚ ਬੇਨਾਮੀ ਕਬਰਾਂ ਮਿਲਣ ਦੀਆਂ ਖਬਰਾਂ ਨਾਲ ਦੇਸ ਭਰ 'ਚ ਇਕ ਵਾਰ ਫਿਰ ਮੂਲ ਵਾਸੀਆਂ ਦੀ ਨਸਲ ਖਤਮ ਕਰਨ ਵਾਲੇ ਇਸ ਇਤਿਹਾਸਕ ਕਾਲੇ ਵਰਤਾਰੇ ਨੂੰ ਸਰਕਾਰ ਵਲੋਂ ਨਸਲਕੁਸ਼ੀ ਵਜੋਂ ਮਾਨਤਾ ਦੇਣ ਦੀ ਮੰਗ ਜੋਰ ਫੜ ਰਹੀ ਹੈ।

# ਟਰੰਪ ਨੇ ਚੋਣਾਂ 'ਚ ਹੇਰ-ਫੇਰ ਦਾ ਮੁੜ ਰੌਲਾ ਪਾਇਆ

**ਓਹਾਇਓ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਕ ਰੈਲੀ ਵਿਚ ਮੁੜ ਚੋਣਾਂ ਸਬੰਧੀ ਆਪਣੀਆਂ ਬੇਬੁਨਿਆਦ ਸ਼ਿਕਾਇਤਾਂ ਸੁਣਾਈਆਂ। ਇਸ ਦੇ ਨਾਲ ਹੀ ਉਸ ਨੇ ਕਿਹਾ ਕਿ ਮੁਲਕ ਡੈਮੋਕਰੈਟਾਂ ਦੀ ਸੱਤਾ 'ਚ ਹੇਠਾਂ ਵੱਲ ਨੂੰ ਜਾ ਰਿਹਾ ਹੈ। ਵਾਈਟ ਹਾਊਸ ਛੱਡਣ ਤੋਂ ਬਾਅਦ ਟਰੰਪ ਦੀ ਚੋਣਾਂ ਵਰਗੀ ਇਹ ਪਹਿਲੀ ਰੈਲੀ ਸੀ।

ਟਰੰਪ ਦਾ ਮੰਤਵ ਆਪਣੇ ਉਨ੍ਹਾਂ ਰਿਪਬਲੀਕਨ ਸਾਥੀਆਂ ਨੂੰ ਨਿਸ਼ਾਨਾ ਬਣਾਉਣਾ ਵੀ ਸੀ ਜਿਨ੍ਹਾਂ ਮਹਾਂਦੋਸ਼ ਦੀ ਕਾਰਵਾਈ ਦੌਰਾਨ ਉਸ ਦੇ ਖਿਲਾਫ ਵੋਟ ਪਾਈ ਸੀ। ਕਲੀਵਲੈਂਡ ਨੇੜੇ ਕੀਤੀ ਗਈ ਇਸ ਰੈਲੀ ਵਿਚ ਡੋਨਲਡ ਟਰੰਪ ਨੇ ਮੈਕਸ ਮਿਲਰ ਦੀ ਹਮਾਇਤ ਕੀਤੀ ਜੋ ਕਿ ਰਿਪਬਲੀਕਨ ਐਂਥਨੀ ਗੋਂਜ਼ਾਲੇਜ਼ ਨੂੰ ਕਾਂਗਰੈਸ਼ਨਲ ਸੀਟ ਲਈ ਚੁਣੌਤੀ ਦੇ ਰਹੇ ਹਨ। ਮਿਲਰ ਵਾਈਟ ਹਾਊਸ ਵਿਚ ਟਰੰਪ ਦੇ ਨਾਲ ਕੰਮ ਕਰ ਚੁੱਕੇ ਹਨ। ਗੋਂਜ਼ਾਲੇਜ਼ ਨੇ ਮਹਾਂਦੋਸ਼ ਦੀ ਕਾਰਵਾਈ ਦੌਰਾਨ ਟਰੰਪ ਦੇ ਖਿਲਾਫ ਵੋਟਿੰਗ ਕੀਤੀ ਸੀ। ਸਾਬਕਾ ਰਾਸ਼ਟਰਪਤੀ ਟਰੰਪ ਨੇ ਇਕ ਵਾਰ ਫੇਰ 3 ਨਵੰਬਰ,



2020 ਦੇ ਉਨ੍ਹਾਂ ਚੋਣ ਨਤੀਜਿਆਂ ਨੂੰ ਚੁਣੌਤੀ ਦਿੱਤੀ ਜਿਨ੍ਹਾਂ ਵਿਚ ਡੈਮੋਕਰੈਟਿਕ ਜੋਅ ਬਾਇਡਨ ਨੇ ਜਿੱਤ ਦਰਜ ਕੀਤੀ ਸੀ। ਰੈਲੀ ਦੌਰਾਨ ਟਰੰਪ ਦੇ ਹਮਾਇਤੀਆਂ ਨੇ ਸ਼ਹਿਰ ਵਿਚ ਉਸ ਦੇ ਸਮਰਥਨ ਵਿਚ ਕਈ ਪੋਸਟਰ ਵੀ ਲਾਏ ਸਨ। ਦੱਸਣਯੋਗ ਹੈ ਕਿ ਟਰੰਪ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਮੈਨਹਟਨ ਦੇ ਵਕੀਲਾਂ ਨੇ ਟਰੰਪ ਦੀ ਕੰਪਨੀ ਨੂੰ ਜਾਣੂ ਕਰਵਾਇਆ ਹੈ ਕਿ ਸਾਬਕਾ ਰਾਸ਼ਟਰਪਤੀ ਦੇ ਕਾਰੋਬਾਰੀ ਸੌਦਿਆਂ ਲਈ ਕੰਪਨੀ ਨੂੰ ਅਪਰਾਧਿਕ ਦੋਸ਼ਾਂ ਦਾ ਜਲਦੀ ਸਾਹਮਣਾ ਕਰਨਾ ਪੈ ਸਕਦਾ ਹੈ। ਟਰੰਪ ਨੇ ਕਿਹਾ ਹੈ ਕਿ ਇਹ ਕਾਰਵਾਈ ਉਸ ਨੂੰ ਸਿਆਸੀ ਤੌਰ 'ਤੇ ਨੁਕਸਾਨ ਪਹੁੰਚਾਉਣ ਲਈ ਕੀਤੀ ਜਾ ਰਹੀ ਹੈ।

# ਦੋ ਸਰਕਾਰੀ ਬੈਂਕਾਂ ਦੇ ਨਿੱਜੀਕਰਨ ਲਈ ਕਾਰਵਾਈ ਤੇਜ਼

**ਨਵੀਂ ਦਿੱਲੀ:** ਸਰਕਾਰ ਜਨਤਕ ਖੇਤਰ ਦੇ ਦੋ ਬੈਂਕਾਂ ਦੇ ਨਿੱਜੀਕਰਨ ਵੱਲ ਵਧ ਰਹੀ ਹੈ। ਇਸ ਮੁੱਦੇ ਉਤੇ ਕੈਬਨਿਟ ਸਕੱਤਰ ਦੀ ਪ੍ਰਧਾਨਗੀ ਹੇਠ ਹਾਲ ਹੀ ਵਿਚ ਉੱਚ ਪੱਧਰੀ ਮੀਟਿੰਗ ਕੀਤੀ ਗਈ, ਜਿਸ ਵਿਚ ਵੱਖਰੇ ਨਿਯਮ ਅਤੇ ਪ੍ਰਬੰਧਕੀ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕੀਤੇ ਗਏ। ਇਸ ਦਾ ਐਲਾਨ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਆਪਣੇ 2021 ਦੇ ਬਜਟ ਭਾਸ਼ਣ ਦੌਰਾਨ ਕੀਤਾ ਸੀ, ਜਿਸ ਤੋਂ ਬਾਅਦ ਨੀਤੀ ਆਯੋਗ ਨੇ ਅਪਰੈਲ ਵਿਚ ਨਿੱਜੀਕਰਨ ਲਈ ਕੁਝ ਬੈਂਕਾਂ ਦੇ ਨਾਮ ਪੇਸ਼ ਕੀਤੇ, ਜੋ ਕੈਬਨਿਟ ਸਕੱਤਰ ਦੀ ਅਗਵਾਈ ਵਿਚ ਨਿਵੇਸ਼ ਬਾਰੇ ਸਮੂਹ ਦੇ ਸਕੱਤਰਾਂ ਨੂੰ ਦਿੱਤੇ ਗਏ ਸਨ। 24 ਜੂਨ ਨੂੰ ਹੋਈ ਬੈਠਕ ਵਿਚ ਨੀਤੀ ਆਯੋਗ ਦੀਆਂ ਸਿਫਾਰਸ਼ਾਂ 'ਤੇ ਵਿਚਾਰ ਕੀਤਾ ਗਿਆ। ਸਬੰਧਤ ਬੈਂਕਾਂ ਦੇ ਕਰਮਚਾਰੀਆਂ ਦੇ ਹਿੱਤਾਂ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ। ਸੈਂਟਰਲ ਬੈਂਕ ਆਫ ਇੰਡੀਆ ਅਤੇ ਇੰਡੀਅਨ ਓਵਰਸੀਜ਼ ਬੈਂਕ ਦਾ ਨਿੱਜੀਕਰਨ ਹੋ ਸਕਦਾ ਹੈ।

# ਪੈਟਰੋਲ-ਡੀਜ਼ਲ ਕੀਮਤਾਂ: ਸਰਕਾਰ ਆਮ ਲੋਕਾਂ ਨੂੰ ਰਾਹਤ ਦੇਣ ਤੋਂ ਮੁੱਕਰੀ

**ਨਵੀਂ ਦਿੱਲੀ:** ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਆਏ ਦਿਨ ਨਵੇਂ ਰਿਕਾਰਡ ਬਣਾ ਰਹੀਆਂ ਹਨ। ਹੁਣ ਪੰਜਾਬ ਵੀ ਉਨ੍ਹਾਂ ਸੂਬਿਆਂ ਵਿਚ ਸ਼ਾਮਲ ਹੋ ਗਿਆ ਹੈ ਜਿਥੇ ਪੈਟਰੋਲ 100 ਰੁਪਏ ਤੋਂ ਪਾਰ ਹੋ ਗਿਆ ਹੈ। ਪਿਛਲੇ ਦੋ ਮਹੀਨਿਆਂ 'ਚ ਤੇਲ ਕੀਮਤਾਂ 'ਚ ਇਹ 31ਵੀਂ ਵਾਰ ਵਾਧਾ ਕੀਤਾ ਗਿਆ ਹੈ। ਦੇਸ਼ 'ਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਇਸ ਸਮੇਂ ਹੁਣ ਤੱਕ ਸਭ ਤੋਂ ਉੱਚੇ ਪੱਧਰ 'ਤੇ ਹਨ। ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਿਲੰਗਾਨਾ, ਕਰਨਾਟਕ, ਜੰਮੂ ਕਸ਼ਮੀਰ, ਉੜੀਸਾ, ਤਾਮਿਲ ਨਾਡੂ ਤੇ ਲੱਦਾਖ ਤੋਂ ਬਾਅਦ ਹੁਣ ਪੰਜਾਬ ਤੇ ਬਿਹਾਰ ਦੇ ਕਈ ਸ਼ਹਿਰਾਂ 'ਚ ਪੈਟਰੋਲ ਸੌ ਰੁਪਏ ਪ੍ਰਤੀ ਲਿਟਰ ਹੋ ਗਿਆ ਹੈ। ਪਟਨਾ 'ਚ ਪੈਟਰੋਲ 100.47 ਤੇ ਡੀਜ਼ਲ 94.24 ਰੁਪਏ ਫੀ ਲਿਟਰ ਹੈ। ਮੁੰਬਈ, ਹੈਦਰਾਬਾਦ ਤੇ ਬੰਗਲੂਰੂ 'ਚ ਪੈਟਰੋਲ ਪਹਿਲਾਂ ਹੀ ਸੌ ਰੁਪਏ ਫੀ ਲਿਟਰ ਤੋਂ ਉੱਪਰ ਚੱਲ ਰਿਹਾ ਹੈ। ਰਾਜਸਥਾਨ ਦੇ ਸ੍ਰੀਗੰਗਾਨਗਰ ਤੇ ਹਨੂਮਾਨਗੜ੍ਹ ਦੇ ਨਾਲ ਨਾਲ ਉੜੀਸਾ ਦੀਆਂ ਕੁਝ ਥਾਵਾਂ 'ਤੇ ਡੀਜ਼ਲ ਸੌ ਰੁਪਏ ਤੋਂ ਵੱਧ ਮਹਿੰਗਾ ਵਿਕ ਰਿਹਾ ਹੈ। ਚਾਰ ਮਈ ਤੋਂ ਬਾਅਦ 31ਵੀਂ ਵਾਰ ਵਾਧੇ ਨਾਲ ਹੁਣ ਤੱਕ ਪੈਟਰੋਲ 8.06 ਤੇ ਡੀਜ਼ਲ 8.37 ਰੁਪਏ ਪ੍ਰਤੀ ਲਿਟਰ ਮਹਿੰਗਾ ਹੋ ਚੁੱਕਾ ਹੈ।

ਹਾਲਾਤ ਇਹ ਹਨ ਕਿ ਤੇਲ ਕੀਮਤਾਂ ਵਿਚ ਵਾਧੇ ਨਾਲ ਕਾਰਪੋਰੇਟ ਘਰਾਣਿਆਂ ਅਤੇ ਸਰਕਾਰ ਦੇ ਖਜ਼ਾਨੇ ਭਰਪੂਰ ਹੋ ਰਹੇ ਹਨ ਪਰ ਆਮ ਲੋਕ ਮਹਿੰਗਾਈ ਦੇ ਕਹਿਰ ਹੇਠ ਜ਼ਿੰਦਗੀ ਕੱਟਣ ਲਈ ਮਜਬੂਰ ਹਨ। 4 ਮਈ ਤੋਂ 26 ਜੂਨ ਤੱਕ ਤੀਹ ਵਾਰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਵਾਧਾ ਹੋ ਚੁੱਕਾ ਹੈ। ਬਾਰਾਂ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਪੈਟਰੋਲ 100 ਰੁਪਏ ਅਤੇ ਡੀਜ਼ਲ 90 ਰੁਪਏ ਲਿਟਰ ਪਾਰ ਕਰ ਚੁੱਕਾ ਹੈ। ਹੋਰ ਵਾਧਾ ਹੋਣ ਦੀਆਂ ਸੰਭਾਵਨਾਵਾਂ ਦਰਸਾਈਆਂ ਜਾ ਰਹੀਆਂ ਹਨ। ਮੋਦੀ ਸਰਕਾਰ ਦੇ ਪਹਿਲੇ ਵਿੱਤੀ ਸਾਲ, ਭਾਵ 2014-15 ਵਿਚ ਸਰਕਾਰ ਨੂੰ ਪੈਟਰੋਲ ਅਤੇ ਡੀਜ਼ਲ ਤੋਂ 74158 ਕਰੋੜ ਰੁਪਏ ਆਬਕਾਰੀ ਡਿਊਟੀ ਦੇ ਤੌਰ ਉੱਤੇ ਮਿਲੇ ਸਨ। ਆਬਕਾਰੀ ਡਿਊਟੀ ਵਿਚ ਵਾਧੇ ਕਾਰਨ ਜਨਵਰੀ 2021 ਵਿਚ ਲਗਾਏ ਅਨੁਮਾਨ ਅਨੁਸਾਰ ਸਰਕਾਰੀ ਖਜ਼ਾਨੇ ਵਿਚ 2.94 ਲੱਖ ਕਰੋੜ ਰੁਪਏ ਜਮ੍ਹਾਂ ਹੋ ਗਏ। ਇਸ ਤੋਂ ਪਿੱਛੋਂ ਹੋਏ ਵਾਧੇ ਨਾਲ ਮੌਜੂਦਾ ਵਿੱਤੀ ਸਾਲ ਦੌਰਾਨ ਕੇਂਦਰ ਸਰਕਾਰ ਨੂੰ ਪੈਟਰੋਲ ਅਤੇ ਡੀਜ਼ਲ ਤੋਂ 3.60 ਲੱਖ ਕਰੋੜ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ।



ਕਰੋਨਾ ਦੇ ਆਰਥਿਕ ਸੰਕਟ ਦੇ ਬਹਾਨੇ ਮੋਦੀ ਸਰਕਾਰ ਨੇ ਮਾਰਚ ਅਤੇ ਮਈ 2020 ਦੌਰਾਨ ਹੀ ਆਬਕਾਰੀ ਡਿਊਟੀ ਪੈਟਰੋਲ ਉੱਤੇ 13 ਅਤੇ ਡੀਜ਼ਲ ਉਤੇ 16 ਰੁਪਏ ਪ੍ਰਤੀ ਲਿਟਰ ਵਧਾ ਦਿੱਤੀ ਸੀ। ਸੂਬਾ ਸਰਕਾਰਾਂ ਦਾ ਵੈਟ ਵੀ 22 ਤੋਂ 25 ਫੀਸਦੀ ਤੱਕ ਵਸੂਲ ਕੀਤਾ ਜਾਂਦਾ ਹੈ। ਇਸ ਤਰ੍ਹਾਂ ਤੇਲ ਦੀ ਅਸਲ ਕੀਮਤ ਉਤੇ ਲਗਭਗ 60 ਫੀਸਦੀ ਤੋਂ ਵੱਧ ਟੈਕਸ ਵਸੂਲੀ ਹੋ ਰਹੀ ਹੈ। ਕੇਂਦਰੀ ਪੈਟਰੋਲੀਅਮ ਮੰਤਰੀ ਧਰਮਿੰਦਰ ਪ੍ਰਧਾਨ ਟੈਕਸ ਨੂੰ ਵਾਜਬ ਠਹਿਰਾਉਂਦਿਆਂ ਕਹਿ ਰਹੇ ਹਨ ਕਿ ਸਰਕਾਰ ਨੂੰ ਲੋਕ ਭਲਾਈ ਸਕੀਮਾਂ ਲਈ ਪੈਸਾ ਚਾਹੀਦਾ ਹੈ। ਇਸ ਤੋਂ ਸਾਫ ਹੈ ਕਿ ਕੇਵਲ ਕੱਚੇ ਮਾਲ ਦੀਆਂ ਕੀਮਤਾਂ ਨਾਲ ਤੇਲ ਵਾਧੇ ਨੂੰ ਜੋੜਨ ਦੀ ਦਲੀਲ ਵਿਚ ਦਮ ਨਹੀਂ ਹੈ। ਇਨਵੈਸਟਮੈਂਟ ਇਨਫਰਮੇਸ਼ਨ ਐਂਡ ਕਰੈਡਿਟ ਰੇਟਿੰਗ ਏਜੰਸੀ ਲਿਮਿਟਡ (ਆਈ.ਸੀ.ਆਰ.ਏ.) ਦਾ ਕਹਿਣਾ ਹੈ ਕਿ ਪੈਟਰੋਲ ਅਤੇ ਡੀਜ਼ਲ ਦੀ ਵਧੀ ਮੰਗ ਨੂੰ ਦੇਖ ਕੇ ਜੇਕਰ ਕੇਂਦਰ ਸਰਕਾਰ ਤੇਲ ਦੀ ਕੀਮਤ ਵਿਚ 4.5 ਰੁਪਏ ਲਿਟਰ ਕਟੌਤੀ ਕਰ ਦੇਵੇ ਤਾਂ ਵੀ ਉਸ ਨੂੰ ਮਾਲੀਏ ਵਿਚ ਕੋਈ ਘਾਟਾ ਨਹੀਂ ਪਵੇਗਾ।

ਰੇਟਿੰਗ ਏਜੰਸੀ ਦੀ ਦਲੀਲ ਹੈ ਕਿ ਸਰਕਾਰ ਨੇ ਆਬਕਾਰੀ ਡਿਊਟੀ ਤੋਂ ਚਾਲੂ ਵਿੱਤੀ ਸਾਲ ਦੌਰਾਨ 3.20 ਲੱਖ ਕਰੋੜ ਰੁਪਏ ਦਾ ਮਾਲੀਆ ਇਕੱਠਾ ਕਰਨ ਦਾ ਟੀਚਾ ਰੱਖਿਆ ਹੈ। ਨਵੇਂ ਕੀਮਤ ਵਾਧੇ ਨਾਲ ਸਰਕਾਰ ਨੂੰ 3.60 ਲੱਖ ਕਰੋੜ ਰੁਪਏ ਮਾਲੀਆ ਮਿਲਣ ਦਾ ਅਨੁਮਾਨ ਹੈ। ਇਸ ਲਈ ਜੇਕਰ 4.5 ਰੁਪਏ ਲਿਟਰ ਕਟੌਤੀ ਹੁੰਦੀ ਹੈ ਤਾਂ ਕੇਵਲ 40 ਹਜ਼ਾਰ ਕਰੋੜ ਘੱਟ ਵਸੂਲੀ ਹੋਵੇਗੀ ਅਤੇ ਸਰਕਾਰ ਦਾ ਪੁਰਾਣਾ ਟੀਚਾ ਵੀ ਪੂਰਾ ਹੋ ਜਾਵੇਗਾ। ਤੇਲ ਕੀਮਤਾਂ ਨਾਲ ਹਰ ਜ਼ਰੂਰੀ ਵਸਤੂ ਦੀ ਮਹਿੰਗਾਈ ਵਧ ਜਾਂਦੀ ਹੈ। ਇਸ ਦੇ ਬਾਵਜੂਦ ਦੇਸ਼ ਭਰ ਵਿਚ ਵਿਰੋਧੀ ਸਿਆਸੀ ਧਿਰਾਂ ਕੇਵਲ ਬਿਆਨ ਜਾਰੀ ਕਰ ਕੇ ਹਾਜ਼ਰੀ ਲਗਵਾਉਣ ਤੱਕ ਸੀਮਤ ਹਨ।

## ਪੈਟਰੋਲ ਡੀਜ਼ਲ 'ਤੇ ਟੈਕਸ ਲੋਕਾਂ ਦੀ ਲੁੱਟ: ਪ੍ਰਿਯੰਕਾ

**ਨਵੀਂ ਦਿੱਲੀ:** ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਨੇ ਪੈਟਰੋਲੀਅਮ ਉਤਪਾਦਾਂ ਦੀਆਂ ਵਧਦੀਆਂ ਕੀਮਤਾਂ ਨੂੰ ਲੈ ਕੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਤੇ ਪੁੱਛਿਆ ਕਿ ਸਰਕਾਰ ਪੈਟਰੋਲ-ਡੀਜ਼ਲ 'ਤੇ ਟੈਕਸ ਨੂੰ ਲੋਕਾਂ ਦੀ ਲੁੱਟ ਦਾ ਜ਼ਰੀਆ ਕਿਉਂ ਬਣਾ ਰਹੀ ਹੈ? ਕਾਂਗਰਸ ਦੀ ਜਨਰਲ ਸਕੱਤਰ ਨੇ ਫੇਸਬੁੱਕ 'ਤੇ ਕਿਹਾ ਕਿ ਜਦੋਂ ਸਾਲ 2013 'ਚ ਕੌਮਾਂਤਰੀ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ 101 ਡਾਲਰ ਪ੍ਰਤੀ ਬੈਰਲ ਸਨ ਤਾਂ ਉਸ ਸਮੇਂ ਦੇਸ਼ ਦੇ ਲੋਕਾਂ ਨੂੰ ਪੈਟਰੋਲ 66 ਰੁਪਏ ਤੇ ਡੀਜ਼ਲ 51 ਰੁਪਏ ਪ੍ਰਤੀ ਲਿਟਰ ਦੇ ਹਿਸਾਬ ਨਾਲ ਮਿਲਦਾ ਸੀ। ਉਨ੍ਹਾਂ ਕਿਹਾ ਕਿ ਇਸ ਸਮੇਂ ਕੇਂਦਰ ਸਰਕਾਰ ਪੈਟਰੋਲ 'ਤੇ 33 ਰੁਪਏ ਤੇ ਡੀਜ਼ਲ 'ਤੇ 32 ਰੁਪਏ ਟੈਕਸ ਵਸੂਲ ਰਹੀ ਹੈ। ਭਾਜਪਾ ਸਰਕਾਰ ਨੇ ਪੈਟਰੋਲ ਤੇ ਡੀਜ਼ਲ 'ਤੇ 12 ਗੁਣਾਂ ਟੈਕਸ ਵਧਾ ਦਿੱਤਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 3 ਜੁਲਾਈ 2021*

# ਪੰਜਾਬ ਦੀ ਸਿਆਸੀ ਸਰਗਰਮੀ

ਪੰਜਾਬ ਚਿਰਾਂ ਤੋਂ ਤਬਦੀਲੀ ਲਈ ਅਹੁਲ ਰਿਹਾ ਹੈ ਪਰ ਫਿਲਹਾਲ ਕਿਤੇ ਪੈਰ ਨਹੀਂ ਅੜ ਰਿਹਾ। ਅਸਲ ਵਿਚ ਕਾਇਰ ਸਿਆਸਤ ਨੇ ਇਸ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹੋਈਆਂ ਹਨ। ਉਪਰੋਂ ਸਿਤਮਜ਼ਰੀਫੀ ਇਹ ਹੈ ਕਿ ਇਸ ਪਾਸੇ ਕੋਈ ਬੰਨ੍ਹ-ਸੁਬ ਕਰਨ ਦੀ ਬਜਾਇ ਸਭ ਸਿਆਸਤਦਾਨ ਚੋਣਾਂ ਲੜਨ ਅਤੇ ਜਿੱਤਣ ਦੇ ਚੱਕਰਵਿਊਹ ਵਿਚ ਫਸੇ ਹੋਏ ਹਨ। ਕਿਸੇ ਵਿਦਵਾਨ ਨੇ ਬਿਲਕੁਲ ਠੀਕ ਹੀ ਕਿਹਾ ਹੈ ਕਿ ਸਿਆਸਤਦਾਨ ਸਿਰਫ ਅਗਲੀਆਂ ਚੋਣਾਂ ਬਾਰੇ ਸੋਚਦੇ ਹਨ ਪਰ ਸਟੇਟਸਮੈਨ ਸਦਾ ਹੀ ਅਗਲੀਆਂ ਪੀੜ੍ਹੀਆਂ ਬਾਰੇ ਸੋਚਦੇ ਵਿਚਾਰਦੇ ਅਤੇ ਇਸੇ ਹਿਸਾਬ ਨਾਲ ਆਪਣੀ ਸਿਆਸਤ ਕਰਦੇ ਹਨ। ਪੰਜਾਬ ਵਿਚ ਅਗਲੀਆਂ ਵਿਧਾਨ ਸਭਾ ਚੋਣਾਂ ਅਗਲੇ ਸਾਲ ਫਰਵਰੀ-ਮਾਰਚ ਵਿਚ ਹੋਣੀਆਂ ਹਨ ਪਰ ਵੱਖ-ਵੱਖ ਰੰਗਾਂ ਦੀਆਂ ਸਿਆਸੀ ਪਾਰਟੀਆਂ ਤੇ ਆਗੂ ਹੁਣ ਦਿਸਣੇ ਸ਼ੁਰੂ ਹੋ ਗਏ ਹਨ। ਪਿਛਲੇ ਇਕ ਸਾਲ ਤੋਂ ਸੂਬਾ ਕਰੋਨਾ ਵਾਇਰਸ ਕਾਰਨ ਵੱਖ-ਵੱਖ ਸੰਕਟਾਂ ਨਾਲ ਜੂਝਦਾ ਰਿਹਾ ਪਰ ਕਿਸੇ ਵੀ ਪਾਰਟੀ ਦੇ ਆਗੂ ਲੋੜਵੰਦ ਲੋਕਾਂ ਦੀ ਮਦਦ ਕਰਦੇ ਨਜ਼ਰ ਨਹੀਂ ਆਏ। ਇਸੇ ਤਰ੍ਹਾਂ ਪਿਛਲੇ ਕਰੀਬ ਇਕ ਸਾਲ ਤੋਂ ਹੀ ਕਿਸਾਨਾਂ ਦਾ ਅੰਦੋਲਨ ਚੱਲ ਰਿਹਾ ਹੈ ਪਰ ਕਿਸੇ ਵੀ ਸਿਆਸਤਦਾਨ ਨੇ ਇਸ ਅੰਦੋਲਨ ਨੂੰ ਅਗਾਂਹ ਲਿਜਾਣ ਬਾਰੇ ਨਹੀਂ ਸੋਚਿਆ। ਇਹ ਵੱਖਰੀ ਗੱਲ ਹੈ ਕਿ ਕਿਸਾਨ ਲੀਡਰਸ਼ਿਪ ਨੇ ਆਪਣੀ ਰਣਨੀਤੀ ਤਹਿਤ ਸਿਆਸੀ ਆਗੂਆਂ ਜਾਂ ਪਾਰਟੀਆਂ ਨੂੰ ਨੇੜੇ ਨਹੀਂ ਲੱਗਣ ਦਿੱਤਾ ਪਰ ਕਿਸਾਨਾਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਹੱਲ ਕੱਢਣ ਤੋਂ ਇਨ੍ਹਾਂ ਆਗੂਆਂ ਜਾਂ ਪਾਰਟੀਆਂ ਨੂੰ ਕਿਸ ਨੇ ਰੋਕਿਆ ਸੀ? ਉਹ ਆਪਣੇ ਪੱਧਰ 'ਤੇ ਕਿਸਾਨਾਂ ਜਾਂ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰ ਹੀ ਸਕਦੇ ਸਨ ਪਰ ਉਨ੍ਹਾਂ ਅਜਿਹਾ ਕੀਤਾ ਨਹੀਂ ਅਤੇ ਕਰਨਾ ਵੀ ਨਹੀਂ, ਕਿਉਂਕਿ ਉਨ੍ਹਾਂ ਦੀ ਸਿਆਸਤ ਦੀ ਸੀਮਾ ਸਿਰਫ ਵੋਟ ਸਿਆਸਤ ਤੱਕ ਸਿਮਟ ਕੇ ਰਹਿ ਗਈ ਹੈ। ਇਸੇ ਕਰਕੇ ਜਦੋਂ ਜਦੋਂ ਵੋਟਾਂ ਨੇੜੇ ਆਉਂਦੀਆਂ ਹਨ, ਅਜਿਹੇ ਸਿਆਸੀ ਆਗੂ ਜਾਂ ਪਾਰਟੀਆਂ ਝੱਟ ਨਮੂਦਾਰ ਹੋ ਜਾਂਦੀਆਂ ਹਨ; ਲੋਕਾਂ ਨਾਲ ਵਾਅਦੇ ਕਰਦੀਆਂ ਹਨ; ਨਾਲ ਹੀ ਆਪਣੀ ਚੰਗੀ ਸਿਆਸਤ ਦੇ ਦਾਅਵੇ ਵੀ ਕਰਦੀਆਂ ਹਨ।

ਦਹਾਕਿਆਂ ਤੋਂ ਪੰਜਾਬ ਦੀ ਗੱਡੀ ਲੀਹ 'ਤੇ ਨਹੀਂ ਚੜ੍ਹ ਰਹੀ। ਸੂਬੇ ਅੰਦਰ ਲੋਕਾਂ ਲਈ ਲੋੜੀਂਦੇ ਦੋ ਅਹਿਮ ਖੇਤਰਾਂ- ਸਿਹਤ ਅਤੇ ਸਿੱਖਿਆ, ਦਾ ਬੁਰਾ ਹਾਲ ਹੈ। ਸਿਹਤ ਢਾਂਚੇ ਦਾ ਪੋਲ ਇਕ ਸਾਲ ਤੋਂ ਮਾਰ ਕਰ ਰਹੇ ਕਰੋਨਾ ਵਾਇਰਸ ਨੇ ਖੋਲ੍ਹ ਦਿੱਤਾ ਹੈ ਅਤੇ ਇਸ ਦੌਰਾਨ ਸਿੱਖਿਆ ਢਾਂਚਾ ਜਿਹੜਾ ਪਹਿਲਾਂ ਹੀ ਹਾਲੋਂ-ਬੇਹਾਲ ਸੀ, ਹੋਰ ਵੀ ਰਸਾਤਲ ਵੱਲ ਖਿਸਕ ਗਿਆ ਹੈ। ਸਰਕਾਰੀ ਅਧਿਕਾਰੀਆਂ ਨੇ ਭਾਵੇਂ ਸਿੱਖਿਆ ਦੇ ਖੇਤਰ ਵਿਚ ਪੰਜਾਬ ਨੂੰ ਅੱਵਲ ਦਿਖਾ ਦਿੱਤਾ ਹੈ ਪਰ ਸਿੱਖਿਆ ਦੇ ਖੇਤਰ ਵਿਚ ਅੱਵਲ ਆਉਣ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਮੁਲੰਕਣ ਕਰਨ ਲਈ ਜਿਹੜੇ ਮਾਪਦੰਡ ਅਪਣਾਏ ਗਏ, ਉਸ ਨਾਲ ਪੰਜਾਬ ਨੂੰ ਅੱਵਲ ਹੀ ਦਰਸਾਇਆ ਜਾਣਾ ਸੀ, ਕਿਉਂਕਿ ਪਿਛਲੇ ਸਾਲਾਂ ਦੌਰਾਨ ਲੋਕਾਂ ਤੋਂ ਪੈਸੇ ਇਕੱਠੇ ਕਰਕੇ ਸਕੂਲਾਂ ਦੀਆਂ ਇਮਾਰਤਾਂ ਸ਼ਿੰਗਾਰਨ ਵੱਲ ਕੁਝ ਵਧੇਰੇ ਹੀ ਧਿਆਨ ਦਿੱਤਾ ਗਿਆ ਹੈ ਜਦਕਿ ਅਸਲ ਮਸਲਾ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਦੀ ਸ਼ਖਸੀਅਤ ਨੂੰ ਨਿਖਾਰਨ ਅਤੇ ਉਨ੍ਹਾਂ ਨੂੰ ਅਗਾਂਹ ਵਧਣ ਦੇ ਯੋਗ ਬਣਾਉਣ ਦਾ ਹੈ। ਉਂਜ, ਵਿਦਿਆਰਥੀਆਂ ਦਾ ਵੱਡਾ ਹਿੱਸਾ ਪ੍ਰਾਈਵੇਟ ਸਕੂਲਾਂ ਵਿਚ ਦਾਖਲ ਹੈ ਅਤੇ ਇਕਸਾਰ ਪੜ੍ਹਾਈ ਲਈ ਸਰਕਾਰ ਦੀ ਆਪਣੀ ਕੋਈ ਨੀਤੀ ਨਹੀਂ ਹੈ। ਜ਼ਾਹਿਰ ਹੈ ਕਿ ਇਨ੍ਹਾਂ ਮਸਲਿਆਂ ਵਾਂਗ ਪੰਜਾਬ ਦੇ ਹੋਰ ਮਸਲਿਆਂ ਬਾਰੇ ਵੀ ਸਭ ਸਿਆਸੀ ਧਿਰਾਂ ਦੀ ਪਹੁੰਚ ਇਸੇ ਤਰ੍ਹਾਂ ਦੀ ਹੈ। ਇਸੇ ਕਰਕੇ ਸਾਰਾ ਢਾਂਚਾ, ਚੋਣ ਢਾਂਚੇ ਨਾਲ ਪੂਰੀ ਤਰ੍ਹਾਂ ਜੁੜ ਗਿਆ ਹੈ। ਕੋਈ ਵੀ ਪਾਰਟੀ ਸਪਸ਼ਟ ਨਹੀਂ ਕਰ ਰਹੀ ਕਿ ਇਸ ਦਾ ਪੰਜਾਬ ਬਾਰੇ ਏਜੰਡਾ ਕੀ ਹੈ। ਪੰਜਾਬ ਵਿਚ ਧਰਤੀ ਹੇਠਲਾ ਲਗਾਤਾਰ ਡੂੰਘਾ ਜਾ ਰਿਹਾ ਹੈ। ਹਰ ਨੌਜਵਾਨ ਵਿਦੇਸ਼ ਉਡਾਰੀ ਮਾਰਨ ਲਈ ਪਾਸਪੋਰਟ ਹੱਥ ਵਿਚ ਲੈ ਕੇ ਫਿਰ ਰਿਹਾ ਹੈ। ਨਸ਼ਿਆਂ ਦੀ ਸਪਲਾਈ ਪੂਰੀ ਤਰ੍ਹਾਂ ਟੁੱਟ ਨਹੀਂ ਰਹੀ।

ਇਨ੍ਹਾਂ ਸਾਰੇ ਹਾਲਾਤ ਦੌਰਾਨ ਸਾਰੀਆਂ ਸਿਆਸੀ ਧਿਰਾਂ ਆਪੋ-ਆਪਣੀ ਸਰਗਰਮੀ ਵਧਾ ਰਹੀਆਂ ਹਨ। ਹੁਣ ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਇਹ ਸਰਗਰਮੀ ਪੰਜਾਬ ਜਾਂ ਪੰਜਾਬ ਦੇ ਲੋਕਾਂ ਦੀ ਭਲਾਈ ਖਾਤਰ ਨਹੀਂ ਸਗੋਂ ਖੁਦ ਚੋਣਾਂ ਵਿਚ ਜਿੱਤ ਹਾਸਲ ਕਰਨ ਲਈ ਹੈ। ਇਸ ਵੇਲੇ ਸਭ ਸਿਆਸੀ ਧਿਰਾਂ ਅਗਲੀਆਂ ਚੋਣਾਂ ਦੇ ਹਿਸਾਬ ਨਾਲ ਆਪੋ-ਆਪਣੀ ਹੋਂਦ ਦੀ ਲੜਾਈ ਲੜ ਰਹੀਆਂ ਹਨ। ਸੱਤਾਧਾਰੀ ਕਾਂਗਰਸ ਪਾਰਟੀ ਦਾ ਅੰਦਰੂਨੀ ਕਲੇਸ਼ ਅਜੇ ਮੁੱਕਣ ਦਾ ਨਾਂ ਨਹੀਂ ਲੈ ਰਿਹਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਪੰਜ ਸਾਲਾ ਕਾਰਜਕਾਲ ਸਾਢੇ ਚਾਰ ਮਹੀਨੇ ਰਾਜਿਆਂ ਵਾਲੇ ਵਿਹਾਰ ਨਾਲ ਲੰਘਾਏ ਹਨ। ਹੁਣ ਵਿਰੋਧੀ ਖੇਮੇ ਦੀ ਚੁਣੌਤੀ ਮਿਲੀ ਹੈ ਤਾਂ ਉਹ ਸਿਰਫ ਆਪਣੇ ਲਈ ਹੱਥ-ਪੈਰ ਮਾਰਦੇ ਦਿਖਾਈ ਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਸਿਆਸੀ ਖੋਰੇ ਦੇ ਡਰ ਵਿਚੋਂ ਬਹੁਜਨ ਸਮਾਜ ਪਾਰਟੀ ਨਾਲ ਗਠਜੋੜ ਕਰ ਲਿਆ ਹੈ। ਆਮ ਆਦਮੀ ਪਾਰਟੀ ਦੀ ਕੇਂਦਰੀ ਕਮਾਨ ਨੂੰ ਐਤਕੀਂ ਫਿਰ ਭੁਲੇਖਾ ਪੈ ਗਿਆ ਹੈ ਕਿ ਅਗਲੀ ਸਰਕਾਰ ਇਸ ਪਾਰਟੀ ਦੀ ਹੀ ਬਣਨੀ ਹੈ। ਪਾਰਟੀ ਆਗੂਆਂ ਅਤੇ ਜਥੇਬੰਦਕ ਤਾਣੇ-ਬਾਣੇ ਦੀ ਅਣਹੋਂਦ ਤੋਂ ਬਗੈਰ ਪੰਜਾਬ ਵਿਚ ਸਰਕਾਰ ਬਣਾਉਣ ਬਾਰੇ ਸ਼ਾਇਦ ਦਿੱਲੀ ਬੈਠ ਕੇ ਹੀ ਸੋਚਿਆ ਜਾ ਸਕਦਾ ਹੈ ਜਦਕਿ ਜ਼ਮੀਨੀ ਹਕੀਕਤ ਕੁਝ ਹੋਰ ਹਨ। ਇਹ ਪਾਰਟੀ ਆਪਣੇ ਦਿੱਲੀ ਮਾਡਲ ਦੀਆਂ ਮਿਸਾਲਾਂ ਦੇ ਰਹੀ ਹੈ ਜਦਕਿ ਪੰਜਾਬ ਦੀ ਲਡਿਰਸ਼ਿਪ ਨੂੰ ਕਾਇਮ ਕਰਨ ਵਿਚ ਇਸ ਨੇ ਰੱਤੀ ਭਰ ਵੀ ਕਾਰਵਾਈ ਨਹੀਂ ਕੀਤੀ ਹੈ। ਭਾਰਤੀ ਜਨਤਾ ਪਾਰਟੀ ਨੂੰ ਤਾਂ ਅਜੇ ਤੱਕ ਵੀ ਯਕੀਨ ਹੈ ਕਿ ਸੂਬੇ ਅੰਦਰ ਅਗਲੀ ਸਰਕਾਰ ਇਸੇ ਦੀ ਬਣਨੀ ਹੈ ਹਾਲਾਂਕਿ ਕਿਸਾਨ ਅੰਦੋਲਨ ਕਾਰਨ ਪਾਰਟੀ ਆਗੂਆਂ ਦਾ ਘਰੋਂ ਨਿੱਕਲਣਾ ਵੀ ਔਖਾ ਹੋਇਆ ਪਿਆ ਹੈ। ਇਸ ਤਰ੍ਹਾਂ ਦੀ ਸਿਆਸੀ ਸਰਕਸ ਸ਼ਾਇਦ ਹੀ ਦੁਨੀਆ ਦੇ ਕਿਸੇ ਮੁਲਕ ਵਿਚ ਦੇਖੀ-ਸੁਣੀ ਹੋਵੇ। ਉਂਜ, ਇਹ ਵੀ ਇਕ ਸਚਾਈ ਹੈ ਕਿ ਅਗਲੀ ਸਰਕਾਰ ਇਨ੍ਹਾਂ ਹੀ ਪਾਰਟੀਆਂ ਵਿਚੋਂ ਕਿਸੇ ਇਕ ਧਿਰ ਦੀ ਬਣਨੀ ਹੈ। ਇਹੀ ਅਸਲ ਵਿਚ ਪੰਜਾਬ ਅਤੇ ਇਸ ਦੇ ਲੋਕਾਂ ਦੀ ਤ੍ਰਾਸਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਆ ਜਵਾਈਆ ਮੰਡੇ ਖਾਹ!*

ਮੁੱਖ ਮੰਤਰੀ 'ਸਿੱਖ' ਹੀ ਥਾਪਣਾ ਏ, ਕੋਈ ਆਖਦਾ ਦਲਿਤ ਬਣਾਵਾਂਗੇ ਜੀ।
ਕੋਈ ਕਹੇ ਬੇਅਦਬੀ ਨੂੰ ਪਹਿਲ ਦੇ ਕੇ, ਪੱਕਾ ਜੇਲ੍ਹ 'ਫਲਾਣਾ' ਪਹੁੰਚਾਵਾਂਗੇ ਜੀ।
ਕੋਈ ਗੁਟਕੇ ਦੀ ਸਹੁੰ ਦੇ ਮਾਰ ਮਿਹਣੇ, ਕਹੇ ਨਸ਼ਿਆਂ ਨੂੰ ਜੜ੍ਹੋਂ ਮੁਕਾਵਾਂਗੇ ਜੀ।
ਹਰ ਕੋਈ ਹੁੱਬਦਾ ਸਾਡੀ ਸਰਕਾਰ ਆਉਣੀ, ਕੋਈ ਨਾ ਕਹੇ ਸੰਵਿਧਾਨ ਬਚਾਵਾਂਗੇ ਜੀ।
ਭਾਂਤ ਭਾਂਤ ਦੇ ਵਾਅਦੇ ਕਰ ਰੋਜ ਦੇਖੋ, ਹੋਂਦ ਆਪਣੀ ਲੋਕਾਂ 'ਤੇ ਲੱਦ ਰਹੇ ਐ।
ਕਣਕ ਖੇਤ ਵਿਚ, ਕੁੜੀ ਹੈ ਪੇਟ ਹਾਲੇ, ਮੰਡੇ ਖਾਣ 'ਜਵਾਈ' ਨੂੰ ਸੱਦ ਰਹੇ ਐ!

# ਕਾਲੇ ਕਾਨੂੰਨ, ਅਦਾਲਤੀ ਫੈਸਲੇ ਅਤੇ ਹੱਕਾਂ ਦੀ ਰਾਖੀ ਦਾ ਸਵਾਲ

***ਭਾਰਤ ਦੀ ਮੋਦੀ ਸਰਕਾਰ ਅਸਹਿਮਤੀ ਦੀ ਹਰ ਆਵਾਜ਼ ਨੂੰ ਬੰਦ ਕਰ ਦੇਣਾ ਚਾਹੁੰਦੀ ਹੈ। ਇਸੇ ਲਈ ਆਪਣੇ ਹੱਕਾਂ ਅਤੇ ਨਿਆਂ ਲਈ ਆਵਾਜ਼ ਕਰਨ ਵਾਲਿਆਂ ਨੂੰ ਰਾਜਧ੍ਰੋਹ ਦੇ ਝੂਠ ਕੇਸਾਂ ਵਿਚ ਫਸਾ ਵਿਚ ਜੇਲ੍ਹਾਂ ਅੰਦਰ ਡੱਕ ਦਿੱਤਾ ਜਾਂਦਾ ਹੈ। ਇਸ ਲੇਖ ਵਿਚ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਦਿੱਲੀ ਦੇ ਤਿੰਨ ਵਿਦਿਆਰਥੀ ਕਾਰਕੁਨਾਂ ਦੇ ਹਵਾਲੇ ਨਾਲ ਸਰਕਾਰ ਦੀਆਂ ਇਨ੍ਹਾਂ ਵਧੀਕੀਆਂ ਦਾ ਜ਼ਿਕਰ ਕੀਤਾ ਹੈ ਅਤੇ ਖੁਲਾਸਾ ਕੀਤਾ ਹੈ ਕਿ ਅਜਿਹੇ ਹੋਰ ਕਾਰਕੁਨਾਂ ਨੂੰ ਵੀ ਕਿਸ ਤਰ੍ਹਾਂ ਬਿਨਾ ਵਜ੍ਹਾ ਜੇਲ੍ਹਾਂ ਅੰਦਰ ਸਾੜਿਆ ਜਾ ਰਿਹਾ ਹੈ।***

15 ਜੂਨ ਨੂੰ ਦਿੱਲੀ ਹਾਈਕੋਰਟ ਵੱਲੋਂ ਜੇ.ਐਨ.ਯੂ. ਦੀਆਂ ਵਿਦਿਆਰਥੀ ਕਾਰਕੁਨਾਂ ਨਤਾਸ਼ਾ ਨਰਵਾਲ, ਦੇਵਾਂਗਣਾ ਕਲੀਤਾ ਅਤੇ ਜਾਮੀਆ ਮਿਲੀਆ ਇਸਲਾਮੀਆ ਦੇ ਵਿਦਿਆਰਥੀ ਕਾਰਕੁਨ ਆਸਿਫ ਇਕਬਾਲ ਤਨਹਾ ਨੂੰ ਜ਼ਮਾਨਤ ਮਿਲ ਗਈ। ਉਨ੍ਹਾਂ ਨੂੰ ਫਰਵਰੀ 2020 'ਚ ਉਤਰ-ਪੂਰਬੀ ਦਿੱਲੀ 'ਚ ਹੋਈ ਹਿੰਸਾ ਦੀ 'ਸਾਜ਼ਿਸ਼' ਰਚਣ ਦਾ ਦੋਸ਼ ਲਗਾ ਕੇ ਉਸੇ ਸਾਲ ਮਈ 'ਚ ਯੂ.ਏ.ਪੀ.ਏ. ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਉਮਰ ਖਾਲਿਦ ਅਤੇ ਹੋਰ ਕਈ ਕਾਰਕੁਨ ਅਜੇ ਵੀ ਜੇਲ੍ਹ 'ਚ ਹਨ।

**ਬੂਟਾ ਸਿੰਘ**
ਫੋਨ: +91-94634-74342

ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਅਤੇ ਕੌਮੀ ਨਾਗਰਿਕ ਰਜਿਸਟਰ ਵਿਰੁੱਧ ਇਤਿਹਾਸਕ ਸੰਘਰਸ਼ ਦੀਆਂ ਮੋਹਰਲੀਆਂ ਸਫਾਂ 'ਚ ਲੜਦੇ ਹੋਣ ਕਾਰਨ ਸੱਤਾਧਾਰੀ ਆਰ.ਐਸ.ਐਸ.-ਬੀ.ਜੇ.ਪੀ. ਅਤੇ ਦਿੱਲੀ ਪੁਲਿਸ ਅਜਿਹੇ ਸਾਰੇ ਹੀ ਕਾਰਕੁਨਾਂ ਤੋਂ ਬਹੁਤ ਖਫਾ ਸਨ ਅਤੇ ਉਹ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਬਹਾਨੇ ਦੀ ਭਾਲ ਸਨ। ਜੇ.ਐਨ.ਯੂ. ਦੀਆਂ ਇਨ੍ਹਾਂ ਵਿਦਿਆਰਥਣਾਂ ਦੀ ਅਗਵਾਈ ਵਾਲੀ 'ਪਿੰਜਰਾ ਤੋੜ' ਮੁਹਿੰਮ ਵੀ ਮਨੂਵਾਦੀ ਹੁਕਮਰਾਨਾਂ ਨੂੰ ਬਹੁਤ ਚੁੱਭਦੀ ਸੀ ਜੋ ਮਰਦਾਵੀਂ ਸੱਤਾ ਨੂੰ ਚੁਣੌਤੀ ਦੇ ਕੇ ਅਗਾਂਹਵਧੂ ਮੁੱਲਾਂ ਅਤੇ ਲਿੰਗਕ ਬਰਾਬਰੀ ਨੂੰ ਬੁਲੰਦ ਕਰ ਰਹੀ ਸੀ। ਫਿਰ ਉੱਤਰ-ਪੂਰਬੀ ਦਿੱਲੀ 'ਚ ਹੋਈ ਹਿੰਸਾ ਨੂੰ ਬਹਾਨਾ ਬਣਾਇਆ ਗਿਆ। ਹਿੰਸਾ ਦੇ ਸਾਜ਼ਿਸ਼ਘਾੜੇ ਆਰ.ਐਸ.ਐਸ.-ਬੀ.ਜੇ.ਪੀ. ਦੇ ਆਗੂਆਂ ਵਿਰੁਧ ਕਾਰਵਾਈ ਕਰਨ ਦੀ ਬਜਾਏ ਉਨ੍ਹਾਂ ਕਾਰਕੁਨਾਂ ਵਿਰੁੱਧ ਕੇਸ ਦਰਜ ਕਰ ਲਏ ਗਏ ਜੋ ਆਪਣੇ ਸੰਵਿਧਾਨਕ ਹੱਕ ਦਾ ਇਸਤੇਮਾਲ ਕਰਦੇ ਹੋਏ ਸ਼ਾਂਤਮਈ ਤਰੀਕੇ ਨਾਲ ਪ੍ਰਦਰਸ਼ਨ ਕਰ ਰਹੇ ਸਨ।

ਯੂ.ਏ.ਪੀ.ਏ. ਅਤੇ ਆਈ.ਪੀ.ਸੀ. ਦੀਆਂ ਰਾਜਧ੍ਰੋਹ ਅਤੇ ਹੋਰ ਸੰਗੀਨ ਧਾਰਾਵਾਂ ਲਗਾ ਕੇ ਕੇਸ ਇਸ ਤਰੀਕੇ ਨਾਲ ਬਣਾਏ ਤਾਂ ਜੁ ਇਨ੍ਹਾਂ ਕਾਰਕੁਨਾਂ ਨੂੰ ਵੱਧ ਤੋਂ ਵੱਧ ਸਮਾਂ ਬਿਨਾ ਜ਼ਮਾਨਤ ਜੇਲ੍ਹਾਂ 'ਚ ਕੈਦ ਰੱਖਿਆ ਜਾ ਸਕੇ। ਦੇਵਾਂਗਣਾ ਵਿਰੁੱਧ ਚਾਰ ਅਤੇ ਨਤਾਸ਼ਾ ਵਿਰੁੱਧ ਤਿੰਨ ਐਫ.ਆਈ.ਆਰ. ਦਰਜ ਹਨ। ਪਿਛਲੇ ਸਾਲ ਇਕ ਕੇਸ 'ਚ ਨਤਾਸ਼ਾ ਨੂੰ ਜ਼ਮਾਨਤ ਮਿਲ ਗਈ ਸੀ ਪਰ ਤੁਰੰਤ ਉਸ ਨੂੰ ਇਕ ਹੋਰ ਕੇਸ 'ਚ ਯੂ.ਏ.ਪੀ.ਏ. ਲਗਾ ਕੇ ਗ੍ਰਿਫਤਾਰ ਕਰ ਲਿਆ ਗਿਆ। ਹਾਲੀਆ ਜ਼ਮਾਨਤ ਉਨ੍ਹਾਂ ਨੂੰ ਯੂ.ਏ.ਪੀ.ਏ. ਵਾਲੇ ਕੇਸ 'ਚ ਮਿਲੀ ਹੈ। ਇਸੇ ਤਰ੍ਹਾਂ ਅਸਾਮ ਤੋਂ ਚੁਣੇ ਗਏ ਵਿਧਾਇਕ ਅਖਿਲ ਗੋਗੋਈ ਹਾਲ ਹੀ ਵਿਚ ਯੂ.ਏ.ਪੀ.ਏ. ਦੇ ਦੋ ਕੇਸਾਂ 'ਚੋਂ ਬਰੀ ਹੋਏ ਹਨ ਜਿਸ ਨੂੰ ਐਨ.ਆਰ.ਸੀ. ਵਿਰੁੱਧ ਵਿਰੋਧ ਪ੍ਰਦਰਸ਼ਨਾਂ ਦੀ ਅਗਵਾਈ ਕਾਰਨ ਜੇਲ੍ਹ 'ਚ ਡੱਕਿਆ ਹੋਇਆ ਸੀ।

ਇਸ ਦੌਰਾਨ 9 ਮਈ ਨੂੰ ਨਤਾਸ਼ਾ ਦੇ ਪਿਤਾ ਮਹਾਵੀਰ ਨਰਵਾਲ ਦੀ ਕਰੋਨਾ ਕਾਰਨ ਮੌਤ ਹੋ ਗਈ। ਉਹ ਉੱਘੇ ਖੱਬੇਪੱਖੀ ਕਾਰਕੁਨ ਅਤੇ ਵਿਗਿਆਨੀ ਸਨ। ਨਤਾਸ਼ਾ ਨੂੰ ਆਪਣੇ ਮਰਨ-ਬਿਸਤਰੇ 'ਤੇ ਪਏ ਪਿਤਾ ਨੂੰ ਮਿਲਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ। ਬਾਅਦ ਵਿਚ ਅਦਾਲਤ ਦੀ ਇਜਾਜ਼ਤ ਨਾਲ ਉਹ ਸਿਰਫ ਆਪਣੇ ਪਿਤਾ ਦੇ ਅੰਤਿਮ ਸੰਸਕਾਰ 'ਚ ਸ਼ਾਮਲ ਹੋ ਸਕੀ ਅਤੇ ਤਿੰਨ ਹਫਤੇ ਬਾਅਦ ਉਸ ਨੂੰ ਮੁੜ ਜੇਲ੍ਹ ਜਾਣਾ ਪਿਆ ਸੀ।

ਦੁਨੀਆ ਦਾ 'ਸਭ ਤੋਂ ਵੱਡਾ ਲੋਕਤੰਤਰ' ਕਹਾਉਣ ਵਾਲਾ ਭਾਰਤੀ ਸਟੇਟ ਇੰਨਾ ਬੇਕਿਰਕ ਹੈ ਕਿ ਇਕ ਕਾਰਕੁਨ ਦਾ ਅੰਤਮ ਸਾਹ ਲੈ ਰਹੇ ਆਪਣੇ ਮਾਪਿਆਂ ਦਾ ਆਖਰੀ ਵਾਰ ਮੂੰਹ ਦੇਖਣ ਦਾ ਹੱਕ ਖੋਹਣ ਲਈ ਇਹ ਪੂਰੀ ਤਾਕਤ ਲਗਾ ਦਿੰਦਾ ਹੈ। ਪ੍ਰੋਫੈਸਰ ਸਾਈਬਾਬਾ ਨੂੰ ਆਪਣੀ ਮਾਂ ਦੇ ਅੰਤਿਮ ਦਰਸ਼ਨ ਕਰਨ ਅਤੇ ਮੌਤ ਤੋਂ ਬਾਅਦ ਉਸ ਦੇ ਸੰਸਕਾਰ 'ਚ ਸ਼ਾਮਲ ਹੋਣ ਦੀ ਇਜਾਜ਼ਤ ਅਦਾਲਤਾਂ ਨੇ ਨਹੀਂ ਸੀ ਦਿੱਤੀ, ਕਿਉਂਕਿ ਸਰਕਾਰੀ ਵਕੀਲ ਅਤੇ ਪੁਲਿਸ ਜ਼ਮਾਨਤ ਦੇਣ ਦੇ ਖਿਲਾਫ ਹਨ। ਪ੍ਰੋਫੈਸਰ ਵਰਨੋਨ ਨੇ ਆਪਣੀ ਮਾਤਾ ਦੀ ਮੌਤ



ਹੋਣ 'ਤੇ ਜ਼ਮਾਨਤ ਲੈਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਉਸ ਨੂੰ ਅਦਾਲਤਾਂ ਦੇ ਰਵੱਈਏ ਦਾ ਪਤਾ ਸੀ ਅਤੇ ਇਸ ਲਈ ਉਸ ਨੇ ਆਪਣੇ ਪਰਿਵਾਰ ਅਤੇ ਵਕੀਲਾਂ ਉਪਰ ਵਾਧੂ ਬੋਝ ਪਾਉਣ ਤੋਂ ਗੁਰੇਜ਼ ਕੀਤਾ। ਦਰਅਸਲ, ਭਾਰਤੀ ਸਟੇਟ ਦੀ ਮਨੁੱਖੀ ਹੱਕਾਂ ਦੇ ਕੌਮਾਂਤਰੀ ਇਕਰਾਰਨਾਮਿਆਂ ਨਾਲ ਵਚਨਬੱਧਤਾ ਝੂਠੀ ਹੈ ਅਤੇ ਮਨੁੱਖੀ ਹੱਕਾਂ ਦਾ ਸਨਮਾਨ ਕਰਨ ਦੀ ਬਜਾਏ ਇਹ ਬੇਕਿਰਕ ਤਰੀਕਿਆਂ ਰਾਹੀਂ ਮਨੁੱਖੀ ਹੱਕਾਂ ਦੇ ਘਾਣ 'ਚ ਵਿਸ਼ਵਾਸ ਰੱਖਦਾ ਹੈ। ਇਸ ਨੂੰ ਨਿਆਂਪਸੰਦ ਨਾਗਰਿਕਾਂ ਨੂੰ ਪੂਰੀ ਤਰ੍ਹਾਂ ਝੂਠੇ ਕੇਸਾਂ 'ਚ ਜੇਲ੍ਹਾਂ 'ਚ ਸਾੜਨ ਅਤੇ ਉਨ੍ਹਾਂ ਨੂੰ ਆਪਣੇ ਪਿਆਰੇ ਪਰਿਵਾਰ ਮੈਂਬਰਾਂ ਨੂੰ ਮਿਲਣੋਂ ਰੋਕਣ ਤੋਂ ਵੀ ਗੁਰੇਜ਼ ਨਹੀਂ ਹੈ। ਗੰਭੀਰ ਬਿਮਾਰੀਆਂ ਤੋਂ ਪੀੜਤ ਬੁੱਧੀਜੀਵੀਆਂ ਨੂੰ ਜੇਲ੍ਹ ਤੋਂ ਬਾਹਰ ਹਸਪਤਾਲਾਂ 'ਚ ਇਲਾਜ ਕਰਾਉਣ ਲਈ ਵੀ ਛੇ ਛੇ ਮਹੀਨੇ ਅਦਾਲਤਾਂ 'ਚ ਕਾਨੂੰਨੀ ਲੜਾਈ ਲੜਨੀ ਪੈਂਦੀ ਹੈ, ਪ੍ਰੋਫੈਸਰ ਵਰਵਰਾ ਰਾਓ ਅਤੇ ਸਟੇਨ ਸਵਾਮੀ ਇਸ ਦੀਆਂ ਤਾਜ਼ਾ ਮਿਸਾਲਾਂ ਹਨ। ਕਰੋਨਾ ਮਹਾਮਾਰੀ ਕਾਰਨ ਕੇਂਦਰ ਸਰਕਾਰ ਨੇ ਜੇਲ੍ਹਾਂ 'ਚ ਭੀੜ ਘਟਾਉਣ ਲਈ ਕੈਦੀਆਂ ਨੂੰ ਪੈਰੋਲ ਦੇਣ ਦਾ ਫੈਸਲਾ ਕੀਤਾ ਪਰ ਇਹ ਰਾਹਤ ਸਿਆਸੀ ਕੈਦੀਆਂ ਨੂੰ ਨਹੀਂ ਦਿੱਤੀ ਗਈ ਸਗੋਂ ਗੌਤਮ ਨਵਲੱਖਾ, ਪ੍ਰੋਫੈਸਰ ਆਨੰਦ ਤੇਲਤੁੰਬੜੇ, ਸਟੇਨ ਸਵਾਮੀ ਅਤੇ ਪ੍ਰੋਫੈਸਰ ਹਨੀ ਬਾਬੂ ਨੂੰ ਵੀ ਗ੍ਰਿਫਤਾਰ ਕਰਕੇ ਜੇਲ੍ਹਾਂ 'ਚ ਡੱਕ ਦਿੱਤਾ ਗਿਆ ਜੋ ਅਦਾਲਤੀ ਰਾਹਤ ਕਾਰਨ ਉਦੋਂ ਤੱਕ ਗ੍ਰਿਫਤਾਰ ਨਹੀਂ ਕੀਤੇ ਗਏ ਸਨ। ਇਸ ਤੋਂ ਸਰਕਾਰ ਦੇ ਮਨਸ਼ੇ ਸਾਫ ਪਤਾ ਲੱਗਦੇ ਹਨ।

ਕੌਮੀ ਜੁਰਮ ਰਿਕਾਰਡ ਬਿਊਰੋ ਦੀ ਰਿਪੋਰਟ ਦੱਸਦੀ ਹੈ ਕਿ 2016 ਅਤੇ 2019 ਦਰਮਿਆਨ ਯੂ.ਏ.ਪੀ.ਏ. ਅਤੇ 'ਰਾਜਧ੍ਰੋਹ' ਦੀ ਧਾਰਾ ਲਗਾ ਕੇ 5922 ਮਾਮਲੇ ਦਰਜ ਕੀਤੇ ਗਏ। ਯੂ.ਏ.ਪੀ.ਏ. ਦੇ 97.8 ਫੀਸਦ ਮਾਮਲਿਆਂ 'ਚ ਦੋਸ਼ ਹੀ ਤੈਅ ਨਹੀਂ ਕੀਤੇ ਜਾ ਸਕੇ, ਭਾਵ ਪੁਲਿਸ/ਜਾਂਚ ਏਜੰਸੀ ਸਿਰਫ 2 ਫੀਸਦ ਮਾਮਲਿਆਂ 'ਚ ਹੀ ਦੋਸ਼ ਤੈਅ ਸਕੀ। ਭਗਵੀਂ ਹਕੂਮਤ ਅਤੇ ਇਸ ਦੀਆਂ ਜਾਂਚ ਏਜੰਸੀਆਂ ਨੂੰ ਵੀ ਪਤਾ ਹੈ ਕਿ ਇਹ ਝੂਠੇ ਕੇਸ ਨਿਰਪੱਖ ਮੁਕੱਦਮੇ ਦਾ ਸਾਹਮਣਾ ਨਹੀਂ ਕਰ ਸਕਦੇ ਅਤੇ ਆਖਿਰਕਾਰ ਦਸ-ਪੰਦਰਾਂ ਸਾਲ ਬਾਅਦ ਇਸ ਤਰ੍ਹਾਂ ਦੇ ਲੱਗਭੱਗ ਸਾਰੇ ਕੇਸ ਅਦਾਲਤਾਂ ਵੱਲੋਂ ਖਾਰਜ ਕਰ ਦਿੱਤੇ ਜਾਂਦੇ ਹਨ। ਹਕੂਮਤ ਦਾ ਮਨੋਰਥ ਮੁਕੱਦਮਾ ਚਲਾਉਣਾ ਨਹੀਂ ਹੈ, ਦਰਅਸਲ ਇਹ ਕਾਲੇ ਕਾਨੂੰਨ ਲਗਾ ਕੇ ਬਣਾਏ ਝੂਠੇ ਕੇਸਾਂ ਦਾ ਅਮਲ ਹੀ ਆਪਣੇ ਆਪ 'ਚ ਬਹੁਤ ਵੱਡੀ ਸਜ਼ਾ ਹੈ ਅਤੇ ਇਹ ਤਾਨਾਸ਼ਾਹ ਤੇ ਫਾਸ਼ੀਵਾਦੀ ਹਾਕਮਾਂ ਲਈ ਹਕੂਮਤ ਦੇ ਵਿਰੋਧ ਨੂੰ ਕੁਚਲਣ ਦੇ ਹਥਿਆਰ ਹਨ। ਇਨ੍ਹਾਂ ਕਾਲੇ ਕਾਨੂੰਨਾਂ 'ਚ ਦੋਸ਼ਾਂ ਨੂੰ ਸਾਬਤ ਕਰਨ ਦੀ ਜ਼ਿੰਮੇਵਾਰੀ ਜਾਂਚ ਏਜੰਸੀ ਜਾਂ ਪੁਲਿਸ ਦੀ ਨਹੀਂ ਸਗੋਂ ਦੋਸ਼ੀ ਨੂੰ ਸਾਬਤ ਕਰਨਾ ਪੈਂਦਾ ਹੈ ਕਿ ਉਹ ਬੇਕਸੂਰ ਹੈ। ਇਸ ਅਮਲ ਨੂੰ ਵੱਧ ਤੋਂ ਵੱਧ ਲਮਕਾਉਣ ਦੀ ਮਨਸ਼ਾ ਨਾਲ ਪੁਲਿਸ ਅਤੇ ਜਾਂਚ ਏਜੰਸੀਆਂ ਦੋਸ਼ੀਆਂ ਨੂੰ ਕਾਨੂੰਨੀ ਹੱਕ ਤੋਂ ਵਾਂਝੇ ਕਰਨ ਲਈ ਹਰ ਹਰਬਾ ਵਰਤਦੀਆਂ ਹਨ। ਚਾਰਜਸ਼ੀਟ ਲੈਣ ਲਈ ਵੀ ਕਾਨੂੰਨੀ ਲੜਾਈ ਲੜਨੀ ਪੈਂਦੀ ਹੈ, ਜਿਵੇਂ ਦਿੱਲੀ ਅਤੇ ਭੀਮਾ-ਕੋਰੇਗਾਓਂ ਕੇਸਾਂ 'ਚ ਵਾਪਰਿਆ। ਦਿੱਲੀ ਕੇਸ 'ਚ ਇਨ੍ਹਾਂ ਕਾਰਕੁਨਾਂ ਖਿਲਾਫ ਪੁਲਿਸ ਨੇ 17000 ਪੰਨਿਆਂ ਦੀ ਚਾਰਜਸ਼ੀਟ ਪੇਸ਼ ਕੀਤੀ ਹੈ। ਪੁਲਿਸ ਵੱਲੋਂ ਇਸ ਦੀ ਕਾਪੀ ਮੁਹੱਈਆ ਕਰਾਉਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਗਿਆ ਕਿ ਐਨੀ ਵੱਡੀ ਚਾਰਜਸ਼ੀਟ ਦੇ ਪ੍ਰਿੰਟ ਕਢਾਉਣ ਲਈ ਖਰਚ ਦੀ ਮਨਜ਼ੂਰੀ ਸਰਕਾਰ ਤੋਂ ਲੈਣੀ ਪਵੇਗੀ। ਪ੍ਰਿੰਟਿੰਗ ਕਾਪੀ ਦੀ ਬਜਾਏ 'ਦੋਸ਼ੀਆਂ' ਨੂੰ ਪੈਨ ਡਰਾਈਵ ਵਿਚ ਪਾ ਕੇ ਸਾਫਟਕਾਪੀ ਦੇ ਦਿੱਤੀ ਗਈ ਜਿਸ ਨੂੰ ਪੜ੍ਹਨ ਲਈ ਜੇਲ੍ਹ ਵਿਚ ਉਨ੍ਹਾਂ ਨੂੰ ਕੰਪਿਊਟਰ ਦੀ ਸਹੂਲਤ ਨਹੀਂ ਦਿੱਤੀ ਜਾਂਦੀ। ਇਹ ਗ੍ਰਿਫਤਾਰ ਕਾਰਕੁਨਾਂ ਨੂੰ ਆਪਣੀ ਕਾਨੂੰਨੀ ਡਿਫੈਂਸ ਕਰਨ ਤੋਂ ਰੋਕਣ ਦਾ ਸ਼ਾਤਰ ਤਰੀਕਾ ਹੈ।

ਹੁਕਮਰਾਨ ਜਿਸ ਸੰਵਿਧਾਨ ਦੀ ਸਹੁੰ ਖਾਂਦੇ ਹਨ, ਉਸੇ ਵਿਚ ਦਿੱਤੇ ਗਏ ਹੱਕਾਂ ਦਾ ਘਾਣ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਰੋਸ-ਵਿਖਾਵੇ ਦੇ ਹੱਕ ਦਾ ਹਸ਼ਰ ਸਾਡੇ ਸਾਹਮਣੇ ਹੈ। ਚਾਹੇ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਹੈ ਜਾਂ ਉੱਤਰ-ਪੂਰਬੀ ਦਿੱਲੀ ਹਿੰਸਾ ਕੇਸ, ਇਹ ਹਕੂਮਤੀ ਨੀਤੀਆਂ ਨਾਲ ਅਸਹਿਮਤ ਅਤੇ ਆਲੋਚਕ ਆਵਾਜ਼ਾਂ ਦੀ ਜ਼ੁਬਾਨਬੰਦੀ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦਾ ਘਾਣ ਕਰਨ ਦੇ ਰਾਜਨੀਤਕ ਹਥਿਆਰ ਹਨ। ਇਨ੍ਹਾਂ ਕੇਸਾਂ ਦੀਆਂ ਕਹਾਣੀਆਂ ਇਸ ਕਦਰ ਝੂਠੀਆਂ ਅਤੇ ਬੇਬੁਨਿਆਦ ਹਨ ਕਿ ਕਦੇ-ਕਦੇ ਜੱਜ ਵੀ ਸਖਤ ਟਿੱਪਣੀਆਂ ਕਰਨ ਲਈ ਮਜਬੂਰ ਹੋ ਜਾਂਦੇ ਹਨ। ਨਤਾਸ਼ਾ ਅਤੇ ਉਸ ਦੇ ਸਾਥੀਆਂ ਨੂੰ ਜ਼ਮਾਨਤ ਦਿੰਦਿਆਂ ਹਾਈਕੋਰਟ ਦੇ ਬੈਂਚ ਨੇ ਆਪਣੇ ਹੁਕਮ 'ਚ ਸਪਸ਼ਟ ਕਿਹਾ ਕਿ ਅਸਹਿਮਤੀ ਨੂੰ ਕੁਚਲਣ ਦੀ ਚਿੰਤਾ ਅਤੇ ਡਰ 'ਚੋਂ ਸਟੇਟ ਨੇ 'ਰੋਸ ਪ੍ਰਦਰਸ਼ਨ ਕਰਨ ਦੇ ਹੱਕ' ਅਤੇ 'ਦਹਿਸ਼ਤਗਰਦ ਸਰਗਰਮੀ' ਦਰਮਿਆਨ ਫਰਕ ਦੀ ਲਕੀਰ ਹੀ ਧੁੰਦਲੀ ਕਰ ਦਿੱਤੀ ਹੈ। ਸਖਤ ਅਦਾਲਤੀ ਟਿੱਪਣੀਆਂ ਫਾਸ਼ੀਵਾਦੀ ਹਕੂਮਤ ਲਈ ਵੱਡੀ ਸਿਰਦਰਦੀ ਬਣ ਗਈਆਂ, ਕਿਉਂਕਿ ਇਹ ਹੁਕਮ ਯੂ.ਏ.ਪੀ.ਏ. ਦੇ ਹੋਰ ਕੇਸਾਂ 'ਚ ਹਵਾਲਾ ਨੁਕਤਾ ਬਣ ਸਕਦਾ ਸੀ। ਇਸ ਦੀ ਪੇਸ਼ਬੰਦੀ ਲਈ ਦਿੱਲੀ ਪੁਲਿਸ ਸੁਪਰੀਮ ਕੋਰਟ 'ਚ ਚਲੀ ਗਈ। ਸੁਪਰੀਮ ਕੋਰਟ ਨੇ ਭਾਵੇਂ ਵਿਦਿਆਰਥੀ ਕਾਰਕੁਨਾਂ ਦੀ ਜ਼ਮਾਨਤ ਬਰਕਰਾਰ ਰੱਖੀ ਹੈ ਪਰ ਇਹ ਰੋਕ ਲਗਾ ਦਿੱਤੀ ਹੈ ਕਿ ਕੋਈ ਵੀ ਅਦਾਲਤ ਇਨ੍ਹਾਂ ਹੁਕਮਾਂ ਨੂੰ ਹੋਰ ਕੇਸਾਂ 'ਚ ਮਿਸਾਲ ਵਜੋਂ ਨਹੀਂ ਲਵੇਗੀ। ਇਸ ਨਾਲ ਅਦਾਲਤ ਦਾ ਪੱਖਪਾਤੀ ਰਵੱਈਆ ਸਾਹਮਣੇ ਆ ਗਿਆ, ਕਿਉਂਕਿ ਸੁਪਰੀਮ ਕੋਰਟ ਇਹ ਆਦੇਸ਼ ਕਿਵੇਂ ਦੇ ਸਕਦੀ ਹੈ ਕਿ ਫਲਾਣੇ ਅਦਾਲਤੀ ਫੈਸਲੇ ਨੂੰ ਮਿਸਾਲ ਮੰਨਿਆ ਜਾਵੇ ਅਤੇ ਫਲਾਣੇ ਨੂੰ ਨਹੀਂ। ਇਹ ਤੈਅ ਕਰਨਾ ਹਰ ਕੇਸ ਦੀ ਸੁਣਵਾਈ ਕਰਨ ਵਾਲੇ ਜੱਜਾਂ ਦਾ ਕੰਮ ਹੈ। ਇਸ ਤੋਂ ਇਕ ਵਾਰ ਫਿਰ ਇਹ ਸਾਬਤ ਹੋ ਗਿਆ ਕਿ ਤਾਨਾਸ਼ਾਹ ਸੱਤਾ ਆਪਣੇ ਖਿਲਾਫ ਜਾਣ ਵਾਲੇ ਅਦਾਲਤੀ ਹੁਕਮਾਂ ਨੂੰ ਮੋਮ ਦੀ ਨੱਕ ਵਾਂਗ ਮਰੋੜ ਕੇ ਆਪਣੇ ਹੱਕ 'ਚ ਭੁਗਤਾਉਣ ਦੇ ਸਮਰੱਥ ਹੈ ਅਤੇ ਇੱਥੇ 'ਡਾਢੇ ਦਾ ਸੱਤੀਂ ਵੀਹੀਂ ਸੌ' ਹੀ ਕਾਨੂੰਨ ਹੈ।

ਜਿੰਨੇ ਕੁ ਸੰਵਿਧਾਨਕ ਹੱਕ ਅਤੇ ਸ਼ਹਿਰੀ ਆਜ਼ਾਦੀਆਂ ਸੰਵਿਧਾਨ 'ਚ ਦਰਜ ਹਨ, ਇਨ੍ਹਾਂ ਹੱਕਾਂ ਦੀ ਰਾਖੀ ਦੀ ਲੜਾਈ ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨਾਂ ਅਤੇ ਰਾਜਧ੍ਰੋਹ ਵਰਗੀਆਂ ਜਾਬਰ ਧਾਰਾਵਾਂ ਦੇ ਖਾਤਮੇ ਦੀ ਜਮਹੂਰੀ ਲੜਾਈ ਨਾਲ ਅਟੁੱਟ ਰੂਪ 'ਚ ਜੁੜੀ ਹੋਈ ਹੈ। ਗ੍ਰਿਫਤਾਰ ਬੁੱਧੀਜੀਵੀਆਂ ਦੀ ਰਿਹਾਈ ਦੇ ਨਾਲ-ਨਾਲ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਵਿਆਪਕ ਲਾਮਬੰਦੀ ਵਾਲੀਆਂ ਮੁਹਿੰਮਾਂ ਅੱਜ ਸਮੇਂ ਦੀ ਲੋੜ ਹਨ। ਸਮੂਹ ਇਨਸਾਫਪਸੰਦ ਜਮਹੂਰੀ ਤਾਕਤਾਂ ਅਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਨੂੰ ਇਸ ਕਾਰਜ ਨੂੰ ਪੂਰੀ ਗੰਭੀਰਤਾ ਨਾਲ ਹੱਥ ਲੈਣਾ ਚਾਹੀਦਾ ਹੈ।

# ਕਿਸਾਨ ਅੰਦੋਲਨ ਦੇ ਪੈਂਡੇ 'ਚ ਇਕ ਹੋਰ ਮੀਲ-ਪੱਥਰ

26 ਜੂਨ ਨੂੰ ਕਿਸਾਨ ਅੰਦੋਲਨ ਦੇ ਸੱਤ ਮਹੀਨੇ ਪੂਰੇ ਹੋ ਗਏ। ਇਸ ਅੰਦੋਲਨ ਨੇ ਫਾਸ਼ੀਵਾਦੀ ਹੈਂਕੜ 'ਚ ਗ੍ਰਸੀ ਆਰ.ਐਸ.ਐਸ.-ਬੀ.ਜੇ.ਪੀ. ਹਕੂਮਤ ਲਈ ਕਸੂਤੀ ਹਾਲਤ ਬਣਾ ਦਿੱਤੀ ਹੈ। ਜੇ ਇਹ ਕਾਲੇ ਕਾਨੂੰਨ ਵਾਪਸ ਲੈਂਦੀ ਹੈ ਤਾਂ ਇਸ ਦਾ ਮੋਦੀ ਦੁਆਲੇ ਸਿਰਜਿਆ ਮਜ਼ਬੂਤ ਹਕੂਮਤ ਦਾ ਮਨਘੜਤ ਅਕਸ ਢਹਿ-ਢੇਰੀ ਹੁੰਦਾ ਹੈ ਅਤੇ ਕਾਰਪੋਰੇਟ ਸਰਮਾਏਦਾਰੀ ਦੀ ਨਾਰਾਜ਼ਗੀ ਵੱਖਰੀ ਸਹਿਣੀ ਪਵੇਗੀ। ਜੇ 'ਮੈਂ ਨਾ ਮਾਨੂ' ਉਪਰ ਬਜ਼ਿਦ ਰਹਿੰਦੀ ਹੈ ਤਾਂ ਅੰਦੋਲਨ ਸਹਿਜੇ-ਸਹਿਜੇ ਇਸ ਦੇ ਪੈਰਾਂ ਹੇਠਲੀ ਜ਼ਮੀਨ ਖੋਰ ਰਿਹਾ ਹੈ ਅਤੇ ਮੁਲਕ

**ਬੂਟਾ ਸਿੰਘ**

ਦੇ ਅਵਾਮ 'ਚ ਧੁਖ ਰਹੀ ਬਦਜ਼ਨੀ ਨੂੰ ਬੱਝਵੀਂ ਲੋਕ ਤਾਕਤ ਬਣਨ ਵੱਲ ਲਿਜਾ ਰਿਹਾ ਹੈ। ਇਹ ਇਤਫਾਕ ਹੀ ਹੈ ਕਿ 26 ਜੂਨ ਭਾਰਤ ਦੇ ਇਤਿਹਾਸ 'ਚ ਐਮਰਜੈਂਸੀ ਲਗਾਏ ਜਾਣ ਦਾ ਪ੍ਰਤੀਕ ਕਾਲਾ ਦਿਨ ਵੀ ਹੈ। ਦਿੱਲੀ 'ਚ ਚਟਾਨ ਵਾਂਗ ਡਟੇ ਅੰਦੋਲਨ ਨੇ ਅੱਠਵੇਂ ਮਹੀਨੇ 'ਚ ਪ੍ਰਵੇਸ਼ ਕਰਕੇ ਮੌਜੂਦਾ ਨਿਜ਼ਾਮ ਦੀ ਅਣਐਲਾਨੀ ਐਮਰਜੈਂਸੀ ਨੂੰ ਕਾਂਗਰਸ ਹਕੂਮਤ ਦੀ ਐਲਾਨੀਆ ਐਮਰਜੈਂਸੀ ਦੇ ਨਾਲ ਇਤਿਹਾਸ ਦੇ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਇਸ ਦਿਨ ਨੂੰ ਦੋਹਾਂ ਮਾਇਨਿਆਂ 'ਚ ਮਨਾਉਣ ਲਈ ਪੂਰੇ ਮੁਲਕ 'ਚ 'ਖੇਤੀ ਬਚਾਓ, ਲੋਕਤੰਤਰ ਬਚਾਓ' ਵਿਰੋਧ ਪ੍ਰਦਰਸ਼ਨ ਲਾਮਬੰਦ ਕਰਨ ਦਾ ਸੱਦਾ ਦਿੱਤਾ ਗਿਆ। ਇਸ ਦਿਨ ਪੂਰੇ ਮੁਲਕ 'ਚ ਵਿਸ਼ਾਲ ਲਾਮਬੰਦੀ ਕਰਕੇ ਰਾਜਾਂ ਦੇ ਗਵਰਨਰਾਂ ਰਾਹੀਂ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜੇ ਗਏ। ਇਹ ਵਿਰੋਧ ਪ੍ਰਦਰਸ਼ਨ ਨਾ ਸਿਰਫ ਅੰਦੋਲਨ 'ਚ ਡਟੇ ਜੁਝਾਰੂ ਕਾਫਲਿਆਂ ਦੀ ਕਾਲੇ ਕਾਨੂੰਨਾਂ ਨੂੰ ਰੱਦ ਕਰਾਏ ਜਾਣ ਤੱਕ ਆਪਣੀ ਹੱਕੀ ਲੜਾਈ ਜਾਰੀ ਰੱਖਣ ਦੀ ਦ੍ਰਿੜਤਾ ਦਾ ਸੰਦੇਸ਼ ਸਨ ਸਗੋਂ ਇਸ ਮੌਕੇ ਦਿੱਤੇ ਮੰਗ ਪੱਤਰ ਵਿਚ ਭਾਰਤ ਦੇ ਰਾਸ਼ਟਰਪਤੀ ਨੂੰ ਸਰਕਾਰ ਦੀ ਰਬੜ ਦੀ ਮੋਹਰ ਦੀ ਭੂਮਿਕਾ ਨਿਭਾਉਣ ਲਈ ਲਾਹਣਤ ਵੀ ਪਾਈ ਗਈ ਕਿ 'ਤੁਹਾਡੀ ਮੋਹਰ ਦੁਆਰਾ ਚਲਾਈ ਜਾਣ ਵਾਲੀ ਭਾਰਤ ਸਰਕਾਰ ਨੇ ਸਾਨੂੰ ਤਿੰਨ ਅਜਿਹੇ ਕਾਲੇ ਕਾਨੂੰਨ ਦਿੱਤੇ ਹਨ ਜੋ ਸਾਡੀਆਂ ਨਸਲਾਂ ਤੇ ਫਸਲਾਂ ਨੂੰ ਬਰਬਾਦ ਕਰ ਦੇਣਗੇ।.... ਅਸੀਂ ਆਸ ਕੀਤੀ ਸੀ ਕਿ ਸੰਵਿਧਾਨ ਦੇ ਪਹਿਲੇ ਸਿਪਾਹੀ ਹੋਣ ਦੇ ਨਾਤੇ ਤੁਸੀਂ ਅਜਿਹੇ ਗੈਰ-ਸੰਵਿਧਾਨਕ, ਗੈਰ-ਲੋਕਤੰਤਰਿਕ ਤੇ ਕਿਸਾਨ ਵਿਰੋਧੀ ਕਾਨੂੰਨਾਂ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦੇਵੋਗੇ ਪਰ ਤੁਸੀਂ ਅਜਿਹਾ ਨਹੀਂ ਕੀਤਾ।'

ਇਸ ਦਿਨ ਗਵਰਨਰਾਂ ਨੂੰ ਪੁਰਅਮਨ ਤਰੀਕੇ ਨਾਲ ਮੰਗ ਪੱਤਰ ਦੇਣ ਦੇ ਸੰਵਿਧਾਨਕ ਹੱਕ ਨੂੰ ਪੁਲਿਸ ਤਾਕਤ ਨਾਲ ਕੁਚਲਣ ਦਾ ਯਤਨ ਭਾਰਤੀ ਸਟੇਟ ਦੇ ਤਾਨਾਸ਼ਾਹ ਹੋਣ ਦਾ ਸਬੂਤ ਬਣ ਗਿਆ।



ਸੰਯੁਕਤ ਕਿਸਾਨ ਮੋਰਚੇ ਨੇ ਸਪਸ਼ਟ ਐਲਾਨ ਕੀਤਾ ਸੀ ਕਿ ਇਸ ਦਿਨ ਕਿਸਾਨ-ਮਜ਼ਦੂਰ ਸਿਰਫ ਆਪਣੇ ਇਕੱਠ ਕਰਕੇ ਗਵਰਨਰਾਂ ਨੂੰ ਮੰਗ ਪੱਤਰ ਸੌਂਪਣਗੇ। ਇਸ ਦਿਨ ਹੋਰ ਕੋਈ ਪ੍ਰੋਗਰਾਮ ਨਹੀਂ ਸੀ। ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਆਪਣੇ ਸੂਬੇਦਾਰਾਂ ਰਾਹੀਂ ਚੰਡੀਗੜ੍ਹ ਅਤੇ ਹੋਰ ਰਾਜਧਾਨੀਆਂ 'ਚ ਸੰਘਰਸ਼ਸ਼ੀਲ ਕਿਸਾਨਾਂ ਮਜ਼ਦੂਰਾਂ ਦਾ ਦਾਖਲਾ ਰੋਕਣ ਲਈ ਸਖਤ ਰੋਕਾਂ ਲਗਾਈਆਂ। ਦਰਅਸਲ, ਕਾਂਗਰਸ ਹੈ ਜਾਂ ਭਾਜਪਾ-ਅਕਾਲੀ, ਕੇਂਦਰੀ ਹੁਕਮਰਾਨਾਂ ਅਤੇ ਪੰਜਾਬ ਦੇ ਹੁਕਮਰਾਨਾਂ ਨੇ ਇਕ ਤਰ੍ਹਾਂ ਨਾਲ ਚੰਡੀਗੜ੍ਹ ਨੂੰ ਆਪਣੀ ਨਿੱਜੀ ਜਗੀਰ ਸਮਝ ਰੱਖਿਆ ਹੈ। ਪਿਛਲੇ ਲੱਗਭੱਗ ਡੇਢ ਦਹਾਕੇ ਤੋਂ ਪੰਜਾਬ ਦੀਆਂ ਜਥੇਬੰਦੀਆਂ ਲਈ ਆਪਣੀਆਂ ਮੰਗਾਂ ਲਈ ਰਾਜਧਾਨੀ ਦੇ ਅੰਦਰ ਜਾ ਕੇ ਸਰਕਾਰ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਕਰਨ 'ਤੇ ਪਾਬੰਦੀ ਲਗਾਈ ਹੋਈ ਹੈ। ਬਹਾਨਾ ਇਹ ਹੈ ਕਿ ਇਸ ਨਾਲ ਚੰਡੀਗੜ੍ਹ ਦੇ ਸ਼ਹਿਰੀਆਂ ਦੀ ਜ਼ਿੰਦਗੀ 'ਚ ਖਲਲ ਪੈਂਦਾ ਹੈ ਅਤੇ ਸ਼ਹਿਰ ਸਾਫ-ਸੁਥਰਾ ਨਹੀਂ ਰਹਿੰਦਾ। ਸ਼ਹਿਰ ਦੇ ਬਾਹਰਵਾਰ ਉਜਾੜ ਜਗ੍ਹਾ 'ਤੇ ਇਕੱਠੇ ਹੋਣ ਅਤੇ ਉਥੋਂ ਵਾਪਸ ਮੁੜ ਜਾਣ ਦੀ ਹੀ ਇਜਾਜ਼ਤ ਹੈ। ਇਸ ਤਾਨਾਸ਼ਾਹ ਫਰਮਾਨ ਨੂੰ ਵੱਡੀ ਲਾਮਬੰਦੀ ਕਰਕੇ ਤੋੜਿਆ ਜਾਣਾ ਚਾਹੀਦਾ ਸੀ ਜੋ ਹੋ ਨਹੀਂ ਸਕਿਆ। ਉਦੋਂ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਕਿਸਾਨ ਅੰਦੋਲਨ ਦੀ ਵਿਸ਼ਾਲ ਲਾਮਬੰਦੀ ਅਤੇ ਲੜਨ ਦੇ ਜਜ਼ਬੇ ਨੇ ਸੱਤਾ ਦੀ ਇਹ ਹੈਂਕੜ ਭੰਨੀ ਹੈ ਅਤੇ ਸ਼ਹਿਰ ਦੀਆਂ ਸੜਕਾਂ ਉਪਰ ਦੋਵਾਂ ਰਾਜਾਂ ਦੇ ਲੋਕਾਂ ਦੇ ਸੰਘਰਸ਼ ਦੇ ਨਾਅਰਿਆਂ ਦੀ ਗੜਗੱਜ ਪਈ ਹੈ।

26 ਜੂਨ ਨੂੰ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਨੇ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਨੇੜੇ ਇਕੱਠੇ ਹੋਣ ਦਾ ਪ੍ਰੋਗਰਾਮ ਉਲੀਕਿਆ ਸੀ। ਪਹਿਲਾਂ ਪ੍ਰਸ਼ਾਸਨ ਨੇ ਸਾਰੇ ਮੁੱਖ ਐਂਟਰੀ ਪੁਆਇੰਟ ਸੀਲ ਕਰਕੇ ਆਉਣ ਵਾਲੇ ਸੰਘਰਸ਼ੀ ਕਾਫਲਿਆਂ ਨੂੰ ਰੋਕਣ ਦਾ ਮਨਸੂਬਾ ਬਣਾਇਆ ਸੀ ਪਰ ਸ਼ਾਇਦ ਇਸ ਨਾਲ ਪੈਦਾ ਹੋਣ ਵਾਲੀ ਕਸੂਤੀ ਹਾਲਤ ਨੂੰ ਵਿਚਾਰ ਕੇ ਰਾਤ ਨੂੰ ਉਹ ਸਾਰੇ ਨਾਕੇ ਚੁੱਕ ਲਏ। ਇਸ ਦੀ ਬਜਾਇ, ਗੁਰਦੁਆਰਾ ਅੰਬ ਸਾਹਿਬ ਨੇੜੇ ਪੁਡਾ ਮੈਦਾਨ 'ਚ ਇਕੱਠੇ ਹੋਣ ਵਾਲੇ ਕਾਫਲਿਆਂ ਨੂੰ ਇੱਥੋਂ ਦੀ ਚੰਡੀਗੜ੍ਹ-ਮੁਹਾਲੀ ਹੱਦ ਉਪਰ ਰੋਕਣ ਅਤੇ ਇਸੇ ਤਰ੍ਹਾਂ ਹਰਿਆਣੇ ਵਾਲੇ ਪਾਸੇ ਕਾਫਲਿਆਂ ਨੂੰ ਰੋਕਣ ਲਈ ਵੱਡੀ ਗਿਣਤੀ 'ਚ ਪੁਲਿਸ ਤਾਇਨਾਤ ਕਰਕੇ ਸਖਤ ਨਾਕਾਬੰਦੀ ਕੀਤੀ ਗਈ। ਵਿਸ਼ਾਲ ਮੁਜ਼ਾਹਰੇ ਦੀ ਸ਼ਕਲ 'ਚ ਚੰਡੀਗੜ੍ਹ ਵੱਲ ਵਧ ਰਹੇ ਕਾਫਲਿਆਂ ਨੂੰ ਉਸੇ ਤਰ੍ਹਾਂ ਬੈਰੀਕੈਡਾਂ ਨਾਲ ਜੂਝਣਾ ਪਿਆ, ਜਿਵੇਂ ਉਹ 25 ਨਵੰਬਰ ਨੂੰ ਸ਼ੰਭੂ ਹੱਦ ਦੇ ਬੈਰੀਕੇਡ ਤੋੜ ਕੇ ਅਤੇ ਹਰਿਆਣਾ ਪੁਲਿਸ ਨੂੰ ਪਛਾੜਦੇ ਹੋਏ ਦਿੱਲੀ ਸਿੰਘੂ ਹੱਦ 'ਤੇ ਪਹੁੰਚੇ ਸਨ। ਇਕੱਠ ਨੂੰ ਖਿੰਡਾਉਣ ਲਈ ਜਲ ਤੋਪਾਂ ਅਤੇ ਕਿੱਲਾਂ ਵਾਲੀਆਂ ਰੋਕਾਂ ਦੀ ਵਰਤੋਂ ਕੀਤੀ ਗਈ ਪਰ ਸੰਘਰਸ਼ਸ਼ੀਲ ਕਾਫਲਿਆਂ ਦੇ ਲੜਾਕੂ ਜੋਸ਼ ਅੱਗੇ ਪੁਲਿਸ ਵੱਲੋਂ ਖੜ੍ਹੀ ਕੀਤੀ ਇਸ ਲੋਹ-ਦੀਵਾਰ ਦੀ ਕੋਈ ਪੇਸ਼ ਨਾ ਗਈ। ਨੌਜਵਾਨਾਂ ਨੇ ਜਲ ਤੋਪ ਨਕਾਰਾ ਕਰਕੇ ਅੱਗੇ ਵਧਣ ਦਾ ਰਾਹ ਪੱਧਰਾ ਕਰ ਦਿੱਤਾ ਅਤੇ ਛਿੱਥੇ ਪਏ ਉਚ ਪੁਲਿਸ ਅਧਿਕਾਰੀ ਅਤੇ ਪੁਲਿਸ ਦੇ ਲਸ਼ਕਰ ਬਿਟ-ਬਿਟ ਦੇਖਦੇ ਰਹਿ ਗਏ। ਇਸ ਸਖਤ ਜ਼ੋਰ-ਆਜ਼ਮਾਈ ਦੌਰਾਨ ਕਈ ਕਿਸਾਨਾਂ ਦੀਆਂ ਦਸਤਾਰਾਂ ਵੀ ਲਹਿ ਗਈਆਂ ਅਤੇ ਕਈਆਂ ਦੇ ਕੁਝ ਸੱਟਾਂ ਵੀ ਲੱਗੀਆਂ ਪਰ ਉਨ੍ਹਾਂ ਨੇ ਭੜਕਾਹਟ ਦੀ ਬਜਾਇ ਸੰਜਮ ਨਾਲ ਲੜਾਈ ਲੜਦੇ ਹੋਏ ਆਪਣੇ ਮਿੱਥੇ ਨਿਸ਼ਾਨੇ ਵੱਲ ਵਧਣਾ ਜਾਰੀ ਰੱਖਿਆ। ਜਿੱਥੇ ਵੀ ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ ਗਿਆ, ਪੁਲਿਸ ਦੀਆਂ ਰੋਕਾਂ ਨੂੰ ਲਗਾਤਾਰ ਖਦੇੜਦੇ ਹੋਏ ਉਹ ਪ੍ਰੈੱਸ ਚੌਕ 'ਚ ਪਹੁੰਚ ਗਏ ਅਤੇ ਉਥੇ ਡੀ.ਸੀ. ਰਾਹੀਂ ਗਵਰਨਰ ਨੂੰ ਮੰਗ ਪੱਤਰ ਦਿੱਤਾ ਗਿਆ।

ਇਸੇ ਤਰ੍ਹਾਂ ਪੰਚਕੂਲਾ ਵਾਲੇ ਪਾਸੇ ਗੁਰਦੁਆਰਾ ਨਾਢਾ ਸਾਹਿਬ ਵਿਖੇ ਇਕੱਠੇ ਹੋਏ ਹਰਿਆਣਾ ਦੇ ਕਿਸਾਨਾਂ ਨੂੰ ਰੋਕਣ ਲਈ ਪੰਚਕੂਲਾ 'ਚ ਹਰਿਆਣਾ ਪੁਲਿਸ ਦੀਆਂ 13 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਸਨ ਅਤੇ 1900 ਹੋਰ ਪੁਲਿਸ ਨਫਰੀ ਵੀ ਤਾਇਨਾਤ ਸੀ। ਇਹ ਕਾਫਲੇ ਵੀ ਚੰਡੀਗੜ੍ਹ ਅਤੇ ਹਰਿਆਣਾ ਪੁਲਿਸ ਵੱਲੋਂ ਲਗਾਏ ਬੈਰੀਕੇਡ ਇਕ-ਇਕ ਕਰਕੇ ਤੋੜਦੇ ਹੋਏ ਅੱਗੇ ਵਧਦੇ ਗਏ। ਸਿਰਫ ਚੰਡੀਗੜ੍ਹ 'ਚ ਹੀ ਨਹੀਂ, ਬਹੁਤ ਸਾਰੇ ਹੋਰ ਸੂਬਿਆਂ 'ਚ ਵੀ ਗਵਰਨਰਾਂ ਨੂੰ ਮੰਗ ਪੱਤਰ ਦੇਣ ਜਾ ਰਹੇ ਕਾਫਲਿਆਂ ਨੂੰ ਰੋਕਿਆ ਗਿਆ। ਦਿੱਲੀ ਤੋਂ ਇਲਾਵਾ, ਦੇਹਰਾਦੂਨ, ਭੋਪਾਲ, ਹੈਦਰਾਬਾਦ, ਬੰਗਲੂਰੂ ਸਮੇਤ ਕਈ ਥਾਵਾਂ ਉਪਰ ਕਾਫਲਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਫਾਸ਼ੀਵਾਦੀ ਹੁਕਮਰਾਨਾਂ ਦੀਆਂ ਇਨ੍ਹਾਂ ਤਮਾਮ ਤਾਨਾਸ਼ਾਹ ਪੇਸ਼ਬੰਦੀਆਂ ਦੇ ਬਾਵਜੂਦ ਲੱਗਭੱਗ ਹਰ ਰਾਜ 'ਚ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਹੋਏ ਅਤੇ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ ਦਿੱਤੇ ਗਏ। ਚੰਡੀਗੜ੍ਹ ਸਮੇਤ ਕਿਸੇ ਵੀ ਜਗ੍ਹਾ ਕਿਸੇ ਤਰ੍ਹਾਂ ਦੀ ਭੰਨਤੋੜ ਜਾਂ ਸੰਘਰਸ਼ ਦੇ ਜ਼ਾਬਤੇ ਨੂੰ ਤੋੜਨ ਦੀ ਇਕ ਵੀ ਘਟਨਾ ਨਹੀਂ ਹੋਈ ਜੋ ਹਰ ਮੁਸ਼ਕਿਲ ਹਾਲਾਤ 'ਚ ਅੰਦੋਲਨ ਨੂੰ ਲੀਡਰਸ਼ਿਪ ਵੱਲੋਂ ਤੈਅ ਕੀਤੇ ਜ਼ਾਬਤੇ 'ਚ ਰਹਿ ਕੇ ਜਾਰੀ ਰੱਖਣ ਦੀ ਪ੍ਰਪੱਕਤਾ ਦਾ ਸਬੂਤ ਹੈ। ਇਹ ਹੁਕਮਰਾਨਾਂ ਦੇ ਮੂੰਹ ਉਪਰ ਕਰਾਰੀ ਚਪੇੜ ਹੈ ਜੋ ਅੰਦੋਲਨ ਦੀ ਦ੍ਰਿੜਤਾ ਅਤੇ ਸਬਰ ਤੋਂ ਬੁਖਲਾ ਕੇ ਅੰਦੋਲਨ ਦਾ ਅਕਸ ਵਿਗਾੜਨ ਲਈ ਨਿੱਤ ਦਿਨ ਜ਼ਹਿਰ ਉਗਲਦੇ ਦੇਖੇ ਜਾ ਸਕਦੇ ਹਨ।

ਮੰਗ ਪੱਤਰ 'ਚ ਬਿਲਕੁਲ ਸਹੀ ਕਿਹਾ ਗਿਆ ਹੈ ਕਿ ਇਹ ਕਿਸਾਨ ਅੰਦੋਲਨ ਸਿਰਫ ਕਾਲੇ ਕਾਨੂੰਨ ਰੱਦ ਕਰਾਉਣ ਲਈ ਨਹੀਂ ਹੈ, ਇਹ ਲੋਕਤੰਤਰ ਨੂੰ ਬਚਾਉਣ ਲਈ ਹੈ। ਇਸ ਦਾ ਭਾਵ ਭਾਰਤ ਦੀ ਜਮਹੂਰੀਅਤ ਦੀ ਖਸਲਤ ਨੂੰ ਨਜ਼ਰਅੰਦਾਜ਼ ਕਰਕੇ ਇਸ ਨੂੰ ਸੱਚੀ ਜਮਹੂਰੀਅਤ ਵਜੋਂ ਵਡਿਆਉਣਾ ਨਹੀਂ ਹੈ। ਇਸ ਸੱਦੇ ਦਾ ਭਾਵ ਤਾਨਾਸ਼ਾਹ ਹਕੂਮਤਾਂ ਦੇ ਹਮਲਿਆਂ ਰਾਹੀਂ ਖਤਮ ਕੀਤੇ ਜਾ ਰਹੇ ਉਨ੍ਹਾਂ ਜਮਹੂਰੀ ਹੱਕਾਂ ਅਤੇ ਸ਼ਹਿਰੀ ਆਜ਼ਾਦੀਆਂ ਨੂੰ ਬਚਾਉਣ ਤੋਂ ਹੈ ਜੋ ਅੰਗਰੇਜ਼ ਬਸਤੀਵਾਦੀ ਰਾਜ ਦੇ ਸਮੇਂ ਤੋਂ ਲੈ ਕੇ ਅਣਥੱਕ ਦੇਸ਼ਪ੍ਰੇਮੀ ਤੇ ਇਨਕਲਾਬੀ ਤਾਕਤਾਂ ਵੱਲੋਂ ਜੱਦੋਜਹਿਦ ਨਾਲ ਹਾਸਲ ਕੀਤੇ ਗਏ ਸਨ। ਘੱਟੋ-ਘੱਟ ਸੰਯੁਕਤ ਕਿਸਾਨ ਮੋਰਚੇ ਦੇ ਸਹੀ ਜਮਾਤੀ ਸੋਝੀ ਰੱਖਦੇ ਹਿੱਸੇ ਇਸ ਫਰਕ ਨੂੰ ਬਾਖੂਬੀ ਸਮਝਦੇ ਹਨ।

26 ਜੂਨ ਨੂੰ ਹੋਈ ਵਿਸ਼ਾਲ ਲਾਮਬੰਦੀ ਨੇ ਦਿਖਾ ਦਿੱਤਾ ਹੈ ਕਿ ਕਿਸਾਨਾਂ ਮਜ਼ਦੂਰਾਂ ਦਾ ਕਾਲੇ ਕਾਨੂੰਨਾਂ ਨੂੰ ਰੱਦ ਕਰਾ ਕੇ ਦਿੱਲੀਓਂ ਮੁੜਨ ਦਾ ਲੜਾਕੂ ਜਜ਼ਬਾ ਪਹਿਲਾਂ ਦੀ ਤਰ੍ਹਾਂ ਬਰਕਰਾਰ ਹੈ। ਅੰਦੋਲਨ ਅਕਸਰ ਲੰਮਾ ਸਮਾਂ ਹੀ ਚੱਲਦੇ ਹੁੰਦੇ ਹਨ। ਸੰਘਰਸ਼ ਦੇ ਲੰਮਾ ਹੋਣ ਨਾਲ ਅਵਾਮ ਦੀ ਦ੍ਰਿੜਤਾ ਮਜ਼ਬੂਤ ਹੋਈ ਹੈ। ਇਸ ਨੇ ਭਾਰਤ ਦੇ ਲੋਕਾਂ ਨੂੰ ਸੜਕਾਂ ਉਪਰ ਲਿਆ ਕੇ ਅਤੇ ਆਰ.ਐਸ.ਐਸ.-ਭਾਜਪਾ ਦੇ ਫਾਸ਼ੀਵਾਦ ਦੇ ਦਨਦਨਾ ਰਹੇ ਰਥ ਦੇ ਪਹੀਆਂ ਨੂੰ ਹੱਥ ਪਾ ਕੇ ਨਵਾਂ ਇਤਿਹਾਸ ਤਾਂ ਰਚਿਆ ਹੀ ਹੈ, ਨਾਲ ਹੀ ਇਹ ਕੁਲ ਆਲਮ ਦੇ ਲੋਕਾਂ ਲਈ ਘੋਰ ਪਿਛਾਖੜੀ ਵਿਚਾਰਧਾਰਾ ਅਤੇ ਕਾਰਪੋਰੇਟ ਸਰਮਾਏਦਾਰੀ ਦੇ ਗੱਠਜੋੜ ਤੋਂ ਆਪਣੇ ਹਿਤਾਂ ਦੀ ਰਾਖੀ ਲਈ ਲੜਨ ਦਾ ਪ੍ਰੇਰਨਾ ਸਰੋਤ ਵੀ ਬਣ ਰਿਹਾ ਹੈ।

ਨੋਮ ਚੌਮਸਕੀ ਜੋ ਦੁਨੀਆ ਭਰ ਦੇ ਰੋਸ਼ਨ-ਖਿਆਲ ਚੋਟੀ ਦੇ ਬੁੱਧੀਜੀਵੀਆਂ ਵਿੱਚੋਂ ਇਕ ਹਨ, ਨੇ ਨਾਸਾ ਵਿਗਿਆਨੀ ਅਤੇ ਫਿਲਮਸਾਜ਼ ਬੇਦਬ੍ਰਤਾ ਪਾਇਨ ਨਾਲ ਹਾਲੀਆ ਇੰਟਰਵਿਊ 'ਚ ਕਿਹਾ ਹੈ ਕਿ ਭਾਰਤ ਦੇ ਕਿਸਾਨ ਜੋ ਕਰ ਰਹੇ ਹਨ "ਉਸ ਉਪਰ ਉਨ੍ਹਾਂ ਨੂੰ ਬਹੁਤ ਜ਼ਿਆਦਾ ਮਾਣ ਹੋਣਾ ਚਾਹੀਦਾ ਹੈ। ਉਹ ਹੌਸਲੇ ਨਾਲ, ਦਿਆਨਤਦਾਰੀ ਨਾਲ ਆਪਣੇ ਪਰਿਵਾਰਾਂ ਲਈ, ਭਾਰਤ ਦੇ ਕਿਸਾਨਾਂ ਲਈ, ਭਾਰਤ ਦੇ ਲੋਕਾਂ ਲਈ, ਕੁਲ ਦੁਨੀਆ ਲਈ ਸਹੀ ਕੰਮ ਕਰ ਰਹੇ ਹਨ ਜਿਨ੍ਹਾਂ ਨੂੰ ਆਪੋ ਆਪਣੇ ਹਾਲਾਤ 'ਚ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਰਨ ਲਈ ਸੰਘਰਸ਼ ਦੇ ਇਸ ਮਾਡਲ ਨੂੰ ਅੰਜ਼ਾਮ ਦੇਣਾ ਚਾਹੀਦਾ ਹੈ... ਇਸ ਨੂੰ ਜਾਰੀ ਰੱਖੋ। ਇਹ ਕਾਲੇ ਦੌਰ 'ਚ ਦੁਨੀਆ ਲਈ ਚਾਨਣ ਮੀਨਾਰ ਹੈ। ਕਿਸਾਨਾਂ ਦੀਆਂ ਕਾਰਵਾਈਆਂ ਉਤਸ਼ਾਹਤ ਕਰਨ ਵਾਲੀਆਂ ਹਨ। ਇਹ ਉਤਸ਼ਾਹਜਨਕ ਹੈ।"

ਹਿਟਲਰ-ਮੁਸੋਲਿਨੀ ਦੀ ਪੈਰੋਕਾਰ ਭਗਵੀਂ ਹਕੂਮਤ ਵਿਰੁੱਧ ਇਹ ਇਤਿਹਾਸਕ ਲੜਾਈ ਇਖਲਾਕੀ ਪੱਖ ਤੋਂ ਕਦੋਂ ਦੀ ਜਿੱਤੀ ਜਾ ਚੁੱਕੀ ਹੈ। ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਦਾ ਮੋਰਚਾ ਫਤਹਿ ਕਰਕੇ ਇਸ ਲੜਾਈ ਨੂੰ ਵਿਹਾਰਕ ਤੌਰ 'ਤੇ ਜਿੱਤਣ ਲਈ ਹੋਰ ਵੀ ਵਿਸ਼ਾਲ ਲਾਮਬੰਦੀ ਕਰਨ ਦੇ ਨਜ਼ਰੀਏ ਨਾਲ ਹੋਰ ਵੀ ਗੰਭੀਰਤਾ, ਸਿਰੜ ਅਤੇ ਦੂਰਅੰਦੇਸ਼ੀ ਨਾਲ ਅੱਗੇ ਵਧਾਉਣ ਦੀ ਲੋੜ ਹੈ।

# ਭਾਰਤ ਅਤੇ ਆਰਥਿਕ ਨੀਤੀਆਂ

ਨਰਸਿਮ੍ਹਾ ਰਾਓ ਸਰਕਾਰ ਵੱਲੋਂ ਭਾਰਤ ਦੀ ਸੱਤਾ ਸੰਭਾਲਣ ਅਤੇ ਭਾਰਤੀ ਅਰਥਚਾਰੇ ਵਿਚ ਵਿਆਪਕ ਤਬਦੀਲੀਆਂ ਕੀਤੇ ਜਾਣ ਦੇ ਤਿੰਨ ਦਹਾਕੇ ਪੂਰੇ ਹੋ ਗਏ ਹਨ। ਇਨ੍ਹਾਂ ਸੁਧਾਰਾਂ ਨੇ ਭਾਰਤੀ ਅਰਥਚਾਰੇ ਦੀ ਦਿਸ਼ਾ ਅਤੇ ਦਸ਼ਾ ਬਦਲ ਦਿੱਤੀ। ਇਨ੍ਹਾਂ ਤੀਹ ਸਾਲਾਂ ਦੌਰਾਨ ਆਲਮੀ ਅਰਥਚਾਰੇ ਵਿਚ ਭਾਰਤ ਦਾ ਹਿੱਸਾ 1.1 ਫੀਸਦੀ ਤੋਂ ਤਿੱਗਣਾ ਵਧ ਕੇ 3.3 ਫੀਸਦੀ ਹੋ ਗਿਆ। ਇਸ ਵੇਲੇ ਅਮਰੀਕੀ ਡਾਲਰ ਦੇ ਹਿਸਾਬ ਨਾਲ ਭਾਰਤੀ ਅਰਥਚਾਰਾ 11 ਗੁਣਾ ਵਧ ਚੁੱਕਾ ਹੈ ਅਤੇ

**ਟੀ. ਐਨ. ਨੈਨਾਨ**

ਇਸ ਮਾਮਲੇ ਵਿਚ ਸਿਰਫ ਚੀਨ ਤੇ ਵੀਅਤਨਾਮ ਦੀ ਕਾਰਗੁਜ਼ਾਰੀ ਹੀ ਭਾਰਤ ਤੋਂ ਬਿਹਤਰ ਹੈ। ਦੂਜੇ ਪਾਸੇ ਮੁੱਖ ਮਨੁੱਖੀ ਵਿਕਾਸ ਸੰਕੇਤਕਾਂ (ਜਿਨ੍ਹਾਂ ਵਿਚ ਮੁੱਖ ਤੌਰ 'ਤੇ ਜ਼ਿੰਦਗੀ ਦੀ ਉਮੀਦ ਅਤੇ ਸਾਖਰਤਾ ਸ਼ਾਮਲ ਹਨ) ਦੇ ਪੱਖ ਤੋਂ ਭਾਰਤ ਨੇ 'ਦਰਮਿਆਨੇ ਵਿਕਾਸ' ਦੇ ਵਰਗ ਵਿਚ ਸ਼ਾਮਲ ਮੁਲਕਾਂ ਦੀ ਔਸਤ ਤੋਂ ਰਤਾ ਕੁ ਹੀ ਬਿਹਤਰ ਕਾਰਗੁਜ਼ਾਰੀ ਦਿਖਾਈ ਹੈ। ਉਮੀਦ ਹੈ ਕਿ ਭਾਰਤ ਸੰਸਾਰ ਦੇ 12ਵੇਂ ਸਭ ਤੋਂ ਵੱਡੇ ਅਰਥਚਾਰੇ ਤੋਂ ਉਪਰ ਉਠ ਕੇ ਇਸ ਸਾਲ ਛੇਵਾਂ ਸਭ ਤੋਂ ਵੱਡਾ ਅਰਥਚਾਰਾ ਬਣ ਜਾਵੇਗਾ।

ਪਿਛਲਝਾਤ ਦੇ ਪੱਖ ਤੋਂ ਇਹ ਵਧੀਆ ਰਿਕਾਰਡ ਹੈ। ਇਸ ਸਮੇਂ ਦੌਰਾਨ ਹੋਰ ਮੁਲਕਾਂ ਨੇ ਕਿਹੋ ਜਿਹੀ ਕਾਰਗੁਜ਼ਾਰੀ ਦਿਖਾਈ ਤੇ ਇਸ ਦੇ ਮੁਕਾਬਲੇ ਭਾਰਤ ਦੇ ਆਪਣੇ ਪਿਛਲੇ ਤਿੰਨ ਦਹਾਕੇ ਕਿਵੇਂ ਲੰਘੇ, ਤਾਂ ਇਸ ਬਾਬਤ ਆਖਿਆ ਜਾ ਸਕਦਾ ਹੈ ਕਿ ਜੋ ਹੋਣਾ ਚਾਹੀਦਾ ਸੀ ਤੇ ਜੋ ਕਰਨਾ ਸੰਭਵ ਸੀ, ਕਾਰਗੁਜ਼ਾਰੀ ਉਸ ਤੋਂ ਕਾਫੀ ਘੱਟ ਰਹੀ। ਇਸ ਦੌਰਾਨ ਬੜੀ ਵੱਡੀ ਗਿਣਤੀ ਗ਼ਰੀਬੀ ਰੇਖਾ ਤੋਂ ਉਪਰ ਉਠੀ ਹੈ। ਇਸ ਦੇ ਬਾਵਜੂਦ, ਅਫਰੀਕਾ ਨੂੰ ਛੱਡ ਕੇ ਬਾਕੀ ਸੰਸਾਰ ਵਿਚੋਂ ਭਾਰਤੀ ਆਬਾਦੀ ਦਾ ਸਭ ਤੋਂ ਵੱਡਾ ਹਿੱਸਾ ਅਜੇ ਵੀ ਗ਼ਰੀਬ ਹੈ, ਭਾਵੇਂ ਆਲਮੀ ਪੱਧਰ ਉਤੇ ਵਿਆਪਕ ਗ਼ਰੀਬੀ ਪੱਖੋਂ ਹੁਣ ਪਹਿਲਾ ਸਥਾਨ ਏਸ਼ੀਆ ਦੀ ਥਾਂ ਅਫਰੀਕਾ ਨੇ ਮੱਲ ਲਿਆ ਹੈ। ਪ੍ਰਤੀ ਵਿਅਕਤੀ ਆਮਦਨ ਦੇ ਲਿਹਾਜ਼ ਨਾਲ ਜਿਨ੍ਹਾਂ 150 ਮੁਲਕਾਂ ਦੇ ਅਰਥਚਾਰਿਆਂ ਦੇ ਕੌਮਾਂਤਰੀ ਮੁਦਰਾ ਕੋਸ਼ ਕੋਲ 1990 ਵਿਚ ਅੰਕੜੇ ਮੌਜੂਦ ਸਨ, ਉਨ੍ਹਾਂ ਵਿਚੋਂ 90 ਫੀਸਦ ਮੁਲਕਾਂ ਦੀ ਕਾਰਗੁਜ਼ਾਰੀ ਭਾਰਤ ਨਾਲੋਂ ਬਿਹਤਰ ਰਹੀ ਹੈ। ਅੱਜ ਕਰੀਬ 195 ਮੁਲਕਾਂ ਵਿਚੋਂ 75 ਫੀਸਦ ਦੀ ਕਾਰਗੁਜ਼ਾਰੀ ਭਾਰਤ ਨਾਲੋਂ ਬਿਹਤਰ ਹੈ। ਦੂਜੇ ਪਾਸੇ ਅੱਜ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਆਲਮੀ ਔਸਤ ਦੇ ਪੰਜਵੇਂ ਹਿੱਸੇ (20 ਫੀਸਦੀ) ਤੋਂ ਵੀ ਘੱਟ ਹੈ। ਜ਼ਾਹਰਾ ਤੌਰ 'ਤੇ ਮੁਲਕ ਵਿਚ ਆਰਥਿਕ ਨਾ-ਬਰਾਬਰੀ ਵਿਚ ਭਾਰੀ ਵਾਧਾ ਹੋਇਆ ਹੈ ਪਰ 2011 ਤੋਂ ਬਾਅਦ ਇਸ ਮੁਤੱਲਕ ਭਰੋਸੇਯੋਗ ਅੰਕੜੇ ਹੀ ਨਹੀਂ ਹਨ।

ਬੀਤੇ 30 ਸਾਲਾਂ ਦੀ ਕਹਾਣੀ ਇਕਸਾਰ ਨਹੀਂ ਚੱਲਦੀ। ਪਹਿਲੇ ਦੋ ਦਹਾਕਿਆਂ ਵਿਚ ਤੀਜੇ ਅਤੇ ਪਿਛਲੇ ਦਹਾਕੇ (2011-21) ਦੇ ਮੁਕਾਬਲੇ ਕਾਰਗੁਜ਼ਾਰੀ ਬਿਹਤਰ ਰਹੀ। ਜਿਨ੍ਹਾਂ ਬਹੁਤ ਸਾਰੇ ਮੁਲਕਾਂ ਨੂੰ ਪਹਿਲਾਂ ਭਾਰਤ ਨੇ ਆਪਣੀ ਤੇਜ਼ ਰਫਤਾਰੀ ਨਾਲ ਪਛਾੜ ਦਿੱਤਾ ਸੀ, ਹੁਣ ਸਾਡੇ ਨਾਲੋਂ ਅੱਗੇ ਲੰਘ ਰਹੇ ਹਨ; ਨਾ ਸਿਰਫ ਬੰਗਲਾਦੇਸ਼ ਸਗੋਂ ਫਿਲਪੀਨਜ਼ ਤੱਕ ਵੀ ਅਤੇ ਯਕੀਨਨ ਚੀਨ ਤੇ ਵੀਅਤਨਾਮ ਤਾਂ ਹਨ ਹੀ। ਹਾਂ, ਜਦੋਂ ਅਸੀਂ 2011-21 ਦੇ ਅਰਸੇ ਦੌਰਾਨ ਭਾਰਤ ਦੀ ਤੁਲਨਾ ਲਾਤੀਨੀ ਅਮਰੀਕਾ ਦੀ ਡਿੱਗਦੀ ਜੀਡੀਪੀ ਨਾਲ ਕਰਦੇ ਹਾਂ, ਜਾਂ ਸਬ-ਸਹਾਰਨ ਅਫਰੀਕਾ ਦੇ ਸੰਕਟਾਂ ਵੱਲ ਦੇਖਦੇ ਹਾਂ, ਤੇ ਨਾਲ ਹੀ ਆਸੀਆਨ-5 ਦੀ ਮਾੜੀ ਕਾਰਗੁਜ਼ਾਰੀ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਭਾਰਤ ਦੀ ਹਾਲਤ ਕੁਝ ਬਿਹਤਰ ਜਾਪਦੀ ਹੈ। ਉਂਜ, ਅਸੀਂ ਇਸ ਗੱਲ ਨੂੰ ਵੀ ਨਹੀਂ ਭੁਲਾ ਸਕਦੇ ਕਿ 2001 ਵਿਚ ਭਾਰਤ ਦੀ ਜੀ.ਡੀ.ਪੀ. ਚੀਨ ਦੀ ਜੀ.ਡੀ.ਪੀ. ਦਾ 37 ਫੀਸਦੀ ਸੀ ਅਤੇ ਅੱਜ ਦੋ ਦਹਾਕਿਆਂ ਬਾਅਦ ਇਹ ਅੱਧੀ ਘਟ ਕੇ 18 ਫੀਸਦੀ ਰਹਿ ਗਈ ਹੈ। ਆਲਮੀ ਅਰਥਚਾਰੇ ਵਿਚ ਭਾਰਤ ਦੇ ਵਧਦੇ ਯੋਗਦਾਨ ਨੇ ਇਸ ਨੂੰ ਕੌਮਾਂਤਰੀ ਪੱਧਰ 'ਤੇ ਕਾਫੀ ਵਜ਼ਨ ਦਿਵਾਇਆ ਪਰ ਇਹ ਚੀਨ ਨਾਲ ਤਾਕਤ ਦਾ ਤਵਾਜ਼ਨ ਕਾਇਮ ਰੱਖਣ ਪੱਖੋਂ ਬੁਰੀ ਤਰ੍ਹਾਂ ਮਾਤ ਖਾ ਗਿਆ।

ਇਸ ਤਰ੍ਹਾਂ ਸਾਲ 2011 ਤੋਂ ਬਾਅਦ ਦੇ ਦੌਰ ਵਿਚ ਭਾਰਤੀ ਅਰਥਚਾਰੇ ਦੀ ਮੁਕਾਬਲਤਨ ਢਿੱਲੀ-ਮੱਠੀ ਕਾਰਗੁਜ਼ਾਰੀ ਤੋਂ ਬਾਅਦ ਇਸ ਨੂੰ ਠੁੰਮਣਾ ਦੇ ਕੇ ਅੱਗੇ ਵਧਾਉਣ ਦਾ ਕੰਮ ਤਾਂ ਪਹਿਲਾਂ ਹੀ ਕਾਫੀ ਔਖਾ ਹੋਣਾ ਸੀ ਪਰ ਆਲਮੀ ਮਹਾਮਾਰੀ ਨੇ ਤਾਂ ਹਾਲਾਤ ਹੋਰ ਵੀ ਵਿਗਾੜ ਕੇ ਰੱਖ ਦਿੱਤੇ ਹਨ ਤੇ ਇਹ ਚੁਣੌਤੀ ਹੋਰ ਕਿਤੇ ਵਡੇਰੀ ਹੋ ਗਈ ਹੈ। ਰੁਜ਼ਗਾਰ ਤਾਂ ਪਹਿਲਾਂ ਹੀ ਸਾਡੀ ਨਾਕਾਮੀ ਵਾਲਾ ਖੇਤਰ ਹੈ; ਹੁਣ ਤਾਂ ਹਾਲਤ ਦੋ ਸਾਲ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਮਾੜੀ ਹੈ। ਲੱਖਾਂ ਹੀ ਲੋਕ ਮੁੜ ਗੁਰਬਤ ਵਿਚ ਗਰਕ ਗਏ।

ਅਰਥਚਾਰੇ ਨੂੰ ਅੱਜ ਜਿਸ ਚੀਜ਼ ਦੀ ਸਭ ਤੋਂ ਵੱਧ ਲੋੜ ਹੈ, ਉਹ ਹੈ ਪੈਦਾਵਾਰ ਨੂੰ ਹੁਲਾਰਾ ਅਤੇ ਸਾਫ-ਸੁਥਰਾ ਵਾਜਬ ਪ੍ਰਬੰਧ। ਮੋਦੀ ਸਰਕਾਰ ਵੱਲੋਂ ਭੌਤਿਕ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਭਲਾਈ ਸਕੀਮਾਂ ਉਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਦੋਵਾਂ ਦੀ ਲੋੜ ਹੈ ਤੇ ਇਨ੍ਹਾਂ ਦਾ ਸਵਾਗਤ ਹੋਣਾ ਚਾਹੀਦਾ ਹੈ ਪਰ ਇਹ ਕਦਮ ਮਨੁੱਖੀ ਵਸੀਲਿਆਂ ਦੇ ਮਿਆਰ ਵਿਚ ਲੋੜੀਂਦੇ ਭਾਰੀ ਸੁਧਾਰਾਂ ਦਾ ਬਦਲ ਨਹੀਂ ਹੋ ਸਕਦੇ, ਕਿਉਂਕਿ ਇਹੋ ਉਹ ਚੀਜ਼ ਹੈ ਜਿਸ ਨੇ ਅੱਧੀ ਸਦੀ ਪਹਿਲਾਂ ਪੂਰਬੀ ਏਸ਼ੀਆ ਦੇ ਕਾਇਆ ਕਲਪ ਦੀ ਨੀਂਹ ਰੱਖੀ ਸੀ। ਦੇਸ਼ ਦਾ ਅਰਥਚਾਰਾ 5 ਖਰਬ ਡਾਲਰ ਦਾ ਬਣਾਉਣ ਦੀਆਂ ਗੱਲਾਂ ਤਾਂ ਕੀਤੀਆਂ ਜਾਂਦੀਆਂ ਹਨ ਪਰ ਕਦੇ ਵੀ ਤੇਜ਼ੀ ਨਾਲ ਸਾਖਰਤਾ ਦਰ ਨੂੰ 74 ਫੀਸਦੀ ਤੋਂ 100 ਫੀਸਦੀ ਉਤੇ ਲਿਜਾਣ ਬਾਰੇ ਨਹੀਂ ਸੋਚਿਆ ਜਾਂਦਾ ਅਤੇ ਨਾ ਹੀ ਕਦੇ ਸਿਹਤ ਬੁਨਿਆਦੀ ਢਾਂਚੇ ਵਿਚ ਵਿਆਪਕ ਸੁਧਾਰਾਂ ਦੀ ਗੱਲ ਹੁੰਦੀ ਹੈ, ਜਦੋਂਕਿ ਮਹਾਮਾਰੀ ਨੇ ਮੁਲਕ ਦੇ ਸਿਹਤ ਢਾਂਚੇ ਦਾ ਭਾਂਡਾ ਭੰਨ ਕੇ ਰੱਖ ਦਿੱਤਾ ਹੈ।

ਵਧੀਆ ਚੱਲਦਾ ਕਰਜ਼ ਢਾਂਚਾ ਜਿਹੜਾ ਸਾਰੇ ਵਰਗਾਂ ਦੇ ਕਰਜ਼ਦਾਰਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੋਵੇ, ਅਜੇ ਵੀ ਸੁਪਨਾ ਹੀ ਹੈ। ਦੂਜੇ ਪਾਸੇ ਕਰਜ਼ ਦੇਣ ਵਾਲਿਆਂ ਨੂੰ ਆਪਣੇ ਦਿੱਤੇ ਕਰਜ਼ ਦਾ ਦੀਵਾਲੀਆਪਣ ਪ੍ਰਕਿਰਿਆ ਤੋਂ ਬਾਅਦ ਮਿਲਣ ਵਾਲਾ ਛੋਟਾ ਜਿਹਾ ਹਿੱਸਾ ਹਾਲਾਤ ਨੂੰ ਹੋਰ ਵਿਗਾੜਦਾ ਹੈ। ਹੁਣ ਤਾਂ ਕਰਜ਼ ਨਾ ਮੋੜਨ ਦੀ ਤਾਜ਼ਾ ਜ਼ੋਰਦਾਰ ਲਹਿਰ ਆਉਣ ਦੇ ਪੂਰੇ ਆਸਾਰ ਹਨ। ਜਦੋਂ ਕਾਰੋਬਾਰ ਹੀ ਬੁਰੀ ਹਾਲਤ ਵਿਚ ਹੋਣ ਤਾਂ ਇਸ ਪੱਖ ਤੋਂ ਚੰਗੇ ਦੀ ਉਮੀਦ ਹੀ ਨਹੀਂ ਕੀਤੀ ਜਾ ਸਕਦੀ।

ਇਸ ਲਈ ਆਰਥਿਕ ਹੀ ਨਹੀਂ ਸਗੋਂ ਭਲਾਈ ਦੇ ਪੱਖ ਤੋਂ ਵੀ ਕੀਤਾ ਜਾਣ ਵਾਲਾ ਸਭ ਤੋਂ ਅਹਿਮ ਕੰਮ ਹੈ ਲੋਕਾਂ ਨੂੰ ਮੁੜ ਕੰਮ ਉਤੇ ਲਿਆਉਣਾ ਅਤੇ ਰੁਜ਼ਗਾਰ ਵਧਾਉਣ ਵਾਲੀਆਂ ਸਰਗਰਮੀਆਂ ਨੂੰ ਹੁਲਾਰਾ ਦੇਣਾ। ਅਜਿਹਾ ਕੁਝ ਨਾ ਤਾਂ ਬੀਤੇ 30 ਸਾਲਾਂ ਦੌਰਾਨ ਕੀਤਾ ਗਿਆ ਹੈ ਅਤੇ ਨਾ ਹੀ ਉਨ੍ਹਾਂ ਤੋਂ ਪਹਿਲੇ 30 ਵਰ੍ਹਿਆਂ ਦੌਰਾਨ। ਆਗਾਮੀ 30 ਸਾਲਾਂ ਦੀ ਹੋਣੀ ਵੀ ਇਸੇ ਮੁੱਦੇ ਉਤੇ ਨਿਰਭਰ ਕਰਦੀ ਹੈ।

# ਪੰਜਾਬੀ ਅਤੇ ਹਿੰਦੀ ਵਿਚਕਾਰ ਪੁਲ ਡਾ. ਰਾਜਪਾਲ

**ਸ਼ਰਧਾਂਜਲੀ**

ਹਾਣੀਆਂ ਦੀ ਡਾਰ ਵਿਚੋਂ ਜਦੋਂ ਕੋਈ ਕਿਰਦਾ ਹੈ ਤਾਂ ਅਫਸੋਸ ਅਤੇ ਭੈਅ ਦੀ ਮਿਲ਼ ਜਿਹੀ ਅੰਦਰ ਹਿੱਲਦੀ ਮਹਿਸੂਸ ਹੋਣ ਲੱਗ ਪੈਂਦੀ ਹੈ। ਕੁਝ ਦਿਨ ਪਹਿਲਾਂ ਡਾ. ਰਾਜਪਾਲ ਨਾਲ ਗੱਲ ਹੋਈ ਸੀ, ਕਿਉਂਕਿ ਮੈਂ ਹਾਣੀਆਂ ਨੂੰ ਇਹੀ ਪੁੱਛਦਾ ਰਹਿੰਦਾ ਹਾਂ ਕਿ ਸਿਹਤ ਦਾ ਕੀ ਹਾਲ ਹੈ? ਜਦੋਂ ਵੀ ਕਦੇ ਰਲ ਕੇ ਬੈਠਦੇ ਹੁੰਦੇ ਸੀ ਤਾਂ ਸਾਂਝੀ ਸਮਝ ਇਹੀ ਬਣਦੀ ਹੁੰਦੀ ਸੀ ਕਿ ਕਿਥੋਂ ਕਿਥੇ ਪਹੁੰਚ ਗਏ ਹਾਂ। ਤੱਪੜਾਂ ਵਾਲੇ ਸਕੂਲਾਂ ਤੋਂ ਲੈ ਕੇ

ਬਲਕਾਰ ਸਿੰਘ ਪ੍ਰੋਫੈਸਰ

ਯੂਨੀਵਰਸਿਟੀਆਂ ਦੀ ਪ੍ਰੋਫੈਸਰਸ਼ਿਪ ਤੱਕ ਦੀ ਯਾਤਰਾ ਕਿਸੇ ਨੂੰ ਵੀ ਅਕਲ ਦੇ ਆਸਰੇ ਕੀਤੀ ਹੋਈ ਪ੍ਰਾਪਤੀ ਨਹੀਂ ਲੱਗਦੀ ਹੁੰਦੀ ਸੀ, ਕਿਉਂਕਿ ਸਾਰਿਆਂ ਨੂੰ ਪਤਾ ਸੀ ਕਿ ਜੇ ਪੰਜਾਬੀ ਯੂਨੀਵਰਸਿਟੀ ਨਾ ਬਣਦੀ ਤਾਂ ਸਾਡੇ ਵਿਚੋਂ ਬਹੁਤਿਆਂ ਨੂੰ ਕਾਲਜ ਦੀ ਪ੍ਰੋਫੈਸਰਸ਼ਿਪ ਨਾਲ ਹੀ ਸੰਤੁਸ਼ਟ ਹੋਣਾ ਪੈਣਾ ਸੀ। ਹਲੀਮੀ ਤਾਂ ਸਾਰਿਆਂ ਵਿਚ ਧਰਤੀ ਪੁੱਤਰਾਂ ਵਾਂਗ ਸਾਂਝੀ ਸੀ। ਅਕਲ ਵਿਚ ਵੀ ਸਾਰੇ ਇਕੋ ਜਿਹੇ ਹੀ ਲੱਗਦੇ ਹੁੰਦੇ ਸਨ। ਬਸ ਕਦੇ ਕਦੇ ਕੋਈ ਇਕ ਆਪਣੇ ਫਿਕਰੇ ਜਾਂ ਮੁਹੱਬਤੀ ਲਗਨ ਕਰਕੇ ਵੱਖਰਾ ਦਿਸਣ ਲੱਗਦਾ ਸੀ ਤਾਂ ਦੂਜਿਆਂ ਨੂੰ ਲੱਤ ਖਿੱਚਣ ਦਾ ਮੌਕਾ ਮਿਲ ਜਾਂਦਾ ਸੀ।

ਕਵੀ, ਵਾਰਤਾਕਾਰ ਅਤੇ ਅਲੋਚਕ ਇਕ ਦੂਜੇ ਨਾਲ ਛੇੜ ਛਾੜ ਕਰਕੇ ਝੱਸ ਪੂਰਾ ਕਰ ਲੈਂਦੇ ਹੁੰਦੇ ਸਨ। ਕੋਈ ਦੱਸੇ ਜਾਂ ਨਾ ਦੱਸੇ, ਹਰ ਇਕ ਨੂੰ ਆਪਣੇ ਨਾਲੋਂ ਵੱਧ ਇਕ ਦੂਜੇ ਦੀ ਬੀਮਾਰੀ ਦਾ ਪਤਾ ਹੁੰਦਾ ਸੀ। ਵਰਲਡ ਪੰਜਾਬੀ ਸੈਂਟਰ ਦੀ ਸਟੇਜ 'ਤੇ ਇਕੱਠੇ ਹੋ ਕੇ ਤੀਆਂ ਵਰਗੇ ਮਰਹਲੇ ਗੁਜ਼ਾਰਦੇ ਰਹੇ ਸੀ। ਭਗਵਾਨ ਦਾਸ ਦੀ ਕੰਟੀਨ ਤੋਂ ਮਟਰਾਂ ਵਾਲੇ ਸਮੋਸੇ ਧਰਵਾਸ ਨਾਲੋਂ ਵੱਧ ਵਕਤ ਗੁਜ਼ਾਰਨ ਵਾਸਤੇ ਸਹਾਇਤਾ ਕਰਦੇ ਹੁੰਦੇ ਸਨ। ਡਿਸਪੋਜ਼ੇਬਲ ਕੱਪਾਂ ਵਿਚ ਕੰਟੀਨ ਦੀ ਚਾਹ ਪੀਣ ਵਾਸਤੇ ਪੀਣੀ ਪੈਂਦੀ ਸੀ। ਭੀੜ ਘਟਦੀ ਤਾਂ ਡਿਪ ਵਾਲੀ ਚਾਹ ਦਾ ਪ੍ਰਬੰਧ ਹੋ ਜਾਂਦਾ ਸੀ। ਇਹੋ ਜਿਹੇ ਦਿਨਾਂ ਵਿਚ ਕੋਵਿਡ-19 ਇਸ ਤਰ੍ਹਾਂ ਸਾਡੇ ਵਿਚ ਆ ਵੜਿਆ ਸੀ, ਜਿਵੇਂ ਮੱਕੀ ਦੇ ਖੇਤ ਵਿਚ ਝੋਟਾ ਆਣ ਵੜੇ!

ਅਸੀਂ ਇਸ ਗੱਲ 'ਤੇ ਗੱਜ ਵੱਜ ਕੇ ਹੱਸਦੇ ਹੁੰਦੇ ਸੀ ਕਿ ਜਿਸ ਵਹਿੜਕੇ ਨੇ ਤੈਨੂੰ ਰੰਡੀ ਕੀਤਾ ਹੈ, ਅਸੀਂ ਵੀ ਓਸੇ ਦੇ ਪੱਟੇ ਹੋਏ ਹਾਂ। ਇਹ ਵਹਿੜਕਾ ਕਿਹੜੇ ਵੇਲੇ ਝੋਟਾ/ਢੱਠਾ ਹੋ ਕੇ ਕੋਵਿਡ ਕਹਾਉਣ ਲੱਗ ਪਿਆ, ਮੇਰੀ ਪੀਹੜੀ ਨੂੰ ਗਲ ਪਏ ਢੋਲ ਵਾਂਗ ਵਜਾਉਣਾ ਪੈ ਰਿਹਾ ਹੈ। ਹਰ ਦੂਜੇ ਤੀਜੇ ਦਿਨ ਗੱਲ ਹੋ ਜਾਂਦੀ ਸੀ ਤਾਂ ਇਹ ਕਹਿ ਕੇ ਗੱਲ ਮੁਕਾਉਂਦੇ ਸੀ ਕਿ ਮਿਲਦੇ ਹਾਂ। ਮਿਲਣਾ ਕਿਥੇ ਸੀ? ਕੋਵਿਡ ਕਲਜੁਗ ਨੇ ਅਜੀਬ ਵਰਤਾਰੇ ਦਾ ਸ਼ਿਕਾਰ ਬਣਾ ਦਿੱਤਾ ਹੈ। ਮਾਪਿਆਂ ਅਤੇ ਔਲਾਦ ਵਿਚਕਾਰ ਕਿਹੋ ਜਿਹੀ ਲਕੀਰ ਖਿੱਚੀ ਗਈ ਹੈ। ਪਾਣੀ 'ਤੇ ਵੀ ਲਕੀਰਾਂ ਪੈਣ ਵਰਗੀਆਂ ਅਣਹੋਣੀਆਂ ਹੋਣ ਲੱਗ ਪਈਆਂ ਹਨ।

ਪਿਆਰੇ ਰਾਜਪਾਲ ਦੇ ਤੁਰ ਜਾਣ ਦੀ ਸੂਚਨਾ ਮੇਰੇ ਤੱਕ ਉਸ ਵੇਲੇ ਪਹੁੰਚੀ, ਜਦੋਂ ਉਸ ਦਾ ਸਸਕਾਰ ਹੋ ਰਿਹਾ ਸੀ। ਇਕੋ ਕਾਲੋਨੀ ਵਿਚ ਰਹਿੰਦਿਆਂ ਦਾ ਇਹ ਹਾਲ ਹੈ ਤਾਂ ਕਿਸੇ ਨੂੰ ਕੋਈ ਕੀ ਕਹੇ? ਕਾਨੂੰਨੀ ਵੀਹ ਬੰਦਿਆਂ ਵਿਚੋਂ ਇਕ ਹੋਣ ਦਾ ਮੌਕਾ ਵੀ ਨਹੀਂ ਮਿਲਿਆ। ਜਾਂਦਾ ਵੀ ਤਾਂ ਮੈਂ ਕੁਲਵੰਤ ਗਰੇਵਾਲ ਵਾਂਗ ਉਸ ਦਾ ਮੂੰਹ ਇਸ ਕਰਕੇ ਨਹੀਂ ਵੇਖਣਾ ਸੀ, ਕਿਉਂਕਿ ਹਾਣੀਆਂ ਦੀ ਮਹਿਫਿਲ ਵਿਚ ਇਸ ਆਖਰੀ ਅਣਕਿਆਸੇ ਦਰਸ਼ਨ ਨੂੰ ਟਿਕਾਇਆ ਨਹੀਂ ਜਾ ਸਕਣਾ ਸੀ। ਅਣਹੋਣੀਆਂ ਏਵੇਂ ਹੀ ਵਾਪਰਦੀਆਂ ਹਨ। 'ਕੇਲ ਕਰੇਂਦੇ ਹੰਝ' ਨੂੰ 'ਅਚਿੰਤੇ ਬਾਜ' ਏਵੇਂ ਹੀ ਪੈਂਦੇ ਆ ਰਹੇ ਹਨ। ਯਾਰਾਂ ਦੀ ਮਹਿਫਿਲ ਵਿਚ ਹੁੰਦੇ ਤਾਂ ਇਸ ਦੀਆਂ ਪਰਤਾਂ ਫੋਲਣ ਦੇ ਆਹਰ ਲੱਗ ਜਾਣਾ ਸੀ। ਗੱਲਾਂ ਵਿਚੋਂ ਗੱਲਾਂ ਇਸ ਤਰ੍ਹਾਂ ਨਿਕਲਦੀਆਂ ਆਉਣੀਆਂ ਸਨ ਕਿ ਵਕਤ ਦਾ ਪਤਾ ਹੀ ਨਹੀਂ ਸੀ ਲੱਗਣਾ।

ਮਹਿਫਿਲ ਦਾ ਸੁਤੇ ਦਸਤੂਰ ਇਹ ਹੋ ਗਿਆ ਸੀ ਕਿ ਆਪਣੀਆਂ ਆਪਣੀਆਂ ਮੁਸ਼ਕਿਲਾਂ ਦੀਆਂ ਟੋਕਰੀਆਂ ਬਾਹਰ ਹੀ ਰਹਿ ਜਾਂਦੀਆਂ ਸਨ। ਵਿਚਾਰ ਤੇ ਹਾਸ ਦਾ ਸੁਮੇਲ ਪੈਦਾ ਹੁੰਦਾ ਤੇ ਵਧਿਦਾ ਰਹਿੰਦਾ ਸੀ। ਨਤੀਜਿਆਂ 'ਤੇ ਪਹੁੰਚਣ ਦੀ ਕਿਸੇ ਨੂੰ ਕਾਹਲ ਨਹੀਂ ਸੀ ਹੁੰਦੀ। ਬਸ ਜਪੁਜੀ ਦੀ 'ਸੁਣਿਐ' ਅਤੇ 'ਮੰਨਿਐ' ਬਿਨਾ ਹਵਾਲੇ ਤੋਂ ਸਾਰਿਆਂ ਦਾ ਹਾਸਲ ਰਹਿੰਦੀ ਸੀ। ਜਿਉਂਦੇ ਜੀਅ ਜਿਵੇਂ ਕੁਲਵੰਤ ਗਰੇਵਾਲ 'ਬੂੰਦ ਬੂੰਦ ਤਰਸਣ' ਦੀ ਗੱਲ ਕਰਦਾ ਹੁੰਦਾ ਸੀ, ਉਸ ਨੂੰ ਕੰਨਾਂ ਰਾਹੀਂ ਪੀਣ ਦੇ ਵਰਤਾਰੇ ਨੂੰ ਹੋਈਆਂ ਮਹਿਫਿਲਾਂ ਦਾ ਹਾਸਲ ਕਿਹਾ ਜਾ ਸਕਦਾ ਹੈ। ਰਾਜਪਾਲ ਦੇ ਤੁਰ ਜਾਣ ਨੇ ਇਸ ਨਾਲ ਜੁੜੇ ਹੋਏ ਉਦਰੇਵੇਂ ਦਾ ਦਰਵਾਜਾ ਖੋਲ੍ਹ ਦਿੱਤਾ ਹੈ। ਰੱਬ ਖੈਰ ਕਰੇ, ਕਿਉਂਕਿ ਇਹ ਤਾਂ ਫੈਸਲਾ ਯਾਰਾਂ ਦੀ ਢਾਣੀ ਵਿਚ ਵੀ ਨਹੀਂ ਹੋ ਸਕਿਆ ਸੀ ਕਿ ਕੋਵਿਡ ਬੀਮਾਰੀ ਹੈ ਕਿ ਸਿਆਸਤ ਹੈ? ਪਰ ਹਾਣੀਆਂ ਦੀ ਗੈਰ-ਹਾਜ਼ਰੀ ਵਿਚ ਇਸ ਨੂੰ ਸਜ਼ਾ ਵਾਂਗ ਭੁਗਤਣ ਤੋਂ ਕੌਣ ਬਚ ਸਕਦਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਜਿਹੜੇ ਦਾਨਿਸ਼ਵਰ ਰੋਜ਼ੀ ਰੋਟੀ ਦੀ ਦਾਤੀ ਵਾਂਗ ਨਿਭਦੇ ਰਹੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਡਾ. ਰਾਜਪਾਲ ਹਿੰਦੀ ਦੇ ਪ੍ਰੋਫੈਸਰ ਸਨ, ਪਰ ਉਨ੍ਹਾਂ ਨੇ ਕੰਮ ਪੰਜਾਬੀ ਵਿਚ ਵੀ ਬਹੁਤ ਕੀਤਾ ਸੀ। ਤੁਰਨ ਵੇਲੇ ਵੀ ਉਹ ਪੰਜਾਬੀ ਭਾਸ਼ਾ ਦੇ ਪ੍ਰਾਜੈਕਟ ਨਾਲ ਜੁੜੇ ਹੋਏ ਸਨ। ਉਨ੍ਹਾਂ ਦੇ ਪੰਜਾਬੀ ਹਿਤੈਸ਼ੀ ਹੋਣ ਤੇ ਸ਼ੱਕ ਦੀ ਸਿਆਸਤ ਹੋਣ ਲੱਗੀ ਸੀ ਤਾਂ ਸਾਰੇ ਦੋਸਤ ਉਨ੍ਹਾਂ ਦੀ ਸਹੁੰ ਦੇਣ ਨੂੰ ਤਿਆਰ ਹੋ ਗਏ ਸਨ। ਰਾਜਪਾਲ ਬੇਲੋੜੀਆਂ ਲੜਾਈਆਂ ਦੀ ਧਿਰ ਹੋਣ ਤੋਂ ਵੀ ਬਚਦਾ ਰਹਿੰਦਾ ਸੀ। ਸਲਾਹ ਉਹ ਕੇਵਲ ਪੁੱਛੇ ਤੋਂ ਹੀ ਦਿੰਦਾ ਸੀ। ਨੈਤਿਕ ਕੀਮਤਾਂ ਦੀ ਅਕਾਦਮਿਕਤਾ ਦੇ ਇਸ ਵਿਸ਼ੇਸ਼ੱਗ ਨੂੰ ਪਤਾ ਸੀ ਕਿ ਪੰਜਾਬੀ ਨੂੰ ਜੋ ਮਾਨਤਾ ਹਿੰਦੀ ਰਾਹੀਂ ਮਿਲ ਸਕਦੀ ਹੈ, ਉਸ ਪਾਸੇ ਪੰਜਾਬੀ ਦੇ ਵਾਰਸਾਂ ਨੇ ਅਜੇ ਤੁਰਨਾ ਹੈ। ਮਿਸਾਲ ਉਹ ਪ੍ਰੋ. ਪੂਰਨ ਸਿੰਘ ਦੇ ਨਿਬੰਧਾਂ ਦੀ ਉਸ ਪੁਸਤਕ ਦੀ ਦਿੰਦੇ ਹੁੰਦੇ ਸਨ, ਜਿਹੜੀ ਹਿੰਦੀ ਜਗਤ ਵਿਚ ਸਨਮਾਨਯੋਗ ਸਥਾਨ ਬਣਾਈ ਬੈਠੀ ਹੈ।

ਉਹ ਨਿਰੰਤਰ ਹਿੰਦੀ ਵਿਚ ਇਕ ਮੈਗਜ਼ੀਨ ਕੱਢ ਰਹੇ ਸਨ, ਜਿਸ ਰਾਹੀਂ ਉਹ ਪੰਜਾਬੀ ਤੇ ਹਿੰਦੀ ਵਿਚਕਾਰ ਪੁਲ ਵਰਗੀ ਭੂਮਿਕਾ ਨਿਭਾਅ ਰਹੇ ਸਨ। ਉਹੀ ਸਨ, ਜਿਨ੍ਹਾਂ ਨੇ ਆਪਣੇ ਇਕ ਵਿਦਿਆਰਥੀ ਤੋਂ ਮੇਰੀ ਪੁਸਤਕ 'ਅਕਾਲ ਤਖਤ ਸਾਹਿਬ: ਜੋਤਿ ਅਤੇ ਜੁਗਤਿ' ਦਾ ਹਿੰਦੀ ਅਨੁਵਾਦ ਕਰਵਾ ਕੇ ਉਸ ਦੀ ਭੂਮਿਕਾ ਲਿਖੀ ਸੀ। ਇਹ ਪੁਸਤਕ ਸੰਜਯ ਪ੍ਰਕਾਸ਼ਨ ਦੇ ਮਾਲਕ ਪਰਵੀਨ ਢੱਲ ਨੇ ਛਾਪ ਦਿੱਤੀ ਹੈ। ਵਾਣੀ ਪ੍ਰਕਾਸ਼ਨ ਲਈ ਡਾ. ਜਸਪਾਲ ਸਿੰਘ ਦੀ ਇਕ ਪੁਸਤਕ ਵੀ ਇਸੇ ਲੀਹ 'ਤੇ ਹਿੰਦੀ ਵਿਚ ਤਿਆਰ ਹੋ ਰਹੀ ਹੈ। ਰਾਜਪਾਲ ਵਰਗੇ ਜਾਗੇ ਹੋਏ ਦੋਸਤਾਂ ਦੇ ਪੈਰੋਂ ਇਕ ਲਹਿਰ ਪੈਦਾ ਹੋ ਰਹੀ ਸੀ, ਜਿਸ ਦੀ ਅਗਵਾਈ ਨੂੰ ਡਾ. ਰਾਜਪਾਲ ਦੇ ਚਲਾਣੇ ਨਾਲ ਪੈਦਾ ਹੋ ਗਈ ਵੰਗਾਰ ਦਾ ਸਾਹਮਣਾ ਕਰਨਾ ਪਵੇਗਾ।

ਡਾ. ਰਾਜਪਾਲ ਦੇ ਅਕਾਦਮਿਕ ਯੋਗਦਾਨ ਦੇ ਮੁਲੰਕਣ ਦੇ ਮੌਕੇ ਤਾਂ ਪੈਦਾ ਹੁੰਦੇ ਰਹਿਣਗੇ, ਪਰ ਉਨ੍ਹਾਂ ਦੇ ਚਲਾਣੇ ਦਾ ਕੋਵਿਡ ਦੇ ਅਣਗੌਲੇ ਮਾਹੌਲ ਵਿਚ ਗਰਕ ਜਾਣਾ ਕਦੇ ਨਹੀਂ ਭੁੱਲਣਾ। ਕੋਵਿਡ ਨਾਲ ਪੈਦਾ ਹੋਈਆਂ ਸਿਰ ਪਈਆਂ ਦੂਰੀਆਂ ਨਾਲ ਉਹ ਸਾਰੇ ਸੰਦੇਸ਼ਾਂ ਤੇ ਸਿਆਹੀ ਡੁੱਲ੍ਹ ਗਈ ਲੱਗਦੀ ਹੈ, ਜਿਨ੍ਹਾਂ ਦੇ ਅੱਖਰ ਰਾਜਪਾਲ ਦੇ ਹਵਾਲੇ ਨਾਲ ਉਠਾਏ ਜਾਣੇ ਸਨ। ਇਨ੍ਹਾਂ ਬੇਮੁਰੱਵਤ ਸਮਿਆਂ ਵਿਚ ਚਲੇ ਜਾਣਾ, ਬਣੇ ਰਹਿਣ ਨਾਲੋਂ ਚੰਗਾ ਲੱਗਣ ਲੱਗ ਪਿਆ ਹੈ। ਯਾਰਾਂ ਨਾਲ ਫੋਨ 'ਤੇ ਰਿਸ਼ਤੇ ਪਾਲਣ ਦੀਆਂ ਮਜਬੂਰੀਆਂ ਦਾ ਕੋਈ ਕੀ ਕਰ ਸਕਦਾ ਹੈ? ਜਿਹੜੀ ਅਲਵਿਦਾ ਡਾ. ਰਾਜਪਾਲ ਨੂੰ ਮੈਂ ਕਹਿਣੀ ਸੀ, ਉਹ ਉਸ ਨੇ ਬਿਨਾ ਕਹੇ 'ਬੁੱਧੂ ਦੀ ਫੂਕ' ਵਾਂਗ ਪਹਿਲਾਂ ਹੀ ਕਹਿ ਦਿੱਤੀ ਹੈ। ਜਿਸ ਮਾਰਗ 'ਤੇ ਉਹ ਨਿਕਲ ਗਿਆ ਹੈ, ਉਸ ਦੀ ਪੈੜ ਨਹੀਂ ਨੱਪੀ ਜਾ ਸਕਦੀ। ਹੁਣ ਵਿਛੜੇ ਯਾਰਾਂ ਨੂੰ ਇਕੱਲਿਆਂ ਯਾਦ ਕਰਨ ਦੀ ਸਜ਼ਾ ਭੁਗਤਣੀ ਹੀ ਪਵੇਗੀ।

ਮੇਰੇ ਨਜ਼ਦੀਕ ਉਹ ਰੱਜ ਕੇ ਜੀਵਿਆ ਸੀ ਅਤੇ ਭਰੇ-ਭਕੁੰਨੇ ਪਰਿਵਾਰ ਵਿਚੋਂ ਸ਼ਾਨ ਨਾਲ ਵਿਦਿਆ ਹੋਇਆ ਹੈ। ਇਸ ਤਰ੍ਹਾਂ ਤੁਰ ਜਾਣ ਨੂੰ ਪੰਜਾਬੀ ਸਭਿਆਚਾਰ ਵਿਚ 'ਵੱਡਾ ਕਰਨ' ਵਾਂਗ ਸਵਿਕਾਰਿਆ ਹੋਇਆ ਹੈ। ਇਸੇ ਨੂੰ ਸਿੱਖ ਸਭਿਆਚਾਰ ਵਿਚ 'ਭਾਣਾ' ਸਵਿਕਾਰਿਆ ਹੋਇਆ ਹੈ। ਭੈਣ ਸ੍ਰੀਮਤੀ ਰਾਜਪਾਲ ਨੂੰ ਆਪਣਾ ਹੀ ਧਰਵਾਸ ਸਿਰਜਣਾ ਪੈਣਾ ਹੈ, ਕਿਉਂਕਿ ਮੌਤ ਨਾਲ ਪਾਏ ਟੋਇਆਂ ਨੂੰ ਪੂਰਿਆ ਨਹੀਂ ਜਾ ਸਕਦਾ। ਦੋਹਾਂ ਨਾਲ ਗੁਜ਼ਾਰੇ ਪਲ ਵੀ ਹੌਲੀ ਹੌਲੀ ਮੁੱਠ ਵਿਚੋਂ ਰੇਤੇ ਵਾਂਗ ਕਿਰਦੇ ਜਾਣੇ ਹਨ। ਨਵਾਂ ਬੇਸ਼ੱਕ ਕੁਝ ਨਹੀਂ ਵਾਪਰਦਾ, ਪਰ ਜੋ ਵਾਪਰਦਾ ਹੈ, ਉਹ ਨਵਾਂ ਹੀ ਹੁੰਦਾ ਹੈ। ਹਾਣੀਆਂ ਦੀ ਮਹਿਫਿਲ ਵਿਚ 'ਕੌਣ ਮੂਆ ਰੇ ਕੌਣ ਮੂਆ' ਵਾਸਤੇ ਰਾਜਪਾਲ ਵਾਂਗ ਉਤਸ਼ਾਹੀ ਅਤੇ ਉਰਜਿਤ ਹੁੰਗਾਰਾ ਭਰਣ ਵਾਲਾ ਲੱਭਿਆਂ ਵੀ ਨਹੀਂ ਲੱਭਣਾ। ਗਾਲਿਬ ਦੀ 'ਜ਼ਹੂਰ-ਏ-ਤਰਤੀਬ' ਵਿਚ 'ਅਜਜ਼ਾ ਦਾ ਪਰੀਸ਼ਾਨ' ਹੋਣਾ ਵੀ ਉਸ ਵਾਂਗ ਸਮਝਣ ਤੇ ਸਾਂਝਾ ਕਿਸੇ ਤੋਂ ਨਹੀਂ ਹੋਣਾ। ਇਸ ਨਾਲ ਇਹ ਕਹਿ ਕੇ ਸਬਰ ਕਰਨਾ ਪੈਣਾ ਹੈ,

ਕਿਸੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ
ਜ਼ਿਮੀਂ ਮਿਲਤੀ ਹੈ ਤੋਂ ਆਸਮਾਂ ਨਹੀਂ ਮਿਲਤਾ।

ਅਲਵਿਦਾ ਤਾਂ ਕੇਵਲ ਯਾਦਾਂ ਦੀਆਂ ਪਹਿਲਤਾਜ਼ਗੀਆਂ ਨੂੰ ਹੀ ਕਹੀ ਜਾ ਸਕਦੀ ਹੈ।

# 2022 ਵਿਚ ਪੰਜਾਬ ਦਾ ਮੁੱਖ ਮੰਤਰੀ ਕੌਣ ਬਣੇਗਾ?

ਸਿਆਸੀ ਪਾਰਟੀਆਂ ਬਾਰੇ ਲੋਕਾਂ ਨੂੰ ਪਤਾ ਹੀ ਹੈ ਕਿ ਕਿਹੜੀ ਕਿੰਨੇ ਪਾਣੀ ਵਿਚ ਹੈ! ਪੰਜਾਬ ਦੇ ਲੋਕਾਂ ਸਾਹਮਣੇ ਕੁਝ ਜਾਣੇ-ਪਛਾਣੇ ਚਿਹਰੇ ਵੀ ਹਨ, ਜਿਨ੍ਹਾਂ ਵਿਚੋਂ ਕੋਈ ਇੱਕ ਮੁੱਖ ਮੰਤਰੀ ਬਣ ਸਕਦਾ ਹੈ। ਪੰਜਾਬ ਦੇ ਲੋਕਾਂ ਨੂੰ ਇਹ ਸਮਝ ਆ ਚੁਕਾ ਹੈ ਕਿ ਕੋਈ ਵੀ ਪਾਰਟੀ ਜਿੱਤੇ ਜਾਂ ਕੋਈ ਵੀ ਆਦਮੀ ਮੁੱਖ ਮੰਤਰੀ ਬਣੇ, ਪੰਜਾਬ ਦੇ ਲੋਕਾਂ ਗਲ ਜੋ ਸਮੱਸਿਆਵਾਂ ਆ ਪਈਆਂ ਹਨ, ਉਹ ਇੰਨੀਆਂ ਗੰਭੀਰ ਹਨ ਕਿ ਕਿਸੇ ਵੀ ਮੁੱਖ ਮੰਤਰੀ ਜਾਂ ਕਿਸੇ ਵੀ ਪਾਰਟੀ ਪਾਸੋਂ ਹੱਲ ਹੋਣ ਵਾਲੀਆਂ ਨਹੀਂ ਹਨ। ਸੂਬੇ ਵਿਚ ਜੋ ਹਾਲਾਤ ਬਣ

ਦਲੀਪ ਸਿੰਘ ਵਾਸਨ
ਐਡਵੋਕੇਟ, ਪਟਿਆਲਾ।
ਫੋਨ: 0175-5191856

ਆਏ ਹਨ, ਇਹ ਸਮੱਸਿਆਵਾਂ ਵਧਣਗੀਆਂ ਹੀ; ਬੇਸ਼ੱਕ ਕੋਈ ਇਹ ਆਖੀ ਜਾਵੇ ਕਿ ਸਭ ਸਮੱਸਿਆਵਾਂ ਹੱਲ ਕੀਤੀਆਂ ਜਾ ਸਕਦੀਆਂ ਹਨ। ਪੰਜਾਬ ਵਿਚ ਸਭ ਤੋਂ ਵੱਡੀ ਸਮੱਸਿਆ ਨੌਜਵਾਨਾਂ ਦੀ ਹੈ, ਜਿਨ੍ਹਾਂ ਦਾ ਕੋਈ ਵੀ ਭਵਿੱਖ ਨਹੀਂ ਹੈ। ਇਹ ਸਮੱਸਿਆ ਕੋਈ ਅੱਜ ਦੀ ਨਹੀਂ ਹੈ, ਪੰਜਾਬ ਵਿਚ ਕਦੀ ਅਤਿਵਾਦ ਆਇਆ ਸੀ, ਇਹ ਵੀ ਨੌਜਵਾਨਾਂ ਦਾ ਭਵਿੱਖ ਧੁੰਦਲਾ ਹੋਣ ਕਰਕੇ ਆਇਆ ਸੀ ਅਤੇ ਇਸ ਅਤਿਵਾਦ ਵਿਚ ਬਹੁਤਾ ਨੁਕਸਾਨ ਨੌਜਵਾਨਾਂ ਦਾ ਹੀ ਹੋਇਆ ਸੀ। ਲੰਮੇ ਸਮੇਂ ਤੋਂ ਨੌਜਵਾਨ ਲੱਖਾਂ ਰੁਪਏ ਖਰਚ ਕੇ ਪਰਵਾਸ ਕਰ ਰਹੇ ਹਨ। ਪੰਜਾਬ ਐਸਾ ਪ੍ਰਾਂਤ ਹੈ, ਜੋ ਪਾਕਿਸਤਾਨੀ ਸਰਹੱਦ ਉਤੇ ਹੈ ਤੇ ਅਰਬਾਂ-ਖਰਬਾਂ ਰੁਪਏ ਦੀਆਂ ਨਸ਼ੀਲੀਆਂ ਵਸਤਾ ਇਥੋਂ ਹੀ ਲੰਘ ਕੇ ਅੱਗੇ ਜਾਂਦੀਆਂ ਹਨ ਅਤੇ ਪੰਜਾਬ ਦੇ ਬਹੁਤੇ ਨਿਰਾਸ਼ ਨੌਜਵਾਨ ਨਸ਼ੱਈ ਹੋ ਗਏ ਹਨ ਤੇ ਕਈ ਕਿਸਮ ਦੇ ਜੁਰਮ ਵੀ ਹੋਣ ਲੱਗ ਪਏ ਹਨ।

ਪੰਜਾਬ ਇਕ ਸਰਹੱਦੀ ਸੂਬਾ ਹੋਣ ਕਰਕੇ ਵੱਡੇ ਕਾਰਖਾਨੇ ਪੰਜਾਬ ਵਿਚ ਨਹੀਂ ਆਏ। ਖਾਲਿਸਤਾਨੀ ਲਹਿਰ ਨੇ ਵੀ ਬਹੁਤੇ ਉਦਯੋਗਪਤੀਆਂ ਦਾ ਮੂੰਹ ਪੰਜਾਬ ਤੋਂ ਮੋੜ ਦਿੱਤਾ। ਪੰਜਾਬ ਅਨਾਜ ਲਈ ਮਸ਼ਹੂਰ ਰਿਹਾ ਹੈ ਅਤੇ ਅੱਜ ਵੀ ਹੈ, ਪਰ ਅਨਾਜ ਨੂੰ ਸੰਭਾਲਣ ਤੇ ਪ੍ਰੋਸੈਸ ਕਰਨ ਦਾ ਹਾਲੇ ਪੰਜਾਬ ਅੰਦਰ ਕੋਈ ਪੁਖਤਾ ਪ੍ਰਬੰਧ ਨਹੀਂ ਹੋ ਸਕਿਆ। ਚਾਹੀਦਾ ਤਾਂ ਇਹ ਸੀ ਕਿ ਪੰਜਾਬ ਦਾ ਇਕ ਦਾਣਾ ਵੀ, ਬਿਨਾ ਪ੍ਰੋਸੈਸ ਦੇ ਪੰਜਾਬ ਤੋਂ ਬਾਹਰ ਨਹੀਂ ਸੀ ਜਾਣਾ ਚਾਹੀਦਾ। ਅਸੀਂ ਸਾਰੇ ਦੇਸ਼ ਦੀ ਰੋਟੀ ਤੱਕ ਇਥੋਂ ਹੀ ਬਣਾ ਕੇ ਦੇਸ਼ ਦੇ ਹੋਰ ਹਿੱਸਿਆਂ ਵਿਚ ਭੇਜ ਸਕਦੇ ਸਾਂ, ਪਰ ਪੰਜਾਬ ਦੀਆਂ ਜੋ ਪ੍ਰਸਥਿਤੀਆਂ ਬਣਦੀਆਂ ਆ ਰਹੀਆਂ ਹਨ, ਉਸ ਨੇ ਪੰਜਾਬ ਬਰਬਾਦ ਕਰ ਦਿੱਤਾ ਹੈ।



ਜਿਹੜੀਆਂ ਵੀ ਪਾਰਟੀਆਂ ਰਾਜ ਕਰ ਬੈਠੀਆਂ ਹਨ, ਉਹ ਸਿਰ ਉਚਾ ਕਰਕੇ ਇਹ ਨਹੀਂ ਦੱਸ ਸਕਦੀਆਂ ਕਿ ਇਹ ਜੋ ਸਮੱਸਿਆਵਾਂ ਪੰਜਾਬ ਵਿਚ ਆ ਬਣੀਆਂ ਹਨ, ਉਹ ਕਿੱਥੋਂ ਤਕ ਹੱਲ ਕਰ ਸਕੇ ਹਨ ਅਤੇ ਜੇ ਫਿਰ ਮੌਕਾ ਦਿੱਤਾ ਜਾਵੇ ਤਾਂ ਉਹ ਨਵਾਂ ਕੀ ਕਰ ਪਾਉਣਗੇ?

ਪੰਜਾਬ ਦਾ ਸਭ ਤੋਂ ਵੱਡਾ ਨੁਕਸਾਨ ਤਾਂ ਬਟਵਾਰੇ ਵਕਤ ਹੀ ਹੋ ਗਿਆ ਸੀ, ਪਰ ਅੱਜ ਤੱਕ ਹੋਏ ਸਿਆਸਤਦਾਨਾਂ ਦੀਆਂ ਨਾਜਾਇਜ਼ ਕਾਰਵਾਈਆਂ ਕਰਕੇ ਇਹ ਪੰਜਾਬ ਟੋਟੇ ਟੋਟੇ ਹੋ ਗਿਆ ਹੈ। ਅੱਜ ਨਾ ਤਾਂ ਇਸ ਪਾਸ ਪਹਾੜ ਹਨ, ਨਾ ਹੀ ਜੰਗਲ; ਨਾ ਹੀ ਕੋਈ ਦਰਿਆ ਆਪਣਾ ਹੈ, ਨਾ ਹੀ ਕੋਈ ਡੈਮ ਹੀ। ਸਿਆਸੀ ਲੋਕਾਂ ਕਾਰਨ ਵੱਡੀ ਬਦਕਿਸਮਤੀ ਇਹ ਕਿ ਅੱਜ ਸਾਡੇ ਪਾਸ ਆਪਣੀ ਰਾਜਧਾਨੀ ਵੀ ਨਹੀਂ ਹੈ।

ਇਹ ਵੀ ਇੱਕ ਸੱਚਾਈ ਹੈ ਕਿ ਅੱਜ ਪੰਜਾਬ ਵਿਚ ਲੱਖਾਂ ਹੀ ਕਾਮੇ ਹੋਰ ਸੂਬਿਆਂ ਵਿਚੋਂ ਆ ਕੇ ਕੰਮ ਕਰ ਰਹੇ ਹਨ ਅਤੇ ਆਪਣੀ ਰੋਜ਼ੀ ਰੋਟੀ ਕਮਾ ਰਹੇ ਹਨ, ਪਰ ਪੰਜਾਬ ਦਾ ਨੌਜਵਾਨ ਵਿਦੇਸ਼ ਨੂੰ ਭੱਜ ਰਿਹਾ ਹੈ, ਜਿਥੇ ਜਾ ਕੇ ਉਹ ਇਹੀ ਕੰਮ ਕਰ ਰਿਹਾ ਹੈ, ਜੋ ਉਹ ਆਪਣੇ ਦੇਸ਼ ਵਿਚ ਕਰਨੋਂ ਕਤਰਾਉਂਦਾ ਹੈ।

ਪੰਜਾਬ ਵਿਚ ਬਹੁਤੀ ਆਬਾਦੀ ਸਿੱਖਾਂ ਦੀ ਹੈ ਅਤੇ ਅਸੀਂ ਦੇਖਿਆ ਹੈ ਕਿ ਭਾਰਤ ਸਰਕਾਰ ਵਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਪੰਜਾਬੀਆਂ ਨੇ ਸੰਘਰਸ਼ ਚਲਾਇਆ ਤਾਂ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਲਈ ਜਦ ਇਹ ਕਿਸਾਨ ਜਥੇਬੰਦੀਆਂ ਹਾਜ਼ਰ ਹੋਈਆਂ ਤਾਂ ਭਾਜਪਾ ਸਰਕਾਰ ਵਲੋਂ ਇਹ ਪ੍ਰਤੀਕਰਮ ਵੀ ਆਇਆ ਕਿ ਇਹ ਕਿਸਾਨ ਨਹੀਂ ਹਨ, ਅਤਿਵਾਦੀ ਹਨ। ਇਹ ਵੀ ਆਖ ਦਿੱਤਾ ਗਿਆ ਕਿ ਇਹ ਤਾਂ ਖਾਲਿਸਤਾਨੀ ਹਨ, ਅਰਥਾਤ ਸਿੱਖਾਂ ਉਤੇ ਇਹ ਦੋਸ਼ ਕਦੀ ਕਾਂਗਰਸ ਸਰਕਾਰ ਲਾ ਰਹੀ ਸੀ ਅਤੇ ਅੱਜ ਇਹ ਭਾਜਪਾ ਸਰਕਾਰ ਵੀ ਲਾ ਰਹੀ ਹੈ। ਇਹ ਘਿਨਾਉਣੇ ਦੋਸ਼ ਖਤਮ ਕਿਵੇਂ ਕੀਤੇ ਜਾ ਸਕਦੇ ਹਨ? ਇਹ ਮਸਲਾ ਵੀ ਹੈ, ਪਰ ਲਗਦਾ ਹੈ ਕਿ ਇਹ ਗੱਲਾਂ ਖੜ੍ਹੀਆਂ ਹੀ ਰਹਿਣਗੀਆਂ ਅਤੇ ਪੰਜਾਬ ਅੰਦਰ ਜਿਸ ਵੀ ਮਰਜ਼ੀ ਦੀ ਪਾਰਟੀ ਦੀ ਸਰਕਾਰ ਬਣ ਜਾਵੇ, ਇਹ ਗੱਲਾਂ ਖੜ੍ਹੀਆਂ ਰੱਖੀਆਂ ਜਾਣਗੀਆਂ। ਲਗਦਾ ਹੈ, ਜਲਦੀ ਕੀਤਿਆਂ ਇਹ ਧੱਬੇ ਸਿੱਖ ਜਨਤਾ ਕਦੀ ਵੀ ਸਾਫ ਨਹੀਂ ਕਰ ਸਕੇਗੀ।

ਵੋਟਾਂ ਪੈਣਗੀਆਂ ਵੀ ਅਤੇ ਪੰਜਾਬੀ ਵੋਟਾਂ ਪਾਉਣਗੇ/ਪੁਆਉਣਗੇ ਵੀ। ਵੋਟਾਂ ਵੀ ਰਸਮੀ ਜਿਹੀ ਕਾਰਵਾਈ ਹੈ ਅਤੇ ਕੋਈ ਨਾ ਕੋਈ ਸਰਕਾਰ ਬਣ ਵੀ ਜਾਵੇਗੀ। ਫਿਲਹਾਲ ਕਿਸੇ ਵੀ ਪਾਰਟੀ ਜਾਂ ਧੜੇ ਨੇ ਕੋਈ ਵੀ ਪ੍ਰੋਗਰਾਮ ਨਹੀਂ ਰੱਖਿਆ ਹੈ ਕਿ ਉਹ ਪੰਜਾਬੀਆਂ ਦੀਆਂ ਕਿਹੜੀਆਂ ਕਿਹੜੀਆਂ ਸਮੱਸਿਆਵਾਂ ਹੱਲ ਕਰਨਗੇ? ਬਸ ਕੁਝ ਚਿਹਰੇ ਹਨ, ਜੋ ਚਮਕ ਰਹੇ ਹਨ ਅਤੇ ਕੋਈ ਇਕ ਧੜਾ ਜਾਂ ਪਾਰਟੀ ਜਾਂ ਕੋਈ ਇਕ ਵਿਅਕਤੀ ਵਿਸ਼ੇਸ਼ ਛਾਤੀ ਤਾਣ ਕੇ ਇਹ ਨਹੀਂ ਆਖ ਸਕਦਾ ਕਿ ਉਹ ਜਿੱਤ ਜਾਵੇਗਾ! ਉਂਜ ਸਿਆਸੀ ਅਦਲਾ-ਬਦਲੀਆਂ ਤੇ ਜੋੜ-ਤੋੜ ਹੋਣੇ ਸ਼ੁਰੂ ਹੋ ਚੁਕੇ ਹਨ।

ਜਿਥੋਂ ਤਕ ਰਾਜਸੀ ਧੜਿਆਂ ਦਾ ਸਬੰਧ ਹੈ, ਕਾਂਗਰਸ ਵਿਚ ਸਭ ਅੱਛਾ ਨਹੀਂ ਹੈ। ਅਕਾਲੀਆਂ ਦੇ ਵੀ ਦੋ-ਤਿੰਨ ਧੜੇ ਬਣੇ ਪਏ ਹਨ। ਆਮ ਆਦਮੀ ਪਾਰਟੀ ਨੇ ਜਿਹੜੇ ਵੀ ਆਦਮੀ ਸਾਡੇ ਸਾਹਮਣੇ ਕੀਤੇ ਹਨ, ਉਹ ਵੀ ਰਾਜਸੀ ਖੇਤਰ ਵਿਚ ਨਵੇਂ ਨਵੇਂ ਹਨ। ਉਹ ਰਾਜ ਸੰਭਾਲ ਸਕਦੇ ਹਨ ਜਾਂ ਆਮ ਆਦਮੀ ਪਾਰਟੀ ਦੀ ਜਿਹੜੀ ਮਾੜੀ ਮੋਟੀ ਭੱਲ ਬਣ ਆਈ ਹੈ, ਉਹ ਵੀ ਹੱਥੋਂ ਨਾ ਜਾਂਦੀ ਰਹੇ, ਕੁਝ ਨਹੀਂ ਆਖਿਆ ਜਾ ਸਕਦਾ। ਪੰਜਾਬ ਵਿਚ ਖੱਬੀਆਂ ਪਾਰਟੀਆਂ ਵੀ ਹਨ। ਪਹਿਲਾਂ ਇਹ ਇਕ ਪਾਰਟੀ ਸੀ, ਫਿਰ ਦੋ ਬਣ ਗਈਆਂ ਅਤੇ ਹੁਣ ਤਾਂ ਕਈ ਗਰੁੱਪ ਬਣ ਜਾਣ ਦੀ ਚਰਚਾ ਹੈ। ਇਨ੍ਹਾਂ ਨੇ ਵੀ ਹਾਲੇ ਤੱਕ ਯਾਨਿ ਪਿਛਲੇ ਸਾਢੇ ਸੱਤ ਦਹਾਕਿਆਂ ਵਿਚ ਆਪਣੀ ਕੋਈ ਵੀ ਨੀਤੀ, ਪ੍ਰਾਜੈਕਟ, ਸਕੀਮ ਜਾਂ ਟੀਚਾ ਬਣਾ ਕੇ ਪੰਜਾਬੀਆਂ ਅੱਗੇ ਪੇਸ਼ ਨਹੀਂ ਕੀਤਾ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੀਆਂ ਅਗਲੀਆਂ ਚੋਣਾਂ ਬਸ ਰਸਮੀ ਜਿਹੀਆਂ ਹੋਣਗੀਆਂ ਅਤੇ ਇਹ ਰਾਜਸੀ ਧੜੇ ਆ ਕੇ ਆਪਣਾ ਆਪਣਾ ਰੰਗ ਜਮਾਉਣਗੇ। ਪੰਜਾਬੀਆਂ ਦੀਆਂ ਇਹ ਜਿੰਨੀਆਂ ਵੀ ਸਮੱਸਿਆਵਾਂ ਹਨ, ਇਹ ਪੈਦਾ ਕਰਨ ਵਿਚ ਪੰਜਾਬ ਦੇ ਸਿਆਸਤਦਾਨਾਂ ਦਾ ਹੱਥ ਰਿਹਾ ਹੈ। ਪੰਜਾਬ ਛੋਟਾ ਕੀਤਾ, ਪੰਜਾਬ ਦੀ ਰਾਜਧਾਨੀ ਗਈ, ਪੰਜਾਬ 'ਚੋਂ ਹਿਮਾਚਲ ਤੇ ਹਰਿਆਣਾ ਬਣੇ, ਖਾਲਿਸਤਾਨੀ ਲਹਿਰ ਚੱਲੀ, ਉਦਯੋਗ ਨਹੀਂ ਰਿਹਾ ਸਮੇਤ ਬਹੁਤ ਸਾਰੀਆਂ ਗੱਲਾਂ ਪੰਜਾਬ ਦੇ ਸਿਆਸੀ ਲੋਕਾਂ ਸਾਹਮਣੇ ਵਾਪਰਦੀਆਂ ਰਹੀਆਂ ਹਨ ਅਤੇ ਪੰਜਾਬ ਦੇ ਸਿਆਸਤਦਾਨ ਇਹ ਨਹੀਂ ਆਖ ਸਕਦੇ ਕਿ ਇਹ ਸਮੱਸਿਆਵਾਂ ਪੈਦਾ ਕਰਨ ਵਿਚ ਉਨ੍ਹਾਂ ਦਾ ਕੋਈ ਹੱਥ ਨਹੀਂ ਹੈ। ਇਸ ਲਈ ਜਿਹੜਾ ਮਰਜ਼ੀ ਪੰਜਾਬ ਦਾ ਮੁੱਖ ਮੰਤਰੀ ਬਣ ਜਾਵੇ, ਬਸ ਰਸਮੀ ਜਿਹੀ ਸਰਕਾਰ ਚਲਾਉਣੀ ਹੈ ਅਤੇ ਪਾਰਟੀ ਕੋਈ ਵੀ ਪਈ ਹੋਵੇ, ਪੰਜਾਬੀਆਂ ਦਾ ਇਸ ਨਾਲ ਕੋਈ ਮਤਲਬ ਨਹੀਂ ਹੈ।

## ਲੰਗਾਹ ਵੱਲੋਂ ਮੁਆਫੀ ਤੇ ਪੰਥ ਵਾਪਸੀ ਲਈ ਤਰਲਾ

**ਅੰਮ੍ਰਿਤਸਰ:** ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਆਪਣੀ ਗਲਤੀ ਨੂੰ ਮੰਨਦਿਆਂ ਮੁੜ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮੁਆਫੀ ਦੇਣ ਅਤੇ ਪੰਥ ਵਿਚ ਵਾਪਸੀ ਦੀ ਅਪੀਲ ਕੀਤੀ ਹੈ। ਉਹ ਸ੍ਰੀ ਅਕਾਲ ਤਖਤ 'ਤੇ ਮੱਥਾ ਟੇਕਣ ਆਏ ਸਨ।



ਦੱਸਣਯੋਗ ਹੈ ਕਿ ਕੁਝ ਵਰ੍ਹੇ ਪਹਿਲਾ ਉਨ੍ਹਾਂ ਦੀ ਅਸ਼ਲੀਲ ਵੀਡੀਓ ਵਾਇਰਲ ਹੋਈ ਸੀ, ਜਿਸ ਕਾਰਨ ਸ੍ਰੀ ਅਕਾਲ ਤਖਤ ਵੱਲੋਂ ਉਸ ਨੂੰ ਸਿੱਖ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ। ਉਸ ਦੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਮੈਂਬਰਸ਼ਿਪ ਖਾਰਜ ਕਰ ਦਿੱਤੀ ਗਈ ਸੀ। ਇਸ ਮਾਮਲੇ ਵਿਚ ਅਦਾਲਤੀ ਕੇਸ ਤੋਂ ਮੁਕਤ ਹੋਣ ਮਗਰੋਂ ਹੁਣ ਉਸ ਵੱਲੋਂ ਸ੍ਰੀ ਅਕਾਲ ਤਖਤ ਤੋਂ ਵੀ ਮੁਆਫੀ ਦੇਣ ਅਤੇ ਪੰਥ ਵਿਚ ਵਾਪਸੀ ਦੀ ਅਪੀਲ ਕੀਤੀ ਜਾ ਰਹੀ ਹੈ। ਇਸੇ ਸਬੰਧੀ ਉਹ ਪਿਛਲੇ 72 ਦਿਨਾਂ ਤੋਂ ਅਕਾਲ ਤਖਤ ਵਿਖੇ ਮੱਥਾ ਟੇਕਣ ਲਈ ਆ ਰਹੇ ਹਨ ਤੇ ਇਥੇ ਬੈਠ ਕੇ ਪਾਠ ਵੀ ਕਰਦੇ ਹਨ।

ਸੁੱਚਾ ਸਿੰਘ ਲੰਗਾਹ ਨੇ ਕਿਹਾ ਕਿ ਉਹ ਪਹਿਲਾਂ ਵੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਆਪਣਾ ਮੁਆਫੀ ਪੱਤਰ ਦੇ ਚੁੱਕੇ ਹਨ। ਉਨ੍ਹਾਂ ਦੇ ਮਾਪਿਆਂ ਵੱਲੋਂ ਵੀ ਇਸ ਸਬੰਧੀ ਅਪੀਲ ਕੀਤੀ ਜਾ ਚੁੱਕੀ ਹੈ। ਲੰਗਾਹ ਨੇ ਕਿਹਾ ਕਿ ਉਸ ਦੇ ਬੱਚੇ ਵਿਆਹੁਣ ਯੋਗ ਹਨ ਤੇ ਉਸ ਦੀ ਆਪਣੀ ਸਿਹਤ ਵੀ ਠੀਕ ਨਹੀਂ ਰਹਿੰਦੀ ਹੈ। ਇਸ ਸਬੰਧੀ ਉਸ ਨੂੰ ਸ੍ਰੀ ਅਕਾਲ ਤਖਤ ਤੋਂ ਜੋ ਵੀ ਸਜ਼ਾ ਦਿੱਤੀ ਜਾਵੇਗੀ, ਉਹ ਖਿੜੇ ਮੱਥੇ ਸਵੀਕਾਰ ਕਰੇਗਾ। ਉਨ੍ਹਾਂ ਕਿਹਾ ਕਿ ਉਹ ਆਪਣੀ ਗਲਤੀ ਨੂੰ ਸਵੀਕਾਰ ਕਰਦੇ ਹਨ ਤੇ ਇਸੇ ਲਈ ਹੀ ਸ੍ਰੀ ਅਕਾਲ ਤਖਤ ਤੋਂ ਮੁਆਫੀ ਮੰਗੀ ਹੈ। ਇਸ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਚਾਰਨ ਮਗਰੋਂ ਹੀ ਕੋਈ ਫੈਸਲਾ ਕੀਤਾ ਜਾ ਸਕਦਾ ਹੈ।

# ਅਮਰੀਕਾ ਅੰਦਰ ਗੋਰੇ ਰੰਗ ਦੀ ਚੌਧਰ ਨੂੰ ਚੁਣੌਤੀ

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਨੇ ਇਕ ਅਹਿਮ ਫੈਸਲੇ ਵਿਚ 19 ਜੂਨ ਦੇ ਦਿਨ ਜਿਸ ਨੂੰ ਅਮਰੀਕੀ ਇਤਿਹਾਸ ਵਿਚ 'ਜੂਨਟੀਨਥ' ਵੀ ਕਿਹਾ ਜਾਂਦਾ ਹੈ, ਨੂੰ ਕੌਮੀ ਦਿਹਾੜਾ ਐਲਾਨਿਆ ਹੈ। ਇਹ ਅਮਰੀਕੀ ਜਮਹੂਰੀਅਤ ਦੇ ਲਗਾਤਾਰ ਜਾਰੀ ਸਮਾਜਿਕ-ਸਿਆਸੀ ਏਜੰਡੇ ਦਾ ਵੱਡਾ ਮੀਲ-ਪੱਥਰ ਹੈ। ਹੁਣ ਜੂਨਟੀਨਥ ਜੋ ਅਮਰੀਕਾ ਦੇ ਕਾਲੇ ਲੋਕਾਂ ਦੇ ਆਜ਼ਾਦੀ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ, ਦਾ ਰੁਤਬਾ ਅਮਰੀਕਾ ਦੇ ਆਜ਼ਾਦੀ ਦਿਹਾੜੇ (4 ਜੁਲਾਈ), ਕ੍ਰਿਸਮਸ, ਵੈਟਰਨਜ਼ ਡੇਅ (11 ਨਵੰਬਰ) ਅਤੇ ਨਵੇਂ ਸਾਲ ਦੇ ਦਿਹਾੜੇ ਦੇ ਬਰਾਬਰ ਹੋਵੇਗਾ।

ਹਾਲੀਆ ਸਾਲਾਂ ਦੌਰਾਨ ਇਹ ਗੱਲ ਕਿਸੇ ਤੋਂ ਲੁਕੀ ਨਹੀਂ ਰਹੀ ਕਿ ਅਮਰੀਕਾ ਬੁਰੀ ਤਰ੍ਹਾਂ ਵੰਡਿਆ ਹੋਇਆ ਸਮਾਜ ਹੈ। ਉਥੇ ਅਜੇ ਵੀ ਆਬਾਦੀ ਦੇ ਅਜਿਹੇ ਵੱਡੇ ਤਬਕੇ ਹਨ ਜਿਨ੍ਹਾਂ ਨੂੰ ਬਰਾਬਰ ਸਿਆਸੀ ਤੇ ਸਮਾਜੀ ਹੱਕਾਂ ਤੋਂ ਮਹਿਰੂਮ

**ਮਨੋਜ ਜੋਸ਼ੀ**

ਰੱਖਿਆ ਜਾਂਦਾ ਹੈ ਅਤੇ ਉਹ ਆਰਥਿਕ ਤੌਰ 'ਤੇ ਪਛੜੇ ਹੋਏ ਵਰਗ ਹਨ। ਉਨ੍ਹਾਂ ਕੋਲ ਨਾ ਤਾਂ ਲੋੜੀਂਦੀ ਵਿੱਦਿਆ ਹੈ ਅਤੇ ਨਾ ਹੀ ਉਹ ਵਿੱਤੀ ਤੌਰ 'ਤੇ ਸੁਖਾਲੇ ਹਨ। ਅਸਲ ਵਿਚ ਅਮਰੀਕੀ ਸਿਆਸੀ ਰਾਇ ਦੀ ਇਕ ਮਜ਼ਬੂਤ ਧਾਰਾ ਕਾਨੂੰਨੀ, ਮਾਲੀ ਤੇ ਸਿਆਸੀ ਢੰਗ-ਤਰੀਕਿਆਂ ਤੇ ਸਾਧਨਾਂ ਰਾਹੀਂ ਉਸ ਸੋਚ ਨੂੰ ਸਹੀ ਢੰਗ ਨਾਲ ਅਮਲ ਵਿਚ ਆਉਣ ਦੇਣ ਤੋਂ ਰੋਕਣ ਵਿਚ ਕਾਮਯਾਬ ਰਹੀ ਹੈ ਜਿਹੜੀ ਸੋਚ 1776 ਵਿਚ ਇਸ ਦੇ ਆਪਣੇ ਆਜ਼ਾਦੀ ਦੇ ਐਲਾਨਨਾਮੇ ਵਿਚ ਜ਼ਾਹਰ ਕੀਤੀ ਗਈ ਸੀ ਕਿ 'ਜਨਮ ਤੋਂ ਸਾਰੇ ਇਨਸਾਨ ਬਰਾਬਰ ਹੁੰਦੇ ਹਨ'।

ਜੂਨਟੀਨਥ ਕਾਲੇ ਅਮਰੀਕੀਆਂ ਦੀ ਗੁਲਾਮੀ ਤੋਂ ਮੁਕਤੀ ਤੇ ਆਜ਼ਾਦੀ ਦਾ ਦਿਹਾੜਾ ਹੈ। ਇਨ੍ਹਾਂ 'ਚੋਂ ਬਹੁਤੇ 19ਵੀਂ ਸਦੀ ਦੇ ਅੱਧ ਤੱਕ ਗੁਲਾਮ ਸਨ। ਅਮਰੀਕਾ 'ਚ ਕਾਲਿਆਂ ਨੂੰ ਗੁਲਾਮੀ ਤੋਂ ਮੁਕਤ ਕੀਤੇ ਜਾਣ ਦੇ ਮੁੱਦੇ ਉਤੇ 1860 ਤੋਂ 1865 ਦੌਰਾਨ ਹੋਈ ਖਾਨਜੰਗੀ ਦੌਰਾਨ ਤਤਕਾਲੀ ਸਦਰ ਅਬਰਾਹਮ ਲਿੰਕਨ ਨੇ ਉਨ੍ਹਾਂ ਦੀ ਆਜ਼ਾਦੀ ਦਾ ਐਲਾਨ ਸਹੀਬੰਦ ਕੀਤਾ ਜਿਸ ਵਿਚ 1 ਜਨਵਰੀ 1863 ਤੋਂ ਅਫਰੀਕੀ ਗੁਲਾਮਾਂ ਨੂੰ ਆਜ਼ਾਦ ਐਲਾਨ ਦਿੱਤਾ ਗਿਆ। ਉਂਜ, ਖਾਨਾਜੰਗੀ ਪਿਛੋਂ ਜਦੋਂ ਯੂਨੀਅਨ ਆਰਮੀ (ਗੁਲਾਮ ਪ੍ਰਥਾ ਵਿਰੋਧੀ ਸੂਬਿਆਂ ਦੀ ਫੌਜ) ਗੁਲਾਮ ਪ੍ਰਥਾ ਦੇ ਹਾਮੀ ਸੂਬੇ ਟੈਕਸਸ ਦੇ ਸ਼ਹਿਰ ਗੈਲਵਸਟਨ ਪੁੱਜੀ ਤਾਂ ਕਿਤੇ ਜਾ ਕੇ ਉਥੋਂ ਦੇ ਢਾਈ ਲੱਖ ਕਾਲੇ ਗੁਲਾਮਾਂ ਨੂੰ ਪਤਾ ਲੱਗਾ ਕਿ ਉਹ ਯੂਨੀਅਨ ਜਨਰਲ ਗੌਰਡਨ ਗਰੈਂਗਰ ਵੱਲੋਂ 19 ਜੂਨ, 1865 ਨੂੰ ਜਾਰੀ ਹੁਕਮਾਂ ਤਹਿਤ ਆਜ਼ਾਦ ਸਨ।

ਫਿਰ ਅਮਰੀਕੀ ਕਾਲੇ ਭਾਈਚਾਰੇ ਵੱਲੋਂ 19 ਜੂਨ ਨੂੰ ਆਪਣਾ ਆਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ, ਕਿਉਂਕਿ 4 ਜੁਲਾਈ ਦਾ ਆਜ਼ਾਦੀ ਦਿਹਾੜਾ ਉਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦਾ। ਇਹ ਦੋਵੇਂ ਤਰੀਕਾਂ ਜਿਸ ਡੂੰਘੀ ਖਾਈ, ਅਮਰੀਕੀ ਸਮਾਜ ਦੀ ਵੰਡ ਦੀ ਨੁਮਾਇੰਦਗੀ ਕਰਦੀਆਂ ਹਨ, ਉਹ ਅਜੇ ਵੀ ਜਾਰੀ ਹੈ। ਗੌਰਤਲਬ ਹੈ ਕਿ ਕਾਲੇ ਅਮਰੀਕੀ ਵੀ 1620ਵਿਆਂ ਵਿਚ ਕਰੀਬ ਉਸੇ ਸਮੇਂ ਅਮਰੀਕਾ ਵਿਚ ਆਉਣੇ ਸ਼ੁਰੂ ਹੋਏ, ਜਦੋਂ ਯੂਰਪੀ ਗੋਰੇ ਆਏ; ਬਸ ਫਰਕ ਇੰਨਾ ਸੀ ਕਿ ਉਨ੍ਹਾਂ ਨੂੰ ਫੜ ਕੇ ਅੰਧ-ਮਹਾਂਸਾਗਰ ਦੇ ਪਾਰ ਵਿਸ਼ੇਸ਼ ਜਹਾਜ਼ਾਂ ਰਾਹੀਂ ਅਮਰੀਕੀ ਬਸਤੀਆਂ ਵਿਚ ਗੁਲਾਮਾਂ ਵਜੋਂ ਕੰਮ ਕਰਨ ਲਈ ਲਿਆਂਦਾ ਗਿਆ ਸੀ। ਅਮਰੀਕੀ ਕਾਲੇ ਬਾਵੇਂ ਜੂਨਟੀਨਥ ਮੌਕੇ 1865 ਵਿਚ ਆਜ਼ਾਦ ਕਰਾਰ ਦੇ ਦਿੱਤੇ ਗਏ ਸਨ ਤਾਂ ਵੀ ਉਨ੍ਹਾਂ ਨੂੰ ਵੋਟ ਦਾ ਕਾਨੂੰਨੀ ਹੱਕ ਹਾਸਲ ਕਰਨ ਵਿਚ ਇਕ ਹੋਰ ਸਦੀ ਲੱਗ ਗਈ। ਉਨ੍ਹਾਂ ਨੂੰ ਵੋਟ ਦਾ ਹੱਕ ਅਗਸਤ 1965 ਵਿਚ ਹਾਸਲ ਹੋਇਆ।

ਇਹ ਕਾਲਿਆਂ ਲਈ ਬਹੁਤ ਹੀ ਦੁੱਖਾਂ-ਤਕਲੀਫਾਂ ਭਰੀ ਸਦੀ ਸੀ ਜਿਸ ਦੌਰਾਨ ਇਨ੍ਹਾਂ ਆਜ਼ਾਦ ਹੋਏ ਕਾਲਿਆਂ ਦੀ ਉਤਰੀ ਅਮਰੀਕੀ ਸ਼ਹਿਰਾਂ ਦੀਆਂ ਗਰੀਬ ਬਸਤੀਆਂ ਵੱਲ ਵਿਆਪਕ ਹਿਜਰਤ ਦੇਖਣ ਨੂੰ ਮਿਲੀ। ਇਸ ਦੌਰਾਨ ਇਨ੍ਹਾਂ ਨੂੰ ਬਹੁਤ ਸਾਰੀਆਂ ਥਾਵਾਂ 'ਤੇ ਜ਼ਮੀਨ ਖਰੀਦਣ ਤੋਂ ਰੋਕਿਆ ਜਾਂਦਾ ਸੀ, ਉਨ੍ਹਾਂ ਦੀ ਕਾਨੂੰਨੀ ਪ੍ਰਕਿਰਿਆ ਤੱਕ ਪਹੁੰਚ ਵੀ ਬਹੁਤ ਸੀਮਤ ਸੀ, ਉਨ੍ਹਾਂ ਨੂੰ ਵੋਟ ਪਾਉਣ ਦਾ ਹੱਕ ਹਾਸਲ ਨਹੀਂ ਸੀ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵੱਖਰੇ ਸਕੂਲਾਂ ਵਿਚ ਪੜ੍ਹਨ ਲਈ ਮਜਬੂਰ ਕੀਤਾ ਜਾਂਦਾ। ਟੁਲਸਾ, (ਓਕਲਹਾਮਾ), ਪੂਰਬੀ ਸੇਂਟ ਲੂਈਸ ਆਦਿ ਵਿਚ ਕਾਲਿਆਂ ਦੇ ਕਾਰੋਬਾਰ ਨੇ ਖੂਬ ਤਰੱਕੀ ਕੀਤੀ ਪਰ ਇਨ੍ਹਾਂ ਨੂੰ ਗੋਰਿਆਂ ਦੀਆਂ ਹਿੰਸਕ ਭੀੜਾਂ ਨੇ ਤਬਾਹ ਕਰ ਦਿੱਤਾ। ਹਜ਼ਾਰਾਂ ਹੀ ਕਾਲਿਆਂ ਨੂੰ ਬਿਨਾ ਕਿਸੇ ਕਾਰਨ ਹਜੂਮਾਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ। ਹਜੂਮੀ ਕਤਲ ਤਾਂ ਇਕ ਤਰ੍ਹਾਂ ਕਾਲਿਆਂ ਨੂੰ ਦਬਾ ਕੇ ਰੱਖਣ ਦਾ ਹਥਿਆਰ ਬਣ ਗਏ ਸਨ।

ਇਕ ਪਾਸੇ ਜਿਥੇ ਅਮਰੀਕਾ ਤਰੱਕੀ ਕਰ ਕੇ ਦੁਨੀਆ ਦਾ ਸਭ ਤੋਂ ਅਮੀਰ ਤੇ ਤਾਕਤਵਰ ਮੁਲਕ ਬਣ ਗਿਆ, ਉਥੇ ਇਹ ਵੀ ਹਕੀਕਤ ਹੈ ਕਿ ਅੱਜ ਵੀ ਇਸ ਦੀ ਆਬਾਦੀ ਦਾ ਵੱਡਾ ਹਿੱਸਾ ਸਮਾਜਿਕ ਤੇ ਸਿਆਸੀ ਤੌਰ 'ਤੇ ਨਕਾਰਾ ਬਣਾ ਕੇ ਰੱਖਿਆ ਗਿਆ ਹੈ। ਇਨ੍ਹਾਂ ਅਮਰੀਕੀ ਨਾਗਰਿਕਾਂ ਨੂੰ ਗੋਰਿਆਂ ਦੇ ਬਰਾਬਰ ਨਹੀਂ ਮੰਨਿਆ ਜਾਂਦਾ।

ਕਾਲੇ ਅਮਰੀਕੀਆਂ ਨੇ ਜੋ ਨਾਇਨਸਾਫੀ ਤੇ ਪੀੜ ਝੱਲੀ ਹੈ, ਉਸ ਦੀ ਦਾਸਤਾਨ ਬਹੁਤ ਲੰਮੀ ਹੈ। ਇਸ ਦੇ ਬਾਵਜੂਦ ਉਨ੍ਹਾਂ ਅਮਰੀਕਾ ਨੂੰ ਖੁਸ਼ਹਾਲ ਬਣਾਉਣ ਲਈ ਜੋ ਘਾਲਣਾ ਘਾਲੀ, ਉਸ ਦੀ



ਕਹਾਣੀ ਵੀ ਬਹੁਤ ਲੰਮੀ ਤੇ ਅਹਿਮ ਹੈ। ਇਹ ਕਾਲੇ ਅਮਰੀਕੀ ਗੁਲਾਮ ਮਜ਼ਦੂਰਾਂ ਵੱਲੋਂ ਕਪਾਹ ਦੇ ਖੇਤਾਂ ਵਿਚ ਕੀਤੀ ਮਿਹਨਤ ਹੀ ਸੀ ਜਿਸ ਨੇ ਅਮਰੀਕਾ ਨੂੰ 19ਵੀਂ ਸਦੀ ਵਿਚ ਆਲਮੀ ਤਾਕਤ ਬਣਨ ਦੇ ਕਾਬਲ ਬਣਾਇਆ। ਉਨ੍ਹਾਂ ਨੂੰ ਕਿਉਂਕਿ ਬਾਜ਼ਾਰ ਵਿਚ ਵਸਤਾਂ ਵਾਂਗ ਖਰੀਦਿਆ ਵੇਚਿਆ ਜਾਂਦਾ ਸੀ, ਇਸ ਕਾਰਨ ਇਹ ਅੰਦਾਜ਼ਾ ਲਾਉਣਾ ਸੰਭਵ ਹੈ ਕਿ 1860 ਵਿਚ ਉਨ੍ਹਾਂ ਦੀ ਕੀਮਤ 'ਉਸ ਵਕਤ ਅਮਰੀਕੀ ਬੈਂਕਾਂ ਵਿਚ ਨਿਵੇਸ਼ ਕੀਤੀ ਕੁੱਲ ਰਕਮ ਦੇ ਤਿੱਗਣੇ ਤੋਂ ਵੀ ਵੱਧ' ਸੀ। ਇਹੀ ਨਹੀਂ, ਇਹ ਕੀਮਤ ਉਸ ਸਮੇਂ ਅਮਰੀਕਾ ਵਿਚ ਚੱਲ ਰਹੀ ਕੁੱਲ ਕਰੰਸੀ ਦੀ ਕੀਮਤ ਤੋਂ ਸੱਤ ਗੁਣਾ ਵੱਧ ਸੀ। ਕਾਲੇ ਪਰਿਵਾਰਾਂ ਦੀ ਮਕਾਨਾਂ ਦੀ ਮਾਲਕੀ ਦੀ ਦਰ ਮਹਿਜ਼ 44 ਫੀਸਦੀ ਹੈ, ਜਦੋਂਕਿ ਗੋਰੇ ਪਰਿਵਾਰਾਂ ਦੀ ਇਹ ਦਰ 74 ਫੀਸਦੀ ਹੈ, ਭਾਵ ਅਮਰੀਕਾ ਦੇ 74 ਫੀਸਦੀ ਗੋਰੇ ਪਰਿਵਾਰ ਆਪਣੇ ਘਰਾਂ ਦੇ ਮਾਲਕ ਹਨ। ਅਖਬਾਰ 'ਵਾਸ਼ਿੰਗਟਨ ਪੋਸਟ' ਨੇ 2016 ਵਿਚ ਆਪਣੇ ਵਿਸ਼ਲੇਸ਼ਣ ਵਿਚ ਅੰਦਾਜ਼ਾ ਲਾਇਆ ਸੀ ਕਿ ਇਕ ਆਮ ਕਾਲੇ ਪਰਿਵਾਰ ਕੋਲ ਉਸ ਵਕਤ ਔਸਤਨ 13 ਹਜ਼ਾਰ ਡਾਲਰ ਦੀ ਦੌਲਤ ਸੀ, ਜਦੋਂਕਿ ਇਕ ਆਮ ਗੋਰੇ ਪਰਿਵਾਰ ਦੀ ਇਹ ਔਸਤ ਡੇਢ ਲੱਖ ਡਾਲਰ ਸੀ। ਇਹ ਪਾੜਾ 1968 ਤੋਂ ਬਾਅਦ ਵਧਿਆ ਹੈ।

ਅਮਰੀਕਾ ਨੇ ਅਜਿਹੇ ਦੌਰ ਵੀ ਦੇਖੇ ਹਨ ਜਦੋਂ ਇਹ ਵੱਡੀਆਂ ਚੁਣੌਤੀਆਂ ਦਾ ਟਾਕਰਾ ਕਰਨ ਲਈ ਇਨ੍ਹਾਂ ਪਾੜਿਆਂ ਤੋਂ ਉਪਰ ਉਠਿਆ ਹੈ; ਖਾਸਕਰ ਦੂਜੀ ਸੰਸਾਰ ਜੰਗ ਅਤੇ ਸੋਵੀਅਤ ਸੰਘ ਨਾਲ ਮੁਕਾਬਲੇ ਵਾਲਾ ਸਮਾਂ। ਚੰਦ ਉਤੇ ਇਨਸਾਨ ਨੂੰ ਭੇਜਣਾ ਵੱਡੀ ਵਿਗਿਆਨਕ ਮਸ਼ਕ ਸੀ ਪਰ ਇਹ ਸਿਆਸਤ ਦੇ ਸਿਖਰ ਵਾਲੇ ਦੌਰ ਵਿਚ ਆਈ ਜਦੋਂ ਵੱਡੀ ਪੱਧਰ 'ਤੇ ਸਮਾਜਿਕ ਸੁਰੱਖਿਆ ਦੇ ਕਦਮ ਚੁੱਕੇ ਜਾ ਰਹੇ ਸਨ। ਅਜਿਹੇ ਕਦਮਾਂ ਵਿਚ ਮੁੱਖ ਸਨ ਗਰੀਬ ਤੇ ਬਜ਼ੁਰਗ ਅਮਰੀਕੀਆਂ ਲਈ ਸਿਹਤ ਸੰਭਾਲ ਸਹੂਲਤਾਂ, ਸਿੱਖਿਆ ਵਿਚ ਸੁਧਾਰ, ਪੇਂਡੂ ਸਿੱਖਿਆ ਉਤੇ ਜ਼ੋਰ, ਵਾਤਾਵਰਨ, ਜਨਤਕ ਬਰਾਡਕਾਸਟਿੰਗ, ਆਵਾਜਾਈ ਸਹੂਲਤਾਂ ਆਦਿ। ਇਸ ਲਈ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ ਕਿ ਇਸੇ ਦੌਰਾਨ ਕਾਲੇ ਅਮਰੀਕੀਆਂ ਨੂੰ ਸਿਆਸੀ ਮੁੱਖ ਧਾਰਾ ਵਿਚ ਲਿਆਉਣ ਲਈ ਆਮ ਸ਼ਹਿਰੀ ਹੱਕ ਦੇਣ ਸਬੰਧੀ ਸਿਵਲ ਰਾਈਟਸ ਐਕਟ-1964 ਅਤੇ ਉਨ੍ਹਾਂ ਨੂੰ ਵੋਟ ਦਾ ਹੱਕ ਦੇਣ ਲਈ ਵੋਟਿੰਗ ਰਾਈਟਸ ਐਕਟ-1965 ਵਰਗੇ ਕਾਨੂੰਨ ਪਾਸ ਕੀਤੇ ਗਏ।

ਉਂਜ, ਇਸ ਦੌਰਾਨ ਇਕ ਪਾਸੇ ਜਿਥੇ ਅਮਰੀਕੀ ਜਨਤਾ ਵਿਚ ਗੋਰੇ ਰੰਗ ਦੀ ਚੌਧਰ ਵਿਚ ਕਮੀ ਆ ਰਹੀ ਹੈ, ਭਾਵ ਨਸਲਪ੍ਰਸਤੀ ਦਾ ਜ਼ੋਰ ਘਟ ਰਿਹਾ ਹੈ ਤਾਂ ਦੂਜੇ ਪਾਸੇ ਕੱਟੜਪੰਥੀ ਲੋਕਾਂ ਨੂੰ ਇਹ ਹਾਂ-ਪੱਖੀ ਤਬਦੀਲੀ ਰਾਸ ਨਹੀਂ ਆ ਰਹੀ। ਉਹ ਅੱਜ ਵੀ ਇਸ ਵਹਿਣ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕਰਦੇ ਹਨ। ਉਨ੍ਹਾਂ ਨੂੰ ਇਹ ਗੱਲ ਬਹੁਤ ਮਾੜੀ ਲੱਗਦੀ ਹੈ ਕਿ ਅਮਰੀਕਾ ਕਿੱਧਰ ਨੂੰ ਤੁਰ ਰਿਹਾ ਹੈ। ਮੁਲਕ ਭਰ ਵਿਚ ਸੱਜੇ-ਪੱਖੀ ਸਿਆਸਤਦਾਨ ਗਰੀਬਾਂ ਅਤੇ ਘੱਟ ਪੜ੍ਹੇ-ਲਿਖੇ ਕਾਲਿਆਂ ਨੂੰ ਵੋਟਿੰਗ ਦੇ ਹੱਕ ਤੋਂ ਮਹਿਰੂਮ ਕਰਨ ਲਈ ਕਾਨੂੰਨ ਪਾਸ ਕਰ ਰਹੇ ਹਨ।

ਅਮਰੀਕਾ ਦੇ ਵੱਡੇ ਸ਼ਰੀਕ ਚੀਨ ਨੇ ਲੋਕ ਗਣਰਾਜ ਦੀ ਕਾਇਮੀ ਵੇਲੇ ਅਤੇ ਫਿਰ ਸਭਿਆਚਾਰਕ ਇਨਕਲਾਬ (1966-1976) ਦੌਰਾਨ ਲੱਖਾਂ ਲੋਕਾਂ ਨੂੰ ਮਾਰ ਕੇ ਆਪਣੀਆਂ ਸਮਾਜਿਕ ਵੰਡਾਂ ਨੂੰ ਆਸਾਨੀ ਨਾਲ ਖਤਮ ਕਰ ਦਿੱਤਾ। ਚੀਨ ਦੇ ਹਾਨ ਲੋਕਾਂ ਲਈ ਇਕਰੂਪਤਾ-ਇਕਸਾਰਤਾ ਖਾਸ ਅਹਿਮੀਅਤ ਵਾਲੀ ਚੀਜ਼ ਹੈ ਜਿਨ੍ਹਾਂ ਦਾ ਵੱਖੋ-ਵੱਖ ਲੋਕਾਂ ਤੇ ਸਭਿਆਚਾਰਾਂ ਨੂੰ ਆਪਣੇ ਵਿਚ ਸਮਾ ਲੈਣ ਦਾ ਪੁਰਾਣਾ ਇਤਿਹਾਸ ਹੈ। ਹੁਣ ਵੀ ਤੁਸੀਂ ਮੁਲਕ ਦੇ ਸੂਬੇ ਸ਼ਿਨਜਿਆਂਗ ਅਤੇ ਤਿੱਬਤ ਵਿਚ ਕੀਤੀਆਂ ਜਾ ਰਹੀਆਂ ਅਜਿਹੀਆਂ ਕੋਸ਼ਿਸ਼ਾਂ ਨੂੰ ਦੇਖ ਸਕਦੇ ਹੋ, ਇਹ ਉਥਲ-ਪੁਥਲ ਚੀਨ ਨੂੰ ਕਮਜ਼ੋਰ ਵੀ ਬਣਾ ਦਿੰਦੀ ਹੈ।

ਰਾਸ਼ਟਰਪਤੀ ਬਾਇਡਨ ਦੇ ਹਾਲੀਆ ਯੂਰਪੀ ਦੌਰੇ ਦਾ ਕੇਂਦਰੀ ਸੁਨੇਹਾ ਚੀਨ ਨਾਲ ਮੁਕਾਬਲੇ ਅਤੇ ਤਾਨਾਸ਼ਾਹੀ ਦੇ ਮੁਕਾਬਲੇ ਜਮਹੂਰੀਅਤ ਦੀ ਅਹਿਮੀਅਤ ਬਾਰੇ ਹੀ ਸੀ। ਫਿਰ ਵੀ ਬਾਇਡਨ ਜਾਣਦੇ ਹਨ ਕਿ 6 ਜਨਵਰੀ ਨੂੰ ਕੈਪੀਟਲ ਬਿਲਡਿੰਗ ਉਤੇ ਹਮਲੇ ਅਤੇ ਵਿਰੋਧੀ ਧਿਰ ਦੇ ਵੱਡੇ ਹਿੱਸੇ ਵੱਲੋਂ ਉਨ੍ਹਾਂ ਨੂੰ ਰਾਸ਼ਟਰਪਤੀ ਵਜੋਂ ਮਨਜ਼ੂਰ ਕਰਨ ਤੋਂ ਇਨਕਾਰ ਕਰਨ ਦੀਆਂ ਜੜ੍ਹਾਂ ਨਸਲਵਾਦ ਵਿਚ ਹਨ, ਤੇ ਇਹ ਨਸਲੀ ਸੋਚ ਨਾ ਸਿਰਫ ਉਨ੍ਹਾਂ (ਬਾਇਡਨ) ਨੂੰ ਕਮਜ਼ੋਰ ਬਣਾਉਂਦੀ ਹੈ ਸਗੋਂ ਮੁਲਕ ਅਤੇ ਇਸ ਦੇ ਸਾਰੇ ਅਦਾਰਿਆਂ ਨੂੰ ਵੀ ਕਮਜ਼ੋਰ ਬਣਾਉਂਦੀ ਹੈ। ਦੂਜੇ ਪਾਸੇ ਭਾਰਤ ਵਰਗੇ ਮੁਲਕਾਂ ਜਿਹੜੇ ਆਪਣੇ ਭੂ-ਸਿਆਸੀ ਟੀਚਿਆਂ ਲਈ ਅਮਰੀਕਾ ਉਤੇ ਭਰੋਸਾ ਕਰ ਰਹੇ ਹਨ, ਲਈ ਇਹ ਕੋਈ ਚੰਗੀ ਖਬਰ ਨਹੀਂ ਹੈ।

# ਅਕਾਲੀ ਬਸਪਾ ਗੱਠਜੋੜ ਦੀ ਤੰਦ-ਤਾਣੀ

ਸ਼੍ਰੋਮਣੀ ਅਕਾਲੀ ਦਲ ਪੰਜਾਬ ਦਾ ਹਾਲ ਹੀ ਵਿਚ ਇਸ ਦਾ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਚੋਣ ਗੱਠਜੋੜ ਹੋਇਆ ਹੈ। ਬਸਪਾ ਦਾ ਜਨਮ ਪੰਜਾਬ ਦੀ ਧਰਤੀ 'ਤੇ ਹੋਇਆ ਸੀ ਜਿਥੇ ਦਲਿਤਾਂ ਦੀ ਇਕ ਤਿਹਾਈ ਆਬਾਦੀ ਰਹਿੰਦੀ ਹੈ ਪਰ ਇਹ ਗੱਲ ਵੱਖਰੀ ਹੈ ਕਿ ਬਸਪਾ ਦੇ ਯਤਨਾਂ ਨੂੰ ਪਹਿਲੀ ਵਾਰ ਬੂਰ ਹਿੰਦੀ ਪੱਟੀ ਦੇ ਪ੍ਰਮੁੱਖ ਸੂਬੇ ਉਤਰ ਪ੍ਰਦੇਸ਼ ਵਿਚ ਪਿਆ ਸੀ। ਅਕਾਲੀ ਦਲ ਅਤੇ ਬਸਪਾ ਇਸ ਵੇਲੇ ਔਖੇ ਸਿਆਸੀ ਹਾਲਾਤ 'ਚੋਂ ਲੰਘ ਰਹੀਆਂ ਹਨ। ਇਕ ਪਾਸੇ ਸ਼੍ਰੋਮਣੀ ਅਕਾਲੀ ਦਲ ਪੰਥਕ ਪਾਰਟੀ ਵਜੋਂ ਆਪਣੀ ਵਿਰਾਸਤ ਦਾ ਰੁਤਬਾ ਕਾਇਮ ਰੱਖਣ ਅਤੇ ਆਪਣੇ ਮੂਲ ਜਨ ਆਧਾਰ, ਭਾਵ

**ਡਾ. ਰੌਣਕੀ ਰਾਮ**
ਫੋਨ: +91-97791-42308

ਕਿਸਾਨਾਂ ਦੇ ਹਿੱਤਾਂ ਦੀ ਰਾਖੀ ਨਾ ਕਰ ਸਕਣ ਕਰ ਕੇ ਮੁਸ਼ਕਿਲਾਂ ਨਾਲ ਜੂਝ ਰਹੀ ਹੈ, ਦੂਜੇ ਪਾਸੇ ਬਸਪਾ ਲਈ ਵੀ ਪੰਜਾਬ ਵਿਚ ਆਪਣੀ ਹੋਂਦ ਬਚਾਉਣ ਦਾ ਸੰਕਟ ਹੈ। ਅਕਾਲੀ ਦਲ ਨੂੰ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦਾ ਭਿਆਲ ਹੁੰਦਿਆਂ ਕੇਂਦਰ ਸਰਕਾਰ ਦੇ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਤੋਂ ਛਿੜੇ ਵਿਵਾਦ ਕਾਰਨ ਕਿਸਾਨਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ ਸੀ। ਪੰਜਾਬ ਦੇ ਜ਼ਿਆਦਾਤਰ ਦਲਿਤ ਹਾਲਾਂਕਿ ਬੇਜ਼ਮੀਨੇ ਖੇਤ ਮਜ਼ਦੂਰ ਹਨ ਪਰ ਇਨ੍ਹਾਂ ਤਿੰਨ ਕਾਨੂੰਨਾਂ ਦਾ ਸੇਕ ਉਨ੍ਹਾਂ ਤੱਕ ਵੀ ਅੱਪੜ ਰਿਹਾ ਹੈ। ਇਸ ਕਰ ਕੇ ਜਮਾਤੀ ਟਕਰਾਅ ਦੇ ਬਾਵਜੂਦ ਕਿਸਾਨਾਂ ਅਤੇ ਬੇਜ਼ਮੀਨੇ ਦਲਿਤ ਖੇਤ ਮਜ਼ਦੂਰ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ ਲਈ ਇਕ ਦੂਜੇ ਦੇ ਕਰੀਬ ਆ ਗਏ ਹਨ। ਕਿਸਾਨ ਅੰਦੋਲਨ ਨੂੰ ਪੰਜਾਬ ਦੀਆਂ ਵੱਖ ਵੱਖ ਖੇਤ ਮਜ਼ਦੂਰ ਯੂਨੀਅਨਾਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ ਤੇ ਇਸ ਨਾਲ ਤੰਗਨਜ਼ਰ ਜਾਤੀ ਵਲਗਣਾਂ ਮਿਟੀਆਂ ਹਨ ਅਤੇ ਵਿਆਪਕ ਕਿਸਾਨ ਮਜ਼ਦੂਰ ਏਕਤਾ ਦਾ ਅਹਿਸਾਸ ਪੈਦਾ ਹੋ ਰਿਹਾ ਹੈ।

ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੀ ਚੋਖੀ ਵਸੋਂ ਹੈ ਜਿਸ ਦਾ ਵੱਡਾ ਹਿੱਸਾ ਜਲੰਧਰ, ਨਵਾਂਸ਼ਹਿਰ, ਕਪੂਰਥਲਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਤੋਂ ਬਣੇ ਦੋਆਬਾ ਖੇਤਰ ਵਿਚ ਰਹਿੰਦਾ ਹੈ। ਉਂਜ, ਸਿਤਮਜ਼ਰੀਫੀ ਇਹ ਹੈ ਕਿ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੀ ਚੋਖੀ ਤਾਦਾਦ ਹੋਣ ਦੇ ਬਾਵਜੂਦ ਸੂਬੇ ਵਿਚ ਬਸਪਾ ਅਜਿਹਾ ਇਕ ਵੀ ਆਗੂ ਪੈਦਾ ਨਹੀਂ ਕਰ ਸਕੀ ਜੋ ਘੱਟੋ-ਘੱਟ ਗੱਠਜੋੜ ਦਾ ਐਲਾਨ ਕਰਨ ਮੌਕੇ ਹੀ ਆਪਣੀ ਮੌਜੂਦਗੀ ਦਰਸਾਉਂਦਾ। 12 ਜੂਨ ਨੂੰ ਹੋਏ ਚੋਣ ਗੱਠਜੋੜ ਦੀ ਕਾਰਗਰਤਾ ਨੂੰ ਲੈ ਕੇ ਅਕਾਲੀ ਦਲ ਅਤੇ ਬਸਪਾ ਦੇ ਆਗੂਆਂ ਦੇ ਵੱਖੋ-ਵੱਖਰੇ ਮੱਤ ਹਨ। ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਲਈ ਇਹ ਗੱਠਜੋੜ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਦੇ ਹਿੱਤਾਂ ਦੀ ਕੀਮਤ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਹੱਥਾਂ ਨੂੰ ਮਜ਼ਬੂਤ ਕਰਨ ਦੀ ਮਨਸੂਬਾਬੰਦੀ ਦਾ ਸਿੱਟਾ ਜਾਪਦਾ ਹੈ। ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਅਤੇ ਬਸਪਾ ਦੀ ਸੁਪਰੀਮੋ ਮਾਇਆਵਤੀ ਦੇ ਇਕ ਗੈਰ-ਦਲਿਤ ਵਫਾਦਾਰ ਸਤੀਸ਼ ਚੰਦਰ ਮਿਸ਼ਰਾ ਵਲੋਂ ਗੱਠਜੋੜ ਦਾ ਐਲਾਨ ਕਰਨ ਤੋਂ ਕੁਝ ਦਿਨਾਂ ਦੇ ਅੰਦਰ ਹੀ ਉਨ੍ਹਾਂ (ਅਨੁਸੂਚਿਤ ਜਾਤੀਆਂ) ਅੰਦਰ ਧੁਕਧੁਕੀ ਹੋਣ ਲੱਗ ਪਈ ਹੈ।

ਬਸਪਾ ਦੀ ਪੰਜਾਬ ਇਕਾਈ ਦੇ ਮੁਕਾਮੀ ਅਹੁਦੇਦਾਰਾਂ ਨੇ ਪਾਰਟੀ ਲਈ ਛੱਡੀਆਂ ਸੀਟਾਂ ਨੂੰ ਲੈ ਕੇ ਨਾਖੁਸ਼ੀ ਜ਼ਾਹਿਰ ਕੀਤੀ ਹੈ। ਅਕਾਲੀ ਦਲ ਨਾਲ ਗੱਠਜੋੜ ਵੇਲੇ ਭਾਜਪਾ ਨੂੰ 23 ਸੀਟਾਂ ਛੱਡੀਆਂ ਜਾਂਦੀਆਂ ਸਨ ਜਦਕਿ ਬਸਪਾ ਦੇ ਹਿੱਸੇ 20 ਸੀਟਾਂ ਹੀ ਆਈਆਂ ਹਨ ਜਿਨ੍ਹਾਂ 'ਚੋਂ ਅੱਠ ਦੋਆਬੇ, ਸੱਤ ਮਾਲਵੇ ਅਤੇ ਪੰਜ ਸੀਟਾਂ ਮਾਝੇ 'ਚੋਂ ਹਨ। ਇਹੀ ਨਹੀਂ, ਬਸਪਾ ਨੂੰ ਉਹ ਸੀਟਾਂ ਵੀ ਨਹੀਂ ਮਿਲੀਆ ਜਿੱਥੇ ਇਸ ਦੇ ਉਮੀਦਵਾਰਾਂ ਨੇ ਪਿਛਲੀਆਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਵਿਚ ਬਿਹਤਰ ਕਾਰਗੁਜ਼ਾਰੀ ਦਿਖਾਈ ਸੀ। ਉਨ੍ਹਾਂ ਪਾਰਟੀ ਲੀਡਰਸ਼ਿਪ ਨੂੰ ਦਲਿਤ ਦਬਦਬੇ ਵਾਲੀਆਂ ਉਹ ਸੀਟਾਂ ਲੈਣ ਲਈ ਦਬਾਅ ਪਾਉਣ ਲਈ ਕਿਹਾ ਹੈ ਜੋ ਅਕਾਲੀ ਦਲ ਦੇ ਖਾਤੇ ਵਿਚ ਚਲੀਆਂ ਗਈਆਂ ਹਨ।

ਜੱਟ ਸਿੱਖ ਤੇ ਦਲਿਤ ਸੂਬੇ ਦੇ ਮੁੱਖ ਭਾਈਚਾਰੇ ਹਨ ਜੋ ਆਰਥਿਕ-ਸਮਾਜਿਕ ਦਰਜੇ ਪੱਖੋਂ ਦੋ ਪਾਟਾਂ ਵਿਚ ਵੰਡੇ ਹੋਏ ਹਨ। ਜੱਟ ਸਿੱਖਾਂ ਦੀ ਬਹੁਗਿਣਤੀ ਜ਼ਮੀਨ ਦੀ ਮਾਲਕ ਹੈ, ਅਨੁਸੂਚਿਤ ਜਾਤੀਆਂ ਦੀ ਵੱਡੀ ਸੰਖਿਆ ਬੇਜ਼ਮੀਨੇ ਖੇਤ ਮਜ਼ਦੂਰ ਹੈ। ਆਰਥਿਕ ਅਸਮਾਨਤਾ ਤੋਂ ਇਲਾਵਾ ਸਿਆਸੀ ਲੀਡਰਸ਼ਿਪ 'ਤੇ ਕੰਟਰੋਲ ਦੇ ਜਾਤੀਗਤ ਲਿਹਾਜ਼ ਤੋਂ ਜੱਟ ਸਿੱਖ ਬਿਹਤਰ ਪੁਜ਼ੀਸ਼ਨ 'ਚ ਹਨ। ਦੋਵੇਂ ਭਾਈਚਾਰੇ ਆਪਣੇ ਖਾਸ ਸਮਾਜੀ ਮਾਹੌਲ 'ਚ ਵਿਚਰਦੇ ਹਨ। ਕਈ ਥਾਈਂ ਇਨ੍ਹਾਂ ਦੇ ਸ਼ਮਸ਼ਾਨਘਾਟ ਤੇ ਧਾਰਮਿਕ ਸਥਾਨ ਵੱਖਰੇ ਹਨ। ਹਾਲਾਂਕਿ ਦੋਵੇਂ ਭਾਈਚਾਰਿਆਂ ਦੀ ਬਹੁਸੰਖਿਆ ਪਿੰਡਾਂ ਵਿਚ ਹੀ ਵੱਸਦੀ ਹੈ ਪਰ ਇਨ੍ਹਾਂ ਦੇ ਵਸੇਬੇ ਵੀ ਵੱਖੋ-ਵੱਖਰੇ ਹਨ।

ਸਮਾਜ ਅੰਦਰ ਪਏ ਜਾਤੀ ਪਾੜੇ ਦੇ ਮੱਦੇਨਜ਼ਰ ਇਸ ਗੱਲ ਦੇ ਆਸਾਰ ਘੱਟ ਜਾਪਦੇ ਹਨ ਕਿ ਇਸ ਗੱਠਜੋੜ ਦੇ ਸਹਾਰੇ ਅਨੁਸੂਚਿਤ ਜਾਤੀਆਂ ਦੀਆਂ ਬਹੁਤੀਆਂ ਵੋਟਾਂ ਅਕਾਲੀ ਦਲ ਦੇ ਹੱਕ ਵਿਚ ਭੁਗਤ ਸਕਣਗੀਆਂ। ਅਗਲੀ ਗੱਲ ਇਹ ਹੈ ਕਿ ਅਨੁਸੂਚਿਤ ਜਾਤੀਆਂ ਦਾ ਕੋਈ ਇਕਹਿਰਾ ਵਰਗ ਨਹੀਂ ਹੈ। ਇਹ ਵੀ 39 ਜਾਤਾਂ ਅਤੇ ਵੱਖੋ-ਵੱਖਰੇ ਧਰਮਾਂ ਤੇ ਫ਼ਿਰਕਿਆਂ ਵਿਚ ਵੰਡੀਆਂ ਹੋਈਆਂ ਹਨ ਜਿਵੇਂ ਵਾਲਮੀਕ (ਹਿੰਦੂ ਦਲਿਤ), ਮਜ਼ਹਬੀ (ਸਿੱਖ ਦਲਿਤ), ਮਸੀਹੀ (ਈਸਾਈ ਦਲਿਤ), ਰਵੀਦਾਸੀਏ, ਰਾਮਦਾਸੀਏ ਆਦਿ। ਇਸ ਗੱਠਜੋੜ ਕੋਲ ਇੰਨੀਆਂ ਜਾਤੀ ਤੇ ਧਾਰਮਿਕ ਵਲਗਣਾਂ ਦੇ ਆਰ-ਪਾਰ ਜਾ ਕੇ ਅਕਾਲੀ ਦਲ ਲਈ ਬਹੁਤੀਆਂ ਵੋਟਾਂ ਜੁਟਾਉਣ ਦੀ ਸਮੱਰਥਾ ਨਹੀਂ ਦਿਸਦੀ। ਸਿੱਖ ਵੀ ਸਮੁੱਚੇ ਰੂਪ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿਚ ਨਹੀਂ ਭੁਗਤਦੇ। ਇਨ੍ਹਾਂ ਦੀਆਂ ਵੋਟਾਂ ਵੀ ਪੰਜਾਬ ਦੀਆਂ ਮੁੱਖ ਧਾਰਾ ਪਾਰਟੀਆਂ ਵਿਚ ਵੰਡੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਅਨੁਸੂਚਿਤ ਜਾਤੀਆਂ ਦੇ ਉਹ ਵੋਟਰ ਵੀ ਹਨ ਜੋ ਬਸਪਾ ਤੋਂ ਇਸ ਗੱਲੋਂ ਖਫਾ ਹਨ ਕਿ ਇਹ ਪਾਰਟੀ ਦੇ ਬਾਨੀ ਬਾਬੂ ਕਾਂਸ਼ੀ ਰਾਮ ਵਲੋਂ ਜਗਾਈਆਂ ਆਸਾਂ 'ਤੇ ਖਰੀ ਨਹੀਂ ਉਤਰ ਸਕੀ ਅਤੇ ਹੁਣ ਇਸ ਨੇ ਅਕਾਲੀ ਦਲ ਨਾਲ ਸਮਝੌਤਾ ਕਰ ਲਿਆ ਹੈ ਜਿਸ ਕਰ ਕੇ ਉਹ ਇਸ ਦੇ ਉਲਟ ਵੀ ਜਾ ਸਕਦੇ ਹਨ। ਇਸ ਲਿਹਾਜ਼ ਤੋਂ ਬਸਪਾ ਲਈ ਅਕਾਲੀ ਦਲ ਨਾਲ ਗੱਠਜੋੜ ਮਾਰੂ ਸਾਬਿਤ ਹੋ ਸਕਦਾ ਹੈ।

ਪਿਛਲੇ ਸੱਤ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਨੇ ਪੰਜਾਬ ਦੇ ਹਾਲਾਤ ਨੂੰ ਨਵਾਂ ਮੋੜ ਦੇ ਦਿੱਤਾ ਹੈ। ਅਕਾਲੀ ਦਲ ਤੇ ਬਸਪਾ ਨੇ ਪਹਿਲੀ ਵਾਰ 1996 ਵਿਚ ਲੋਕ ਸਭਾ ਦੀਆਂ ਚੋਣਾਂ ਮੌਕੇ ਗੱਠਜੋੜ ਕੀਤਾ ਸੀ। ਉਦੋਂ ਅਕਾਲੀ ਦਲ ਨੇ ਨੌਂ 'ਚੋਂ ਅੱਠ ਸੀਟਾਂ ਅਤੇ ਬਸਪਾ ਨੇ ਚਾਰ 'ਚੋਂ ਤਿੰਨ ਸੀਟਾਂ ਜਿੱਤੀਆਂ ਸਨ। ਉਂਜ, ਇਹ ਗੱਠਜੋੜ ਬਹੁਤਾ ਚਿਰ ਨਾ ਨਿਭ ਸਕਿਆ ਤੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਪ੍ਰਕਾਸ਼ ਸਿੰਘ ਬਾਦਲ ਨੇ ਇਕਪਾਸੜ ਤੌਰ 'ਤੇ ਫੈਸਲਾ ਲੈਂਦਿਆਂ ਗੱਠਜੋੜ ਤੋੜ ਕੇ ਭਾਰਤੀ ਜਨਤਾ ਪਾਰਟੀ ਨਾਲ ਹੱਥ ਮਿਲਾ ਲਏ ਤੇ ਕੇਂਦਰ ਵਿਚ ਵਾਜਪਾਈ ਸਰਕਾਰ ਨੂੰ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ। ਬਸਪਾ ਦੇ ਸੁਪਰੀਮੋ ਬਾਬੂ ਕਾਂਸ਼ੀ ਰਾਮ ਨੇ ਜੁਲਾਈ 1999 ਵਿਚ ਪ੍ਰਕਾਸ਼ ਸਿੰਘ ਬਾਦਲ 'ਤੇ ਮਨੂੰਵਾਦੀ ਹੋਣ ਦਾ ਦੋਸ਼ ਲਾਉਂਦਿਆ, ਗੱਠਜੋੜ ਤੋੜਨ ਲਈ ਉਸ ਨੂੰ ਕਸੂਰਵਾਰ ਠਹਿਰਾਇਆ ਸੀ। ਮਾਰਚ 2016 ਵਿਚ ਮਾਇਆਵਤੀ ਨੇ ਨਵਾਂਸ਼ਹਿਰ ਵਿਚ ਬਾਬੂ ਕਾਂਸ਼ੀ ਰਾਮ ਦੀ ਜਨਮ ਵਰ੍ਹੇਗੰਢ ਮੌਕੇ ਵੱਡੀ ਰੈਲੀ ਵਿਚ ਉਸ ਵੇਲੇ ਦੀ ਅਕਾਲੀ-ਭਾਜਪਾ ਸਰਕਾਰ ਨੂੰ ਦਲਿਤ ਵਿਰੋਧੀ ਕਰਾਰ ਦਿੱਤਾ ਸੀ।

1996 ਤੋਂ ਲੈ ਕੇ ਹੁਣ ਤੱਕ ਬਹੁਤ ਸਾਰਾ ਪਾਣੀ ਪੁਲਾਂ ਹੇਠੋਂ ਵਹਿ ਚੁੱਕਿਆ ਹੈ। 1997 ਦੀਆਂ ਵਿਧਾਨ ਸਭਾ ਚੋਣਾਂ ਵਿਚ ਗੜ੍ਹਸ਼ੰਕਰ ਦੀ ਇਕਲੌਤੀ ਸੀਟ ਤੋਂ ਸ਼ਿੰਗਾਰਾ ਰਾਮ ਸਹੂੰਗੜਾ ਦੀ ਜਿੱਤ ਤੋਂ ਇਲਾਵਾ ਹੁਣ ਤੱਕ ਬਸਪਾ ਆਪਣੇ ਦਮ 'ਤੇ ਪੰਜਾਬ ਵਿਚ ਵਿਧਾਨ ਸਭਾ ਅਤੇ ਲੋਕ ਸਭਾ ਦੀ ਇਕ ਵੀ ਸੀਟ ਨਹੀਂ ਜਿੱਤ ਸਕੀ ਹੈ। ਪਿਛਲੀਆਂ ਪੰਜ ਵਿਧਾਨ ਸਭਾ ਚੋਣਾਂ (1997, 2002, 2007, 2012, 2017) ਵਿਚ ਬਸਪਾ ਦਾ ਵੋਟ ਫੀਸਦ 13.28 ਦੇ ਸਿਖਰਲੇ ਮੁਕਾਮ ਤੋਂ ਡਿੱਗ ਕੇ 1.59 ਫੀਸਦ ਰਹਿ ਗਿਆ ਹੈ। ਬਸਪਾ ਨੇ ਆਪਣੀ ਸਭ ਤੋਂ ਵਧੀਆ ਕਾਰਕਰਦਗੀ 1992 ਦੀਆਂ ਵਿਧਾਨ ਸਭਾ ਚੋਣਾਂ ਵਿਚ ਦਿਖਾਈ ਸੀ ਜਦੋਂ ਇਸ ਨੇ 16.68 ਫੀਸਦ ਵੋਟਾਂ ਲੈ ਕੇ 9 ਸੀਟਾਂ ਜਿੱਤੀਆਂ ਸਨ ਪਰ ਇਹ ਉਦੋਂ ਸੀ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਚੋਣਾਂ ਦਾ ਬਾਈਕਾਟ ਕੀਤਾ ਸੀ। ਉਸ ਤੋਂ ਬਾਅਦ 2017 ਦੀਆਂ ਚੋਣਾਂ ਤੱਕ ਪੰਝੀ ਸਾਲਾਂ ਦੇ ਅਰਸੇ ਦੌਰਾਨ ਬਸਪਾ ਕਦੇ ਵੀ ਅਜਿਹੀ ਚੁਣਾਵੀ ਕਾਰਗੁਜ਼ਾਰੀ ਦੁਹਰਾਅ ਨਾ ਸਕੀ। ਦਰਅਸਲ, 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਦੀ ਕਾਰਗੁਜ਼ਾਰੀ ਬਹੁਤ ਹੀ ਮਾੜੀ ਸਿੱਧ ਹੋਈ ਸੀ। ਬਸਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੂੰ ਛੱਡ ਕੇ ਇਸ ਦੇ 110 ਉਮੀਦਵਾਰਾਂ 'ਚੋਂ ਕੋਈ ਵੀ ਆਪਣੀ ਜ਼ਮਾਨਤ ਬਚਾਉਣ ਵਿਚ ਕਾਮਯਾਬ ਨਾ ਹੋ ਸਕਿਆ। ਪਾਰਟੀ ਦੀ ਵੋਟ ਫੀਸਦੀ 1.59 ਫੀਸਦੀ ਦੇ ਆਪਣੇ ਸਭ ਤੋਂ ਨੀਵੇਂ ਪੱਧਰ 'ਤੇ ਆ ਗਈ। 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਇਸ ਦੇ 117 ਵਿਚੋਂ 109 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ ਪਰ ਇਸ ਦਾ ਵੋਟ ਫੀਸਦੀ 4.3 ਫੀਸਦ ਰਿਹਾ ਸੀ। ਹਾਲਾਂਕਿ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੀ ਜਨਸੰਖਿਆ ਇਕ ਤਿਹਾਈ ਬਣਦੀ ਹੈ ਪਰ ਇਨ੍ਹਾਂ ਅੰਦਰਲੇ ਜਾਤੀ ਮੱਤਭੇਦਾਂ ਕਰ ਕੇ ਪੰਜਾਬ ਵਿਚ ਮੁੱਖਧਾਰਾ ਦੀ ਦਲਿਤ ਪਾਰਟੀ ਬਣ ਕੇ ਉਭਰਨ ਦੀ ਬਸਪਾ ਦੀ ਖਾਹਿਸ਼ ਨੂੰ ਬੂਰ ਨਹੀਂ ਪੈ ਸਕਿਆ।

# ਖੇਤਾਂ ਦਾ ਜੇਤੂ ਕਾਮਾ, ਜ਼ਿੰਦਗੀ 'ਚ ਹਾਰਿਆ ਜੁਆਰੀਆ

***ਡਾ. ਰਾਜਿੰਦਰ ਪਾਲ ਸਿੰਘ ਬਰਾੜ ਨੇ ਚਿਰ ਪਹਿਲਾਂ ਸੀਰੀ ਰਲੇ ਇਕ ਕਾਮੇ ਦੇ ਬਹਾਨੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਦੇ ਹਾਲ ਬਿਆਨ ਕੀਤੇ ਹਨ। ਇਹ ਉਹ ਜਮਾਤ ਹੈ, ਜਿਸ ਦੀ ਆਵਾਜ਼ ਅੱਵਲ ਤਾਂ ਨਿੱਕਲਦੀ ਹੀ ਨਹੀਂ, ਤੇ ਜੇ ਕਿਤੇ ਨਿੱਕਲੇ ਵੀ ਤਾਂ ਕੋਈ ਸੁਣਦਾ ਨਹੀਂ। ਅੱਜ ਕੱਲ੍ਹ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਵੀ ਇਨ੍ਹਾਂ ਕਾਮਿਆਂ ਬਾਰੇ ਗੱਲਾਂ ਚੱਲੀਆਂ, ਪਰ ਇਸ ਚਰਚਾ ਵਿਚ ਵੀ ਇਹ ਬਹੁਤ ਪਿਛਾਂਹ ਰਹਿ ਗਏ। ਦੇਖਿਆ ਜਾਵੇ ਤਾਂ ਇਨ੍ਹਾਂ ਦਾ ਉਜਾੜਾ ਤਾਂ ਨਿੱਤ ਦਿਨ ਹੁੰਦਾ ਹੈ। ਲੇਖਕ ਨੇ ਆਪਣੀ ਇਸ ਲਿਖਤ ਵਿਚ ਕਾਮਿਆਂ ਦੀਆਂ ਮਾਨਸਿਕ ਗੁੰਝਲਾਂ ਦੀਆਂ ਬਾਤਾਂ ਵੀ ਕੀਤੀਆਂ ਹਨ।***

ਉਹਨੂੰ ਸਭ ਤਿੱਖਾ ਕਹਿ ਕੇ ਬੁਲਾਉਂਦੇ ਸਨ। ਕਈ ਦਾਤ ਵੀ ਕਹਿ ਦਿੰਦੇ ਸੀ ਪਰ ਬਹੁਤੇ ਉਸ ਨੂੰ ਤਿੱਖੇ ਨਾਂ ਨਾਲ ਹੀ ਬੁਲਾਉਂਦੇ ਸੀ। ਨ੍ਹੇਰੀ (ਹਨੇਰੀ) ਉਸ ਦਾ ਇਕ ਹੋਰ ਨਾਂ ਸੀ। ਉਹ ਸਾਰੇ ਨਾਵਾਂ ਨਾਲ ਬੋਲ ਪੈਂਦਾ ਸੀ। ਇਹ ਤਾਂ ਬਹੁਤ ਬਾਅਦ ਵਿਚ ਪਤਾ ਲੱਗਿਆ ਕਿ ਉਹਦਾ ਅਸਲ ਨਾਂ ਤਾਂ ਹੋਰ ਸੀ ਜੋ ਸਾਨੂੰ ਤਾਂ ਕੀ, ਉਸ ਨੂੰ ਵੀ ਯਾਦ ਨਹੀਂ ਸੀ। ਤਿੱਖਾ ਉਸ ਦਾ ਵਿਸ਼ੇਸ਼ਣ ਸੀ, ਆਪਣੇ ਕੰਮ ਨਾਲ ਆਪ ਕਮਾਇਆ। ਉਹ ਹਰ ਕੰਮ ਨੂੰ ਬੜੀ ਕਾਹਲੀ ਕਾਹਲੀ, ਛੋਹਲੇ ਛੋਹਲੇ ਕਰਦਾ ਸੀ। ਹਰ ਕੰਮ ਵਿਚ ਬੜਾ ਤਿੱਖਾ ਸੀ। ਅੱਜਕੱਲ੍ਹ ਦੀ ਭਾਸ਼ਾ ਵਿਚ ਸਮਾਰਟ, ਸਟੀਕ ਐਂਡ ਗੁੱਡ ਸਟਰਾਈਕਰ ਸੀ। ਹੈਰਾਨੀ ਦੀ ਗੱਲ ਹੈ ਕਿ ਉਸ ਦਾ ਅਸਲ ਨਾਂ ਮੈਨੂੰ ਅੱਜ ਤਕ ਨਹੀਂ ਪਤਾ ਲੱਗਿਆ ਹਾਲਾਂਕਿ ਉਹ ਚਾਰ ਪੰਜ ਸਾਲ ਸਾਡੇ ਨਾਲ ਸੀਰ ਕਰ ਗਿਆ ਸੀ।

ਸਾਡੀ ਜੱਦੀ ਜ਼ਮੀਨ ਤਾਂ ਸਾਧਾਂਵਾਲੇ ਪਿੰਡ ਸੀ, ਬਾਪੂ ਜੀ ਕੋਟਕਪੂਰੇ ਨੌਕਰੀ ਕਰਦੇ ਸਨ ਤੇ ਇੱਥੇ ਵੀ ਕੁਝ ਜ਼ਮੀਨ ਮੁੱਲ ਲੈ ਲਈ ਸੀ। ਪਹਿਲਾਂ ਅਸੀਂ ਦੋਵਾਂ ਥਾਵਾਂ 'ਤੇ ਜ਼ਮੀਨ ਹਿੱਸੇ 'ਤੇ ਦਿੰਦੇ ਸੀ ਪਰ ਮੇਰੇ ਦਸਵੀਂ ਕਰਨ ਸਮੇਂ ਆਪ ਟਰੈਕਟਰ ਲੈ ਕੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਤਾਂ ਤਿੱਖਾ ਸਾਡੇ ਨਾਲ



**ਰਾਜਿੰਦਰ ਪਾਲ ਸਿੰਘ ਬਰਾੜ**
ਫੋਨ: +91-98150-50617

ਸੀਰੀ ਆ ਰਲਿਆ। ਇਹ ਉਹ ਸਮਾਂ ਸੀ ਜਦੋਂ ਖੇਤੀ ਵਿਚ ਹਿੱਸੇ ਦੀ ਥਾਂ ਠੇਕਾ ਪ੍ਰਚੱਲਤ ਹੋ ਰਿਹਾ ਸੀ ਅਤੇ ਸੀਰੀ ਦੀ ਥਾਵੇਂ ਸਾਲ ਭਰ ਲਈ ਉੱਕੀ-ਪੁੱਕੀ ਰਕਮ ਮੁਕੱਰਰ ਕਰਨ ਦਾ ਰਿਵਾਜ ਪੈ ਰਿਹਾ ਸੀ। ਇੱਥੇ ਇਹ ਵਿਆਖਿਆ ਤਾਂ ਵਾਧੂ ਹੈ ਕਿ ਖੇਤੀ ਦੇ ਖਰਚੇ ਵਧ ਗਏ ਸੀ। ਹਿੱਸੇ 'ਤੇ ਜ਼ਮੀਨ ਦੇਣ, ਲੈਣ ਅਤੇ ਸੀਰੀ ਸੇਪੀ ਸਾਰੇ ਪ੍ਰਬੰਧ ਹੀ ਹਿਸਾਬੋਂ ਕਿਤਾਬੋਂ ਬਾਹਰ ਹੋ ਗਏ ਸੀ, ਸਾਰੇ ਰਿਸ਼ਤੇ ਨਵੇਂ ਸਿਰਿਉਂ ਪਰਿਭਾਸ਼ਤ ਹੋ ਰਹੇ ਸਨ। ਪਰ ਅਜੇ ਵੀ ਠੇਕੇ 'ਤੇ ਰੱਖੇ ਕਾਮੇ ਨੂੰ ਸੀਰੀ ਹੀ ਆਖਿਆ ਜਾਂਦਾ ਸੀ ਅਤੇ ਉਸ ਦੀਆਂ ਜ਼ਿੰਮੇਵਾਰੀਆਂ ਵੀ ਉਹੀ ਸਨ।

ਤਿੱਖੇ ਦਾ ਕੰਮ ਸਵੇਰੇ ਪਸ਼ੂਆਂ ਨੂੰ ਕੱਖ ਪਾਉਣ ਅਤੇ ਗੋਹਾ ਹਟਾਉਣ ਤੋਂ ਸ਼ੁਰੂ ਹੋ ਜਾਂਦਾ। ਖੇਤ ਘੱਟ ਕੰਮ ਹੋਵੇ ਤਾਂ ਸਵੇਰੇ ਰੋਟੀ ਘਰੋਂ ਖਾ ਕੇ ਜਾਂਦਾ, ਬਾਕੀ ਦਿਨ ਖੇਤ ਹੀ ਲੰਘਦਾ ਸੀ। ਸ਼ਾਮੀਂ ਪੱਠੇ ਲੈ ਕੇ ਮੁੜਦਾ ਅਤੇ ਵੱਧ ਕੰਮ ਦੇ ਦਿਨਾਂ ਵਿਚ ਰੋਟੀ ਪਿੱਛੇ ਜਾਂਦੀ ਸੀ। ਉਸ ਨੂੰ ਟਰੈਕਟਰ ਚਲਾਉਣਾ ਨਹੀਂ ਆਉਂਦਾ ਸੀ, ਸੋ ਇਹ ਕੰਮ ਪਹਿਲਾਂ ਡਰਾਈਵਰ ਅਤੇ ਫੇਰ ਆਪ ਹੀ ਕਰੀਦਾ ਸੀ। ਪਰ ਬਾਕੀ ਸਾਰੇ ਕੰਮ- ਵੱਟਾਂ ਪਾਉਣੀਆਂ, ਵੱਟਾਂ ਘੜਨੀਆਂ, ਪਾਣੀ ਲਾਉਣਾ, ਰੇਹ ਖਿਲਾਰਨਾ, ਗੋਡੀ ਕਰਨੀ, ਪੱਠੇ ਵੱਢਣੇ, ਕੁਤਰਨੇ, ਲਿਆਉਣੇ, ਫਸਲ ਵੱਢਣੀ, ਕੱਟਣੀ, ਝਾੜਨੀ, ਚੁਗਣੀ, ਸਾਂਭਣੀ- ਗੱਲ ਕੀ, ਸਾਰੇ ਕੰਮ ਉਸ ਨੇ ਕਰਨੇ ਹੁੰਦੇ ਸੀ। ਕੰਮ ਜ਼ਿਆਦਾ ਹੁੰਦਾ ਤਾਂ ਅਸੀਂ ਆਪ ਨਾਲ ਲਗਦੇ, ਹੋਰ ਜ਼ਿਆਦਾ ਹੁੰਦਾ ਤਾਂ ਵਾਧੂ ਦਿਹਾੜੀਏ ਹੁੰਦੇ ਪਰ ਆਮ ਹਾਲਤਾਂ ਵਿਚ ਸਾਰੇ ਕੰਮ ਉਸ ਨੇ ਹੀ ਕਰਨੇ ਸੀ। ਕੋਈ ਕੰਮ ਉਸ ਨੂੰ ਕਹਿਣਾ ਨਹੀਂ ਪੈਂਦਾ ਸੀ। ਕੰਮ ਦੀ ਵਿਉਂਤ ਉਸ ਦੀ ਆਪਣੀ ਹੁੰਦੀ ਸੀ, ਜੇ ਵਿਉਂਤ ਭੰਗ ਕਰਦੇ ਜਾਂ ਸਲਾਹ ਦਿੰਦੇ ਤਾਂ ਹੋਰੂੰ ਜਿਹੀ ਝਾਕਦਾ, ਫਿਰ ਮਨ ਮਾਰ ਕੇ ਸਾਡੇ ਦੱਸੇ ਅਨੁਸਾਰ ਕੰਮ ਕਰਨ ਲੱਗ ਪੈਂਦਾ। ਤੇ ਕਈ ਵਾਰ ਤਾਂ ਗੁੱਸੇ ਵਿਚ ਸਾਰੇ ਕੰਮ ਸਾਡੀ ਦੱਸੀ ਤਰਤੀਬ ਅਨੁਸਾਰ ਨਿਬੇੜ ਦਿੰਦਾ ਪਰ ਕਈ ਵਾਰ ਨਲਕੇ ਦੀ ਹੱਥੀ ਗੇੜਦਾ, ਹੱਥੀ ਕੱਢ ਬੈਠਦਾ, ਦਾਤੀ ਚਲਾਉਂਦਿਆਂ ਦਾਤੀ ਮਰਵਾ ਲੈਂਦਾ ਪਰ ਉਹ ਅੱਗੋਂ ਜਵਾਬ ਨਹੀਂ ਦਿੰਦਾ ਸੀ। ਕੰਮ ਨੂੰ ਕਚੀਚੀ ਵੱਟ ਕੇ ਪੈ ਜਾਂਦਾ ਸੀ। ਬਾਪੂ ਜੀ ਉਸ ਨੂੰ ਕੁਝ ਨਹੀਂ ਕਹਿੰਦੇ ਸੀ, ਕਿਉਂਕਿ ਜਾਣਦੇ ਸੀ ਕਿ ਬੰਦਾ ਕੰਮ ਦਾ ਹੈ। ਬੀਬੀ ਤੋਂ ਡਰਦਾ, ਘਰ ਦੇ ਕੰਮ ਜਲਦੀ ਨਿਬੇੜ ਕੇ ਖੇਤ ਜਾਣ ਲਈ ਕਾਹਲਾ ਰਹਿੰਦਾ।

ਮੇਰੇ ਨਾਲ ਉਸ ਦੀ ਬਹੁਤ ਬਣਦੀ ਸੀ। ਇਸ ਦਾ ਕਾਰਨ ਦੂਹਰਾ ਸੀ। ਇਕ ਤਾਂ ਮੈਂ ਖੇਤੀ ਦੇ ਕੰਮ ਨਾਲ ਕਰਾਉਂਦਾ ਸੀ, ਜਾਂ ਕਹਿ ਲਓ ਮੈਂ ਉਸ ਦਾ ਨਿਗਰਾਨ ਸੀ। ਦੂਜਾ ਮੈਨੂੰ ਉਸ ਦੀਆਂ ਗੱਲਾਂ ਵਿਚ ਬਹੁਤ ਦਿਲਚਸਪੀ ਸੀ। ਉਹ ਮੇਰੇ ਨਾਲ ਖੁੱਲ੍ਹਿਆ ਹੋਇਆ ਸੀ। ਤਿੱਖੇ ਨਾਲ ਖੁੱਲ੍ਹਣ ਦਾ ਸਬੱਬ ਵੀ ਅਜੀਬ ਬਣਿਆ। ਹਾੜ੍ਹੀ ਵੱਢੀ ਜਾ ਰਹੀ ਸੀ, ਮੇਰੀ ਡਿਊਟੀ ਕਾਮਿਆਂ ਤਕ ਚਾਹ ਪਾਣੀ ਪਹੁੰਚਾਉਣਾ ਅਤੇ ਨਿਗਰਾਨੀ ਕਰਨਾ ਸੀ। ਪਰ ਅਜਿਹਾ ਕਰਦਿਆਂ ਹਾੜ੍ਹੀ ਮੌਕੇ ਖੇਤ ਵਿਚ ਕੋਈ ਵਿਹਲਾ ਖੜ੍ਹਾ ਨਹੀਂ ਰਹਿ ਸਕਦਾ, ਨਾਲ ਹਾੜ੍ਹੀ ਵੀ ਵੱਢਣੀ ਪੈਂਦੀ ਸੀ। ਮੇਰੇ ਸਮੇਤ ਸਭ ਆਪੋ ਆਪਣੀਆਂ ਪਾਤਾਂ ਵਿਚ ਹਾੜ੍ਹੀ ਵੱਢ ਰਹੇ ਸੀ। ਅਚਾਨਕ ਚੀਂ ਚੀਂ ਦੀ ਉੱਚੀ ਆਵਾਜ਼ ਆਈ। ਸਾਰੇ ਪਾਤਾਂ ਵਿਚੋਂ ਉਠ 11 ਕੇ.ਵੀ. ਦੇ ਉੱਚੇ ਬਿਜਲੀ ਦੇ ਖੰਭੇ ਵੱਲ ਦੇਖਣ ਲੱਗੇ। ਤਿੱਖਾ ਉੱਚੀ ਆਵਾਜ਼ ਵਿਚ ਬੋਲਿਆ- 'ਹੁਣ ਆਊ ਨਜ਼ਾਰਾ।' ਮੈਨੂੰ ਗੱਲ ਕੁਝ ਸਮਝ ਨਾ ਲੱਗੀ ਪਰ ਮੈਂ ਵੀ ਖੰਭੇ ਵੱਲ ਦੇਖਣ ਲੱਗਿਆ। ਇਹ ਚੀਂ ਚੀਂ ਘੋਗੜ ਦੀ ਸੀ, ਹੁਣ ਘੋਗੜ ਘੋਗੜੀ ਮਿਲਾਪ ਕਰ ਰਹੇ ਸੀ। ਸਾਡੇ ਇਲਾਕੇ ਵਿਚ ਇੱਲਾਂ/ਗਿਰਝਾਂ/ਬਾਜ਼ਾਂ/ਉਕਾਬਾਂ ਦੀ ਸ਼੍ਰੇਣੀ ਦੇ ਇਕ ਵੱਡੇ ਪੰਛੀ ਨੂੰ ਘੋਗੜ ਆਖਦੇ ਹਨ। ਖੇਤਾਂ ਵਿਚ ਕੰਮ ਕਰਨ ਵਾਲਿਆਂ ਨੂੰ ਪਤਾ ਸੀ ਕਿ ਨਰ ਪੰਛੀ ਮਿਲਾਪ ਤੋਂ ਪਹਿਲਾਂ ਚੀਂ ਚੀਂ ਆਵਾਜ਼ਾਂ ਕੱਢਦੇ ਹਨ, ਨਰ ਮਾਦਾ ਨੂੰ ਬਲਾਉਂਦਾ ਉਕਸਾਉਂਦਾ ਹੈ। ਕੁਦਰਤ ਦੀ ਖੇਡ ਦੇਖ ਕੇ ਸਾਰੇ ਆਨੰਦ ਲੈਂਦੇ। ਸਾਡਾ ਟੱਬਰ ਪੜ੍ਹਿਆ ਲਿਖਿਆ ਅਤੇ ਥੋੜ੍ਹਾ ਸ਼ਹਿਰੀ ਕਿਸਮ ਦਾ ਸੀ ਪਰ ਮੇਰਾ ਹਾਸਾ ਨਿਕਲ ਗਿਆ, ਬਾਅਦ ਵਿਚ ਮੈਂ ਥੋੜ੍ਹੀ ਸੰਗ ਮੰਨ ਗਿਆ। ਮੇਰੀ ਹਾਲਤ ਦੇਖ ਕੇ ਤਿੱਖੇ ਨੇ ਅੱਖ ਮਾਰੀ। ਕਹਿੰਦਾ, "ਚੱਲ ਵਈ ਪਾੜ੍ਹਿਆ ਪਿਆ ਪਾਣੀ, ਕੰਮ ਸਿਰੇ ਲਾਈਏ।" ਅਸਲ ਵਿਚ ਤਿੱਖਾ ਦਿਹਾੜੀਆਂ ਨੂੰ ਮਾਲਕ ਵਾਂਗ ਹੀ ਛੇਤੀ ਕੰਮ ਮੁਕਾਉਣ ਲਈ ਆਖਦਾ ਸੀ। ਕੰਮਕਾਰ 'ਤੇ ਬੜੀ ਮੇਰ ਕਰਦਾ ਸੀ। ਖੈਰ, ਇਸ ਘਟਨਾ ਤੋਂ ਬਾਅਦ ਤਿੱਖਾ ਮੇਰੇ ਨਾਲ ਖੁੱਲ੍ਹ ਗਿਆ।

ਤਿੱਖੇ ਨੂੰ ਇਕ ਹੋਰ ਕੰਮ ਵਿਚ ਬੜਾ ਆਨੰਦ ਆਉਂਦਾ ਸੀ, ਉਹ ਸੀ ਮੱਝਾਂ ਨੂੰ ਨਵੇਂ ਦੁੱਧ ਕਰਵਾਉਣਾ। ਉਸ ਸਮੇਂ ਅਜੇ ਮਸਨੂਈ ਗਰਭਦਾਨ ਦਾ ਪ੍ਰਚਲਨ ਨਹੀਂ ਸੀ। ਪਿੰਡ ਵਿਚ ਅਕਸਰ ਸਾਂਝਾ ਝੋਟਾ ਰੱਖਿਆ ਹੁੰਦਾ ਸੀ। ਵੈਸੇ ਸਾਡੇ ਪਿੰਡ ਦੇ ਇਕ ਕੋਠੀ ਵਾਲਿਆਂ ਨੇ ਵੀ ਝੋਟਾ ਰੱਖਿਆ ਸੀ ਜੋ ਖਲ ਵੜੇਵਿਆਂ ਦੇ ਨਾਂ 'ਤੇ ਪੈਸੇ ਲੈਂਦੇ ਸੀ। ਪਰ ਤਿੱਖਾ ਮੁੱਲ ਦੇ ਝੋਟੇ ਦੀ ਥਾਂ ਆਵਾਰਾ ਜਿਸ ਨੂੰ ਪੰਚਾਇਤੀ ਜਾਂ ਸਰਕਾਰੀ ਸਾਹਨ ਆਖਦੇ ਸੀ, ਦੀ ਭਾਲ਼ ਕਰਦਾ ਅਤੇ ਮੂੜ ਹੇਹੇ ਵਿਚ ਆਈ ਮੱਝ ਨੂੰ ਬਾਹਰ ਵਾੜੇ ਵਿਚ ਲੈ ਜਾਂਦਾ ਅਤੇ ਜਾਨਵਰਾਂ ਦਾ ਮਿਲਾਪ ਦੇਖ ਕੇ ਪੂਰਾ ਖੁਸ਼ ਹੁੰਦਾ ਸੀ। ਉਸ ਦਾ ਬੁਸ਼ਕਰਾ ਮਾਰਨਾ, ਝੋਟੇ ਦੀ ਪੂਛ ਖਿੱਚਣਾ, ਮੈਨੂੰ ਕਾਲਜ ਪੜ੍ਹਦੇ ਹੋਣ ਕਰਕੇ ਥੋੜ੍ਹਾ ਅਜੀਬ ਲੱਗਦਾ ਸੀ। ਖੁਸ਼ ਤਾਂ ਉਸ ਦਿਨ ਘਰ ਦੇ ਵੀ ਬਹੁਤ ਹੁੰਦੇ ਸੀ, ਕਿਉਂਕਿ ਪਸ਼ੂ ਪਾਲਣ ਵਿਚ ਆਰਥਿਕ ਪੱਖੋਂ ਇਹ ਬੜਾ ਮਹੱਤਵਪੂਰਨ ਦਿਨ ਹੁੰਦਾ ਸੀ। ਗਰਭ ਧਾਰਨ ਕਰਕੇ ਨਵੇਂ ਸੂਏ ਪੈਣ ਤੋਂ ਬਗੈਰ ਫੰਡਰ ਮੱਝ ਕਿਸੇ ਕੰਮ ਦੀ ਨਹੀਂ ਹੁੰਦੀ ਸੀ ਅਤੇ ਉਸ ਦਾ ਮੁੱਲ ਹਜ਼ਾਰਾਂ ਤੋਂ ਵੀਹਾਂ ਵਿਚ ਆ ਜਾਂਦਾ। ਉਸ ਦਿਨ ਘਰਦੇ ਉਸ ਨੂੰ ਹੋਰ ਕੰਮ ਨਹੀਂ ਆਖਦੇ ਸੀ। ਵੱਡੇ ਹੋ ਕੇ ਜਦੋਂ ਮੈਂ ਫਰਾਈਡ ਪੜ੍ਹਿਆ ਅਤੇ ਮਾਨਵੀ ਵਿਹਾਰ ਦੀਆਂ ਘਟਨਾਵਾਂ ਦੇ ਸੰਕੇਤਕ ਅਰਥ ਸਮਝੇ ਤਾਂ ਪਤਾ ਲੱਗਿਆ ਕਿ ਉਸ ਅੰਦਰ ਪਤਾ ਨਹੀਂ ਕਿਹੜੀਆਂ ਮਾਨਸਿਕ ਗੁੰਝਲਾਂ ਪਈਆਂ ਹੋਈਆਂ ਸਨ ਜਿਨ੍ਹਾਂ ਦਾ ਹੱਲ ਉਹ ਪੰਛੀਆਂ ਜਾਨਵਰਾਂ ਦੇ ਮਿਲਾਪ ਵਿਚੋਂ ਤਲਾਸ਼ ਕਰਦਾ ਸੀ। ਉਹ ਕਾਮੁਕ ਕਪੋਲ ਕਲਪਨਾਵਾਂ ਕਰਕੇ ਵੀ ਕਥਾਰਸਿਸ ਕਰਦਾ ਸੀ।

ਜਦੋਂ ਉਹ ਸਾਡੇ ਨਾਲ ਸੀਰੀ ਰਲਿਆ, ਉਸ ਸਮੇਂ ਤਿੰਨ ਧੀਆਂ ਦਾ ਬਾਪ, ਉਮਰ 35-40 ਦੇ ਗੇੜ ਹੋਊ। ਪਰ ਉਹ ਕਿਸੇ ਕਾਲਜ ਦੀ ਮਾਸਟਰਨੀ ਨਾਲ ਝੂਠੇ ਇਸ਼ਕ ਦੇ ਕਿੱਸੇ ਮਸਾਲੇ ਲਗਾ ਕੇ ਸੁਣਾਉਂਦਾ ਸੀ। ਉਸ ਦਾ ਕੋਈ ਦੂਰ ਦਾ ਰਿਸ਼ਤੇਦਾਰ ਜਿਸ ਨੂੰ ਉਹ ਸਾਢੂ ਦੱਸਦਾ ਸੀ, ਕਾਲਜ ਵਿਚ ਸਫਾਈ ਸੇਵਕ ਸੀ। ਉਹ ਉਸ ਨੂੰ ਮਿਲਣ ਜਾਂਦਾ ਸੀ। ਬਾਕੀ ਸਭ ਉਸ ਦੀ ਕਲਪਨਾ ਸੀ। ਮੈਂ ਟੋਕਿਆ, ਮੈਂ ਕਾਲਜ ਜਾਂਦਾ ਹਾਂ, ਉਥੇ ਮਾਸਟਰਨੀਆਂ ਨਹੀਂ, ਮੈਡਮਾਂ ਹੁੰਦੀਆਂ ਨੇ। ਉਹ ਮੇਰੇ ਮੂੰਹੋਂ ਮੈਡਮ ਸ਼ਬਦ ਸੁਣ ਕੇ ਕਈ ਦਿਨ ਮੈਡੂੰਮ ਮੈਡੂੰਮ ਉਚਾਰਦਾ ਰਿਹਾ। ਅਖੀਰ ਉਸ ਨੇ ਕਿੱਸੇ ਦੇ ਪਾਤਰ ਦੇ ਨਾਂ ਦੀ ਤਬਦੀਲੀ ਕਰ ਲਈ ਪਰ ਉਸ ਨੇ ਫਿਲਮ ਦੇਖਣ ਸਮੇਂ ਦੇ ਬਾਕੀ ਦ੍ਰਿਸ਼ਾਂ ਵਿਚ ਕੋਈ ਤਬਦੀਲੀ ਨਾ ਕੀਤੀ। ਜਿੱਥੇ ਮਾਸਟਰਨੀ ਜਾਂ ਮੈਡਮ ਆਖਦੀ ਸੀ, 'ਤਿੱਖਿਆ ਮੈਂ ਤਾਂ ਤੇਰੇ ਇਸ਼ਕ ਵਿਚ ਝੱਲੀ ਹਾਂ, ਮੈਨੂੰ ਆਪਣੇ ਨਾਲ ਲੈ ਜਾ, ਭਾਵੇਂ ਝੁੱਗੀ ਵਿਚ ਰੱਖ ਲਈਂ।' ਉਹ ਮਾਣ ਨਾਲ ਦੱਸਦਾ ਕਿ ਮੈਂ ਉਸ ਨੂੰ ਆਖਿਆ, 'ਆਹ ਦਿਲਲੱਗੀਆਂ ਖੇਡਾਂ ਤਾਂ ਠੀਕ ਹਨ ਪਰ ਮੇਰੇ ਘਰ ਤਾਂ ਧੀਆਂ ਤੇ ਉਨ੍ਹਾਂ ਦੀ ਮਾਂ ਹੈ। ਸੁੱਖ ਨਾਲ ਸ਼ਾਇਦ



ਇਸ ਸਾਲ ਕਾਕਾ ਵੀ ਆਵੇ।' ਉਹ ਆਖਦੀ, 'ਲੈ ਚੱਲ ਦੋਵੇਂ ਭੈਣਾਂ ਰਲ਼ ਕੇ ਕੱਟ ਲਾਂਗੀਆਂ।' ਮੈਂ ਆਖਿਆ, 'ਹਟ ਕਮਲੀ। ਇਉਂ ਤਾਂ ਬਦਨਾਮੀ ਹੋਊ।' ਕਈ ਵਾਰ ਕਿੱਸੇ ਦਾ ਅੰਤ ਇਉਂ ਵੀ ਹੁੰਦਾ, 'ਆਪਾਂ ਅਗਲੇ ਸਾਲ ਲੈ ਨਾ ਆਈਏ। ਕੀ ਖਿਆਲ ਆ ਤੇਰਾ ਪਾੜ੍ਹਿਆ।' ਉਹ ਮੈਨੂੰ ਪਾੜ੍ਹਾ ਆਖਦਾ ਜੋ ਮੈਨੂੰ ਬਿਲਕੁਲ ਚੰਗਾ ਨਾ ਲਗਦਾ। ਉਸ ਸਮੇਂ ਆਮ ਪੇਂਡੂ ਘਰਾਂ ਵਿਚ ਇਕ ਮੁੰਡੇ ਨੂੰ ਹੀ ਪੜ੍ਹਾਇਆ ਜਾਂਦਾ ਸੀ ਤੇ ਉਸ ਨੂੰ ਪਾੜ੍ਹਾ ਆਖਿਆ ਜਾਂਦਾ ਸੀ। ਸਾਡਾ ਤਾਂ ਸਾਰਾ ਟੱਬਰ ਹੀ ਪਾੜ੍ਹਾ ਸੀ ਸਗੋਂ ਪਾੜ੍ਹਿਆਂ ਨੂੰ ਪੜ੍ਹਾਉਣ ਵਾਲਾ। ਬਾਪੂ ਜੀ ਹੈੱਡ ਟੀਚਰ, ਭੈਣ ਟੀਚਰ ਅਤੇ ਵੱਡਾ ਭਰਾ ਬੀ.ਐੱਡ. ਕਰਦਾ ਸੀ।

ਉਸ ਨੂੰ ਕਦੇ ਘਰੋਂ ਬੁਲਾਉਣ ਨਹੀਂ ਜਾਣਾ ਪਿਆ, ਜਿਵੇਂ ਹੋਰ ਲੋਕਾਂ ਨੂੰ ਜਾਣਾ ਪੈਂਦਾ ਸੀ। ਉਹ ਸਾਡੇ ਉਠਣ ਤੋਂ ਪਹਿਲਾਂ ਹੀ ਆ ਦਰਵਾਜ਼ਾ ਖੜਕਾਉਂਦਾ ਸੀ ਅਤੇ ਜੇ ਕਦੇ ਨਾ ਆਉਂਦਾ ਤਾਂ ਫਿਰ ਉਹ ਆਪਣੇ ਘਰੇ ਵੀ ਨਹੀਂ ਹੁੰਦਾ ਸੀ। ਫੇਰ ਉਹ ਮੇਰੀ ਬੀਬੀ ਦੀ ਭਾਸ਼ਾ ਵਿਚ ਹਰਨਾਂ ਦੇ ਸਿੰਗੀਂ ਚੜ੍ਹਿਆ ਹੁੰਦਾ ਸੀ। ਅਸਲ ਵਿਚ ਤਾਂ ਉਸ ਨੂੰ ਜੂਆ ਖੇਡਣ ਦੀ ਆਦਤ ਸੀ। ਹਫਤੀਂ ਦਸੀਂ ਦਿਨੀਂ ਉਸ ਨੂੰ ਜੂਏ ਦਾ ਦੌਰਾ ਪੈਂਦਾ, ਘਰ ਦੇ ਕਿਸੇ ਜੀਅ ਤੋਂ ਆਨੀ ਬਹਾਨੀਂ ਪੈਸੇ ਮੰਗਦਾ ਅਤੇ ਸ਼ਹਿਰ ਨੂੰ ਭੱਜ ਜਾਂਦਾ। ਘੰਟੇ ਦੀ ਵਾਟ ਅੱਧੇ ਵਿਚ ਨਿਬੇੜ ਵਾਪਸ ਆ ਕੇ ਕੰਮ ਲੱਗ ਜਾਂਦਾ। ਉਸ ਨੂੰ ਵਹਿਮ ਸੀ ਕਿ ਬੀਬੀ ਦੇ ਹੱਥ ਦੇ ਦਿੱਤੇ ਪੈਸਿਆਂ ਨਾਲ ਸੱਟਾ ਨਿਕਲਦਾ ਹੈ। ਉਹ ਹਮੇਸ਼ਾ ਬੀਬੀ ਤੋਂ ਪੈਸੇ ਮੰਗਦਾ। ਬਾਪੂ ਤੋਂ ਆਨੇ ਬਹਾਨੇ ਪੈਸੇ ਨਾ ਫੜਦਾ ਸਗੋਂ ਕਹਿੰਦਾ- ਐਥੇ ਰੱਖ ਦਿਓ, ਜਾਣ ਲੱਗਾ ਲੈ ਜੂੰ। ਮੁੜ ਬੀਬੀ ਨੂੰ ਆਖਦਾ, 'ਸਰਦਾਰਨੀਏ, ਐਥੇ ਮੇਰੇ ਪੈਸੇ ਪਏ ਆ, ਫੜਾਈਂ।' ਰੱਬ ਸਬੱਬੀਂ, ਵਰ੍ਹੇ ਛਿਮਾਹੀ ਜੇ ਕਦੇ ਸੱਟਾ ਨਿਕਲ ਆਉਂਦਾ ਤਾਂ ਸਭ ਤੋਂ ਪਹਿਲਾਂ ਸ਼ੇਵ ਕਰਾਉਂਦਾ, ਨਵੇਂ ਕਪੜੇ ਸਵਾਉਂਦਾ। ਘਰੇ ਲਹਿਰਾਂ ਬਹਿਰਾਂ ਕਰਦਾ, ਬੋਤਲ ਖਰੀਦਦਾ, ਸਿਨਮੇ ਵੜ ਜਾਂਦਾ। ਹੋਰ ਨਹੀਂ ਤਾਂ ਰਿਸ਼ਤੇਦਾਰੀਆਂ ਨੂੰ ਚੜ੍ਹ ਜਾਂਦਾ। ਅਖੀਰ ਪੈਸੇ ਮੁੱਕਣ 'ਤੇ ਘਰ ਮੁੜਦਾ ਅਤੇ ਚੁੱਪ ਕਰ ਕੇ ਚੋਰਾਂ ਵਾਂਗ ਕੰਮ 'ਤੇ ਆ ਲਗਦਾ। ਉਸ ਦੀਆਂ ਅੱਖਾਂ ਵਿਚ ਥਕਾਵਟ, ਖੁਮਾਰ ਅਤੇ ਹਲਕੀ ਉਦਾਸੀ ਹੁੰਦੀ ਸੀ।

ਉਹਨੂੰ ਜੇ ਹਰਨਾਂ ਦੇ ਸਿੰਗੀਂ ਚੜ੍ਹੇ ਨੂੰ ਡਰਾਵਾ ਦੇਣਾ, ਤੇਰੀਆਂ ਪਹਿਲਾਂ ਮੰਨੀਆਂ 12 ਛੁੱਟੀਆਂ ਤਾਂ ਪਹਿਲਾਂ ਹੀ ਖਤਮ ਨੇ, ਜੇ ਹੁਣ ਕੰਮ 'ਤੇ ਨਾ ਆਇਆ ਤਾਂ ਦਿਹਾੜੀਆਂ ਕੱਟੀਆਂ ਜਾਣਗੀਆਂ। ਉਸ ਨੇ ਬੇਫਿਕਰੀ ਨਾਲ ਆਖਣਾ, "ਡਬਲ ਕੱਟੋ ਜੀ। ਜੋ ਚਲਦਾ ਵਿਹਾਰ ਹੈ ਪਰ ਮੈਂ ਨੀ ਅਜੇ ਆਉਣਾ।" ਜੇ ਕੰਮ ਦੇ ਜ਼ੋਰ ਦੀ ਦੁਹਾਈ ਦੇਣੀ ਤਾਂ ਉਸ ਨੇ ਆਖਣਾ, "ਦਿਹਾੜੀਆ ਕਰ ਲਓ, ਪੈਸੇ ਦੇ ਦੂੰ। ਉਹ ਰਾਜਾ ਬਣਿਆ ਬੈਠਾ ਹੁੰਦਾ। ਪੈਸੇ ਦੀ ਬਹੁਲਤਾ ਵਾਲੇ ਦਿਨ ਭਰਪੂਰਤਾ ਨਾਲ ਜਿਊਂਦਾ। ਪੂਰੀ ਰੂਹ ਨਾਲ ਜਿਊਂਦਾ ਸੀ ਪੂਰਾ ਭਿੱਜ ਕੇ, ਬਗ਼ੈਰ ਕਿਸੇ ਟੁੰਡੀਲਾਟ ਦੀ ਪਰਵਾਹ ਕੀਤੇ। ਪਰ ਇਹ ਦਿਨ ਬਹੁਤੇ ਨਹੀਂ ਹੁੰਦੇ ਸੀ। ਮੈਂ ਆਖਿਆ, "ਸੱਟਾ ਕਿਵੇਂ ਲਾਈਦੈ?" ਕਹਿੰਦਾ, "ਮੈਥੋਂ ਨਾ ਪੁੱਛ। ਮਾਸਟਰ ਜੀ ਆਖਣਗੇ ਕਾਕਾ ਵਿਗਾੜਤਾ।" ਨਾਲ ਹੀ ਉਹ ਦੱਸਣ ਲੱਗ ਪਿਆ, "ਬੱਸ ਖਾਈਵਾਲ ਕੋਲ ਜਾ ਕੇ ਮੁੰਡਾ ਲਾ ਦੇਈਦੈ। ਜੇ ਥੋਡਾ ਮੁੰਡਾ ਪੈ ਜਾਵੇ ਤਾਂ ਵੀਹ ਗੁਣਾਂ ਮਿਲਦੇ ਐ। ਲੰਬਰ (ਨੰਬਰ) ਬੰਬੇ ਤੋਂ ਨਿਕਲਦੈ। ਦਸ ਗਿਆਰਾਂ ਵਾਲੀ ਗੱਡੀ 'ਤੇ ਆਉਂਦੈ।" ਮੈਨੂੰ ਅੱਜ ਤਕ ਪਤਾ ਨਹੀਂ ਲੱਗਿਆ ਕਿ ਗੱਡੀ ਦੇ ਡੱਬੇ ਉਪਰ ਲਿਖੇ ਨੰਬਰਾਂ ਨੂੰ ਕਿਵੇਂ ਡੀਕੋਡ ਕਰਦੇ ਸੀ। ਗੈਰ-ਕਾਨੂੰਨੀ ਧੰਦਾ ਬੇਈਮਾਨੀ ਤੋਂ ਕਿੰਨਾ ਕੁ ਬਚਿਆ ਹੋਊ? ਹਰ ਸੱਟੇਬਾਜ਼ ਵਾਂਗ ਉਹ ਵੀ ਬੜਾ ਵਹਿਮੀ ਸੀ। ਜੇ ਘਰੋਂ ਨਿਕਲਦਿਆਂ ਟਰੈਕਟਰ ਮਿਲ ਜਾਣਾ ਤਾਂ ਚਾਰ ਟਾਇਰ ਦੇਖ ਕੇ 4 ਨੰਬਰ ਲਗਾ ਦੇਣਾ। ਜੇ ਪਿੱਛੇ ਟਰਾਲੀ ਵੀ ਹੋਣੀ ਤਾਂ 6 ਟਾਇਰ ਦੇਖ ਕੇ 6 'ਤੇ ਦਾਅ ਲਾ ਦੇਣਾ। ਬੀਬੀ ਨੇ ਪੈਸੇ ਫੜਾਉਂਦਿਆਂ ਜੇ ਕਿਸੇ ਹੋਰ ਪ੍ਰਸੰਗ ਵਿਚ ਕਹਿ ਦੇਣਾ ਕਿ ਫਲਾਣੇ ਨਾਲ ਤਾਂ ਜੱਗੋਂ ਤੇਰ੍ਹਵੀਂ ਹੋ ਗਈ ਤਾਂ ਉਸ ਨੇ 13 ਨੰਬਰ 'ਤੇ ਦਾਅ ਲਾ ਦੇਣਾ। ਉਹਦੇ ਅੰਨ੍ਹੇ ਦਾਅ ਜਦੋਂ ਨਿਕਲਦੇ ਤਾਂ ਉਹ ਬਾਦਸ਼ਾਹ ਹੁੰਦਾ। ਨਹੀਂ ਤਾਂ ਦੋ ਦਿਨ ਉਸ ਦਾ ਜੀਅ ਲੱਗਿਆ ਰਹਿੰਦਾ ਕਿ ਖਬਰੈ ਨੰਬਰ ਨਿਕਲੇ ਕਿਸਮਤ ਪਲਟੇ। ਉਦੋਂ ਤੀਜੇ ਦਿਨ ਨੰਬਰ ਆਉਂਦਾ ਸੀ।

ਉਸ ਦੀ ਬਾਟੀ ਆਲੇ ਵਿਚ ਪਈ ਹੁੰਦੀ ਸੀ। ਚਾਹ, ਲੱਸੀ, ਦਾਲ, ਖੀਰ ਸਭ ਉਸੇ ਵਿਚ ਚਲਦੇ। ਰੋਟੀ ਹੱਥਾਂ 'ਤੇ ਬੋਚ ਲੈਂਦਾ ਸੀ। ਸਾਡੇ ਘਰ ਕੁਝ ਪੜ੍ਹਾਈ ਲਿਖਾਈ ਕਰਕੇ ਤੇ ਕੁਝ ਸਿੱਖ ਧਰਮ ਦਾ ਅਸਰ ਕਰਕੇ ਬਹੁਤੀ ਭਿੱਟ ਨਹੀਂ ਮੰਨਦੇ ਸੀ। ਕਈ ਵਾਰ ਸਵੇਰੇ ਦਾਲ ਬਾਟੀ ਵਿਚ ਹੋਣੀ ਤਾਂ ਲੱਸੀ ਉਸ ਨੇ ਓਕ ਨਾਲ ਪੀਣੀ। ਜੇ ਗਲਾਸ ਉਥੇ ਰੱਖ ਦੇਣਾ ਤਾਂ ਉਸ ਨੇ ਪੱਲੇ ਨਾਲ ਫੜ ਕੇ ਗਲਾਸ ਤੋਂ ਲੱਸੀ ਬਾਟੀ ਵਿਚ ਪਾ ਲੈਣੀ। ਬੀਬੀ ਕਦੇ ਕਦੇ ਕਿਸੇ ਹੋਰ ਗੱਲ ਤੋਂ ਔਖੀ ਹੁੰਦੀ ਤਾਂ ਘੂਰ ਦਿੰਦੀ ਕਿ ਤੂੰ ਭਾਂਡਾ ਸੁਕ-ਮਾਂਜ ਕਰਕੇ ਛੱਡ ਦਿੱਤਾ, ਚੁੱਲ੍ਹੇ 'ਚ ਨਹੀਂ ਸੁੱਟਿਆ ਜਾਂਦਾ ਸੀ। ਪਿਛਲੇ ਘਰੇ ਬਾਹਰ ਚੁੱਲ੍ਹਾ ਸੀ ਜੋ ਅਕਸਰ ਵੰਡ ਵੜੇਵਾਂ ਜਾਂ ਪਾਣੀ ਤੱਤਾ ਕਰਨ ਲਈ ਧੁਖਦਾ ਰਹਿੰਦਾ ਸੀ। ਜਦੋਂ ਉਹ ਸਾਡੇ ਨਾਲ ਸੀਰੀ ਸੀ, ਮੈਂ ਉਸ ਨੂੰ ਤਾਜ਼ਾ ਤਾਜ਼ਾ ਪੜ੍ਹੇ ਮਾਰਕਸਵਾਦ ਦੇ ਪ੍ਰਭਾਵ ਹੇਠ ਇਨਕਲਾਬ ਦੀਆਂ ਗੱਲਾਂ ਸੁਣਾਉਂਦਾ ਕਿ ਜਦੋਂ ਕੋਈ ਨਾ ਸੀਰੀ ਹੋਵੇਗਾ ਨਾ ਮਾਲਕ ਹੋਵੇਗਾ, ਨਾ ਕੋਈ ਉੱਚਾ ਹੋਵੇਗਾ ਨਾ ਨੀਵਾਂ ਹੋਵੇਗਾ ਤਾਂ ਉਹ ਹੱਸ ਛੱਡਦਾ, ਛੱਡ ਪਾੜ੍ਹਿਆ ਦਿਲ ਬਹਿਲਾਉਣ ਨੂੰ ਇਹ ਬੜੀਆਂ ਵਧੀਆ ਗੱਲਾਂ ਨੇ ਪਰ ਕਦੇ ਇਉਂ ਵੀ ਹੋਇਆ। ਇਹ ਸਭ ਰੱਬ ਨੇ ਬਣਾਈਆਂ ਨੇ, ਵੈਸੇ ਜੇ ਕਦੇ ਇਉਂ ਹੋ ਜਾਵੇ ਤਾਂ ਨਜ਼ਾਰਾ ਆ ਜਾਵੇ।

ਤਿੱਖੇ ਦਾ ਇਕ ਹੋਰ ਸ਼ੌਕ ਵੱਟਾਂ ਘੜਨੀਆਂ ਸੀ। ਵੈਸੇ ਤਾਂ ਵਾਧੂ ਘਾਹ ਕਾਰਨ ਵੱਟਾਂ ਘੜਨੀਆਂ ਹੀ ਪੈਂਦੀਆਂ ਸਨ ਪਰ ਅਕਸਰ ਜੱਟਾਂ ਦੀਆਂ ਅੱਧੀਆਂ ਲੜਾਈਆਂ ਪਾਣੀ ਪਿੱਛੇ ਤੇ ਅੱਧੀਆਂ ਵੱਟਾਂ ਪਿੱਛੇ ਹੁੰਦੀਆਂ ਹਨ। ਹਰ ਜੱਟ ਨੂੰ ਲਾਲਚ ਹੁੰਦਾ ਹੈ ਕਿ ਵੱਟ ਵੱਢ ਕੇ ਆਪਣੇ ਨਾਲ ਇਕ ਉਰਾ ਹੋਰ ਰਲਾ ਲਵੇ। ਮੇਰੇ ਪਿਤਾ ਜੀ ਸਕੂਲ ਅਧਿਆਪਕ ਸਨ ਅਤੇ ਲੜਾਈ ਝਗੜਿਆਂ ਤੋਂ ਦੂਰ ਰਹਿਣ ਵਾਲੇ। ਉਨ੍ਹਾਂ ਦਾ ਕਹਿਣਾ ਸੀ ਕਿ ਜ਼ਮੀਨਾਂ ਖਰੀਦਣ ਨਾਲ ਵਧਦੀਆਂ ਹਨ, ਵੱਟਾਂ ਵੱਢਣ ਨਾਲ ਨਹੀਂ। ਕਈ ਵਾਰ ਖੇਤ ਸਬਜ਼ੀ ਭਾਜੀ ਲੈਣ ਗਈ ਬੀਬੀ ਤੱਤੀ ਹੋ ਕੇ ਮੁੜਦੀ ਕਿ ਗੁਆਂਢੀਆਂ ਨੇ ਵੱਟ ਵੱਢੀ ਪਈ ਹੈ। ਬਾਪੂ ਨੇ ਆਖਣਾ ਕੋਈ ਨਹੀਂ, ਜਿਹੋ ਜਿਹੇ ਉਨ੍ਹਾਂ ਦੇ ਚਾਲੇ ਨੇ, ਉਨ੍ਹਾਂ ਵਾਲੀ ਜ਼ਮੀਨ ਵੀ ਆਪਾਂ ਹੀ ਲੈ ਲੈਣੀ ਹੈ। ਖੈਰ, ਤਿੱਖਾ ਰੀਝ ਨਾਲ ਵੱਟਾਂ ਘੜਦਾ, ਇਕ ਵਾਰ ਇਸੇ ਕਾਰਨ ਗੁਆਂਢੀਆਂ ਨਾਲ ਤਕਰਾਰ ਹੋ ਗਿਆ। ਮੈਂ ਅੰਦਰੋਂ ਅੰਦਰੀ ਖੁਸ਼ ਹੋਇਆ ਪਰ ਉਸ ਨੂੰ ਆਖਿਆ, ਤੂੰ ਕਾਹਤੋਂ ਪੰਗਾ ਲੈ ਲਿਆ, ਤੈਨੂੰ ਕੀਹਨੇ ਆਖਿਆ ਸੀ। ਉਹ ਕਹਿੰਦਾ, ਐਵੇਂ ਸਾਲੇ ਰੌਲਾ ਪਾਉਂਦੇ ਆ, ਆਪਾਂ ਤਾਂ ਆਪਣੇ ਪਾਸੇ ਦਾ ਘਾਹ ਛਾਂਗਿਆ ਹੈ। ਉਹ ਅਸਲ ਗੱਲ ਦੱਸਣ ਲੱਗਿਆ ਕਿ ਬਿਨਾ ਵੱਟਾਂ ਘੜਿਆਂ ਤਾਂ ਵਾਹਣ ਇਉਂ ਲੱਗਦੈ ਜਿਵੇਂ ਬੰਦਾ ਸਿਰ ਮੁਨਾ ਕੇ ਬੋਦੇ ਤਾਂ ਚੋਪੜੀ ਫਿਰੇ ਪਰ ਦਾੜ੍ਹੀ ਵਧੀ ਹੋਵੇ। ਉਹ ਚੁੰਡਾਂ (ਕੋਨੇ) ਵੀ ਬਹੁਤ ਵਧੀਆ ਕਰਦਾ ਸੀ। ਖੇਤ ਬੀਜਣ ਸਮੇਂ ਟਰੈਕਟਰ ਨਾਲ ਕੋਨਿਆਂ ਤੋਂ ਵਾਹਨ ਬੀਜਣ ਖੁਣੋਂ ਰਹਿ ਜਾਂਦਾ ਸੀ। ਉਸ ਥਾਂ ਨੂੰ ਕਹੀ ਨਾਲ ਪੁੱਟ ਕੇ ਹੱਥਾਂ ਨਾਲ ਛੱਟਾ ਦੇ ਕੇ ਬੀਜ ਬੀਜਣਾ ਪੈਂਦਾ ਸੀ। ਉਹ ਇਹ ਕੰਮ ਲਗਨ ਨਾਲ ਕਰਦਾ ਸੀ। ਸਾਡੇ ਘਰ ਖਾਸ ਕਰਕੇ ਬੀਬੀ ਦਾ ਵਿਸ਼ਵਾਸ ਸੀ ਕਿ ਤਿੱਖੇ ਦੇ ਹੱਥ ਵਿਚ ਬਰਕਤ ਹੈ। ਜਿਹੜੇ ਕੰਮ ਨੂੰ ਹੱਥ ਪਾਉਂਦਾ ਸੀ, ਪੂਰਾ ਕਰਕੇ ਹੀ ਹਟਦਾ ਸੀ। ਇਸੇ ਕਰਕੇ ਉਸ ਦਾ ਨਾਂ ਨ੍ਹੇਰੀ ਸੀ, ਤਿੱਖਾ ਸੀ, ਦਾਤ ਸੀ, ਤੂਫਾਨ ਸੀ।

ਸਾਨੂੰ ਦੋਹਾਂ ਭਰਾਵਾਂ ਨੂੰ ਨੌਕਰੀ ਮਿਲੀ। ਮਾਂ ਬਾਪ ਬਜ਼ੁਰਗ ਹੋ ਗਏ, ਅਸੀਂ ਖੇਤੀ ਛੱਡ ਦਿੱਤੀ। ਪਿੰਡ ਜਾਣਾ ਘਟ ਗਿਆ। ਪਤਾ ਲੱਗਿਆ ਕਿ ਇਹ ਪਤਾ ਹੀ ਨਹੀਂ ਲੱਗਿਆ ਕਿ ਤਿੱਖਾ ਕਿੱਥੇ ਚਲਾ ਗਿਆ। ਦੱਸਣ ਵਾਲਿਆਂ ਨੇ ਦੱਸਿਆ ਕਿ ਸਾਡੇ ਪਿੰਡ ਦੇ ਇਕ ਘੱਟ ਜ਼ਮੀਨ ਵਾਲੇ ਡਰਾਈਵਰੀ ਕਰਦੇ ਜੱਟਾਂ ਦੇ ਮੁੰਡੇ ਨੇ ਟਰੱਕ ਮਾਲਕ ਦੀ ਪਤਨੀ ਨਾਲ ਆਪਣੇ ਸਬੰਧਾਂ ਕਾਰਨ ਮਾਲਕ ਦਾ ਕਤਲ ਕਰ ਦਿੱਤਾ। ਉਹ ਵੀਹ ਸਾਲੀ ਕੱਟ ਕੇ ਆਇਆ ਤਾਂ ਉਸ ਦਾ ਕੈਦੀ ਨਾਂ ਪੱਕ ਗਿਆ ਸੀ। ਜ਼ਮੀਨ ਘੱਟ ਹੋਣ ਕਾਰਨ ਰਿਸ਼ਤਾ ਕੀ ਹੋਣਾ ਸੀ। ਤਿੱਖੇ ਦੀ ਢਲਦੀ ਉਮਰੇ, ਤਿੱਖੇ ਦੀ ਘਰਵਾਲੀ ਵਿਹੜਾ ਛੱਡ ਬੱਚਿਆਂ ਸਮੇਤ ਕੈਦੀ ਦੇ ਘਰ ਆ ਬੈਠੀ। ਮੁੰਡਾ ਹੋ ਗਿਆ। ਤਿੱਖਾ ਪਹਿਲਾਂ ਤਾਂ ਆਪਣੇ ਪੁਰਾਣੇ ਵਿਹੜੇ ਵਾਲੇ ਕੋਠੜੇ ਵਿਚ ਪਿਆ ਰਹਿੰਦਾ। ਅਖੀਰ ਇਕ ਦਿਨ ਕੈਦੀ ਅਤੇ ਆਪਣੀ ਘਰ ਵਾਲੀ (ਜੋ ਹੁਣ ਕੈਦੀ ਦੀ ਵੀ ਘਰਵਾਲੀ ਸੀ) ਦੇ ਨਾਲ ਹੀ ਰਹਿਣ ਲੱਗ ਪਿਆ। ਕਦੇ ਕੰਮ ਧੰਦੇ ਵਿਚ ਹੱਥ ਵਟਾਈ ਵੀ ਕਰ ਦਿੰਦਾ। ਅਖੀਰ ਉਹ ਕਿੱਥੇ ਚਲਿਆ ਗਿਆ, ਕੁਝ ਪਤਾ ਨਹੀਂ ਲੱਗਿਆ। ਸੱਚਮੁੱਚ ਉਸ ਦਾ ਕੋਈ ਨਾਂ ਥਾਂ ਨਹੀਂ ਸੀ, ਉਹ ਧਰਤੀ 'ਤੇ ਕੰਮ ਕਰਨ ਹੀ ਆਇਆ ਸੀ ਤੇ ਆਪਣੇ ਹਿੱਸੇ ਦਾ ਕੰਮ ਕਰ ਗਿਆ। ਜ਼ਿੰਦਗੀ ਉਸ ਦੀ ਕਦੇ ਕਾਲਪਨਿਕ ਰੋਮਾਂਸਾਂ ਨਾਲ ਅਤੇ ਕਦੇ ਕਿਸਮਤ ਬਦਲਣ ਦੇ ਆਹਰ ਨਾਲ ਅੱਗੇ ਤੁਰਦੀ ਸੀ। ਵੈਸੇ ਉਹ ਕੰਮ ਵਿਚ ਛੋਹਲਾ, ਸੱਟੇ ਦਾ ਸ਼ੌਕੀਨ, ਰੋਮਾਂਟਿਕ ਖਾਮਖਿਆਲੀ ਦਾ ਬਾਦਸ਼ਾਹ ਗੁਰਦਿਆਲ ਸਿੰਘ ਦਾ ਅਣਹੋਇਆ ਸੀ ਪਰ ਪਾਸ਼ ਦੇ ਕਾਵਿ ਪਾਤਰਾਂ ਵਾਂਗ ਜੱਗ 'ਤੇ ਨਾਂ ਰਹਿ ਜਾਣ ਦੀ ਤਮੰਨਾ ਪਾਲੀ ਫਿਰਦਾ ਸੀ। ਉਸ ਦੀਆਂ ਕੁੜੀਆਂ ਵਿਆਹੀਆਂ ਗਈਆਂ, ਆਪਣਾ ਮੁੰਡਾ ਹੋਇਆ ਨਹੀਂ ਅਤੇ ਘਰ ਵਾਲੀ ਕੈਦ ਕੱਟ ਕੇ ਆਏ ਜੱਟ ਦੇ ਘਰ ਵੱਸ ਗਈ, ਉਹ ਜਿਊਂਦਾ ਮਰ ਗਿਆ, ਵੈਸੇ ਉਸ ਨੇ ਹੁਣ ਜੀਅ ਕੇ ਵੀ ਕੀ ਕਰਨਾ ਸੀ। ਮੇਰਾ ਦੱਸਿਆ ਇਨਕਲਾਬ ਵੀ ਨਹੀਂ ਆਇਆ, ਵੈਸੇ ਉਸ ਤੋਂ ਵੱਧ ਇਨਕਲਾਬ ਦੀ ਹੋਰ ਕਿਸ ਨੂੰ ਜ਼ਰੂਰਤ ਸੀ।

**ਦਸਤਾਵੇਜ਼ੀ ਫਿਲਮਸਾਜ਼ ਅਤੇ ਪੱਤਰਕਾਰ ਦਲਜੀਤ ਅਮੀ 'ਪੰਜਾਬ ਟਾਈਮਜ਼' ਲਈ ਲਗਾਤਾਰ ਲਿਖਦੇ ਰਹੇ ਹਨ। ਹੁਣ ਉਨ੍ਹਾਂ ਆਪਣਾ ਯੂਟਿਊਬ ਚੈਨਲ 'ਅੱਵਲ ਸਹਾਫੀ' ਸ਼ੁਰੂ ਕੀਤਾ ਹੈ ਅਤੇ ਤਕਰੀਬਨ 13 ਸਾਲ ਅਮਰੀਕਾ ਦੀ ਜੇਲ੍ਹ ਵਿਚ ਬਿਤਾਉਣ ਵਾਲੇ ਰਣਜੀਤ ਸਿੰਘ ਕੁੱਕੀ ਜਿਨ੍ਹਾਂ ਨੂੰ ਬਹੁਤ ਸਾਰੇ ਲੋਕ ਕੁੱਕੀ ਗਿੱਲ ਕਰਕੇ ਵੀ ਜਾਣਦੇ ਹਨ, ਨਾਲ ਲੰਮੀ ਮੁਲਾਕਾਤ ਕੀਤੀ ਹੈ। ਇਸ ਮੁਲਾਕਾਤ ਵਿਚ ਕਰੋਨਾ ਮਹਾਮਾਰੀ ਕਾਰਨ ਇਕੱਲ ਹੰਢਾਉਂਦੇ ਮਨੁੱਖ ਦੇ ਬਹਾਨੇ ਰਣਜੀਤ ਸਿੰਘ ਕੁੱਕੀ ਦੀ ਜ਼ਿੰਦਗੀ, ਸੰਘਰਸ਼ ਅਤੇ ਉਨ੍ਹਾਂ ਦੇ ਆਲੇ-ਦੁਆਲੇ ਨਾਲ ਜੁੜੇ ਕੁਝ ਨੁਕਤਿਆਂ ਬਾਰੇ ਬੜੀ ਸੰਜੀਦਗੀ ਨਾਲ ਗੱਲ ਤੋਰੀ ਗਈ ਹੈ। ਅਸੀਂ ਇਹ ਖਾਸ ਮੁਲਾਕਾਤ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। ਇਹ ਮੁਲਾਕਾਤ ਐਤਵਾਰ ਤੋਂ ਬਾਅਦ ਯੂਟਿਊਬ ਲਿੰਕ** *https://www.youtube.com/channel/UCWa7Yef_KmL5MK9H6ED2pWA* **'ਤੇ ਸੁਣੀ ਜਾ ਸਕੇਗੀ।**

# ਰਣਜੀਤ ਸਿੰਘ ਗਿੱਲ ਉਰਫ ਕੁੱਕੀ ਗਿੱਲ ਨਾਲ ਗੱਲਾਂ

## 'ਆਸ ਉਮੀਦੇ ਉਮਰ ਗੁਜ਼ਾਰੀ' ਤੋਂ 'ਇਹ ਪਲ ਵੀ ਲੰਘ ਜਾਵੇਗਾ' ਤੱਕ

**ਖਾਸ ਮੁਲਾਕਾਤ**



**ਦਲਜੀਤ ਅਮੀ**
**ਫੋਨ: +91-72919-77145**

*ਅਸੀਂ ਕਰੋਨਾਵਾਇਰਸ ਮਹਾਮਾਰੀ ਦੇ ਦੌਰ ਵਿਚੋਂ ਨਿਕਲ ਰਹੇ ਹਾਂ। ਇਸ ਦੌਰ ਨਾਲ ਜੁੜੇ ਹੋਏ ਬਹੁਤ ਸਾਰੇ ਮਸਲੇ ਹਨ। ਜਿਨ੍ਹਾਂ ਵਿਚੋਂ ਇੱਕ ਮਸਲਾ ਹਰ ਜੀਅ ਨੇ ਆਪਣੇ ਪੱਧਰ ਉਪਰ ਹੰਢਾਇਆ ਹੈ, ਉਹ ਇਕੱਲਤਾ ਦਾ ਹੈ। ਅਸੀਂ ਘਰਾਂ ਤੱਕ ਮਹਿਦੂਦ ਹਾਂ ਜਾਂ ਇੱਕ-ਦੂਜੇ ਨੂੰ ਮਿਲਣ ਉਪਰ ਪਾਬੰਦੀਆਂ ਹਨ ਜਾਂ ਬਿਮਾਰੀ ਦੇ ਕਾਰਨ ਸਾਨੂੰ ਪਰਹੇਜ਼ ਕਰਨੇ ਪੈ ਰਹੇ ਹਨ। ਇਕੱਲਤਾ ਨਾਲ ਬੰਦਾ ਕਿਵੇਂ ਜੀਵੇ? ਇਹ ਸੁਆਲ ਅੱਜ ਦਾ ਨਹੀਂ ਹੈ, ਇਹ ਬਹੁਤ ਪੁਰਾਣਾ ਹੈ। ਇਸ ਮਸਲੇ ਉਪਰ ਅਸੀਂ ਗੱਲ ਕਰਾਂਗੇ ਪੰਜਾਬ ਦੇ ਉਸ ਬੰਦੇ ਦੇ ਨਾਲ ਜਿਸ ਨੇ ਇਕੱਲਤਾ ਨੂੰ ਆਪਣੇ ਪਿੰਡੇ ਉਪਰ ਬਹੁਤ ਦੇਰ ਹੰਢਾਇਆ ਹੈ ਅਤੇ ਉਸ ਤੋਂ ਬਾਅਦ ਆਪਣੇ-ਆਪ ਨੂੰ ਨਿੱਗਰ-ਨਿਰੋਏ ਇਨਸਾਨ ਦੇ ਰੂਪ ਵਿਚ ਬਚਾਇਆ ਹੈ। ਸਾਡੇ ਨਾਲ ਹਨ ਰਣਜੀਤ ਸਿੰਘ ਗਿੱਲ ਜਿਨ੍ਹਾਂ ਨੂੰ ਅਸੀਂ ਕੁੱਕੀ ਗਿੱਲ ਵੀ ਕਹਿੰਦੇ ਹਨ। ਰਣਜੀਤ ਸਿੰਘ ਨੇ ਅਮਰੀਕਾ ਅਤੇ ਇੰਡੀਆ ਦੀ ਜੇਲ੍ਹਾਂ ਵਿਚ ਤਕਰੀਬਨ ਸੋਲਾਂ ਸਾਲ ਦਾ ਸਮਾਂ ਬਿਤਾਇਆ ਹੈ। ਜੇਲ੍ਹ ਦੀ ਇਕੱਲਤਾ ਵਿਚ ਉਨ੍ਹਾਂ ਨੇ ਆਪਣੇ-ਆਪ ਨਾਲ ਕੀ ਸੰਵਾਦ ਕੀਤਾ, ਇਸੇ ਮਾਮਲੇ ਉਤੇ ਆਪਾਂ ਗੱਲ ਕਰਾਂਗੇ।*

**ਸਵਾਲ:** ਰਣਜੀਤ ਜੀ, ਮੌਜੂਦਾ ਦੌਰ ਵਿਚ ਇਕੱਲਤਾ ਦਾ ਮਾਮਲਾ ਆ ਰਿਹਾ ਹੈ। ਤੁਹਾਡੇ ਦਿਮਾਗ ਦੇ ਵਿਚ ਇਕੱਲਤਾ ਦੇ ਪੱਖ ਤੋਂ ਕੀ ਗੱਲਾਂ ਚੱਲ ਰਹੀਆਂ ਹਨ?

**ਜਵਾਬ:** ਇਕੱਲਤਾ ਦੇ ਪੱਖ ਤੋਂ ਕਹਿ ਸਕਦੇ ਹਾਂ ਕਿ ਇਹ ਮਨ ਦੀ ਅਵਸਥਾ ਹੈ। ਤੁਸੀਂ ਆਪਣੇ-ਆਪ ਨੂੰ ਕਿਸ ਤੋਂ ਇਕੱਲਾ ਮਹਿਸੂਸ ਕਰਦੇ ਹੋ? ਲੋਕਾਂ ਅੱਗੇ ਵੱਡਾ ਸੁਆਲ ਹੈ ਕਿ ਉਨ੍ਹਾਂ ਨੂੰ ਨੌਕਰੀ ਤੋਂ ਪਰੇ ਕਰ ਦਿੱਤਾ ਗਿਆ ਹੈ। ਅਸੀਂ ਘਰ ਵਿਚ ਮਹਿਫੂਜ਼ ਹਾਂ ਜਾਂ ਖੁੱਲ੍ਹ ਕੇ ਕਿਸੇ ਥਾਂ ਵਿਚਰ ਨਹੀਂ ਸਕਦੇ ਜਾਂ ਕੋਈ ਸਮਾਗਮਾਂ ਉਪਰ ਨਹੀਂ ਜਾ ਸਕਦੇ। ਇਸ ਨੂੰ ਲੋਕ ਇਕੱਲਤਾ ਮੰਨਦੇ ਹਨ। ਇਸ ਕਰਕੇ ਉਹ ਖੁਦ ਨੂੰ ਬੇਵਸ ਜਿਹਾ ਦਰਸਾ ਰਹੇ ਹਨ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਇਹ ਤੁਹਾਡੀ ਮਾਨਸਿਕ ਸਥਿਰਤਾ ਦਾ ਸੁਆਲ ਹੈ। ਅੱਜਕੱਲ੍ਹ ਤੁਸੀਂ ਘਰਾਂ ਵਿਚ ਰਹਿੰਦੇ ਹੋ। ਤੁਹਾਡੇ ਕੋਲ ਸਾਰੀਆਂ ਸਹੂਲਤਾਂ ਹਨ ਜਿਸ ਨਾਲ ਤੁਸੀਂ ਬਾਹਰੀ ਦੁਨੀਆ ਨਾਲ ਸਹਿਜੇ ਹੀ ਸੰਪਰਕ ਵਿਚ ਰਹਿ ਸਕਦੇ ਹੋ।

**ਸਵਾਲ:** ਜਦੋਂ ਆਪਾਂ ਕਹਿੰਦੇ ਹਾਂ ਕਿ ਇਹ ਮਾਨਸਿਕ ਸਥਿਰਤਾ ਦਾ ਸੁਆਲ ਹੈ, ਉਹ ਤਾਂ ਠੀਕ ਹੈ ਪਰ ਮਨੁੱਖ ਉਦਾਸ ਹੁੰਦਾ ਹੈ, ਇਕੱਲਾ ਮਹਿਸੂਸ ਕਰਦਾ ਹੈ ਅਤੇ ਉਸ ਕਾਰਨ ਉਦਾਸੀ ਹੋਰ ਵਧਦੀ ਹੈ। ਇੱਕ ਤਰੀਕੇ ਦੀ ਦਿਲਗੀਰੀ ਆਉਂਦੀ ਹੈ ਅਤੇ ਅਸੀਂ ਦੇਖਿਆ ਹੈ ਕਿ ਕਈ ਮਾਨਸਕਿ ਰੋਗਾਂ ਵਿਚ ਵੀ ਇਸ ਤਰ੍ਹਾਂ ਹੁੰਦਾ ਹੈ। ਜੇ ਆਪਾਂ ਵਿਅਕਤੀਗਤ ਤੌਰ ਉਪਰ ਦੇਖਣਾ ਹੋਵੇ, ਤੁਸੀਂ ਆਪਣੀ ਜ਼ਿੰਦਗੀ ਵਿਚ ਬਹੁਤ ਲੰਮਾ ਸਮਾਂ ਜੇਲ੍ਹ ਵਿਚ ਗੁਜ਼ਾਰਿਆ ਹੈ। ਉਸ ਦੌਰ ਵਿਚ ਤੁਸੀਂ ਪਹਿਲਾਂ ਅਮਰੀਕਾ ਅਤੇ ਬਾਅਦ ਵਿਚ ਭਾਰਤ ਦੀ ਤਿਹਾੜ ਜੇਲ੍ਹ ਵਿਚ ਰਹੇ। ਉਸ ਦੌਰ ਵਿਚ ਕੀ ਚੀਜ਼ ਸੀ ਜੋ ਤੁਹਾਨੂੰ ਕਾਇਮ ਰੱਖਦੀ ਸੀ? ਉਹ ਕੀ ਚੀਜ਼ ਸੀ ਜੋ ਤੁਹਾਨੂੰ ਕਹਿੰਦੀ ਸੀ ਕਿ ਆਪਣੇ ਸਰੀਰ ਦਾ ਧਿਆਨ ਰੱਖਣਾ ਹੈ ਤਾਂ ਜੋ ਸਭ ਕੁਝ ਅੱਗੇ ਚੱਲਦਾ ਰਹੇ।

**ਜਵਾਬ:** ਸਭ ਤੋਂ ਵੱਡੀ ਤਾਕਤ ਤੇ ਪ੍ਰੇਰਨਾ ਸੀ ਖੁਦ ਨੂੰ ਸਥਿਰ ਰੱਖਣ ਦੀ। ਜਦੋਂ ਤੁਸੀਂ ਜੇਲ੍ਹ ਵਿਚ ਚਲੇ ਜਾਂਦੇ ਹੋ, ਖਾਸ ਕਰ ਕੇ ਅਮਰੀਕੀ ਜੇਲ੍ਹ ਵਿਚ ਤਾਂ ਤੁਹਾਡੇ ਪਿੱਛੇ ਅਨੇਕਾਂ ਹੀ ਦਰਵਾਜ਼ੇ ਠਾਹ ਕਰ ਕੇ ਬੰਦ ਹੁੰਦੇ ਹਨ। ਤੁਹਾਨੂੰ ਇਹ ਅਹਿਸਾਸ ਕਰਵਾਉਣ ਲਈ ਕਿ ਹੁਣ ਤੁਸੀਂ ਅਜਿਹੇ ਪਿੰਜਰੇ ਵਿਚ ਆ ਗਏ ਹੋ ਜਿਥੇ ਕੋਈ ਤਾਜ਼ੀ ਹਵਾ ਨਹੀਂ, ਜਾਂ ਹੋਰ ਕੁਝ ਵੀ ਨਹੀਂ ਹੈ। ਤੁਸੀਂ ਇੱਕ ਤਰੀਕੇ ਨਾਲ ਜ਼ਿੰਦਗੀ ਵਿਚੋਂ ਆਪਣੇ-ਆਪ ਨੂੰ ਸੰਕੋਚ ਹੀ ਲਓ। ਤੁਸੀਂ ਹੁਣ ਇੱਥੋਂ ਦੇ ਹੀ ਰਹਿ ਗਏ। ਉਸ ਸਮੇਂ ਤੁਹਾਡੇ ਅੱਗੇ ਡਰ ਹੁੰਦਾ ਹੈ ਕਿ ਤੁਸੀਂ ਇਸ ਨੂੰ ਕਿਸ ਤਰ੍ਹਾਂ ਸੰਭਾਲਣਾ ਹੈ। ਦੂਜੀ ਉਸ ਤੋਂ ਵੱਡੀ ਗੱਲ ਹੈ, ਤੁਹਾਡੀ ਮਾਨਸਕਿਤਾ ਕਿੰਨੀ ਕੁ ਮਜ਼ਬੂਤ ਹੈ, ਜਿਹੜੀ ਇਸ ਤਰ੍ਹਾਂ ਦੇ ਦਬਾਅ ਨੂੰ ਕਿਸ ਤਰ੍ਹਾਂ ਸੋਚਦੀ ਹੈ। ਤੀਜਾ, ਕੀ ਤੁਸੀਂ ਚਾਰਦੀਵਾਰੀ ਵਿਚ ਰਹਿ ਕੇ ਵੀ ਆਪਣੇ ਮਨ ਦੇ ਰੁਝੇਵੇਂ ਨੂੰ ਸਥਿਰ ਰੱਖ ਸਕਦੇ ਹੋ? ਭਾਵੇਂ ਇਹ ਸੀਮਤ ਦਾਇਰਾ ਹੈ ਪਰ ਉਸ ਦੇ ਵਿਚ ਵੀ ਤੁਸੀਂ ਸੋਚਣਾ ਹੈ ਕਿ ਤੁਸੀਂ ਕੰਧਾਂ ਵਿਚ ਕੈਦ ਨਹੀਂ, ਮੇਰਾ ਮਨ ਤਾਂ ਬਾਹਰ ਹੈ, ਉਹ ਤੁਹਾਨੂੰ ਬਹੁਤ ਵੱਡੀ ਸ਼ਕਤੀ ਦਿੰਦਾ ਹੈ। ਇੱਕ ਤੁਸੀਂ ਆਪਣੇ ਰੁਝੇਵੇਂ ਨਹੀਂ ਛੱਡਣੇ, ਜਿਵੇਂ ਤੁਸੀਂ ਸਵੇਰੇ ਉਠ ਕੇ ਤਿਆਰ ਹੁੰਦੇ ਹੋ, ਕਸਰਤ ਕਰਦੇ ਹੋ, ਪੜ੍ਹਦੇ ਹੋ, ਉਹ ਤੁਸੀਂ ਕਰਦੇ ਹੀ ਰਹਿਣਾ ਹੈ।



**ਸਵਾਲ:** ਤੁਸੀਂ ਦੱਸਿਆ ਸੀ, ਤੁਸੀਂ ਇੱਕ ਤੰਗ ਜਿਹੇ ਕਮਰੇ ਵਿਚ ਸੀ। ਕਿਹੋ ਜਿਹਾ ਕਮਰਾ ਸੀ ਅਤੇ ਤੁਸੀਂ ਰੋਜ਼ਾਨਾ ਉਸ ਵਿਚ ਕੀ ਕਰਦੇ ਸੀ?

**ਜਵਾਬ:** ਕਮਰਾ '8 ਗੁਣਾਂ 10' ਦਾ ਸੀ ਜਿਸ ਵਿਚ ਬੈੱਡ ਸੀ, ਅਲਮਾਰੀ ਸੀ। ਬਾਥਰੂਮ ਅਤੇ ਸਿੰਕ ਵੀ ਸੀ। ਕਾਫੀ ਥਾਂ ਇਨ੍ਹਾਂ ਸਭ ਚੀਜ਼ਾਂ ਨੇ ਘੇਰੀ ਹੋਈ ਸੀ। ਕੁੱਲ ਮਿਲਾ ਕੇ ਤੁਹਾਡੇ ਕੋਲ ਦੋ-ਚਾਰ ਕਦਮਾਂ ਦੀ ਹੀ ਥਾਂ ਬਚਦੀ ਹੈ। ਬਸ ਇੰਨਾ ਕੁ ਹੀ ਤੁਸੀਂ ਵਿਚ ਤੁਰ ਫਿਰ ਸਕਦੇ ਹੋ। ਉਸ ਦੇ ਵਿਚ ਹੀ ਮੈਂ ਤੁਰਦਾ-ਫਿਰਦਾ ਸੀ। ਉਥੇ ਹੀ ਮੈਂ ਕਸਰਤ ਕਰ ਲੈਂਦਾ ਸੀ। ਜਦੋਂ ਕਦੇ ਮੈਨੂੰ ਬਾਹਰ ਜਾਣ ਦਾ ਮੌਕਾ ਮਿਲਦਾ ਸੀ- ਨਹਾਉਣ ਜਾਣ ਦਾ, ਤਾਂ ਉਸ ਵਿਚ ਹੀ ਆਪਣਾ ਆਨੰਦ ਪੂਰਾ ਕਰ ਲੈਂਦੇ ਸੀ। ਇਹ ਤੁਹਾਡਾ ਆਪਣੇ ਮਨ ਨੂੰ ਸਮਝਾਉਣਾ ਹੀ ਨਹੀਂ ਸਗੋਂ ਇਸ ਤਰ੍ਹਾਂ ਮਨ ਦੀ ਅਵਸਥਾ ਬਣਦੀ ਹੈ ਜੋ ਤੁਹਾਡੀ ਅੰਦਰੂਨੀ ਸ਼ਕਤੀ ਨੂੰ ਮਜ਼ਬੂਤ ਕਰਦੀ ਹੈ। ਜਿਹੜੇ ਤੁਹਾਡੇ ਅੰਦਰ ਡਰ ਹਨ, ਕੰਧਾਂ ਦੇ ਜਾਂ ਬੰਦੀ ਦੇ ... ਜਿਵੇਂ ਹੁਣ ਹਨ ਕਿ ਬਿਮਾਰੀ ਦਾ ਡਰ ਹੈ, ਬਾਹਰ ਨਹੀਂ ਜਾ ਸਕਦੇ। ਘਬਰਾਹਟ ਹੈ, ਕਿਉਂ ਨਹੀਂ ਜਾ ਸਕਦੇ? ਇਹ ਜਿਹੜੀਆਂ ਮਨ ਦੀਆਂ ਘਬਰਾਹਟਾਂ ਹਨ, ਇਨ੍ਹਾਂ ਉਪਰ ਕਾਬੂ ਪਾਉਣਾ ਮਨੁੱਖ ਲਈ ਕਾਰਜ ਬਣ ਜਾਂਦਾ ਹੈ।

**ਸਵਾਲ:** ਜਿਹੜਾ ਇਹ ਕਾਰਜ ਸੀ, ਤੁਹਾਡੇ ਲਈ ਕਿਵੇਂ ਨੇਪਰੇ ਚੜ੍ਹਦਾ ਸੀ? ਕੀ ਸੋਚ ਆਉਂਦੀ ਸੀ ਜਿਸ ਰਾਹੀਂ ਤੁਹਾਡਾ ਖੁਦ ਨਾਲ ਸੰਵਾਦ ਹੁੰਦਾ ਸੀ ਕਿ ਇਹ ਚੀਜ਼ ਇੰਜ ਨਹੀਂ, ਇੰਜ ਹੋਣੀ ਚਾਹੀਦੀ।

**ਜਵਾਬ:** ਜੇਲ੍ਹ ਵਿਚ ਪੱਕੀ ਤਰਤੀਬ ਹੁੰਦੀ ਹੈ ਜੋ ਜੇਲ੍ਹ ਵਾਲੇ ਤੈਅ ਕਰਦੇ ਹਨ। ਤੁਸੀਂ ਨਹੀਂ ਕਰ ਸਕਦੇ। ਰੋਜ਼ ਉਸੇ ਤਰ੍ਹਾਂ ਦੀ ਰੂਪ-ਰੇਖਾ ਉਲੀਕੀ ਜਾਂਦੀ ਹੈ। ਪੱਕੇ ਸਮੇਂ ਉਤੇ ਗਿਣਤੀ ਹੋਣੀ ਹੈ। ਪੱਕੇ ਸਮੇਂ ਉਤੇ ਹੀ ਰੋਟੀ ਮਿਲਣੀ ਹੈ। ਪੱਕੇ ਸਮੇਂ ਉਤੇ ਤੁਸੀਂ ਨਹਾਉਣਾ ਹੈ। ਇਹ ਸਾਰੀ ਤਰਤੀਬ ਹੈ ਜੋ ਕਦੇ ਬਦਲਦੀ ਨਹੀਂ। ਉਸ ਤਰਤੀਬ ਨੂੰ ਤੁਸੀਂ ਆਪਣੇ ਆਪ ਉਤੇ ਹਾਵੀ ਨਹੀਂ ਹੋਣ ਦੇਣਾ। ਤੁਸੀਂ ਆਪਣੇ-ਆਪ ਨੂੰ ਉਸ ਮੁਤਾਬਕ ਕਰ ਲੈਣਾ, ਜਿਹੜੀ ਵਿਚਕਾਰ ਵਿੱਥ ਹੈ। ਇਸ ਇੱਕਸਾਰ ਤਰਤੀਬ ਹੇਠ ਤੁਸੀਂ ਦਬਣਾ ਨਹੀਂ।

**ਸਵਾਲ:** ਇੱਕ ਤਰਤੀਬ ਤਾਂ ਜੇਲ੍ਹ ਵਾਲਿਆਂ ਨੇ ਤੈਅ ਕੀਤੀ ਹੋਈ ਹੈ, ਇੱਕ ਤਰਤੀਬ ਤੁਸੀਂ ਆਪਣੇ-ਆਪ ਨੂੰ ਨਰੋਆ ਰੱਖਣ ਲਈ ਕਾਇਮ ਕਰਨੀ ਹੈ। ਉਹ ਤਰਤੀਬ ਦੇ ਅੰਦਰ ਤਰਤੀਬ ਕਿਵੇਂ ਬਣਦੀ ਹੈ?

**ਜਵਾਬ:** ਤੁਸੀਂ ਉਨ੍ਹਾਂ ਲੀਕਾਂ ਦੇ ਵਿਚਕਾਰ ਆਪਣੀ ਲੀਕ ਖਿੱਚ ਦਿੰਦੇ ਹੋ। ਮੈਂ ਤਾਂ ਇੰਜ ਹੀ ਕਰਨਾ ਹੈ ਤਾਂ ਜੋ ਮੈਨੂੰ ਇੰਜ ਨਾ ਲੱਗੇ ਕਿ ਮੈਂ ਕਿਸੇ ਪਿੰਜਰੇ ਵਿਚ ਹਾਂ। ਇਹੋ ਤੁਹਾਡੀ ਪਰਖ ਦੀ ਘੜੀ ਹੈ। ਲੋਕ ਵਿਚ ਨਿਰਾਸ਼ਾ ਆਉਂਦੀ ਹੈ ਜਾਂ ਬੇਵਸੀ ਦਾ ਅਹਿਸਾਸ ਹੁੰਦਾ ਹੈ, ਜਿਵੇਂ ਹੁਣ ਆਪਾਂ ਸੁਣਦੇ ਹਾਂ। ਉਥੇ ਤਾਂ ਕੁਝ ਵੀ ਨਹੀਂ ਹੈ, ਟੈਲੀਵਿਜ਼ਨ ਨਹੀਂ, ਫੋਨ ਨਹੀਂ। ਹਾਂ, ਕਿਤਾਬਾਂ ਜ਼ਰੂਰ ਹਨ, ਅਖਬਾਰ ਹਨ। ਤੁਸੀਂ ਤੈਅ ਹੋਈਆਂ ਲੀਕਾਂ ਵਿਚਾਲੇ ਆਪਣੀ ਜ਼ਿੰਦਗੀ ਨੂੰ ਆਪਣੇ ਜਜ਼ਬਾਤ ਅਤੇ ਆਪਣੀ ਸਵੈ-ਇੱਛਾ ਨਾਲ ਚਲਾਉਣ ਲੱਗ ਪੈਂਦੇ ਹੋ।

**ਸਵਾਲ:** ਤੁਸੀਂ ਇੱਕ ਚਲਦੀ ਮੁਹਿੰਮ ਵਿਚੋਂ ਜੇਲ੍ਹ ਵਿਚ ਗਏ। ਤੁਸੀਂ ਅਖਬਾਰ ਦਾ ਜ਼ਿਕਰ ਕੀਤਾ, ਤੇ ਮੈਨੂੰ ਯਾਦ ਆਇਆ ਕਿ ਮਿਆਂਮਾਰ ਦੀ ਪ੍ਰਧਾਨ ਮੰਤਰੀ ਜੋ ਜੇਲ੍ਹ ਵਿਚ ਬੰਦ ਕੀਤੀ ਹੋਈ ਹੈ। ਜਦੋਂ ਆਂਨ ਸਾਂਗ ਸੂ ਕੀ ਪਹਿਲਾਂ ਜੇਲ੍ਹ ਵਿਚ ਸਨ ਤਾਂ ਉਨ੍ਹਾਂ ਨੇ ਲਿਖਿਆ ਕਿ ਸਵੇਰੇ ਉਠਣਾ ਅਤੇ ਅਖਬਾਰ ਵਿਚ ਇਹ ਪੜ੍ਹਨਾ ਕਿ ਤੁਹਾਡੇ ਨਾਲ ਲੜਦਾ ਕੋਈ ਕਾਮਰੇਡ ਸ਼ਹੀਦ ਹੋ ਗਿਆ। ਫਿਰ ਅਖਬਾਰ ਨੂੰ ਤਹਿ ਲਗਾ ਕੇ ਰੱਖਣਾ। ਉਸ ਤੋਂ ਬਾਅਦ ਕਸਰਤ ਕਰਨੀ, ਫਿਰ ਖਾਣਾ ਖਾਣਾ ਤਾਂ ਜੋ ਤੁਸੀਂ ਬਾਹਰ ਜਾ ਕੇ ਮੁੜ ਉਸੇ ਦਾ ਹਿੱਸਾ ਬਣ ਸਕੋ। ਤੁਹਾਡੇ ਨਾਲ ਇਹ ਕਿਵੇਂ ਵਾਪਰਦਾ ਸੀ? ਅਖਬਾਰ ਤਾਂ ਤੁਸੀਂ ਵੀ ਪੜ੍ਹਦੇ ਸੀ।

**ਜਵਾਬ:** ਹਾਂ, ਮੈਂ ਕਈ ਅਖਬਾਰ ਪੜ੍ਹਦਾ ਸੀ। ਅਖਬਾਰ ਵਿਚ ਮੈਂ ਪੜ੍ਹਿਆ ਜਦੋਂ ਨੈਲਸਨ ਮੰਡੇਲਾ ਨੱਬੇ ਵਿਚ ਬਾਹਰ ਆਇਆ। ਉਸ ਨੇ ਤੇਰਾਂ ਸਾਲ ਪੱਥਰ ਤੋੜਨ ਦੀ ਬਾਮੁਸ਼ੱਕਤ ਸਜ਼ਾ ਕੱਟੀ। ਉਸ ਤੋਂ ਬਾਅਦ ਉਸ ਨੂੰ ਬਾਹਰ ਲਿਆ ਕੇ ਕਿਸੇ ਹੋਰ ਥਾਂ ਕੈਦ ਕਰ ਲਿਆ। ਉਥੇ ਕਿੰਨੇ ਸਾਲ ਇਨ੍ਹਾਂ ਦੀ ਗੱਲ ਚਲਦੀ ਰਹੀ। ਸਤਾਈ ਸਾਲ ਬਾਅਦ ਉਹ ਰਿਹਾਅ ਹੋਇਆ ਸੀ। ਉਸ ਨੂੰ ਰੋਬਨ ਟਾਪੂ ਬਾਰੇ ਪੁੱਛਿਆ ਗਿਆ। ਇਹ ਦੱਖਣੀ ਅਫਰੀਕਾ ਦੀ ਬਹੁਤ ਮਾੜੀ ਜੇਲ੍ਹ ਹੈ। ਉਥੇ ਹੁਣ ਮਿਊਜ਼ੀਅਮ ਹੈ, ਜਿਵੇਂ ਆਪਣੇ ਅੰਡੇਮਾਨ ਨਿਕੋਬਾਰ ਹੈ। ਉਹ ਕਹਿੰਦਾ ਕਿ ਮੈਂ ਆਪਣੇ-ਆਪ ਨੂੰ ਕਦੇ ਚਾਰ ਕੰਧਾਂ ਤੱਕ ਸੀਮਤ ਨਹੀਂ ਰੱਖਿਆ। ਮੇਰਾ ਮਨ ਤਾਂ ਹਮੇਸ਼ਾ ਇਨ੍ਹਾਂ ਕੰਧਾਂ ਤੋਂ ਪਰੇ ਰਿਹਾ। ਇਸ ਚੀਜ਼ ਨੇ ਮੈਨੂੰ ਥੱਕਣ ਨਹੀਂ ਦਿੱਤਾ। ਮੇਰੇ ਮਨ ਨੂੰ ਕਦੇ ਮੁਰਝਾਉਣ ਨਹੀਂ ਦਿੱਤਾ। ਮੈਨੂੰ ਆਪਣੇ-ਆਪ ਤੋਂ ਕਦੇ ਅੱਕਣ ਨਹੀਂ ਦਿੱਤਾ। ਉਹ ਚੀਜ਼ ਮੈਂ ਅੱਜ ਵੀ ਲਿਖ ਕੇ ਰੱਖੀ ਹੋਈ ਹੈ। ਜਿਹੜੇ ਅਲਗ-ਅਲਗ ਕੈਦੀ ਹੁੰਦੇ ਜਿਨ੍ਹਾਂ ਨੂੰ ਬਾਅਦ ਵਿਚ ਵਡਿਆਇਆ ਜਾਂਦਾ ਹੈ। ਸੁਭਾਵਿਕ ਤੌਰ 'ਤੇ ਉਨ੍ਹਾਂ ਦੇ ਵਿਚਾਰ ਆਮ ਬੰਦਿਆਂ ਤੋਂ ਅਲਹਿਦਾ ਹੁੰਦੇ; ਜਿਵੇਂ ਵੈਕਲੇਵ ਹੇਵਲ ਸਨ ਜੋ ਚੈੱਕਸਲੋਵਾਕੀਆ ਦਾ ਪ੍ਰਧਾਨ ਵੀ ਰਿਹਾ। ਉਹ ਵੀ ਕਮਿਊਨਿਜ਼ਮ ਦੇ ਰਾਜ ਸਮੇਂ ਜੇਲ੍ਹ ਵਿਚ ਰਹੇ। ਉਨ੍ਹਾਂ ਚਿੱਠੀਆਂ ਲਿਖਣੀਆਂ ਸ਼ੁਰੂ ਕੀਤੀਆਂ, ਆਪਣੇ ਖਿਆਲ ਲਿਖ ਕੇ ਭੇਜਣੇ ਸ਼ੁਰੂ ਕੀਤੇ ਜਿਸ ਉਪਰ ਬਾਅਦ ਵਿਚ ਕਿਤਾਬ ਲਿਖੀ ਗਈ ਸੀ- 'ਲੈਟਰਸ ਟੂ ਓਲਗਾ'। ਓਲਗਾ ਉਸ ਦੀ ਪਤਨੀ ਸੀ। ਉਸ ਨੂੰ ਉਹ ਚਿੱਠੀ ਲਿਖਦਾ ਸੀ, ਉਹ ਉਸ ਨੂੰ ਸੁਨੇਹੇ ਭੇਜਦੀ ਸੀ। ਉਹ ਬਹੁਤ ਮਾੜੇ ਹਾਲਾਤ ਵਿਚ ਸੀ। ਉਹ ਕਾਫੀ ਨਾਮੀ ਅਤੇ ਅਮੀਰ ਪਰਿਵਾਰ ਵਿਚੋਂ ਸੀ। ਹਰ ਇੱਕ ਦਾ ਆਪੋ-ਆਪਣਾ ਜ਼ਰੀਆ ਹੈ। ਮੈਂ ਵੀ ਚਿੱਠੀ-ਪੱਤਰ ਲਿਖ ਲੈਂਦਾ ਸੀ। ਤੁਹਾਡਾ ਕਾਫੀ ਸਮਾਂ ਆਪਣੇ-ਆਪ ਨੂੰ ਮਹਿਫੂਜ਼ ਰੱਖਣ ਵਿਚ ਹੀ ਲੰਘ ਜਾਂਦਾ ਹੈ।

**ਸਵਾਲ:** ਤੁਸੀਂ ਵੀ ਜੇਲ੍ਹ ਅੰਦਰ ਡਾਇਰੀ ਲਿਖਦੇ ਸੀ, ਉਹ ਵੀ ਸਹਾਈ ਹੁੰਦੀ ਸੀ?

**ਜਵਾਬ:** ਕਾਫੀ ਸਹਾਈ ਹੁੰਦੀ ਹੈ। ਤੁਸੀਂ ਜੋ ਪੜ੍ਹਦੇ ਹੋ ਜਾਂ ਲਿਖਦੇ ਹੋ, ਜਿਵੇਂ ਨੈਲਸਨ ਮੰਡੇਲਾ ਨੇ ਕਿਹਾ ਹੈ। ਤੁਹਾਡੇ ਮਨ ਵਿਚ ਖਿਆਲ ਆਉਂਦੇ ਹਨ। ਇੱਥੋਂ ਤੱਕ ਕਿ ਮੈਂ ਉਸ ਇਕਸਾਰਤਾ ਬਾਰੇ ਵੀ ਲਿਖ ਕੇ ਰੱਖਿਆ ਹੋਇਆ ਕਿ ਮੈਂ ਇਸ ਚੀਜ਼ ਨਾਲ ਕਿਵੇਂ ਨਜਿੱਠਦਾ ਸੀ।

**ਸਵਾਲ:** ਕਈ ਵਾਰ ਜ਼ਿੰਦਗੀ ਵਿਚ ਉਹ ਪਲ ਆਉਂਦਾ ਹੈ ਜਿਹੜਾ ਤੁਹਾਨੂੰ ਬਾਕੀ ਦੁਨੀਆ ਤੋਂ ਵੱਖ ਕਰ ਦਿੰਦਾ ਹੈ। ਜੋ ਤੁਹਾਨੂੰ ਕਹਿੰਦਾ ਹੈ ਕਿ ਹੁਣ ਜਿਹੜੀ ਹਾਲਤ ਹੈ, ਉਹ ਤੁਸੀਂ ਨਿੱਜੀ ਰੂਪ ਵਿਚ ਨਜਿੱਠਣੀ ਹੈ। ਉਹ ਪਲ ਤੁਹਾਡੀ ਜ਼ਿੰਦਗੀ ਵਿਚ ਕਈ ਵਾਰ ਆਇਆ। ਜਦੋਂ ਮੈਂ ਤੁਹਾਡੀ ਜ਼ਿੰਦਗੀ ਬਾਰੇ ਸੋਚਦਾ ਤਾਂ ਤਿੰਨ ਵਾਰ ਤੁਸੀਂ ਇੱਕ ਥਾਂ ਤੋਂ ਦੂਜੀ ਥਾਂ ਤੁਰ ਰਹੇ ਸੀ, ਜਾਂ ਕਿਸੇ ਨੂੰ ਤੁਰਦਾ ਦੇਖ ਰਹੇ ਸੀ। ਇਹ ਪਲ ਬਹੁਤ ਅਹਿਮ ਹਨ। ਜਿਵੇਂ ਇੱਕ ਪਲ ਇਹ ਹੈ ਕਿ ਜਦੋਂ ਤੁਸੀਂ ਭਾਰਤ ਤੋਂ ਅਮਰੀਕਾ ਜਾਂਦੇ ਹੋ। ਤੁਸੀਂ ਫੈਸਲਾ ਕਰਦੇ ਹੋ ਕਿ ਤੁਸੀਂ ਜਿਸ ਮੁਹਿੰਮ ਵਿਚ ਸ਼ਾਮਿਲ ਸੀ, ਉਸ ਨੇ ਆਪਣਾ ਟੀਚਾ ਹਾਸਲ ਕਰ ਲਿਆ ਹੈ। ਇਹ ਦੱਸੋ ਕਿ ਨਵੇਂ ਨਾਮ ਨਾਲ, ਨਵੇਂ ਭੇਸ ਵਿਚ ਤੁਹਾਡਾ ਇੰਮੀਗ੍ਰੇਸ਼ਨ ਕਲੀਅਰ ਹੋ ਗਿਆ ਅਤੇ ਫਿਰ ਜਹਾਜ਼ ਵਿਚ ਬੈਠਣ ਤੱਕ, ਜਿਹੜਾ ਧੁੜਕੂ ਬੰਦੇ ਨੂੰ ਲਗਦੈ, ਤੁਸੀਂ ਉਸ ਨੂੰ ਆਪਣੇ-ਆਪ ਨਾਲ ਕਿਵੇਂ ਨਜਿੱਠਿਆ?

**ਜਵਾਬ:** ਮੈਂ ਪਹਿਲੀ ਵਾਰ ਜਹਾਜ਼ ਦੇਖਿਆ ਸੀ। ਬ੍ਰਿਟਿਸ਼ ਏਅਰਲਾਈਜ਼ ਦਾ ਜੰਬੋ 747 ਜਹਾਜ਼ ਸੀ। ਸਾਡੀ ਏਅਰਪੋਰਟ ਉਪਰ ਸੈਟਿੰਗ ਸੀ ਕਿ ਪੁੱਛਗਿੱਛ ਨਹੀਂ ਹੋਵੇਗੀ। ਸਾਡੇ ਏਜੰਟ ਨੇ ਸਭ ਕੁਝ ਪੱਕਾ ਕੀਤਾ ਹੋਇਆ ਸੀ। ਜਦੋਂ ਮੈਂ ਜਾ ਕੇ ਸੀਟ 'ਤੇ ਬੈਠਾ ਤਾਂ ਮੇਰੇ ਨਾਲ ਕੋਈ ਬ੍ਰਿਟਿਸ਼ ਔਰਤ ਬੈਠੀ ਸੀ। ਉਹ ਕਾਫੀ ਦੋਸਤਾਨਾ ਰਵੱਈਏ ਵਾਲੀ ਸੀ। ਥੋੜ੍ਹੀ ਬਹੁਤੀ ਅੰਗਰੇਜ਼ੀ ਮੈਨੂੰ ਵੀ ਆਉਂਦੀ ਸੀ। ਮੈਂ ਐਮ.ਐਸਸੀ ਕੀਤੀ ਹੋਈ ਸੀ। ਉਸ ਨੇ ਦੇਖ ਕੇ ਪੁੱਛਿਆ- ਪਹਿਲੀ ਵਾਰ ਜਹਾਜ਼ ਵਿਚ ਬੈਠੇ ਹੋ। ਮੈਂ ਕਿਹਾ- ਹਾਂ ਜੀ। ਪਹਿਲੀ ਵਾਰ ਜਾ ਰਿਹਾਂ, ਯੂ.ਐਸ.ਏ. ਜਾ ਰਿਹਾਂ। ਉਸ ਨੇ ਮੈਨੂੰ ਤਸੱਲੀ ਦਿੱਤੀ। ਮੈਨੂੰ ਕੋਈ ਡਰ ਨਹੀਂ ਸੀ, ਬਸ ਥੋੜ੍ਹਾ ਉਤਸ਼ਾਹ ਸੀ ਕਿ ਮੈਂ ਨਵੇਂ ਸਫਰ 'ਤੇ ਜਾ ਰਿਹਾ ਹਾਂ ਅਤੇ ਮੇਰੇ ਕੋਲ ਕੋਈ ਜ਼ਿੰਮੇਵਾਰੀ ਵੀ ਹੈ ਕਿ ਮੈਂ ਆਪਣਾ ਕੰਮ ਕਰਕੇ ਫਿਰ ਵਾਪਸ ਆਉਣਾ ਹੈ। ਮੇਰਾ ਜਹਾਜ਼ ਪਹਿਲਾਂ ਕੁਵੈਤ ਜਾ ਕੇ ਰੁਕਿਆ, ਫਿਰ ਉਥੋਂ ਲੰਡਨ ਨੂੰ ਅਗਲੀ ਉਡਾਨ ਭਰੀ। ਉਥੇ ਮੈਂ ਦੋ-ਤਿੰਨ ਘੰਟੇ ਰੁਕਿਆ। ਉਥੇ ਹਾਲਾਤ ਇਸ ਤਰ੍ਹਾਂ ਸੀ ਕਿ ਮੇਰੇ ਅੱਗੇ ਵਾਲੀਆਂ ਚਾਰ ਸੀਟਾਂ ਖਾਲੀ ਸਨ ਅਤੇ ਮੈਂ ਇੱਕ ਪਾਸੇ ਬੈਠਾ ਸੀ। ਚਾਰ ਬੰਦੇ ਆਏ ਜਿਨ੍ਹਾਂ ਦੇ ਹਥਕੜੀਆਂ ਅਤੇ ਬੇੜੀਆਂ ਲੱਗੀਆਂ ਹੋਈਆਂ ਸਨ, ਉਨ੍ਹਾਂ ਨਾਲ ਪੁਲਿਸ ਸੀ। ਉਹ

*(ਬਾਕੀ ਅਗਲੇ ਸਫੇ 'ਤੇ)*



*ਨਿਊ ਯਾਰਕ (ਅਮਰੀਕਾ) ਦਾ ਮੈਟਰੋਪਾਲਿਟਨ ਕੁਰੈਕਸ਼ਨਲ ਸੈਂਟਰ ਜਿਥੇ ਰਣਜੀਤ ਸਿੰਘ ਗਿੱਲ 13 ਸਾਲ ਕੈਦ ਰਿਹਾ।*

***ਜੇਲ੍ਹ ਵਿਚ ਤਾਂ ਤੁਹਾਡੇ ਪਿੱਛੇ ਅਨੇਕਾਂ ਹੀ ਦਰਵਾਜ਼ੇ ਠਾਹ ਕਰ ਕੇ ਬੰਦ ਹੁੰਦੇ ਹਨ। ਤੁਹਾਨੂੰ ਇਹ ਅਹਿਸਾਸ ਕਰਵਾਉਣ ਲਈ ਕਿ ਤੁਸੀਂ ਅਜਿਹੇ ਪਿੰਜਰੇ ਵਿਚ ਆ ਗਏ ਹੋ ਜਿੱਥੇ ਕੋਈ ਤਾਜ਼ੀ ਹਵਾ ਨਹੀਂ, ਜਾਂ ਹੋਰ ਕੁਝ ਵੀ ਨਹੀਂ ਹੈ। ਤੁਸੀਂ ਹੁਣ ਇੱਥੋਂ ਦੇ ਹੀ ਰਹਿ ਗਏ। ਉਸ ਸਮੇਂ ਤੁਹਾਡੇ ਅੱਗੇ ਡਰ ਹੁੰਦਾ ਹੈ ਕਿ ਤੁਸੀਂ ਇਸ ਨੂੰ ਕਿਸ ਤਰ੍ਹਾਂ ਸੰਭਾਲਣਾ ਹੈ। ਦੂਜੀ ਉਸ ਤੋਂ ਵੱਡੀ ਗੱਲ ਹੈ, ਤੁਹਾਡੀ ਮਾਨਸਕਿਤਾ ਕਿੰਨੀ ਕੁ ਮਜ਼ਬੂਤ ਹੈ, ਜਿਹੜੀ ਇਸ ਤਰ੍ਹਾਂ ਦੇ ਦਬਾਅ ਨੂੰ ਕਿਸ ਤਰ੍ਹਾਂ ਸੋਚਦੀ ਹੈ।***

# ਰਣਜੀਤ ਸਿੰਘ ਗਿੱਲ...

*(ਪਿਛਲੇ ਸਫੇ ਦੀ ਬਾਕੀ)*

ਬਿਲਕੁਲ ਮੇਰੇ ਅੱਗੇ ਬੈਠੇ ਸਨ। ਮੈਂ ਉਨ੍ਹਾਂ ਵੱਲ ਬਹੁਤ ਗੌਰ ਨਾਲ ਦੇਖਿਆ, ਉਹ ਸ਼ਾਇਦ ਅਰਬ ਸਨ ਕਿਉਂਕਿ ਉਹ ਹੋਰ ਭਾਸ਼ਾ ਬੋਲ ਰਹੇ ਸਨ। ਉਨ੍ਹਾਂ ਨੂੰ ਦੇਖ ਮੇਰੇ ਮਨ ਵਿਚ ਆਇਆ ਕਿ ਜਾ ਤਾਂ ਰਹੇ ਹਾਂ ਪਰ ਕਿਤੇ ਵਾਪਸੀ ਇਸ ਤਰ੍ਹਾਂ ਨਾ ਹੋਵੇ, ਹਾਲਾਤ ਇੱਥੋਂ ਤੱਕ ਵੀ ਆ ਸਕਦੇ ਸਨ। ਉਹ ਲੰਡਨ ਏਅਰਪੋਰਟ ਉਤੇ ਮੈਥੋਂ ਪਹਿਲਾਂ ਉਤਰੇ ਅਤੇ ਮੈਂ ਉਸ ਤੋਂ ਬਾਅਦ ਨਹੀਂ ਦੇਖੇ। ਮੇਰਾ ਜਹਾਜ਼ ਉਸ ਤੋਂ ਬਾਅਦ ਬਦਲ ਜਾਣਾ ਸੀ। ਕੁਵੈਤ ਤੋਂ ਬਾਅਦ ਤਾਂ ਮੇਰੇ ਖਿਆਲ ਉਨ੍ਹਾਂ ਉਤੇ ਹੀ ਟਿਕੇ ਰਹੇ।

**ਸਵਾਲ:** ਇਹ ਖਿਆਲ ਤਾਂ ਬੰਦੇ ਨੂੰ ਉਸ ਸਮੇਂ ਆਉਂਦਾ ਜਦੋਂ ਉਹ ਇਕੱਲਾ ਹੁੰਦਾ।

**ਜਵਾਬ:** ਮੈਂ ਜਹਾਜ਼ ਵਿਚ ਇਕੱਲਾ ਹੀ ਸੀ। ਮੈਂ ਕਿਸੇ ਨੂੰ ਵੀ ਨਹੀਂ ਜਾਣਦਾ ਸੀ ਤੇ ਨਾ ਹੀ ਮੈਂ ਜਾਨਣ ਦੀ ਕੋਸ਼ਿਸ਼ ਕੀਤੀ। ਕੈਨੇਡਾ ਜਾਣ ਵਾਲੇ ਕਾਫੀ ਪੰਜਾਬੀ ਜਹਾਜ਼ ਵਿਚ ਸੀ ਪਰ ਮੈਂ ਕੋਸ਼ਿਸ ਨਹੀਂ ਕੀਤੀ।

**ਸਵਾਲ:** ਉਸ ਤੋਂ ਬਾਅਦ ਮੁੜ ਕੇ ਇਹੀ ਦੌਰ ਫਿਰ ਆਉਂਦਾ ਹੈ। ਤੁਹਾਨੂੰ ਭਾਵੇਂ ਬੇੜੀਆਂ ਨਾ ਲੱਗੀਆਂ ਹੋਣ ...।

**ਜਵਾਬ:** ਨਹੀਂ ਲੱਗੀਆਂ ਹੋਈਆਂ ਸਨ।

**ਸਵਾਲ:** ਤੁਹਾਨੂੰ ਬੇੜੀਆਂ ਲਾ ਕੇ ਉਥੋਂ ਲਿਆਂਦਾ ਗਿਆ। ਜਦੋਂ ਤੁਸੀਂ ਇਹ ਫੈਸਲਾ ਕੀਤਾ ਕਿ ਭਾਵੇਂ ਤੁਸੀਂ ਭਾਰਤ ਸਰਕਾਰ ਦੇ ਖਿਲਾਫ ਕੇਸ ਜਿੱਤ ਗਏ ਸੀ, ਤੁਸੀਂ ਸੁੱਖੀ ਨਾਲ ਵਾਪਸ ਆਉਣ ਦਾ ਫੈਸਲਾ ਕੀਤਾ। ਤੁਹਾਡੀ ਅਤੇ ਸੁੱਖੀ ਦੀ ਦੋਸਤੀ ਮਿਸਾਲੀ ਹੈ। ਜਦੋਂ ਤੁਸੀਂ ਮੁੰਬਈ ਪਹੁੰਚ ਗਏ। ਸੁੱਖੀ ਨੂੰ ਹੋਰ ਜਹਾਜ਼ ਵਿਚ ਚੜ੍ਹਾਇਆ ਗਿਆ, ਤੁਹਾਨੂੰ ਹੋਰ ਵਿਚ। ਤੁਸੀਂ ਦੱਸਿਆ ਸੀ ਕਿ ਤੁਸੀਂ ਖੜ੍ਹ ਕੇ ਸੁੱਖੀ ਨੂੰ ਜਾਂਦਿਆਂ ...

**ਜਵਾਬ:** ਹਾਂ, ਕਾਫੀ ਦੇਰ ਦੇਖਦਾ ਰਿਹਾ ਸੀ।

**ਸਵਾਲ:** ਉਹ ਕੀ ਨਜ਼ਾਰਾ ਸੀ ਅਤੇ ਮਨ ਵਿਚ ਕੀ ਚੱਲ ਰਿਹਾ ਸੀ?

**ਜਵਾਬ:** ਜਦੋਂ ਅਸੀਂ ਉਤਰੇ ਤਾਂ ਰਾਤ ਦੇ 12 ਵੱਜ ਚੁੱਕੇ ਸਨ। ਸਾਨੂੰ ਅਡਜੈਕਟਿਵ ਲੌਂਜ 'ਚ ਲੈ ਗਏ। ਸਾਡੇ ਨਾਲ ਸੀ.ਬੀ.ਆਈ. ਦਾ ਜੁਆਇੰਟ ਡਾਇਰੈਕਟਰ ਇੰਚਾਰਜ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਨਹਾਉਣਾ ਹੈ। ਪਹਿਲਾਂ ਉਨ੍ਹਾਂ ਨੇ ਮਨ੍ਹਾ ਕੀਤਾ ਪਰ ਬਾਅਦ ਵਿਚ ਉਹ ਮੰਨ ਗਏ। ਨਹਾਉਣ ਦੇ ਬਾਅਦ ਅਸੀਂ ਪੱਗਾਂ ਬੰਨ੍ਹ ਲਈਆਂ। ਫਿਰ ਉਨ੍ਹਾਂ ਸਾਨੂੰ ਪੀਣ ਲਈ ਚਾਹ ਦਿੱਤੀ। ਸਵੇਰ ਦੇ ਛੇ ਵੱਜ ਗਏ। ਅਸੀਂ ਸੁੱਤੇ ਵੀ ਨਹੀਂ। ਛੇ ਵਜੇ ਉਹ ਆਪਣੇ ਜਹਾਜ਼ ਉਤੇ ਜੋਧਪੁਰ ਨੂੰ ਚੱਲ ਪਿਆ ਅਤੇ ਮੈਂ ਦਿੱਲੀ ਨੂੰ। ਅਸੀਂ ਕਾਫੀ ਦੂਰ ਤੱਕ ਇਹ ਮਹਿਸੂਸ ਕਰਦੇ ਰਹੇ ਕਿ ਹੁਣ ਦੁਬਾਰਾ ਮਿਲਣਾ ਕਿ ਨਹੀਂ ਮਿਲਣਾ। ਕਾਫੀ ਦੂਰ ਤੱਕ ਮੈਂ ਵੀ ਦੇਖਦਾ ਰਿਹਾ ਅਤੇ ਉਹ ਵੀ ਦੇਖਦਾ ਰਿਹਾ। ਉਹ ਬਹੁਤ ਅਨੋਖਾ ਨਜ਼ਾਰਾ ਸੀ ਕਿ ਪਤਾ ਨਹੀਂ ਹੁਣ ਮੁੜ ਕੇ ਮੇਲੇ ਹੋਣੇ ਹਨ ਜਾਂ ਨਹੀਂ। ਇੱਕ ਦੂਜੇ ਨਾਲ ਸਾਂਝ ਇੰਨੀ ਸੀ ਅਤੇ ਇਹ ਲੱਗਣਾ ਤਾਂ ਸੁਭਾਵਿਕ ਹੀ ਸੀ।

**ਸਵਾਲ:** ਜਿੰਨੀ ਨੇੜਤਾ ਹੈ, ਓਨਾ ਹੀ ਗਹਿਰਾ ਵਿਛੋੜਾ ਹੁੰਦਾ ਹੈ। ਤੁਸੀਂ ਦੱਸਿਆ ਸੀ ਕਿ ਤੁਸੀਂ ਜਦੋਂ ਆ ਰਹੇ ਸੀ ਤਾਂ ਤੁਹਾਨੂੰ ਅੰਦਾਜ਼ਾ ਸੀ ਕਿ ਤੁਹਾਡੇ ਉਪਰ ਤਸ਼ੱਦਦ ਹੋਵੇਗਾ। ਉਸ ਲਈ ਤੁਸੀਂ ਮਾਨਸਿਕ ਤਿਆਰੀ ਕੀਤੀ। ਇੱਕ ਤੁਸੀਂ ਇਹ ਵੀ ਦੱਸਿਆ ਸੀ ਕਿ ਤੁਸੀਂ ਖਾਣਾ ਵੀ ਘੱਟ ਖਾਧਾ।

**ਜਵਾਬ:** ਤਕਰੀਬਨ ਖਾਧਾ ਨਹੀਂ, ਬਸ ਚਾਹ ਹੀ ਪੀਤੀ ਸੀ।

**ਸਵਾਲ:** ਤੁਸੀਂ ਤਸ਼ੱਦਦਖਾਨੇ ਨੂੰ ਜਾ ਰਹੇ ਸੀ। ਸਭ ਤੋਂ ਕਰੀਬੀ ਮਿੱਤਰਾਂ ਵਿਚੋਂ ਇੱਕ ਮਿੱਤਰ ਬਾਰੇ ਤੁਹਾਨੂੰ ਲੱਗ ਰਿਹਾ ਹੈ ਕਿ ਸ਼ਾਇਦ ਮੁੜ ਕੇ ਉਹ ਮਿਲੇ ਜਾਂ ਨਾ ਮਿਲੇ। ਜਿਵੇਂ ਹੁਣ ਕਰੋਨਾ ਦੌਰ ਵਿਚ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਗੱਲ ਇਸ ਤਰ੍ਹਾਂ ਕਰ ਲਵੋ, ਜਿਵੇਂ ਆਖਰੀ ਗੱਲ ਹੋਵੇ। ਉਸ ਪਲ ਤੁਸੀਂ ਆਪਣੇ ਆਪ ਨੂੰ ਕੀ ਸਮਝਾਇਆ?

**ਜਵਾਬ:** ਨਹੀਂ, ਇਹ ਤਾਂ ਤੈਅ ਸੀ ਕਿ ਵਿਛੜਾਂਗੇ। ਉਸ ਨੇ ਜੋਧਪੁਰ ਜਾਣਾ ਸੀ, ਮੈਂ ਦਿੱਲੀ ਜਾਣਾ ਸੀ।

**ਸਵਾਲ:** ਤੁਹਾਨੂੰ ਪਤਾ ਕਦੋਂ ਲੱਗਿਆ?

**ਜਵਾਬ:** ਇਹ ਤਾਂ ਉਥੇ ਹੀ ਪਤਾ ਸੀ। ਉਸ ਉਪਰ ਕੇਸ ਉਥੋਂ ਦਾ ਸੀ ਅਤੇ ਮੇਰੇ ਉਪਰ ਦਿੱਲੀ ਦਾ ਸੀ। ਹਵਾਲਗੀ ਵਿਚ ਹੁੰਦਾ ਹੈ ਕਿ ਜਿਸ ਮੁਤੱਲਕ ਹਵਾਲਗੀ ਹੋਈ ਹੈ, ਤੁਸੀਂ ਉਥੇ ਜਾਣਾ ਹੈ ਅਤੇ ਉਹੀ ਕੇਸ ਚੱਲੇਗਾ। ਉਸ ਦੁਵਿਧਾ ਵਿਚ ਪਹਿਲਾਂ ਮੈਂ ਥਾਣੇ ਗਿਆ। ਪੁਲਿਸ ਮੁਲਾਜ਼ਮਾਂ ਨਾਲ ਲੰਮੀ-ਚੌੜੀ ਗੱਲਬਾਤ ਹੋਈ। ਫਿਰ ਅਦਾਲਤ ਗਿਆ ਜਿਸ ਤੋਂ ਬਾਅਦ ਉਸ ਸ਼ਾਮ ਮੈਨੂੰ ਤਿਹਾੜ ਜੇਲ੍ਹ ਲਿਆਂਦਾ ਗਿਆ। ਉਥੇ ਆ ਕੇ ਮਹਿਸੂਸ ਹੋਇਆ ਕਿ ਕਿੱਥੇ ਆ ਗਏ। ਤਿਹਾੜ ਜੇਲ੍ਹ ਬੜੀ ਵੱਖਰੀ ਸੀ, ਅਮਰੀਕੀ ਜੇਲ੍ਹਾਂ ਦੇ ਮੁਕਾਬਲੇ। ਇੱਕ ਤਾਂ ਪਹਿਲਾਂ ਤੁਹਾਨੂੰ ਹੇਠਾਂ ਲਾਈਨਾਂ ਵਿਚ ਬਿਠਾ ਲਿਆ ਜਾਂਦਾ ਹੈ। ਮੈਂ ਕਿਹਾ, ਮੈਂ ਹੇਠਾਂ ਨਹੀਂ ਬੈਠਣਾ। ਉਥੇ ਪਹਿਲਾਂ ਉਨ੍ਹਾਂ ਨਾਲ ਕਾਫੀ ਬਹਿਸ ਹੋਈ। ਉਹ ਨੰਬਰਦਾਰ ਜਿਹੇ ਹੁੰਦੇ ਹਨ। ਹੁੰਦੇ ਤਾਂ ਉਹ ਕੈਦੀ ਹੀ ਹਨ ਪਰ ਮੈਨੂੰ ਕੀ ਪਤਾ ਸੀ। ਉਨ੍ਹਾਂ ਨੇ ਚਿੱਟੇ ਕੱਪੜੇ ਪਾਏ ਹੋਏ ਸੀ। ਮੈਂ ਕਿਹਾ, ਮੈਂ ਤਾਂ ਬੈਂਚ ਉਪਰ ਬੈਠਾਂਗਾ। ਜਦੋਂ ਜ਼ਿਆਦਾ ਬਹਿਸ ਹੋ ਗਈ ਤਾਂ ਉਹ ਕਹਿੰਦੇ, ਤੁਸੀਂ ਅੰਦਰ ਚਲੇ ਜਾਓ। ਮੈਂ ਅੰਦਰ ਚਲਾ ਗਿਆ। ਮੈਨੂੰ ਅਫਸਰ ਨੇ ਬੁਲਾਇਆ। ਮੈਂ ਤੁਹਾਨੂੰ ਦੱਸਦਾਂ, ਉਥੇ ਕਿਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਜਾਂਦੇ। ਉਹ ਡਿਪਟੀ ਸੁਪਰਡੈਂਟ ਗਰਗ ਸੀ। ਉਸ ਨੇ ਸੋਚਿਆ, ਮੈਂ ਚੰਗੇ ਪਰਿਵਾਰ ਵਿਚੋਂ ਹਾਂ। ਉਸ ਨੇ ਉਸੇ ਲਹਿਜੇ ਵਿਚ ਗੱਲ ਕੀਤੀ, ਕੋਈ ਪੈਸੇ ਬਾਰੇ, ਜਾਂ ਤੁਹਾਨੂੰ ਮਿਲਣ ਕੌਣ ਆਉਂਦਾ, ਕੌਣ ਮਦਦ ਕਰ ਸਕਦਾ ...। ਮੈਂ ਅੰਗਰੇਜ਼ੀ ਵਿਚ ਹੀ ਗੱਲਬਾਤ ਕੀਤੀ ਜੋ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ 14 ਸਾਲ ਹੋ ਗਏ। ਤੁਸੀਂ ਗਲਤ ਬੰਦੇ ਨਾਲ ਗੱਲ ਕਰ ਰਹੇ ਹੋ। ਉਹ ਸਮਝ ਗਿਆ। ਥੋੜ੍ਹਾ ਆਕੜਿਆ ਜ਼ਰੂਰ, ਮੈਂ ਕਿਹਾ ਜੋ ਤੁਹਾਡਾ ਜ਼ੋਰ ਲੱਗਦਾ, ਤੁਸੀਂ ਕਰ ਲਓ। ਉਸ ਸਮੇਂ ਤੁਹਾਡੇ ਅੰਦਰ ਇਕੱਲ ਹੋਣ ਕਰਕੇ ਡਰ ਨਿਕਲ ਜਾਂਦਾ ਹੈ ਕਿ ਇਸ ਤੋਂ ਵੱਧ ਹੋਰ ਕੀ ਹੋ ਜਾਵੇਗਾ। ਥੱਲਾ ਤਾਂ ਦੇਖਿਆ ਹੀ ਹੈ। ਇਕੱਲ ਦੀ ਸਭ ਤੋਂ ਵੱਡੀ ਖੇਡ ਤੁਹਾਡਾ ਅੰਦਰੂਨੀ ਡਰ ਹੈ। ਜੇ ਕਿਸੇ ਤਰ੍ਹਾਂ ਤੁਸੀਂ ਉਸ ਉਪਰ ਕਾਬੂ ਕਰ ਲੈਂਦੇ ਹੋ ਤਾਂ ਫੇਰ ਇਕੱਲ ਤੁਹਾਨੂੰ ਮਾਤ ਨਹੀਂ ਦਿੰਦੀ। ਇਹੀ ਸਭ ਤੋਂ ਵੱਡੀ ਮਾਤ ਹੈ।

**ਸਵਾਲ:** ਇਹ ਲਗਾਤਾਰ ਚਲਦੀ ਲੜਾਈ ਹੈ ਬੰਦੇ ਦੀ ਆਪਣੇ-ਆਪ ਨਾਲ?

**ਜਵਾਬ:** ਫਿਰ ਤੁਸੀਂ ਹੋਰ ਹਨੇਰੇ ਵਿਚ ਚਲੇ ਜਾਂਦੇ ਹੋ। ਤੁਹਾਡੇ ਅੰਦਰੂਨੀ ਡਰ ਨੂੰ ਮੌਕਾ ਤਾਂ ਬੜੀ ਵਾਰ ਮਿਲਦਾ ਹੈ ਕਿ ਤੁਸੀਂ ਦਬਾਅ ਹੇਠ ਆ ਜਾਵੋ। ਤੁਹਾਡੀ ਜੇਲ੍ਹ ਬੰਦੀ ਜਾਂ ਜ਼ਿੰਦਗੀ ਦਾ ਸਫਰ, ਉਹ ਤੁਹਾਨੂੰ ਦਬਾਅ ਤੋਂ ਕੋਈ ਨਾ ਕੋਈ ਰਾਹ ਲੱਭਣ ਦਾ ਮੌਕਾ ਜ਼ਰੂਰ ਦਿੰਦਾ ਹੈ। ਬਸ ਤੁਸੀਂ ਸਮਝ ਜਾਓ ਕਿ ਪਾਸਾ ਕਿਹੜਾ ਲੈਣਾ ਹੈ ਤਾਂ ਕਿ ਇਹ ਡਰ ਆ ਕੇ ਤੁਹਾਡੇ ਵਿਚ ਵੱਜੇ ਨਾ।

**ਸਵਾਲ:** ਜਦੋਂ ਤੁਸੀਂ ਜੇਲ੍ਹ ਵਿਚ ਹੋ, ਉਥੇ ਤੁਹਾਡੀ ਇਕੱਲਤਾ ਨੂੰ ਤੋੜਨ ਵਾਲੀਆਂ ਚੀਜ਼ਾਂ ਹਨ ਜਾਂ ਆਸ ਤੁਹਾਡੀ ਇਕੱਲਤਾ ਨੂੰ ਤੋੜਦੀ ਹੈ। ਉਸ ਦੇ ਵਿਚ ਹੈ ਕਿ ਬਾਹਰੋਂ ਤੁਹਾਡੇ ਕੇਸ ਦੀ ਕਿਸ ਤਰ੍ਹਾਂ ਪੈਰਵੀ ਹੋ ਰਹੀ ਹੈ। ਤੁਹਾਡੇ ਬਾਹਰ ਜਾਣ ਦੀ ਕਿੰਨੀ ਗੁੰਜਾਇਸ਼ ਹੈ। ਤੁਹਾਡੀ ਇੱਕ ਮੁਲਾਕਾਤ ਆਪਣੇ ਪਿਤਾ ਜੀ ਨਾਲ ਹੋਈ ਕਿ ਤੁਹਾਡੇ ਮਾਮਲੇ ਦੀ ਪੈਰਵੀ ਕਿਵੇਂ ਕੀਤੀ ਜਾਵੇ? ਉਹ ਕੀ ਗੱਲਬਾਤ ਹੋਈ ਸੀ?

**ਜਵਾਬ:** ਨਹੀਂ, ਜਦੋਂ ਪਹਿਲੀ ਵਾਰ ਮੈਨੂੰ ਘਰਦੇ ਮਿਲੇ ਤਾਂ ਉਸ ਸਮੇਂ ਮੈਂ ਅਦਾਲਤ ਵਿਚ ਸੀ। ਤੁਹਾਡੇ ਉਪਰ ਪੁਲਿਸ ਵੱਲੋਂ ਨਕਾਬ ਪਾਇਆ ਜਾਂਦਾ ਹੈ। ਵੈਸੇ ਤਾਂ ਮੈਂ ਆਪਣੇ ਕੱਪੜਿਆ ਵਿਚ ਸੀ, ਹੱਥਕੜੀਆਂ, ਬੇੜੀਆਂ ਲੱਗੀਆਂ ਹੋਈਆਂ ਸਨ। ਮੈਂ ਰੌਲਾ ਪਾਇਆ ਕਿ ਮੈਨੂੰ ਕਿਸੇ ਦਾ ਡਰ ਨਹੀਂ, ਮੈਂ ਨਕਾਬ ਨਹੀਂ ਪਾਉਣਾ। ਮੈਂ ਲੰਮੇ ਸਮੇਂ ਤੋਂ ਜੇਲ੍ਹ ਵਿਚ ਬੰਦ ਸੀ, ਜਾਂ ਮੈਂ ਕਿਹੜਾ ਕਿਸੇ ਸਨਾਖਤ ਤੋਂ ਡਰਦਾ ਹਾਂ। ਉਹ ਮੰਨੇ ਨਹੀਂ। ਸਾਨੂੰ ਅਦਾਲਤ ਵਿਚ ਲੈ ਗਏ। ਅਦਾਲਤ ਵਿਚ ਜਦੋਂ ਪਾਪਾ ਜੀ ਦੀ ਆਵਾਜ਼ ਆਈ ਤਾਂ ਮੈਨੂੰ ਇਹ ਪਤਾ ਲੱਗ ਗਿਆ ਕਿ ਉਹ ਆਏ ਹੋਏ ਹਨ। ਉਥੇ ਇਨ੍ਹਾਂ ਨੇ ਮੈਨੂੰ ਨਕਾਬ ਚੁੱਕਣ ਦੀ ਇਜਾਜ਼ਤ ਦੇ ਦਿੱਤੀ। ਜੱਜ ਵੀ ਖੜ੍ਹਾ ਸੀ। ਮੈਂ ਪਹਿਲਾਂ ਇਹੀ ਕਿਹਾ ਕਿ ਮੈਂ ਠੀਕ ਹਾਂ, ਕੋਈ ਘਬਰਾਉਣ ਵਾਲੀ ਗੱਲ ਨਹੀਂ। ਮੈਂ ਇਹੀ ਚਾਹੁੰਦਾ ਹਾਂ ਕਿ ਤੁਸੀਂ ਖੱਜਲ ਨਾ ਹੋਇਓ। ਤੁਸੀਂ ਆਰਾਮ ਨਾਲ ਘਰ ਬੈਠੋ। ਆਪਾਂ ਵਕੀਲ ਕੀਤਾ ਹੋਇਆ ਹੈ। ਇਹ ਪੰਗਾ ਮੇਰਾ ਖੁਦ ਦਾ ਲਿਆ ਹੋਇਆ ਹੈ, ਮੈਂ ਖੁਦ ਹੀ ਇਸ ਨੂੰ ਸੁਲਝਾਵਾਂਗਾ। ਸੁਲਝ ਗਿਆ ਤਾਂ ਵੀ ਠੀਕ ਹੈ, ਜੇ ਨਾ ਸੁਲਝਿਆ ਤਾਂ ਵੀ ਠੀਕ ਹੈ। ਮੈਂ ਨਹੀਂ ਚਾਹੁੰਦਾ ਕਿ ਮੇਰੇ ਕਰ ਕੇ ਅਦਾਲਤਾਂ ਵਿਚ ਤੁਸੀਂ ਖੱਜਲ-ਖੁਆਰ ਹੋਵੋ। ਉਹ ਕੁਝ ਬੋਲੇ ਨਹੀਂ ਪਰ ਗਏ ਵੀ ਨਹੀਂ।

**ਸਵਾਲ:** ਉਸ ਵਕਤ ਤੁਹਾਡੀ ਪੈਰਵੀ ਕਰਨ ਵਾਲਾ ਉਹ ਸਭ ਤੋਂ ਵੱਡਾ ਸਹਾਰਾ ਸਨ ਪਰ ਤੁਸੀਂ ਉਸੇ ਸਹਾਰੇ ਦੀ ਚਿੰਤਾ ਸਭ ਤੋਂ ਵੱਧ ਕਰਦੇ ਹੋ ਅਤੇ ਉਸ ਨੂੰ ਪਿੱਛੇ ਧੱਕਦੇ ਹੋ?

**ਜਵਾਬ:** ਨਹੀਂ ਧੱਕ ਨਹੀਂ ਰਿਹਾ, ਇੱਕ ਤਾਂ ਸਾਡੇ ਵਿਚਾਰ ਪੂਰੀ ਤਰ੍ਹਾਂ ਨਹੀਂ ਮਿਲਦੇ ਸਨ। ਮੈਂ ਨਹੀਂ ਚਾਹੁੰਦਾ ਸੀ ਕਿ ਉਸ ਉਮਰੇ ਉਹ ਅਦਾਲਤਾਂ ਵਿਚ ਜਾਣ। ਮੈਂ ਦੇਖਿਆ ਹੀ ਹੋਇਆ ਸੀ। ਮੈਂ ਬਹੁਤਾ ਖੁਆਇਸ਼ਮਾਨ ਵੀ ਨਹੀਂ ਸੀ ਕਿ ਬਾਹਰ ਨਿਕਲਦਾ ਹਾਂ, ਜਾਂ ਨਹੀਂ। ਮੈਂ ਨਹੀਂ ਚਾਹੁੰਦਾ ਸੀ ਕਿ ਮੇਰੇ ਕਰ ਕੇ ਘਰਦੇ ਖੱਜਲ ਹੋਣ। ਨਾ ਮੈਂ ਬਾਹਰ ਇਸ ਤਰ੍ਹਾਂ ਦੀ ਗੱਲ ਕੀਤੀ ਸੀ, ਤੇ ਨਾ ਹੀ ਮੈਂ ਇੱਥੇ ਕਰਨਾ ਚਾਹੁੰਦਾ ਸੀ।

**ਸਵਾਲ:** ਜਦੋਂ ਤੁਸੀਂ ਇੱਕ ਤੋਂ ਦੂਜੀ ਥਾਂ ਤੁਰ ਕੇ ਜਾਂਦੇ ਹੋ, ਮੈਨੂੰ ਲੱਗਦੈ, ਉਹ ਇਕੱਲਤਾ ਦਾ ਬਹੁਤ ਵੱਡਾ ਪਲ ਹੈ; ਉਹ ਇਹ ਕਿ ਜਦੋਂ ਤੁਸੀਂ ਜ਼ਿੰਦਗੀ ਵਿਚ ਪਹਿਲੀ ਵਾਰ ਅਵੰਤਿਕਾ ਮਾਕਨ ਨੂੰ ਮਿਲਣ ਗਏ। ਅਵੰਤਿਕਾ ਮਾਕਨ ਕਾਂਗਰਸ ਆਗੂ ਅਤੇ ਤਤਕਾਲੀ ਕੇਂਦਰੀ ਮੰਤਰੀ ਲਲਿਤ ਮਾਕਨ ਦੀ ਧੀ ਹੈ। ਲਲਿਤ ਮਾਕਨ ਦੇ ਕਤਲ ਦਾ ਮੁਕੱਦਮਾ ਤੁਹਾਡੇ ਖਿਲਾਫ ਸੀ। ਜਦੋਂ ਤੁਸੀਂ ਜੇਲ੍ਹ ਵਿਚੋਂ ਆਏ ਤਾਂ ਇੱਕ ਮੌਕਾ ਆਇਆ ਜਦੋਂ ਤੁਸੀਂ ਉਸ ਨੂੰ ਮਿਲਣ ਗਏ। ਜਿਹੜਾ ਇੱਕ ਥਾਂ ਤੋਂ ਤੁਰ ਕੇ ਉਸ ਨੂੰ ਮਿਲਣ ਤੱਕ ਦਾ ਪਲ ਸੀ, ਮੈਨੂੰ ਲੱਗਦਾ ਹੈ, ਤੁਸੀਂ ਉਸ ਪਲ ਵਿਚ ਵੀ ਇਕੱਲੇ ਸੀ।

**ਜਵਾਬ:** ਹਾਂ ਇਕੱਲਤਾ ਸੀ। ਮਨ ਵਿਚ ਦੁਵਿਧਾ ਸੀ ਕਿ ਇਸ ਨੂੰ ਨਿਜੱਠਣਾ ਕਿਵੇਂ ਹੈ। ਉਸ ਦਾ ਨਜ਼ਰੀਆ ਬਹੁਤ ਜਜ਼ਬਾਤੀ ਸੀ ਜੋ ਉਸ ਬਾਰੇ ਸਾਨੂੰ ਦੱਸਿਆ ਗਿਆ ਸੀ। ਦਰਦ ਮੇਰੇ ਕੋਲ ਵੀ ਬਹੁਤ ਸੀ, ਮੈਂ ਵੀ ਸਭ ਕੁਝ ਹੰਢਾਇਆ ਹੋਇਆ ਸੀ। ਮੈਂ ਕਿਹੜਾ ਮਾਕਨ ਨੂੰ ਜਾਣਦਾ ਸੀ। ਨਾ ਮੈਂ ਬਾਅਦ ਵਿਚ ਜਾਣਦਾ ਸੀ, ਨਾ ਮੈਂ ਪਹਿਲਾਂ ਜਾਣਦਾ ਸੀ। ਉਹ ਵੀ ਪਹਿਲਾਂ ਤਲਖੀ ਵਿਚ ਮਿਲੀ। ਜਦੋਂ ਗੱਲਬਾਤ ਸ਼ੁਰੂ ਹੋਈ, ਉਸ ਨੇ ਦੋਸਤਾਨਾ ਲਹਿਜੇ ਨਾਲ ਹੈਲੋ-ਹਾਏ ਕੀਤਾ ਪਰ ਤਲਖੀ ਤਾਂ ਸੀ। ਉਸ ਨੇ ਸੁਆਲ ਪੁੱਛਣੇ ਸ਼ੁਰੂ ਕਰ ਦਿੱਤੇ, ਕਿਵੇਂ, ਕਿਉਂ, ਕੀ ਹੋ ਗਿਆ? ਫਿਰ ਜਦੋਂ ਗੱਲਬਾਤ ਹੋਈ, ਉਹ ਪਲ ਸੀ, ਮੈਂ ਇਕੱਲਾ ਸੀ। ਕੋਈ ਡਰ ਨਹੀਂ ਸੀ। ਥੋੜ੍ਹੇ ਭਰਮ ਸੀ, ਉਹ ਟੁੱਟ ਗਏ। ਫਿਰ ਸਾਡਾ ਆਪਸੀ ਮੇਲ ਵਧ ਗਿਆ।



ਅਵੰਤਿਕਾ ਮਾਕਨ

*ਪਹਿਲੀ ਵਾਰ ਅਵੰਤਿਕਾ ਮਾਕਨ ਨੂੰ ਮਿਲਣ ਗਿਆ ਤਾਂ ਮਨ ਵਿਚ ਦੁਵਿਧਾ ਸੀ ਕਿ ਇਸ ਨੂੰ ਨਿਜੱਠਣਾ ਕਿਵੇਂ ਹੈ। ਉਸ ਦਾ ਨਜ਼ਰੀਆ ਬਹੁਤ ਜਜ਼ਬਾਤੀ ਸੀ। ਦਰਦ ਮੇਰੇ ਕੋਲ ਵੀ ਬਹੁਤ ਸੀ, ਮੈਂ ਵੀ ਸਭ ਕੁਝ ਹੰਢਾਇਆ ਹੋਇਆ ਸੀ। ਮੈਂ ਕਿਹੜਾ ਮਾਕਨ ਨੂੰ ਜਾਣਦਾ ਸੀ। ਉਹ ਵੀ ਪਹਿਲਾਂ ਤਲਖੀ ਵਿਚ ਮਿਲੀ। ਜਦੋਂ ਗੱਲਬਾਤ ਸ਼ੁਰੂ ਹੋਈ, ਉਸ ਨੇ ਦੋਸਤਾਨਾ ਲਹਿਜੇ ਨਾਲ ਹੈਲੋ-ਹਾਏ ਕੀਤਾ ਪਰ ਤਲਖੀ ਤਾਂ ਸੀ। ਉਸ ਨੇ ਸੁਆਲ ਪੁੱਛਣੇ ਸ਼ੁਰੂ ਕਰ ਦਿੱਤੇ, ਕਿਵੇਂ, ਕਿਉਂ, ਕੀ ਹੋ ਗਿਆ? ਫਿਰ ਜਦੋਂ ਗੱਲਬਾਤ ਹੋਈ, ਉਹ ਪਲ ਸੀ, ਮੈਂ ਇਕੱਲਾ ਸੀ। ਕੋਈ ਡਰ ਨਹੀਂ ਸੀ। ਥੋੜ੍ਹੇ ਭਰਮ ਸੀ, ਉਹ ਟੁੱਟ ਗਏ।*



ਰਣਜੀਤ ਸਿੰਘ ਗਿੱਲ

**ਸਵਾਲ:** ਉਸ ਪਿੱਛੋਂ ਤੁਸੀਂ ਜੇਲ੍ਹ ਤੋਂ ਬਾਹਰ ਆ ਗਏ। ਹੁਣ ਵੀ ਤੁਹਾਡੀ ਜ਼ਿੰਦਗੀ ਆਪਣੇ-ਆਪ ਤੱਕ ਮਹਿਦੂਦ ਰਹਿੰਦੀ ਹੈ। ਉਸ ਵਿਚ ਕੀ ਚੀਜ਼ਾਂ ਹਨ ਜੋ ਤੁਹਾਨੂੰ ਕਾਇਮ ਰੱਖਦੀਆਂ ਹਨ?

**ਜਵਾਬ:** ਇੱਕ ਤਾਂ ਇਹ ਹੈ ਕਿ ਜਿਹੜਾ ਮੇਰਾ ਨੇਮ ਬਣਿਆ ਹੋਇਆ ਹੈ, ਜਦੋਂ ਤੋਂ ਸੰਘਰਸ਼ ਵਿਚ ਗਿਆ ਅਤੇ ਮੈਂ ਜੇਲ੍ਹ ਕੱਟੀ; ਉਸ ਤੋਂ ਬਾਅਦ ਮੈਂ ਨੇਮ ਤੋੜਿਆ ਨਹੀਂ।

**ਸਵਾਲ:** ਜਿਹੜੀ ਜੇਲ੍ਹ ਵਾਲੀ ਤਰਤੀਬ ਹੈ, ਉਹ ਤੁਸੀਂ ਘਰ ਵੀ ਕਾਇਮ ਰੱਖੀ।

**ਜਵਾਬ:** ਘਰ ਵੀ ਕਾਇਮ ਰੱਖੀ। ਹੁਣ ਇਹ ਹੈ ਕਿ ਬੰਦਿਸ਼ ਨਹੀਂ ਹੈ। ਕਨਫਿਊਸੀਅਸ਼ ਕਹਿੰਦਾ ਹੈ ਕਿ ਬੰਦਾ ਕਈ ਵਾਰ ਦਿਸਦੀਆਂ ਜ਼ੰਜੀਰਾਂ ਤਾਂ ਭੰਨ ਲੈਂਦਾ ਪਰ ਅਣਦਿਸਦੀਆਂ ਜ਼ੰਜੀਰਾਂ ਵਿਚ ਫਸ ਜਾਂਦਾ ਹੈ। ਇਹ ਦਾਇਰਾ ਹੈ ਜਿਹੜਾ ਤੁਹਾਨੂੰ ਦਿਖਾਈ ਨਹੀਂ ਦਿੰਦਾ। ਉਹ ਤੁਸੀਂ ਆਪ ਘੱਤ ਲੈਂਦੇ ਹੋ ਕਿ ਇੱਥੋਂ ਬਾਹਰ ਨਹੀਂ ਹੋਣਾ। ਤੁਹਾਡੀ ਜ਼ਿੰਦਗੀ ਇਸ ਤਰ੍ਹਾਂ ਦੀ ਮਹਿਫੂਜ਼ ਹੋ ਚੁੱਕੀ ਹੈ ਕਿ ਕਸਰਤ ਕਰਨੀ, ਪੜ੍ਹਨਾ-ਲਿਖਣਾ, ਆਪਣੇ-ਆਪ ਵਿਚ ਰਹਿਣਾ, ਕੋਈ ਵਧੀਆ ਫਿਲਮ ਦੇਖ ਲਈ, ਕੋਈ ਚੰਗੀ ਕਿਤਾਬ ਪੜ੍ਹ ਲਈ। ਇਸ ਵਿਚ ਹੀ ਤੁਹਾਡੀ ਜ਼ਿੰਦਗੀ ਲੰਘ ਜਾਂਦੀ ਹੈ। ਜ਼ਿੰਦਗੀ ਇਕ ਤਰਤੀਬ ਹੀ ਤਾਂ ਹੈ, ਸਮਝਣ ਦੀ ਗੱਲ ਹੈ। ਉਸ ਨੂੰ ਤਰਤੀਬ ਵਿਚ ਕਿਵੇਂ ਰੱਖਣਾ, ਇਹ ਕਿਸੇ ਵੀ ਮਨੁੱਖ ਲਈ ਸਭ ਤੋਂ ਵੱਡੀ ਚਣੌਤੀ ਹੈ।

**ਸਵਾਲ:** ਤੁਸੀਂ ਬਹੁਤ ਸਾਰੀਆਂ ਗੱਲਾਂ ਕਰਦੇ ਹੋ ਜਿਸ ਵਿਚ ਤੁਸੀਂ ਆਪਣੀ ਜ਼ਿੰਦਗੀ ਦੀ ਤਰਤੀਬ ਬਾਰੇ ਗੱਲਬਾਤ ਕਰਦੇ ਹੋ; ਆਪਣੇ ਆਪ ਲਈ ਤੈਅ ਕੀਤੇ ਘੇਰੇ ਵਿਚ ਰਹਿਣ ਦੀ ਗੱਲ ਕਰਦੇ ਹੋ। ਜਦੋਂ ਇਸ ਘੇਰੇ ਤੋਂ ਬਾਹਰ ਜਾਣ ਦੀ ਗੱਲ ਆਉਂਦੀ ਹੈ, ਜਿਵੇਂ ਤੁਹਾਡਾ ਉਸ ਲਹਿਰ ਵਿਚ ਸ਼ਾਮਿਲ ਹੋਣਾ; ਉਹ ਕਿਹੜਾ ਪਲ ਹੈ ਜੋ ਤੁਹਾਨੂੰ ਆਪਣੀ ਇਕੱਲਤਾ ਵਿਚੋਂ ਕੱਢ ਕੇ ਸਮਾਜ ਅਤੇ ਸਿਆਸਤ ਦੇ ਘੇਰੇ ਵਿਚ ਲੈ ਕੇ ਆਉਂਦਾ ਹੈ?

**ਜਵਾਬ:** ਜਿਹੜੀ ਸੰਨ 1984 ਵਿਚ ਸਥਿਤੀ ਬਣੀ ਜਿਸ ਨੂੰ ਅੱਜ 37 ਸਾਲ ਹੋ ਗਏ ਹਨ, ਬਹੁਤ ਅਣਸੁਖਾਵੀਂ ਘਟਨਾ ਸੀ। ਇਸ ਦੀ ਵਾਅ ਤੁਹਾਨੂੰ ਲੱਗਣੀ ਹੀ ਸੀ। ਜੇ ਤੁਹਾਡੇ ਅੰਦਰ ਅਣਖ ਤੇ ਗ਼ੈਰਤ ਹੈ ਤਾਂ ਉਸ ਚੀਜ਼ ਨੇ ਤੁਹਾਡੇ ਅੱਗੇ ਵੱਡਾ ਸੰਕਲਪ ਲਿਆ ਖੜ੍ਹਾ ਕੀਤਾ। ਹੁਣ ਜੇ ਮੌਕਾ ਆਇਆ ਤਾਂ ਤੁਸੀਂ ਕਿੱਥੇ ਖੜ੍ਹੇ ਹੋ। ਉਹ ਮੇਰੇ ਇਕੱਲੇ ਲਈ ਹੀ ਸੁਆਲ ਨਹੀਂ ਸੀ, ਹੋਰਾਂ ਲਈ ਵੀ ਹੋਇਆ ਹੋਵੇਗਾ। ਮੈਨੂੰ ਇਹ ਚੁਭਿਆ ਕਿ ਇਸ ਤਰ੍ਹਾਂ ਦਾ ਸੰਕਲਪ ਸਾਡੇ ਲਈ ਹੀ ਕਿਉਂ ਖੜ੍ਹਾ ਹੋਇਆ। ਕੀ ਆਪਾਂ ਇੰਨੇ ਦਬ ਗਏ ਹਾਂ, ਜਾਂ ਇੰਨੇ ਕਮਜ਼ੋਰ ਹੋ ਗਏ ਹਾਂ ਕਿ ਸਾਨੂੰ ਕੋਈ ਪੁੱਛਣ ਵਾਲਾ ਹੀ ਨਹੀਂ? ਉਸ ਨੇ ਇੱਕ ਖਿੱਚ ਤਾਂ ਪੈਦਾ ਕਰਨੀ ਹੀ ਸੀ।

**ਸਵਾਲ:** ਉਸ ਖਿੱਚ ਵਿਚੋਂ ਤੁਹਾਡਾ ਇਕ ਨਿਸ਼ਾਨਾ, ਜਿਵੇਂ ਤੁਸੀਂ ਦੱਸਿਆ ਸੀ, ਉਹ ਇਹ ਸੀ ਕਿ ਜਿੰਨਾ ਵੱਡਾ 1984 ਦਾ ਸਦਮਾ ਹੈ, ਅਪਰੇਸ਼ਨ ਬਲਿਊ ਸਟਾਰ; ਉਸ ਵਿਚ ਜ਼ਰੂਰੀ ਸੀ ਕਿ ਉਸ ਕਿਸਮ ਦਾ ਹੀ ਜਵਾਬ ਦਿੱਤਾ ਜਾਵੇ। ਇੱਕ ਵੱਡਾ ਨਿਸ਼ਾਨਾ ਤੈਅ ਕੀਤਾ ਗਿਆ ਸੀ, ਉਹ ਮੌਕੇ ਦੀ ਪ੍ਰਧਾਨ ਮੰਤਰੀ ਸੀ।

**ਜਵਾਬ:** ਹਾਂ ਖਿਆਲ ਸੀ।

**ਸਵਾਲ:** ਤੁਹਾਡਾ ਖਿਆਲ ਸੀ ਪਰ ਪ੍ਰਧਾਨ ਮੰਤਰੀ ਦਾ ਕਤਲ 31 ਅਕਤੂਬਰ ਨੂੰ ਹੋ ਗਿਆ। ਤੁਹਾਨੂੰ ਉਸ ਦਿਨ ਕੀ ਲੱਗਿਆ।

**ਜਵਾਬ:** ਇਹ ਤਾਂ ਨਹੀਂ ਕਿ ਅਸੀਂ ਕੋਈ ਭੰਗੜੇ ਪਾਏ ਜਾਂ ਲੱਡੂ ਵੰਡੇ ਜਿਵੇਂ ਲੋਕਾਂ ਨੇ ਕੀਤਾ ਸੀ। ਅਸੀਂ ਕਿਹਾ ਸੀ ਕਿ ਇੱਕ ਤਰ੍ਹਾਂ ਨਾਲ ਸਾਡਾ ਮੀਲ ਪੱਥਰ ਤੈਅ ਹੋ ਗਿਆ। ਇਹ ਨਹੀਂ ਸੀ ਕਿ ਅਸੀਂ ਕੋਈ ਖੁਸ਼ੀ ਮਨਾਈ ਹੋਵੇ।




*1984 ਦੇ ਕਤਲੇਆਮ ਬਾਰੇ ਪੀ.ਯੂ.ਡੀ.ਆਰ. ਵੱਲੋਂ ਨਵੰਬਰ 1984 ਵਿਚ ਛਾਪੇ ਕਿਤਾਬਚੇ ਦਾ ਮੁਖੜਾ।*

**ਸਵਾਲ:** ਦੂਜਾ ਪਾਸਾ ਜਿਹੜਾ ਮੈਂ ਪੁੱਛਣਾ ਚਾਹੁੰਦਾ ਸੀ ਕਿ ਤੁਸੀਂ ਵੀ ਇਸ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾਇਆ ਹੋਇਆ ਸੀ।

**ਜਵਾਬ:** ਹਾਂ ਖਿਆਲ ਸੀ।

**ਸਵਾਲ:** ਉਸ ਤੋਂ ਬਾਅਦ ਤੁਸੀਂ ਦਿੱਲੀ ਗਏ। ਦਿੱਲੀ ਵਿਚ ਉਸ ਸਮੇਂ ਬਹੁਤ ਵੱਡਾ ਕਤਲੇਆਮ ਹੋਇਆ। ਤੁਸੀਂ ਇੱਥੋਂ ਉਥੇ ਚਲੇ ਗਏ, ਉਹ ਪਲ ਕਿਸ ਕਿਸਮ ਦੇ ਸੀ, ਜਦੋਂ ਤੁਸੀਂ ਹੋਟਲ ਵਿਚ ਰੁਕੇ ਹੋਏ ਸੀ। ਬਾਹਰਲੇ ਪਾਸੇ ਜਿਸ ਕਿਸਮ ਦਾ ਮਾਹੌਲ ਸੀ, ਤੇ ਲੋਕਾਂ ਨੂੰ ਮਾਰਿਆ ਜਾ ਰਿਹਾ ਸੀ, ਉਸ ਵਿਚ ਤੁਸੀਂ ਆਪਣੇ-ਆਪ ਨੂੰ ਕਿਵੇਂ ਦੇਖਦੇ ਹੋ?

**ਜਵਾਬ:** ਮੈਂ ਥੋੜ੍ਹੇ ਦਿਨਾਂ ਬਾਅਦ ਦਿੱਲੀ ਗਿਆ ਸੀ। ਉਦੋਂ ਦਿੱਲੀ ਸੜੀ ਹੋਈ ਸੀ। ਸਭ ਕੁਝ ਪ੍ਰਤੱਖ ਸੀ ਕਿ ਅੱਗਾਂ ਲੱਗੀਆਂ ਹਨ, ਇਮਾਰਤਾਂ ਟੁੱਟੀਆਂ ਹਨ, ਬਦਬੂ ਮਾਰ ਰਹੀ ਸੀ। ਕਾਲਖ ਥਾਂ-ਥਾਂ ਦਿਸਦੀ ਸੀ। ਖਾਸ ਕਰ ਮੈਂ ਦੱਖਣੀ ਦਿੱਲੀ ਗਿਆ ਸੀ। ਬਾਹਰਲੇ ਪਾਸੇ, ਤਿਰਲੋਕਪੁਰੀ ਮੈਂ ਨਹੀਂ ਗਿਆ, ਨਾ ਮੰਗੋਲਪੁਰੀ ਗਿਆ ਅਤੇ ਨਾ ਕੇਂਦਰੀ ਦਿੱਲੀ। ਦੱਖਣੀ ਦਿੱਲੀ ਵਿਚ ਪ੍ਰਤੱਖ ਨਿਸ਼ਾਨੀਆਂ ਸਨ। ਕਿੰਨਾ ਭਿਆਨਕ ਹਾਦਸਾ ਹੋਇਆ, ਉਹ ਦ੍ਰਿਸ਼ ਹੀ ਦਰਸਾਉਂਦੇ ਸੀ। ਮੇਰੀ ਜਿਨ੍ਹਾਂ ਵੀ ਚੰਗੇ-ਚੰਗੇ ਲੋਕਾਂ ਨਾਲ ਗੱਲਬਾਤ ਹੋਈ, ਜਾਂ ਜੋ ਮੈਂ ਆਪ ਦੇਖੇ, ਉਹ ਬੇਵਸੀ ਦੇ ਅੱਥਰੂ ਕੇਰਦੇ ਸਨ। ਸਭ ਦੀ ਜ਼ੁਬਾਨ ਉਤੇ ਨਾਮ ਸੀ ਕਿ ਇਹ ਸਭ ਕੁਝ ਕਿਸ ਨੇ ਕੀਤਾ, ਤੇ ਕਾਂਗਰਸ ਦੇ ਬੰਦਿਆਂ ਅਤੇ ਮੁਕਾਮੀ ਆਗੂਆਂ ਨੇ ਕੀਤਾ। ਥੋੜ੍ਹੇ ਦਿਨਾਂ ਬਾਅਦ ਹੀ ਕਿਤਾਬ ਆ ਗਈ ਸੀ- 'ਹੂਅ ਆਰ ਦਿ ਗਿਲਟੀ।'

**ਸਵਾਲ:** ਪੀਪਲਜ਼ ਯੂਨੀਅਨ ਆਫ ਡੈਮੋਕਰੈਟਿਕ ਰਾਈਟਸ ਨੇ ਉਸ ਸਮੇਂ ਰਪਟ ਛਾਪੀ। ਜੋ ਤੁਸੀਂ ਦਿੱਲੀ ਤੋਂ ਲੈ ਕੇ ਆਏ।

**ਜਵਾਬ:** ਨਹੀਂ, ਕਿਤਾਬ ਤਾਂ ਬਾਅਦ ਵਿਚ ਆਈ। ਬਹੁਤ ਰੌਲਾ ਪਿਆ ਸੀ ਉਸ ਕਿਤਾਬ ਉਪਰ ਵੀ। ਸ਼ਾਇਦ ਸਰਕਾਰ ਨੇ ਕਿਤਾਬ ਉਪਰ ਪਾਬੰਦੀ ਵੀ ਲਗਾਈ।

**ਸਵਾਲ:** ਪੰਜਾਬ ਸਰਕਾਰ ਨੇ ਪਾਬੰਦੀ ਲਗਾਈ ਸੀ ਜਦੋਂ ਉਹ ਪੰਜਾਬੀ ਵਿਚ ਛਪੀ ਸੀ।

**ਜਵਾਬ:** ਹਾਂ ਕੁਝ ਹੋਇਆ ਸੀ, ਦਿੱਲੀ ਵੀ ਰੌਲਾ ਪਿਆ ਸੀ। ਮੇਰਾ ਖਿਆਲ ਹੈ, ਉਸ ਵਿਚ ਤੇਜਪਾਲ ਵੀ ਸੀ। ਜਿਹੜਾ ਤਹਿਲਕਾ ਵਾਲਾ ਹੈ।

**ਸਵਾਲ:** ਨਹੀਂ, ਤਰੁਣ ਤੇਜਪਾਲ ਉਸ ਵਿਚ ਨਹੀਂ ਸਨ।

**ਜਵਾਬ:** ਨਵਲੱਖਾ ਸੀ।

**ਸਵਾਲ:** ਗੌਤਮ ਨਵਲੱਖਾ ਸੀ।

**ਜਵਾਬ:** ਹਾਂ, ਇਹ ਬੰਦੇ ਸਨ ਜਿਹੜੇ ਸਰਗਰਮ ਕਾਰਕੁਨ ਸਨ।

**ਸਵਾਲ:** ਜਿਵੇਂ ਉਸ ਪੂਰੇ ਦੌਰ ਵਿਚ ਤੁਸੀਂ ਕਿਹਾ ਕਿ ਗੈਰਤ ਦਾ ਸੁਆਲ ਸੀ। ਜਿੰਨਾ ਗੁੱਸਾ ਸਭ ਨੂੰ ਆਇਆ ਅਤੇ ਉਸ ਦੇ ਨਤੀਜੇ ਵਜੋਂ ਤੁਹਾਡੇ ਹੱਥਾਂ ਵਿਚ ਹਥਿਆਰ ਆਏ, ਤੇ ਉਹ ਚੱਲੇ ਵੀ। ਜ਼ਿੰਦਗੀ ਵਿਚ ਮੁੜ ਕੇ ਵੀ ਕੋਈ ਇਸ ਤਰ੍ਹਾਂ ਦਾ ਪਲ ਆਇਆ, ਜਦੋਂ ਤੁਹਾਨੂੰ ਲੱਗਿਆ ਕਿ ਜਿਹੜਾ ਇਹ ਪਲ ਹੈ ਮੁੜ ਕੇ ਹਥਿਆਰ ਵੱਲ ਲੈ ਜਾਵੇਗਾ?

**ਜਵਾਬ:** ਨਹੀਂ, ਇਸ ਤਰ੍ਹਾਂ ਦੇ ਕੋਈ ਹਾਲਾਤ ਨਹੀਂ ਬਣੇ। ਮੈਨੂੰ ਤਾਂ ਗੁੱਸੇ ਹੋਇਆਂ ਵੀ ਬਹੁਤ ਚਿਰ ਹੋ ਗਿਆ ਹੈ। ਨਾ ਘਰ ਕਦੇ ਕੋਈ ਆਪਸ ਵਿਚ ਟਕਰਾਅ ਹੋਇਆ ਤੇ ਨਾ ਬਾਹਰ ਹੀ ਕਿਸੇ ਨਾਲ ਹੋਇਆ। ਛੋਟੀ-ਮੋਟੀ ਤੂੰ-ਤੂੰ ਮੈਂ-ਮੈਂ, ਉਹ ਵੀ ਬਹੁਤ ਘੱਟ ਹੋਈ। ਮੈਂ ਜੇਲ੍ਹ ਵਿਚ ਰਿਹਾ, ਹਾਂ ਅਮਰੀਕਾ ਵਿਚ ਸਾਡਾ ਝਗੜਾ ਹੋਇਆ। ਉਥੇ ਜੇਲ੍ਹਾਂ ਹੀ ਇਸ ਤਰ੍ਹਾਂ ਦੀ ਹਿੰਸਾ ਹੈ; ਜਾਂ ਤੁਸੀਂ ਹੋ ਜਾਂ ਉਹ ਹਨ। ਇਸ ਤੋਂ ਇਲਾਵਾ ਮੈਂ ਤਿਹਾੜ ਰਿਹਾ ਜਾਂ ਕਿਸੇ ਥਾਂ ਹੋਰ, ਫਿਰ ਇਸ ਤਰ੍ਹਾਂ ਦਾ ਮੌਕਾ ਨਹੀਂ ਆਇਆ। ਨਾ ਕਦੇ ਪੁਲਿਸ ਵਾਲਿਆਂ ਨਾਲ ਆਇਆ।

**ਸਵਾਲ:** ਜਦੋਂ ਅਸੀਂ ਇਸ ਵੇਲੇ ਕਰੋਨਾ ਮਹਾਮਾਰੀ ਦੇ ਦੌਰ ਵਿਚੋਂ ਲੰਘ ਰਹੇ ਹਾਂ ਤੇ ਲੋਕ ਇਕੱਲਤਾ ਦੀ ਗੱਲ ਕਰ ਰਹੇ ਹਨ। ਇਸ ਵੇਲੇ ਇਕੱਲਤਾ ਵੀ ਮਹਾਮਾਰੀ ਦੇ ਰੂਪ ਵਿਚ ਸਾਡੇ ਸਾਹਮਣੇ ਹੈ। ਕੀ ਇਸ ਦੌਰ ਵਿਚ ਵੀ ਤੁਹਾਡੀਆਂ ਪੁਰਾਣੀਆਂ ਯਾਦਾਂ ਤਾਜ਼ਾ ਹੁੰਦੀਆਂ ਹਨ?

**ਜਵਾਬ:** ਨਹੀਂ, ਮੈਂ ਮਹਾਮਾਰੀ ਨੂੰ ਆਪਣੇ ਆਪ ਤੇ ਬੰਦਿਸ਼ ਨਹੀਂ ਸਮਝਿਆ। ਪਹਿਲਾਂ ਹੀ ਮੇਰੀ ਜ਼ਿੰਦਗੀ ਬੜੀ ਸੀਮਤ ਜਿਹੀ ਹੈ। ਹਾਂ, ਜੇ ਕੋਈ ਕੰਮ ਕਰਨ ਜਾਣਾ ਹੈ, ਤਾਂ ਜਾਣਾ ਹੀ ਹੈ। ਉਹ ਮੇਰਾ ਪਹਿਲਾਂ ਵੀ ਉਸੇ ਤਰ੍ਹਾਂ ਨੇਮ ਸੀ ਤੇ ਹੁਣ ਥੋੜ੍ਹਾ ਘਟ ਗਿਆ। ਸਮਾਗਮ ਘਟ ਗਏ, ਕਿਸੇ ਘਰ ਆਉਣਾ-ਜਾਣਾ ਘਟ ਗਿਆ। ਇਸ ਕਰਕੇ

*(ਬਾਕੀ ਅਗਲੇ ਸਫੇ 'ਤੇ)*

# ਮਾਮਲਾ ਸਰਕਾਰਾਂ ਦੀ ਨੁਕਤਾਚੀਨੀ ਕਰਨ ਅਤੇ ਸਰਕਾਰੀ ਕਹਿਰ ਜਰਨ ਲਈ ਤਿਆਰ ਰਹਿਣ ਦਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਚੰਗੀ ਗੱਲ ਇਹ ਹੋਈ ਹੈ ਕਿ ਸੀਨੀਅਰ ਪੱਤਰਕਾਰ ਵਿਨੋਦ ਦੁਆ ਵਾਲੇ ਕੇਸ ਵਿਚ ਭਾਰਤ ਦੀ ਸੁਪਰੀਮ ਕੋਰਟ ਨੇ ਇੱਕ ਫੈਸਲਾ ਦੇ ਦਿੱਤਾ ਹੈ ਕਿ ਸਰਕਾਰ ਜਾਂ ਸਿਸਟਮ ਦੀ ਨੁਕਤਾਚੀਨੀ ਕਰਨਾ ਦੇਸ਼-ਧ੍ਰੋਹ ਨਹੀਂ ਕਿਹਾ ਜਾ ਸਕਦਾ। ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਇਹ ਮੰਦਾ ਰੁਝਾਨ ਪੈ ਚੁਕਾ ਹੈ ਕਿ ਜਿਸ ਬੰਦੇ ਦੇ ਬੋਲਣ ਜਾਂ ਲਿਖਣ ਨੂੰ ਸਰਕਾਰ ਪਸੰਦ ਨਹੀਂ ਕਰਦੀ, ਉਸ ਉਤੇ ਆਮ ਕਰ ਕੇ ਦੇਸ਼-ਧ੍ਰੋਹੀ ਵਾਲਾ ਫੱਟਾ ਲਾ ਦਿੱਤਾ ਜਾਂਦਾ ਹੈ। ਏਦਾਂ ਦਾ ਕੰਮ ਕਰਨ ਵਿਚ ਕਿਸੇ ਵੀ ਰੰਗ ਦੀ ਸਿਆਸਤ ਕਰਨ ਵਾਲੀ ਪਾਰਟੀ ਦੀ ਸਰਕਾਰ ਨੇ ਕਦੇ ਸ਼ਰਮ ਨਹੀਂ ਕੀਤੀ। ਅਸੀਂ ਲੋਕ ਨਿੱਤ ਦਿਨ ਕੇਂਦਰ ਅਤੇ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਦੀ ਨੁਕਤਾਚੀਨੀ ਕਰਦੇ ਅਤੇ ਲੋਕਾਂ ਨੂੰ ਉਨ੍ਹਾਂ ਦੇ ਕਿਰਦਾਰ ਦੀ ਕਾਲਖ ਦਿਖਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ ਤਾਂ ਸਰਕਾਰਾਂ ਚਲਾਉਣ ਵਾਲਿਆਂ ਨੂੰ ਇਸ ਨਾਲ ਜਿਹੜੀ ਕੌੜ ਚੜ੍ਹਦੀ ਹੈ, ਉਹ ਇਨ੍ਹਾਂ ਕੇਸਾਂ ਵਿਚ ਕਦੇ ਵੀ ਕਿਸੇ ਪੱਤਰਕਾਰ ਜਾਂ ਕਿਸੇ ਹੋਰ ਵੰਨਗੀ ਦੇ ਲੇਖਕ ਦੇ ਖਿਲਾਫ ਕੱਢੀ ਜਾ ਸਕਦੀ ਹੈ। ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਤੋਂ ਬਾਅਦ ਇਹ ਵਿਹਾਰ ਘਟ ਸਕਦਾ ਹੈ, ਪਰ ਇਹ ਬਿਲਕੁਲ ਨਹੀਂ ਸੋਚਿਆ ਜਾ ਸਕਦਾ ਕਿ ਅੱਗੇ ਤੋਂ ਏਦਾਂ ਦਾ ਕੇਸ ਹੀ ਕਿਸੇ ਉਤੇ ਨਹੀਂ ਬਣ ਸਕਦਾ। ਅਜੇ ਵੀ ਇਹ ਵਿਹਾਰ ਪੂਰੀ ਤਰ੍ਹਾਂ ਹਟਣ ਦੀ ਆਸ ਕਰਨੀ ਔਖੀ ਹੈ।

ਜਦੋਂ ਸਰਕਾਰਾਂ ਦੇ ਇਸ ਵਿਹਾਰ ਦੇ ਮੋੜਾ ਕੱਟਣ ਦੀ ਆਸ ਨਹੀਂ ਤਾਂ ਕਈ ਲੋਕ ਇਹ ਕਹਿ ਦਿੰਦੇ ਹਨ ਕਿ ਅਜਿਹੇ ਹਾਲਾਤ ਵਿਚ ਸਰਕਾਰਾਂ ਦੇ ਖਿਲਾਫ ਥੋੜ੍ਹਾ ਬਚ ਕੇ ਹੀ ਲਿਖਣਾ ਚਾਹੀਦਾ ਹੈ। ਇੱਕ ਪੰਜਾਬੀ ਲੇਖਕ ਨੇ ਲਿਖਿਆ ਹੈ ਕਿ 'ਮੈਂ ਭੁਲਾਵਾਂ ਬੜਾ ਬੇਰੁਖੀ ਓਸ ਦੀ, ਉਹ ਮੁੜ-ਮੁੜ ਯਾਦ ਆਵੇ ਤਾਂ ਮੈਂ ਕੀ ਕਰਾਂ।' ਸਾਡੀ ਹਾਲਤ ਵੀ ਇਹੀ ਹੈ ਕਿ ਸਰਕਾਰਾਂ ਦੇ ਖਿਲਾਫ ਲਿਖਣ ਦਾ ਸਾਨੂੰ ਕੋਈ ਚਸਕਾ ਨਹੀਂ, ਪਰ ਜੇ ਸਰਕਾਰਾਂ ਦੇ ਅੰਦਰੂਨੀ ਹਾਲਾਤ ਦੀ ਭੱਦੀ ਤਸਵੀਰ ਮੁੜ-ਮੁੜ ਸਾਹਮਣੇ ਆਵੇ ਤਾਂ ਅਸੀਂ ਕੀ ਕਰੀਏ, ਸਾਨੂੰ ਉਸ ਵਕਤ ਲਿਖਣਾ ਪੈਂਦਾ ਹੈ। ਅਸੀਂ ਚੁੱਪ ਨਹੀਂ ਰਹਿ ਸਕਦੇ। ਇਸ ਹਫਤੇ ਦੌਰਾਨ ਫਿਰ ਕਿੰਨਾ ਕੁਝ ਏਦਾਂ ਦਾ ਬਾਹਰ ਆ ਗਿਆ ਹੈ ਕਿ ਅਸੀਂ ਉਨ੍ਹਾਂ ਦੀ ਗੱਲ ਕੀਤੇ ਬਿਨਾ ਨਹੀਂ ਰਹਿ ਸਕਦੇ।

ਸਾਡੇ ਸਾਹਮਣੇ ਇੱਕ ਸਵਾਲ ਉਦੋਂ ਉਭਰਿਆ, ਜਦੋਂ ਇਹ ਖਬਰ ਆਈ ਕਿ ਓਮ ਪ੍ਰਕਾਸ਼ ਚੌਟਾਲਾ ਭ੍ਰਿਸ਼ਟਾਚਾਰ ਦੇ ਕੇਸ ਵਿਚ ਦਸ ਸਾਲ ਦੀ ਜੇਲ੍ਹ ਕੱਟਣ ਪਿੱਛੋਂ ਬਾਹਰ ਆ ਰਿਹਾ ਹੈ ਤਾਂ ਉਸ ਦੇ ਸਵਾਗਤ ਲਈ ਚੌਟਾਲਾ ਪਰਿਵਾਰ ਵਿਚ ਹੋੜ ਲੱਗੀ ਪਈ ਹੈ। ਇੱਕ ਪਾਸੇ ਚੌਟਾਲੇ ਦਾ ਛੋਟਾ ਪੁੱਤਰ ਅਭੈ ਚੌਟਾਲਾ ਕਿਸੇ ਨੂੰ ਆਪਣੇ ਬਰਾਬਰ ਨਹੀਂ ਸਮਝਦਾ ਅਤੇ ਦੂਸਰੇ ਪਾਸੇ ਚੌਟਾਲੇ ਦੇ ਨਾਲ ਜੇਲ੍ਹ ਕੱਟ ਰਹੇ ਵੱਡੇ ਪੁੱਤਰ ਅਜੈ ਚੌਟਾਲਾ ਦਾ ਪੁੱਤਰ ਅੱਜ ਕੱਲ੍ਹ ਹਰਿਆਣੇ ਦਾ ਡਿਪਟੀ ਮੁੱਖ ਮੰਤਰੀ ਬਣਨ ਕਾਰਨ ਬਾਕੀ ਸਭਨਾਂ ਤੋਂ ਖੁਦ ਨੂੰ ਵੱਡਾ ਸਮਝਦਾ ਹੈ। ਸਵਾਗਤ ਉਸ ਓਮ ਪ੍ਰਕਾਸ਼ ਚੌਟਾਲਾ ਦਾ ਕਰਨਾ ਸੀ, ਜਿਹੜਾ ਬੱਤੀ ਸੌ ਤੋਂ ਵੱਧ ਜੇ. ਬੀ. ਟੀ. ਟੀਚਰਾਂ ਨੂੰ ਪੈਸੇ ਲੈ ਕੇ ਭਰਤੀ ਕਰਨ ਦਾ ਦੋਸ਼ੀ ਸਾਬਤ ਹੋਇਆ ਸੀ ਤਾਂ ਸੋਲਾਂ ਔਰਤਾਂ ਸਮੇਤ ਕੁੱਲ ਪਚਵੰਜਾ ਜਣੇ ਜੇਲ੍ਹ ਪਹੁੰਚ ਗਏ ਸਨ। ਭਾਰਤ ਦੇਸ਼ ਏਨਾ ਮਹਾਨ ਹੈ ਕਿ ਏਡੇ ਵੱਡੇ ਭ੍ਰਿਸ਼ਟਾਚਾਰ ਦਾ ਦੋਸ਼ੀ ਬੰਦਾ ਦਸ ਸਾਲ ਜੇਲ੍ਹ ਦੀ ਸਜ਼ਾ ਭੁਗਤ ਕੇ ਆਵੇ ਤਾਂ ਉਸ ਦਾ ਸਵਾਗਤ ਕਿਸੇ ਹੀਰੋ ਵਰਗਾ ਹੋ ਸਕਦਾ ਹੈ।

ਦੂਸਰਾ ਮਾਮਲਾ ਪਾਰਲੀਮੈਂਟ ਮੈਂਬਰ ਅਤੇ ਭਾਜਪਾ ਆਗੂ ਸਾਧਵੀ ਪ੍ਰਗਿਆ ਦਾ ਹੈ। ਕਿਸੇ ਸਮੇਂ ਮਹਾਰਾਸ਼ਟਰ ਰਾਜ ਦੇ ਮਾਲੇਗਾਉਂ ਸ਼ਹਿਰ ਵਿਚ ਬੰਬ ਧਮਾਕੇ ਵਿਚ ਕਈ ਲੋਕ ਮਾਰੇ ਗਏ ਤਾਂ ਪਹਿਲਾਂ ਮੁਸਲਿਮ ਭਾਈਚਾਰੇ ਦੇ ਲੋਕਾਂ ਉਤੇ ਦੋਸ਼ ਲੱਗਾ ਤੇ ਫਿਰ ਗੱਲ ਪਤਾ ਲੱਗੀ ਕਿ ਧਮਾਕੇ ਲਈ ਵਰਤਿਆ ਗਿਆ ਮੋਟਰ ਸਾਈਕਲ ਸਾਧਵੀ ਪ੍ਰਗਿਆ ਸਿੰਘ ਠਾਕਰ ਦਾ ਸੀ। ਉਸ ਦੀ ਪੁੱਛਗਿੱਛ ਹੋਈ ਅਤੇ ਫਿਰ ਉਸ ਨੂੰ ਜੇਲ੍ਹ ਭੇਜਣਾ ਪਿਆ। ਜਿਸ ਪੁਲਿਸ ਅਫਸਰ ਹੇਮੰਤ ਕਰਕਰੇ ਨੇ ਸਾਧਵੀ ਪ੍ਰਗਿਆ ਦੀ ਪੁੱਛਗਿੱਛ ਕੀਤੀ, ਉਹ ਮੁੰਬਈ ਵਿਚ ਹੋਏ ਹਮਲੇ ਸਮੇਂ ਪਾਕਿਸਤਾਨੋਂ ਆਏ ਅਤਿਵਾਦੀਆਂ ਨਾਲ ਟੱਕਰ ਲੈਂਦਾ ਮਾਰਿਆ ਗਿਆ। ਸਾਧਵੀ ਪ੍ਰਗਿਆ ਦੀ ਪੁੱਛਗਿੱਛ ਵੇਲੇ ਭਾਜਪਾ ਆਗੂਆਂ ਨੇ ਹੇਮੰਤ ਕਰਕਰੇ ਨੂੰ ਹਿੰਦੂਤੱਵ ਦਾ ਦੁਸ਼ਮਣ ਤੇ ਕਈ ਕੁਝ ਹੋਰ ਕਿਹਾ ਸੀ। ਜਦੋਂ ਉਹ ਲੜਦਾ ਮਾਰਿਆ ਗਿਆ ਤਾਂ ਲਾਲ ਕ੍ਰਿਸ਼ਨ ਅਡਵਾਨੀ ਨੇ ਉਸ ਦੇ ਘਰ ਅਫਸੋਸ ਕਰਨ ਜਾਣ ਦਾ ਮਨ ਬਣਾਇਆ। ਅੱਗੋਂ ਹੇਮੰਤ ਕਰਕਰੇ ਦੀ ਪਤਨੀ ਨੇ ਕਹਿ ਦਿੱਤਾ ਕਿ ਜਿਉਂਦੇ ਨੂੰ ਤੁਸੀਂ ਭੰਡਦੇ ਰਹੇ ਹੋ, ਅੱਜ ਉਸ ਦਾ ਅਫਸੋਸ ਕਰਨ ਲਈ ਮੇਰੇ ਘਰ ਕੋਈ ਨਾ ਆਇਓ। ਇਸ ਦੇ ਬਾਵਜੂਦ ਸਾਰੇ ਭਾਜਪਾ ਆਗੂ ਅੱਜ ਤੱਕ ਉਸ ਪੁਲਿਸ ਅਫਸਰ ਨੂੰ ਦੇਸ਼ ਦਾ ਸ਼ਹੀਦ ਕਹਿੰਦੇ ਆਏ ਹਨ, ਪਰ ਉਨ੍ਹਾਂ ਦੀ ਪਾਰਲੀਮੈਂਟ ਮੈਂਬਰ ਸਾਧਵੀ ਪ੍ਰਗਿਆ ਠਾਕਰ ਇਹ ਕਹਿੰਦੀ ਹੈ ਕਿ ਉਹ ਅਤਿਵਾਦੀਆਂ ਦਾ ਮਾਰਿਆ ਨਹੀਂ ਮਰਿਆ, ਮੇਰੇ ਸਰਾਪ ਨਾਲ ਮਰਿਆ ਸੀ, ਉਹ ਬੰਦਾ ਪਾਪੀ ਰੂਹ ਸੀ ਤੇ ਉਸ ਦਾ ਇਹੋ ਹਸ਼ਰ ਹੋਣਾ ਚਾਹੀਦਾ ਸੀ। ਭਾਜਪਾ ਦੇ ਸਾਰੇ ਵੱਡੇ-ਛੋਟੇ ਆਗੂ ਨਾ ਹੇਮੰਤ ਨੂੰ ਗਲਤ ਕਹਿ ਸਕਦੇ ਹਨ ਅਤੇ ਨਾ ਸਾਧਵੀ ਨੂੰ ਮੂੰਹ ਬੰਦ ਰੱਖਣ ਲਈ ਕਹਿਣ ਦੀ ਜੁਰਅੱਤ ਕਰਦੇ ਹਨ ਤੇ ਸਾਧਵੀ ਆਏ ਦਿਨ ਇਹੋ ਜਿਹੇ ਬਿਆਨ ਛੱਡੀ ਜਾਂਦੀ ਹੈ ਕਿ ਉਸ ਨਾਲ ਸਿਰਫ ਇਸ ਪਾਰਟੀ ਦਾ ਨਹੀਂ, ਸਾਰੇ ਭਾਰਤ ਦਾ ਵੀ ਅਕਸ ਖਰਾਬ ਹੋਈ ਜਾਂਦਾ ਹੈ।

ਤੀਸਰਾ ਮਾਮਲਾ ਉਤਰ ਪ੍ਰਦੇਸ਼ ਵਿਚ ਬਣਾਏ ਜਾ ਰਹੇ ਰਾਮ ਮੰਦਰ ਲਈ ਜ਼ਮੀਨ ਦੀ ਖਰੀਦ ਸੌਦਿਆਂ ਵਿਚ ਹੁੰਦੇ ਭ੍ਰਿਸ਼ਟਾਚਾਰ ਦਾ ਹੈ। ਪਹਿਲਾਂ ਚਰਚਾ ਛਿੜੀ ਕਿ ਜ਼ਮੀਨ ਦਾ ਇੱਕ ਹਿੱਸਾ ਦੋ ਪ੍ਰਾਪਰਟੀ ਡੀਲਰਾਂ ਨੇ ਕਿਸੇ ਬੰਦੇ ਕੋਲੋਂ ਢਾਈ ਕਰੋੜ ਰੁਪਏ ਦਾ ਖਰੀਦਿਆ ਅਤੇ ਸਿਰਫ ਦਸ ਮਿੰਟ ਪਿੱਛੋਂ ਉਹੋ ਜ਼ਮੀਨ ਸਾਢੇ ਅਠਾਰਾਂ ਕਰੋੜ ਵਿਚ ਰਾਮ ਮੰਦਰ ਨੂੰ ਵੇਚ ਦਿੱਤੀ ਹੈ ਅਤੇ ਢਾਈ ਕਰੋੜ ਤੇ ਸਾਢੇ ਅਠਾਰਾਂ ਕਰੋੜ ਦੇ ਦੋਵਾਂ ਸੌਦਿਆਂ ਉਤੇ ਰਾਮ ਮੰਦਰ ਦੇ ਇੱਕ ਟਰੱਸਟੀ ਦੇ ਦਸਤਖਤ ਹਨ। ਏਦਾਂ ਸਿਰਫ ਦਸ ਮਿੰਟਾਂ ਵਿਚ ਸਾਢੇ ਸੋਲਾਂ ਕਰੋੜ ਦੀ ਹੇਰਾ-ਫੇਰੀ ਕੀਤੀ ਨੰਗੀ ਹੋ ਗਈ। ਪਿੱਛੋਂ ਇਸ ਸੌਦੇ ਬਾਰੇ ਇਹ ਭੇਦ ਖੁੱਲ੍ਹਾ ਕਿ ਜਿਨ੍ਹਾਂ ਦੋ ਪ੍ਰਾਪਰਟੀ ਡੀਲਰਾਂ ਨੇ ਢਾਈ ਕਰੋੜ ਰੁਪਏ ਦੀ ਜ਼ਮੀਨ ਖਰੀਦ ਕੇ ਦਸ ਮਿੰਟਾਂ ਪਿੱਛੋਂ ਰਾਮ ਮੰਦਰ ਨੂੰ ਸਾਢੇ ਅਠਾਰਾਂ ਕਰੋੜ ਦੀ ਵੇਚੀ ਸੀ, ਉਨ੍ਹਾਂ ਨੇ ਜਿਸ ਬੰਦੇ ਤੋਂ ਢਾਈ ਕਰੋੜ ਦੀ ਜ਼ਮੀਨ ਲਈ, ਉਹ ਅਯੁੱਧਿਆ ਖੇਤਰ ਦੇ ਹਜ਼ਾਰਾਂ ਲੋਕਾਂ ਨਾਲ ਕਰੋੜਾਂ ਦੀ ਠੱਗੀ ਦਾ ਦੋਸ਼ੀ ਸੀ ਤੇ ਅਦਾਲਤ ਨੇ ਭਗੌੜਾ ਕਰਾਰ ਦੇ ਕੇ ਦੋ ਸਾਲ ਪਹਿਲਾਂ ਉਸ ਦੀ ਸਾਰੀ ਜਾਇਦਾਦ ਜ਼ਬਤ ਕਰਵਾ ਦਿੱਤੀ ਸੀ। ਜੇ ਉਸ ਦੀ ਸਾਰੀ ਜਾਇਦਾਦ ਦੋ ਸਾਲ ਪਹਿਲਾਂ ਅਦਾਲਤੀ ਹੁਕਮ ਦੇ ਨਾਲ ਜ਼ਬਤ ਹੋ ਚੁਕੀ ਸੀ ਤਾਂ ਇਹ ਢਾਈ ਕਰੋੜ ਦੀ ਜ਼ਮੀਨ ਕਿਵੇਂ ਬਚੀ ਰਹਿ ਗਈ ਤੇ ਸਵਾਲ ਇਹ ਵੀ ਹੈ ਕਿ ਜਿਸ ਬੰਦੇ ਨੂੰ ਅਦਾਲਤ ਨੇ ਭਗੌੜਾ ਕਰਾਰ ਦਿੱਤਾ ਹੋਇਆ ਹੈ, ਉਹ ਇਸ ਜ਼ਮੀਨ ਦੀ ਰਜਿਸਟਰੀ ਕਰਨ ਲਈ ਪੁਲਿਸ ਦੀ ਹਾਜ਼ਰੀ ਵਿਚ ਅਦਾਲਤ ਕਿਵੇਂ ਪਹੁੰਚ ਗਿਆ?

ਹਾਲੇ ਇਹ ਗੱਲ ਠੰਢੀ ਨਾ ਪਈ ਕਿ ਇਸੇ ਰਾਮ ਮੰਦਰ ਲਈ ਢਾਈ ਕਰੋੜ ਦੀ ਜ਼ਮੀਨ ਖਰੀਦਣ ਦਾ ਇੱਕ ਹੋਰ ਸਕੈਂਡਲ ਨਿਕਲ ਪਿਆ। ਭਾਜਪਾ ਆਗੂ ਅਤੇ ਅਯੁੱਧਿਆ ਦੇ ਮੇਅਰ ਦੇ ਭਤੀਜੇ ਨੇ ਕਿਸੇ ਤੋਂ ਇਸੇ ਸਾਲ ਫਰਵਰੀ ਵਿਚ ਜ਼ਮੀਨ ਦਾ ਇਹ ਦੂਸਰਾ ਟੁਕੜਾ ਵੀਹ ਲੱਖ ਦਾ ਖਰੀਦਿਆ ਸੀ ਤੇ ਮਈ ਚੜ੍ਹਦੇ ਸਾਰ ਉਸ ਨੇ ਰਾਮ ਮੰਦਰ ਨੂੰ ਢਾਈ ਕਰੋੜ ਰੁਪਏ ਦਾ ਵੇਚ ਕੇ ਦੋ ਕਰੋੜ ਤੀਹ ਲੱਖ ਕਮਾ ਲਏ। ਇਹ ਚਰਚਾ ਛਿੜਦੇ ਸਾਰ ਉਥੋਂ ਦੇ ਹਨੂੰਮਾਨ ਮੰਦਰ ਦੇ ਮਹੰਤ ਨੇ ਰੌਲਾ ਪਾ ਦਿੱਤਾ ਕਿ ਮੇਅਰ ਦੇ ਭਤੀਜੇ ਨੂੰ ਇਹ ਜ਼ਮੀਨ ਰਾਮ ਮੰਦਰ ਲਈ ਸਾਡੇ ਮੰਦਰ ਨੇ ਦਾਨ ਦਿੱਤੀ ਸੀ, ਸੌਦਾ ਕਿਸ ਤਰ੍ਹਾਂ ਕੀਤਾ ਗਿਆ ਹੈ? ਫਿਰ ਇਹ ਭੇਦ ਖੁੱਲ੍ਹਾ ਕਿ ਇਹ ਸਰਕਾਰੀ ਜ਼ਮੀਨ ਸੀ, ਜਿਸ ਨੂੰ ਨਜ਼ੂਲ ਕਿਹਾ ਜਾਂਦਾ ਹੈ ਤੇ ਇਹ ਜਿਸ ਕੋਲ ਹੋਵੇ, ਉਹ ਵਰਤ ਸਕਦਾ ਹੈ, ਅੱਗੇ ਕਿਸੇ ਨੂੰ ਵੇਚਣ ਦਾ ਸੌਦਾ ਕਰ ਹੀ ਨਹੀਂ ਸਕਦਾ ਤੇ ਚੌਬੁਰਜੀ ਦੇ ਹਨੂੰਮਾਨ ਮੰਦਰ ਕੋਲ ਵੀ ਇਹ ਜ਼ਮੀਨ ਬਗੈਰ ਰਜਿਸਟਰੀ ਤੋਂ ਸੀ ਤੇ ਉਨ੍ਹਾਂ ਦਾਨ ਵਿਚ ਦੇਣ ਵੇਲੇ ਇਹ ਗੱਲ ਦੱਸ ਦਿੱਤੀ ਸੀ। ਉਸ ਦੀ ਰਜਿਸਟਰੀ ਕਰਨ-ਕਰਾਉਣ ਦੀ ਲੋੜ ਨਹੀਂ ਸੀ, ਪਰ ਰਜਿਸਟਰੀ ਦਾ ਨਾਟਕ ਇਸ ਜ਼ਮੀਨ ਨੂੰ ਨਜ਼ੂਲ ਦੀ ਸਰਕਾਰੀ ਜ਼ਮੀਨ ਦੱਸਣ ਦੀ ਥਾਂ ਮੇਅਰ ਦੇ ਭਤੀਜੇ ਦੇ ਨਿੱਜੀ ਮਾਲਕੀ ਦੱਸਣ ਵਾਸਤੇ ਜਾਅਲੀ ਮਾਲਕ ਖੜ੍ਹਾ ਕਰ ਕੇ ਉਸ ਕੋਲੋਂ ਇੱਕ ਰਜਿਸਟਰੀ ਕਰਵਾ ਕੇ ਆਪਣੇ ਨਾਂ ਕਰਵਾਉਣੀ ਤੇ ਰਾਮ ਮੰਦਰ ਦੇ ਨਾਂ ਵੇਚ ਕੇ ਢਾਈ ਕਰੋੜ ਰੁਪਏ ਦੀ ਕਮਾਈ ਕਰਨੀ ਸੀ। ਰਜਿਸਟਰੀ ਪਹਿਲੀ ਹੋਵੇ ਜਾਂ ਦੂਸਰੀ, ਇਹ ਸਾਰਾ ਕੁਝ ਉਨ੍ਹਾਂ ਲੀਡਰਾਂ ਨੇ ਕੀਤਾ ਹੈ, ਜਿਹੜੇ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਹੋਏ ਰਾਮ-ਭਗਤ ਹਨ ਅਤੇ ਰਾਮ ਮੰਦਰ ਨਾਲ ਧੋਖਾ ਕਰਨ ਤੋਂ ਵੀ ਨਹੀਂ ਝਿਜਕੇ।

ਇਥੇ ਆ ਕੇ ਇੱਕ ਸਵਾਲ ਖੜ੍ਹਾ ਹੋ ਜਾਂਦਾ ਹੈ ਕਿ ਜਦੋਂ ਏਨਾ ਹਨੇਰ-ਖਾਤਾ ਹੁੰਦਾ ਹੈ ਤਾਂ ਸਰਕਾਰ ਦੇ ਅਧਿਕਾਰੀ ਕੀ ਕਰਦੇ ਹਨ, ਉਨ੍ਹਾਂ ਨੂੰ ਤਨਖਾਹਾਂ ਕਾਹਦੇ ਲਈ ਮਿਲਦੀਆਂ ਹਨ? ਇਹ ਜਾਣਨ ਲਈ ਵੀ ਕਿਸੇ ਤੀਸਰੇ ਰਾਜ ਦੀ ਕਹਾਣੀ ਪਾਉਣ ਦੀ ਥਾਂ ਇਸੇ ਉਤਰ ਪ੍ਰਦੇਸ਼ ਦਾ ਇੱਕ ਕਿੱਸਾ ਹੋਰ ਲੱਭ ਪਿਆ ਹੈ, ਜਿਸ ਤੋਂ ਸੋਚਿਆ ਜਾ ਸਕਦਾ ਹੈ ਕਿ ਉਸ ਰਾਜ ਵਿਚ ਏਦਾਂ ਦਾ ਕੰਮ ਅੱਜ ਨਹੀਂ ਹੋਣ ਲੱਗਾ, ਚਿਰਾਂ ਤੋਂ ਹੁੰਦਾ ਪਿਆ ਹੈ। ਪਿਛਲੇ ਹਫਤੇ ਕਾਨਪੁਰ ਵਿਚ ਪੁਲਿਸ ਨੇ ਕੁਝ ਬੱਚੇ ਚੌਕਾਂ ਵਿਚ ਭੀਖ ਮੰਗਦੇ ਫੜੇ ਤਾਂ ਸੋਚਿਆ ਕਿ ਕਿਸੇ ਆਸ਼ਰਮ ਵਿਚ ਭੇਜ ਦਿੱਤੇ ਜਾਣ। ਜਦੋਂ ਸਰਕਾਰ ਦੇ ਸਮਾਜ ਭਲਾਈ ਮਹਿਕਮੇ ਵੱਲੋਂ ਚਲਾਏ ਜਾਂਦੇ ਆਸ਼ਰਮ ਬਾਰੇ ਪੁੱਛਿਆ ਤਾਂ ਉਹ ਭੇਦ ਖੁੱਲ੍ਹ ਗਿਆ, ਜਿਸ ਬਾਰੇ ਕੋਈ ਸੋਚ ਨਹੀਂ ਸਕਦਾ। ਪਤਾ ਲੱਗਾ ਕਿ ਬੱਤੀ ਸਾਲ ਪਹਿਲਾਂ ਰਾਜ ਸਰਕਾਰ ਨੇ ਉਸ ਸ਼ਹਿਰ ਵਿਚ ਭਿਖਾਰੀਆਂ ਲਈ ਇੱਕ ਆਸ਼ਰਮ ਬਣਾਇਆ ਤੇ ਦੋ ਦਰਜਨ ਦੇ ਕਰੀਬ ਮੁਲਾਜ਼ਮ ਭਰਤੀ ਕੀਤੇ ਸਨ, ਜਿਨ੍ਹਾਂ ਵਿਚੋਂ ਬਾਕੀ ਸਾਰੇ ਰਿਟਾਇਰ ਹੋ ਗਏ ਤੇ ਇਸ ਵਕਤ ਸਿਰਫ ਇੱਕ ਕਲਰਕ ਅਤੇ ਦੋ ਸੇਵਾਦਾਰ ਹਨ। ਉਸ ਆਸ਼ਰਮ ਵਿਚ ਭਿਖਾਰੀਆਂ ਦੇ ਰਹਿਣ ਲਈ ਅਠਾਰਾਂ ਕਮਰੇ ਤੇ ਕੰਮ ਕਰਨ ਦੀ ਟਰੇਨਿੰਗ ਦੇਣ ਲਈ ਚਾਰ ਹਾਲ ਕਮਰੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਬੱਤੀ ਸਾਲਾਂ ਵਿਚ ਕਦੇ ਇੱਕ ਵੀ ਭਿਖਾਰੀ ਫੜ ਕੇ ਇਥੇ ਨਹੀਂ ਲਿਆਂਦਾ ਗਿਆ ਅਤੇ ਅਠਾਰਾਂ ਹਜ਼ਾਰ ਰੁਪਏ ਮਹੀਨਾ ਕਿਰਾਏ ਦੀ ਬਿਲਡਿੰਗ ਵਿਚ ਮੁਲਾਜ਼ਮ ਨੌਕਰੀ ਕਰਦੇ ਤੇ ਰਿਟਾਇਰ ਹੋ ਜਾਂਦੇ ਰਹੇ। ਇਨ੍ਹਾਂ ਬੱਤੀ ਸਾਲਾਂ ਵਿਚ ਇੱਕ ਵਾਰੀ ਮੁੱਖ ਮੰਤਰੀ ਐਨ. ਡੀ. ਤਿਵਾੜੀ ਦਾ ਰਾਜ ਸੀ, ਦੋ ਵਾਰੀ ਕਲਿਆਣ ਸਿੰਘ, ਤਿੰਨ ਵਾਰੀ ਬੀਬੀ ਮਾਇਆਵਤੀ, ਚਾਰ ਵਾਰੀ ਮੁਲਾਇਮ ਸਿੰਘ, ਇੱਕ ਵਾਰੀ ਭਾਰਤ ਦਾ ਅੱਜ ਦਾ ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਇੱਕ ਵਾਰੀ ਮੁਲਾਇਮ ਸਿੰਘ ਦਾ ਮੁੰਡਾ ਰਾਜ ਕਰ ਚੁੱਕੇ ਹਨ, ਪਰ ਕਿਸੇ ਨੂੰ ਵੀ ਕਦੀ ਇਹ ਪਤਾ ਨਹੀਂ ਲੱਗਾ ਕਿ ਉਨ੍ਹਾਂ ਦੇ ਰਾਜ ਵਿਚ ਆਹ ਕੁਝ ਹੋਈ ਜਾਂਦਾ ਹੈ।

ਜਿਸ ਰਾਜ ਵਿਚ ਹਰ ਰੰਗ ਦੀ ਪਾਰਟੀ ਦੀ ਸਰਕਾਰ ਦੌਰਾਨ ਇੱਕ ਡੱਕਾ ਵੀ ਤੋੜੇ ਬਿਨਾ ਬੱਤੀ ਸਾਲ ਬਾਈ ਮੁਲਾਜ਼ਮ ਤਨਖਾਹਾਂ ਲੈ ਕੇ ਸੇਵਾ-ਮੁਕਤ ਹੋ ਸਕਦੇ ਹਨ, ਭਗਵਾਨ ਰਾਮ ਦੇ ਨਾਂ ਉਤੇ ਜ਼ਮੀਨ ਖਰੀਦਣ ਲਈ ਰਾਮ ਮੰਦਰ ਦਾ ਇੱਕ ਟਰੱਸਟੀ ਤੇ ਰਾਮ ਦੀ ਨਗਰੀ ਦਾ ਮੇਅਰ ਠੱਗੀ-ਠੋਰੀ ਦੀ ਚਰਚਾ ਵਿਚ ਆ ਸਕਦੇ ਹਨ, ਉਸ ਰਾਜ ਵਿਚ ਹੋਰ ਕਿਹੜਾ ਪੁੱਠਾ ਕੰਮ ਨਹੀਂ ਹੁੰਦਾ ਹੋਵੇਗਾ, ਪਰ ਇਹ ਬਿਲਕੁਲ ਨਹੀਂ ਸਮਝਣਾ ਚਾਹੀਦਾ ਕਿ ਇਹ ਸਿਰਫ ਰਾਮ ਮੰਦਰ ਵਾਲੇ ਉਤਰ ਪ੍ਰਦੇਸ਼ ਵਿਚ ਹੁੰਦਾ ਹੈ, ਭਾਰਤ-ਮਹਾਨ ਦੇ ਲਗਭਗ ਹਰ ਰਾਜ ਵਿਚ ਏਦਾਂ ਦੇ ਕਿੱਸੇ ਬਹੁਤ ਲੱਭ ਪੈਣਗੇ, ਕੋਈ ਲੱਭਣ ਵਾਲਾ ਚਾਹੀਦਾ ਹੈ। ਫਿਰ ਜਿਸ ਪੱਤਰਕਾਰ ਜਾਂ ਹੋਰ ਲੇਖਕ ਨੇ ਇਨ੍ਹਾਂ ਕਿੱਸਿਆਂ ਦੀ ਚਰਚਾ ਕਰਨੀ ਹੈ, ਉਸ ਉਤੇ ਦੇਸ਼-ਧ੍ਰੋਹ ਦਾ ਕੇਸ ਕੋਈ ਵੀ ਸਰਕਾਰ ਬਣਾ ਸਕਦੀ ਹੈ ਤੇ ਇਸ ਦਾ ਚੇਤਾ ਰੱਖਣਾ ਚਾਹੀਦਾ ਹੈ, ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਦੇ ਬਾਵਜੂਦ ਭਾਰਤ ਦੀਆਂ ਸਰਕਾਰਾਂ ਨੇ ਏਦਾਂ ਕਰਨ ਤੋਂ ਟਲਣਾ ਨਹੀਂ।

# ਰਣਜੀਤ ਸਿੰਘ ਗਿੱਲ...

(ਪਿਛਲੇ ਸਫੇ ਦੀ ਬਾਕੀ)

ਮੇਰੀ ਜ਼ਿੰਦਗੀ ਉਪਰ ਬਹੁਤਾ ਫਰਕ ਨਹੀਂ ਪਿਆ।

**ਸਵਾਲ:** ਜਦੋਂ ਪਿਛਲੀ ਵਾਰ ਮੈਂ ਤੁਹਾਡਾ ਇੰਟਰਵਿਊ ਕੀਤਾ ਸੀ ਤਾਂ ਤੁਹਾਨੂੰ ਪੁੱਛਿਆ ਸੀ ਕਿ ਜੇਲ੍ਹ ਵਿਚ ਕਿਸ ਆਸ ਉਤੇ ਤੁਸੀਂ ਜ਼ਿੰਦਗੀ ਗੁਜ਼ਾਰੀ। ਤੁਸੀਂ ਜਵਾਬ ਦਿੱਤਾ ਸੀ ਕਿ ਆਸ ਉਮੀਦੇ ...

**ਜਵਾਬ:** ਉਮਰ ਗੁਜ਼ਾਰੀ ...

**ਸਵਾਲ:** ਹੁਣ ਇਸ ਦੌਰ ਵਿਚੋਂ ਤੁਸੀਂ ਕਿਸ ਕਿਸਮ ਦੀ ਉਮੀਦ ਦੇਖਦੇ ਹੋ?

**ਜਵਾਬ:** ਅੰਗਰੇਜ਼ੀ ਦਾ ਕਥਨ ਹੈ- ਦਾਓ ਸ਼ੈੱਲ ਵਿਲ ਪਾਸ, ਭਾਵ ਇਹ ਪਲ ਵੀ ਨਿਕਲ ਜਾਣਗੇ। ਦੁਨੀਆ ਉਪਰ ਆਫਤਾਂ ਆਉਂਦੀਆਂ ਰਹਿੰਦੀਆਂ ਹਨ। 1900 ਦੇ ਸ਼ੁਰੂ ਵਿਚ ਵੀ ਆਈਆਂ ਸਨ, ਸਪੈਨਿਸ਼ ਫਲੂ ਆਇਆ। ਇੰਨੀਆਂ ਵੱਡੀਆਂ ਜੰਗਾਂ ਹੋਈਆਂ। ਉਹ ਵੀ ਆਫਤਾਂ ਹੀ ਸਨ। ਉਸ ਸਮੇਂ ਵੀ ਲੋਕਾਂ ਦੀ ਜ਼ਿੰਦਗੀ ਸੀਮਿਤ ਹੋ ਗਈ ਸੀ। ਹੁਣ ਇੱਕ ਤਰੀਕੇ ਨਾਲ ਬਿਮਾਰੀ ਨੇ ਘੇਰਿਆ, ਮਾਨਵਤਾ ਨੂੰ ਨਵਾਂ ਦ੍ਰਿਸ਼ ਦਰਪੇਸ਼ ਹੈ ਜਿਸ ਨੇ ਉਨ੍ਹਾਂ ਦੀ ਹੋਂਦ ਨੂੰ ਲਲਕਾਰਿਆ ਹੈ। ਦੁਨੀਆ ਨੂੰ ਸਮਝ ਹੀ ਨਹੀਂ ਆਈ ਕਿ ਇਹ ਚੀਜ਼ ਇੰਨੀ ਕਿਵੇਂ ਘਾਤਕ ਹੋ ਗਈ? ਉਹ ਮੁੱਕਣ ਨੂੰ ਹੀ ਨਹੀਂ ਆ ਰਹੀ। ਇਹ ਬਹੁਤ ਵੱਡਾ ਸਵਾਲ ਹੈ। ... ਕੱਲ੍ਹ ਵੀ ਅਮਰੀਕਾ ਵਿਚ ਕਰੋਨਾ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। ਹੁਣ ਭਾਰਤ ਵਿਚ ਮਾਮਲੇ ਘੱਟ ਹਨ, ਕਦੇ ਵਧ ਜਾਂਦੇ ਹਨ ਤੇ ਫਿਰ ਘੱਟ ਹੋ ਜਾਂਦੇ ਹਨ। ਪਤਾ ਹੀ ਨਹੀਂ ਲੱਗਦਾ ਕਿਉਂਕਿ ਆਪਣੇ ਇਥੇ ਸਿਹਤ ਸਹੂਲਤਾਂ ਦਾ ਇੰਤਜ਼ਾਮ ਹੀ ਇਸ ਤਰ੍ਹਾਂ ਦਾ ਹੈ। ਇੰਤਜ਼ਾਮ ਵਾਲੇ ਮੁਲਕ ਵੀ ਨਾਕਾਮਯਾਬ ਹੋ ਗਏ, ਉਹ ਇਸ ਦਾ ਸਾਹਮਣਾ ਹੀ ਨਹੀਂ ਕਰ ਸਕੇ।

**ਸਵਾਲ:** ਪਿਛਲੀ ਇੰਟਰਵਿਊ ਵਿਚ ਮੈਂ ਤੁਹਾਡਾ ਇਹ ਫਿਕਰਾ ਜੇਬ ਵਿਚ ਪਾ ਕੇ ਲੈ ਗਿਆ ਸੀ ਜੋ ਇਹ ਸੀ ਕਿ ਆਸ ਉਮੀਦੇ ਉਮਰ ਗੁਜ਼ਾਰੀ। ਇਸ ਵਾਰ ਦਾ ਜੋ ਫਿਕਰਾ ਹੈ, ਉਹ ਇਹ ਹੈ ਕਿ ਇਹ ਪਲ ਵੀ ਲੰਘ ਜਾਵੇਗਾ। ਤੁਸੀਂ ਆਪਣੀ ਇਸ ਜੇਲ੍ਹ ਦੀ ਡਾਇਰੀ ਵਿਚੋਂ ਕੁਝ ਪੜ੍ਹਨਾ ਚਾਹੁੰਦੇ ਹੋ।

**ਜਵਾਬ:** ਹਾਂ ਮੈਂ ਦੱਸਦਾਂ, ਉਹ ਕਹਿੰਦੇ ਹਨ ਕਿ ਜ਼ਿੰਦਗੀ ਦੀ ਸਿਆਣਪ ... ਹੁਣ ਆਪਣੇ ਅੱਗੇ ਸਮਝ ਦੀ ਖਿੱਚ ਹੈ, ਇਸ ਨਾਲ ਕਿਵੇਂ ਨਜਿੱਠਣਾ। ... ਆਪਣੇ ਅੱਗੇ ਇਹ ਸਵਾਲ ਹੈ। ਜਵਾਬ ਬੇਲੋੜੀਆਂ ਸ਼ੈਆਂ ਨੂੰ ਖਤਮ ਕਰਨ 'ਚ ਹੈ। ਜਿਹੜੀਆਂ ਚੀਜ਼ਾਂ ਦੀ ਆਪਾਂ ਨੂੰ ਲੋੜ ਹੀ ਨਹੀਂ, ਜਿਵੇਂ ਡਰ ਹੈ ਜਾਂ ਹੋਰ ਵਿਵਸਥਾ ਦੀਆਂ ਚੀਜ਼ਾਂ ਹਨ। ਆਪਾਂ ਉਨ੍ਹਾਂ ਦੇ ਦਾਬੇ ਹੇਠ ਕਿਉਂ ਆਉਣਾ ਹੈ? ਇਹ ਤੁਹਾਡੀ ਜ਼ਿੰਦਗੀ ਦੀ ਸਮਝ ਹੈ। ਇਸ ਤਰ੍ਹਾਂ ਦੇ ਮੌਕੇ ਉਹ ਚੀਜ਼ ਦਿੰਦੇ ਹੈ। ਜ਼ਿੰਦਗੀ ਦੀ ਸਿਆਣਪ ਬੇਲੋੜੀਆਂ ਸ਼ੈਆਂ ਤੋਂ ਛੁਟਕਾਰਾ ਪਾਉਣ ਵਿਚ ਹੈ। ਜਿਹੜੀਆਂ ਚੀਜ਼ਾਂ ਚਾਹੀਦੀਆਂ ਹੀ ਨਹੀਂ, ਉਨ੍ਹਾਂ ਨੂੰ ਖਤਮ ਕਰਨਾ ਹੀ ਆਪਣੇ ਲਈ ਚੰਗਾ ਹੈ।

# ਇਵੇਂ ਹੀ ਚੰਦ ਚਾੜ੍ਹਨਗੇ ਪੰਜਾਬ ਦੇ ਕਾਂਗਰਸੀ ਆਗੂ!



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਪੁਰਾਣੇ ਸਮੇਂ ਦੀ ਗੱਲ ਹੈ। ਦੂਰ-ਦੁਰਾਡੇ ਸਫਰ 'ਤੇ ਜਾ ਰਹੇ ਵਪਾਰੀਆਂ ਦੇ ਇੱਕ ਟੋਲੇ ਨੂੰ ਰਾਤ ਪੈ ਗਈ। ਉਨ੍ਹਾਂ ਰਾਤ ਦੇ ਵਿਸਰਾਮ ਲਈ ਆਰਜ਼ੀ ਝੁੱਗੀਆਂ ਬਣਾ ਲਈਆਂ। ਜਲ ਛਕਣ ਲਈ ਉਨ੍ਹਾਂ ਨੇੜੇ ਹੀ ਇਕ ਖੂਹ ਦਾ ਪਤਾ ਵੀ ਲਾ ਲਿਆ। ਰਾਤ ਪਈ ਤੋਂ ਉਨ੍ਹਾਂ ਨੇ ਆਪਣੇ ਦਲ ਨਾਲ ਨਵੇਂ ਨਵੇਂ ਰਲੇ ਇਕ ਸੱਜਣ ਨੂੰ ਖੂਹ 'ਚੋਂ ਪਾਣੀ ਲੈਣ ਭੇਜਿਆ। ਗਾਲੜੀ ਜਿਹੇ ਸੁਭਾਅ ਦਾ ਉਹ ਬੰਦਾ ਡੋਲ ਤੇ ਲੱਜ ਚੁੱਕ ਕੇ ਪਾਣੀ ਲੈਣ ਚਲਾ ਗਿਆ।



ਖੂਹ ਦੀ ਮੌਣ 'ਤੇ ਜਾ ਕੇ ਉਸ ਨੇ ਪਾਣੀ ਦੀ ਡੂੰਘਾਈ ਦੇਖਣ ਲਈ ਜਦ ਥੱਲੇ ਨੂੰ ਝਾਕਿਆ ਤਾਂ ਖੂਹ ਦੇ ਪਾਣੀ ਵਿਚ ਉਸ ਨੂੰ ਚੰਦ ਦਾ ਪਰਛਾਵਾਂ ਦਿਸਿਆ। ਉਹ ਸੋਚਣ ਲੱਗਾ ਕਿ ਚੰਦ ਤਾਂ ਖੂਹ ਵਿਚ ਡਿੱਗ ਪਿਆ ਹੈ! ਉਸ ਨੂੰ ਖਿਆਲ ਆਇਆ ਕਿ ਜੇ ਮੈਂ ਚੰਦ ਨੂੰ ਖੂਹ 'ਚੋਂ ਨਾ ਕੱਢਿਆ ਤਾਂ ਚਾਨਣ ਨਹੀਂ ਹੋਵੇਗਾ ਤੇ ਰਾਤ ਬਹੁਤ ਹਨੇਰੀ ਹੋ ਜਾਵੇਗੀ। ਇਹ ਵਿਚਾਰ ਕੇ ਉਸ ਨੇ ਫੈਸਲਾ ਕਰ ਲਿਆ ਕਿ ਪਾਣੀ ਤਾਂ ਉਹ ਬਾਅਦ ਵਿਚ ਲਿਜਾਵੇਗਾ, ਪਹਿਲਾਂ ਖੂਹ ਵਿਚੋਂ ਚੰਦ ਬਾਹਰ ਕੱਢ ਲਿਆ ਜਾਵੇ!

ਲਉ ਜੀ, ਪਹਿਲਾਂ ਤਾਂ ਉਸ ਨੇ ਇਕ ਵਿੰਗਾ ਜਿਹਾ ਕਿੱਲ ਲੱਭਿਆ, ਜੋ ਮੁਹਰਿਓਂ ਥੋੜ੍ਹਾ ਕੁੰਡੀ ਵਾਂਗ ਮੁੜਿਆ ਹੋਇਆ ਸੀ। ਝੱਟ ਉਸ ਨੇ ਲੱਜ ਨਾਲੋਂ ਡੋਲ ਖੋਲ੍ਹਿਆ ਅਤੇ ਉਹ ਕਿੱਲ ਬੰਨ੍ਹ ਲਿਆ। ਜਦ ਉਸ ਨੇ ਲੱਜ ਖੂਹ ਵਿਚ ਫਰਾਹ ਕੇ ਉੱਤੇ ਨੂੰ ਖਿੱਚੀ ਤਾਂ ਕਿੱਲ ਥੱਲੇ ਕਿਸੇ ਉੱਖੜੀ ਹੋਈ ਇੱਟ ਵਿਚ ਫਸ ਗਿਆ। ਉਸ ਨੂੰ ਜਾਪਿਆ ਕਿ ਮੇਰਾ ਕੁੰਡਾ, ਚੰਦ ਨੂੰ ਪੈ ਗਿਆ ਹੈ, ਹੁਣ ਮੈਂ ਉਸ ਨੂੰ ਉੱਪਰ ਖਿੱਚ ਲਵਾਂ।

ਘਿਰਲੀ 'ਤੇ ਲੱਜ ਚੜ੍ਹਾ ਕੇ ਉਸ ਨੇ ਖਿੱਚਣੀ ਸ਼ੁਰੂ ਕੀਤੀ। ਮੁੜਿਆ ਹੋਇਆ ਕਿੱਲ ਕਿਤੇ ਚੰਗੀ ਤਰ੍ਹਾਂ ਹੀ ਅੜ ਗਿਆ ਹੋਵੇਗਾ, ਜਿਸ ਕਰਕੇ ਉਹ ਲੱਜ ਖਿੱਚ ਖਿੱਚ ਕੇ ਹੰਭ ਗਿਆ, ਪਰ 'ਚੰਦ' ਬਾਹਰ ਨਾ ਆ ਸਕਿਆ।

ਦੋ ਕੁ ਪਲ ਸਾਹ ਲੈ ਕੇ ਉਸ ਨੇ ਫਿਰ ਸਾਰਾ ਤਾਣ ਇਕੱਠਾ ਕਰਕੇ ਇਕ ਦਮ ਜ਼ੋਰ ਮਾਰਿਆ। ਜਿਉਂ ਹੀ ਉਸ ਨੇ ਅਜਿਹਾ ਹੱਲਾ ਮਾਰਿਆ ਤਾਂ ਇੱਟ 'ਚ ਫਸਿਆ ਕਿੱਲ ਨਿਕਲ ਗਿਆ ਤੇ ਉਹ ਪਿੱਛੇ ਨੂੰ ਧੜੰਮ ਸਿਰ ਪਰਨੇ ਸਿੱਧਾ ਸਰਪਾਲ ਡਿੱਗ ਪਿਆ! ਉਹਦੀ ਪੱਗ ਲਹਿ ਕੇ ਪਾਸੇ ਡਿੱਗ ਪਈ ਤੇ ਟੋਟਰ ਉੱਤੇ ਸੱਟ ਵੀ ਲੱਗੀ। ਉਸ ਨੂੰ ਡਿਗਦਿਆਂ ਹੀ ਨ੍ਹੇਰਨੀ ਜਿਹੀ ਆ ਗਈ। ਇੰਨੇ ਨੂੰ ਉਹਦੇ ਕੁਝ ਸਾਥੀ ਉਹਨੂੰ ਲੱਭਦੇ ਲੱਭਦੇ ਖੂਹ 'ਤੇ ਆਣ ਪਹੁੰਚੇ। ਉਹਨੂੰ ਡਿੱਗੇ ਪਏ ਨੂੰ ਦੇਖ ਕੇ ਸਾਥੀ ਹੈਰਾਨ ਹੋ ਰਹੇ ਸਨ, ਪਰ ਉਹ ਆਪਣਾ ਸਿਰ ਮਲਦਿਆਂ ਆਸਮਾਨ ਵੱਲ ਨਜ਼ਰ ਘੁਮਾ ਕੇ ਖੁਸ਼ ਹੋ ਕੇ ਬੋਲਿਆ, "ਕੀ ਹੋਇਆ ਜੇ ਮੇਰੇ ਸੱਟ ਲੱਗ ਗਈ ਐ, ਪਰ ਮੈਂ ਚੰਦ ਤਾਂ ਚਾੜ੍ਹ ਦਿੱਤਾ ਨਾ ਆਸਮਾਨ ਵਿਚ!"

# ਜਾਤ-ਪਾਤ ਦਾ ਵੈਰਾਗ

## ਕਲਾ ਪਰਿਕਰਮਾ

ਨਾਵਲ 'ਗੁੰਝਲ' (ਲੇਖਕ: ਭਰਤ ਓਲਾ; ਅਨੁਵਾਦ: ਕੇਸਰਾ ਰਾਮ) ਦਾ ਆਰੰਭ ਚਾਰ ਮਿੱਤਰਾਂ ਦੇ ਸੰਵਾਦ ਤੋਂ ਹੁੰਦਾ ਹੈ ਜਿਹੜੇ ਇਕ ਰੈਸਤਰਾਂ ਵਿਚ ਬੈਠੇ ਆਪਣੇ ਪੰਜਵੇਂ ਮਿੱਤਰ ਦੇ ਵਿਆਹ ਵਿਚ ਸ਼ਾਮਲ ਹੋਣ ਦਾ ਪ੍ਰੋਗਰਾਮ ਬਣਾ ਰਹੇ ਹਨ। ਅੱਡੋ-ਅੱਡ ਜਾਤੀ ਫਿਰਕਿਆਂ ਨਾਲ ਸਬੰਧ ਰੱਖਣ ਦੇ ਬਾਵਜੂਦ ਉਹ ਚਾਰੇ ਖਾਂਦੇ ਪੀਂਦੇ ਘਰਾਂ ਦੇ ਬੇਫਿਕਰ ਨੌਜਵਾਨ ਹਨ। ਇਕ ਲੜਕਾ ਪੰਡਤਾਂ ਦਾ ਹੈ, ਦੂਜਾ ਮੇਘਵੰਸ਼ੀ ਅਛੂਤ ਹੈ, ਤੀਜਾ ਚੌਧਰੀ ਜਾਟ ਹੈ ਤੇ ਚੌਥਾ ਗੁਪਤਾ ਬਾਣੀਆ ਹੈ।

ਉਸੇ ਰੈਸਤਰਾਂ ਵਿਚ ਤਿੰਨ ਲੜਕੀਆਂ ਆਉਂਦੀਆਂ ਹਨ ਤਾਂ ਇਹ ਚਾਰੋ ਲੜਕੇ ਆਪੋ-ਆਪਣੇ ਢੰਗ ਅਤੇ ਸੋਚ ਨਾਲ ਲੱਖਣ ਲਾਉਂਦੇ ਹਨ ਕਿ ਕਿਹੜੀ ਕੁੜੀ ਕਿਹੜੀ ਜਾਤ ਦੀ ਹੋਵੇਗੀ। ਗੱਲਬਾਤ ਇੰਨੇ ਸਹਿਜ ਰੂਪ ਵਿਚ ਚੱਲਦੀ ਹੈ, ਪਾਠਕ ਨੂੰ ਮਹਿਸੂਸ ਹੀ ਨਹੀਂ ਹੁੰਦਾ ਕਿ ਲੇਖਕ ਜਾਤ-ਪਾਤ ਬਾਰੇ ਬੜੀਆਂ ਮੁੱਲਵਾਨ ਤੇ ਗਹਿਰ-ਗੰਭੀਰ ਟਿੱਪਣੀਆਂ ਕਰਦਾ ਹੈ। ਇਕ ਬਹੁਤ ਖ਼ੂਬਸੂਰਤ ਲੜਕੀ ਬਾਰੇ ਚੌਧਰੀ ਦਾ ਮੱਤ ਹੈ, ਇਹ ਜੱਟਾਂ ਦੀ ਕੁੜੀ ਹੈ। ਜਦੋਂ ਪਤਾ ਲੱਗਦਾ ਹੈ ਕਿ ਇਹ ਮੇਘਵਾਲ ਹੈ, ਭਾਵ



**ਬਲਦੇਵ ਸਿੰਘ**
ਫੋਨ: +91-98147-8306

ਨਿਮਨ ਜਾਤੀ ਦੀ ਹੈ ਤਾਂ ਚੌਧਰੀ ਮੰਨਣ ਲਈ ਤਿਆਰ ਨਹੀਂ ਹੁੰਦਾ ਤੇ ਆਖਦਾ ਹੈ, ਜੇ ਚੌਧਰੀ ਨਹੀਂ ਤਾਂ 'ਝੱਟ ਫਾਊਲ' ਹੈ। ਇਸ ਉਪਰ ਦੂਸਰੇ ਤਨਜ਼ ਕਰਦੇ ਹਨ ਕਿ ਤੂੰ ਕਿਸੇ ਪਾਸਿਓਂ ਵੀ ਦੇਖਣ ਨੂੰ ਚੌਧਰੀ ਨਹੀਂ ਲੱਗਦਾ, ਇਸ ਲਈ ਤੂੰ ਵੀ ਫਿਰ 'ਝੱਟ ਫਾਊਲ' ਹੈਂ।

ਪੂਰੇ ਨਾਵਲ ਦੀ ਕੇਂਦਰੀ ਚੂਲ 'ਝੱਟ-ਫਾਊਲ' ਦੁਆਲੇ ਹੀ ਘੁੰਮਦੀ ਹੈ ਤੇ ਹਰ ਵੇਲੇ ਚੌਧਰੀ ਲੜਕੇ ਨੂੰ ਇਹ ਗੱਲ ਚੁੱਭਦੀ ਰਹਿੰਦੀ ਹੈ। ਮੇਰੀ ਜਾਚੇ 'ਝੱਟ-ਫਾਊਲ' ਰਾਜਸਥਾਨੀ ਸ਼ਬਦ ਹੈ ਜਿਸ ਦਾ ਅਰਥ ਦੂਜੀ ਜਾਤੀ ਨਾਲ 'ਕਰਾਸ-ਬਰੀਡ' ਜਾਂ ਨਾਜਾਇਜ਼ ਸਬੰਧਾਂ ਦਾ ਹੋ ਸਕਦਾ ਹੈ।

ਨਾਵਲ ਬਾਰੇ ਮਾਲਚੰਦ ਤਿਵਾੜੀ ਦੀ ਇਹ ਟਿੱਪਣੀ ਬਹੁਤ ਮਹੱਤਵਪੂਰਨ ਹੈ: 'ਨੌਜਵਾਨਾਂ ਦੀ ਸਾਰੀ ਕਿਰਿਆ-ਪ੍ਰਕਿਰਿਆ ਵਿਚ ਸਮਾਜ ਦੀ ਸਮੁੱਚੀ ਭਾਰਤੀ ਨੌਜਵਾਨ ਪੀੜ੍ਹੀ ਸਮੂਹਿਕ ਮਨੋਵਿਗਿਆਨ ਦੀ ਗਹਿਰੀ ਗੂੰਜ ਹੈ।'

ਨਾਵਲ ਦੇ ਪਾਠ ਉਪਰੰਤ ਇਹ ਅਹਿਸਾਸ ਹੁੰਦਾ ਹੈ ਕਿ ਲੇਖਕ ਨੂੰ ਭਾਰਤੀ ਸਮਾਜ ਦੇ ਜਾਤ-ਪਾਤ ਵਿਗਿਆਨ ਦੀ ਗਹਿਰੀ ਸਮਝ ਹੈ ਤੇ ਉਹ ਹਰ ਜਾਤੀ ਦੇ ਨੌਜਵਾਨਾਂ, ਬਜ਼ੁਰਗਾਂ ਅਤੇ ਔਰਤਾਂ ਦੀ ਮਾਨਸਿਕਤਾ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਰਾਖਵਾਂਕਰਨ ਦੀ ਰਾਜਨੀਤੀ ਦੀ ਮਾਰ ਵਿਚ ਆਏ ਇਹ ਨੌਜਵਾਨ ਬਾਹਰੋਂ ਜਿਵੇਂ ਮਰਜ਼ੀ ਮਖੌਟੇ ਪਾ ਕੇ ਆਪਸ ਵਿਚ ਮੇਲ-ਮਿਲਾਪ ਰੱਖਦੇ ਹਨ, ਪਰ ਧੁਰ ਅੰਦਰ ਦੀ ਗਹਿਰਾਈ ਵਿਚ ਇਕ-ਦੂਜੇ ਪ੍ਰਤੀ ਨਫਰਤ ਨਾਲ ਭਰੇ ਪਏ ਹਨ।

ਨਾਵਲ ਵਿਚ ਕੁਝ ਅਜਿਹੇ ਵੇਰਵੇ ਵੀ ਹਨ ਜਿਹੜੇ ਕਥਾ-ਪ੍ਰਸੰਗ ਨੂੰ ਅੱਗੇ ਤਾਂ ਨਹੀਂ ਤੋਰਦੇ ਪਰ ਆਪਣੀ ਜਾਤੀ ਦੇ ਕਿਰਦਾਰ ਨੂੰ ਜ਼ਰੂਰ ਨੰਗਾ ਕਰਦੇ ਹਨ। ਚੌਧਰੀ ਹੋਣ ਦਾ ਤੇ ਉੱਚ ਜਾਤੀ ਨਾਲ ਸਬੰਧ ਰੱਖਣ ਦਾ ਘੁਮੰਡ, ਬਾਣੀਆਂ ਦਾ ਵਣਜ ਸਭਿਆਚਾਰ, ਪੰਡਤਾਂ ਦਾ ਲੋਕਾਂ ਨੂੰ ਮੂਰਖ ਬਣਾਈ ਰੱਖਣ ਦਾ ਧਾਰਮਿਕ ਦੰਭ ਤੇ ਨਿਮਨ ਜਾਤੀ 'ਚੋਂ ਰਾਖਵੇਂਕਰਨ ਨਾਲ ਪ੍ਰਾਪਤ ਕੀਤੀ ਅਫਸਰੀ ਦਾ ਜਲੌਅ ਤੇ ਆਪਣੇ ਹੀ ਲੋਕਾਂ ਨਾਲ ਘ੍ਰਿਣਾ, ਇਨ੍ਹਾਂ ਗੌਣ ਵੇਰਵਿਆਂ ਰਾਹੀਂ ਹੀ ਪ੍ਰਾਪਤ ਹੁੰਦੀਆਂ ਹਨ।

ਆਂਚਲਿਕ ਭਾਸ਼ਾ-ਬੋਲੀ ਇਸ ਢੰਗ ਨਾਲ ਵਰਤੀ ਗਈ ਹੈ ਕਿ ਕਥਾ ਵਿਚ ਰੌਚਿਕਤਾ ਤਾਂ ਆਈ ਹੈ, ਰੁਮਾਂਚਿਕ ਵੀ ਹੈ। ਕੇਸਰਾ ਰਾਮ ਪੰਜਾਬੀ ਦਾ ਸਮਰੱਥ ਕਹਾਣੀਕਾਰ ਹੈ। ਉਸ ਨੇ ਪੂਰੀ ਰੂਹ ਨਾਲ ਇਸ ਨਾਵਲ ਦਾ ਅਨੁਵਾਦ ਕੀਤਾ ਹੈ। ਰਾਜਸਥਾਨੀ ਵਿਚ ਨਾਵਲ ਦਾ ਨਾਂ 'ਗੁਲਗਾਂਠ' ਹੈ ਜਿਸ ਨੂੰ ਕੇਸਰਾ ਰਾਮ ਨੇ 'ਗੁੰਝਲ' ਕਿਹਾ ਹੈ। ਮੈਂ ਸਮਝਦਾ ਹਾਂ, ਪੰਜਾਬੀ ਭਾਸ਼ਾ ਵਿਚ ਸਾਡੇ ਕੋਲ ਸ਼ਬਦ 'ਗੋਲ-ਗੰਢ' ਹੈ। 'ਗੁੰਝਲ' ਤਾਂ ਟੱਕਰਾਂ ਮਾਰ ਕੇ ਖੁੱਲ੍ਹ ਵੀ ਜਾਂਦੀ ਹੈ, 'ਗੋਲ-ਗੰਢ' ਤਾਂ ਕੱਟਣੀ ਹੀ ਪੈਂਦੀ ਹੈ। ਜਾਤ-ਪਾਤ ਦੀ ਅਲਾਮਤ ਨੂੰ ਪੇਸ਼ ਕਰਦੇ ਇਸ ਨਾਵਲ ਲਈ 'ਗੋਲ-ਗੰਢ' ਜ਼ਿਆਦਾ ਢੁਕਵਾਂ ਨਾਂ ਹੋ ਸਕਦਾ ਸੀ। ਪੂਰੀ ਉਮੀਦ ਹੈ, ਪੰਜਾਬੀ ਪਾਠਕ ਭਰਤ ਓਲਾ ਅਤੇ ਕੇਸਰਾ ਰਾਮ ਦੇ ਯਤਨਾਂ ਨੂੰ ਪਸੰਦ ਕਰਨਗੇ।





*ਨਾਵਲ 'ਗੁੰਝਲ' ਦਾ ਮੁਖੜਾ।*



*'ਗੁੰਝਲ' ਦਾ ਲੇਖਕ ਭਰਤ ਓਲਾ।*

**ਰੁਮਾਨੀ ਘਟਨਾਵਾਂ ਤੇ ਵਰਤਾਰਿਆਂ ਦਾ ਸੁਮੇਲ:** ਪਾਕਿਸਤਾਨੀ ਪੰਜਾਬੀ ਸਾਹਿਤ ਸਾਡੇ ਕੋਲ ਗਾਹੇ-ਬਗਾਹੇ ਪਹੁੰਚਦਾ ਰਹਿੰਦਾ ਹੈ। ਕਦੇ ਅਨੁਵਾਦ ਦੇ ਰੂਪ ਵਿਚ, ਕਦੇ ਲਿਪੀਅੰਤਰ ਦੇ ਰੂਪ ਵਿਚ। ਇਸ ਜ਼ਰੀਏ ਅਸੀਂ ਕੁਝ ਵੱਡੇ ਪਾਕਿਸਤਾਨੀ ਪੰਜਾਬੀ ਲੇਖਕਾਂ ਨਾਲ ਸਾਂਝ ਬਣਾ ਸਕੇ ਹਾਂ। ਫਖਰ ਜ਼ਮਾਨ, ਇਲਿਆਸ ਘੁੰਮਣ, ਇਕਬਾਲ ਕੈਸਰ, ਬਾਬਾ ਨਜਮੀ, ਅਫਜ਼ਲ ਅਹਿਸਨ ਰੰਧਾਵਾ, ਅਮੀਨ ਮਲਿਕ ਆਦਿ ਲੰਮੀ ਸੂਚੀ ਹੈ ਜਿਹੜੇ ਅਨੁਵਾਦ ਜਾਂ ਲਿਪੀਅੰਤਰ ਰਾਹੀਂ ਚੜ੍ਹਦੇ ਪੰਜਾਬ 'ਚ ਜਾਣੇ ਜਾਂਦੇ ਹਨ।

ਪਾਕਿਸਤਾਨੀ ਨਾਵਲ 'ਤ੍ਰੇਹ' ਦਾ ਲੇਖਕ ਮੀਰ ਤਨਹਾ ਯੂਸਫੀ ਭਾਵੇਂ ਅਜੇ ਸਾਡੇ ਲਈ ਨਵਾਂ ਨਾਂ ਹੈ ਪਰ ਉਸ ਦੀ ਰਚਨਾ ਪੜ੍ਹਦਿਆਂ ਉਹ ਅਸਲੋਂ ਨਵਾਂ ਲੇਖਕ ਨਹੀਂ ਜਾਪਦਾ। ਇਸ ਨਾਵਲ ਦਾ ਪਾਠ ਕਰਦਿਆਂ ਇਹ ਪੱਕਾ ਅਹਿਸਾਸ ਹੋ ਜਾਂਦਾ ਹੈ ਕਿ ਕਦੇ ਇਕ ਰਹਿਣ ਦੇ ਬਾਵਜੂਦ ਦੋਵਾਂ ਪੰਜਾਬਾਂ ਦੀ ਰਹਿਤਲ, ਬੋਲ-ਬਾਣੀ, ਰਸਮਾਂ-ਰਿਵਾਜਾਂ ਵਿਚ ਕਾਫੀ ਭਿੰਨਤਾ ਹੈ। ਨਾਵਲ ਦੇ ਦੋ ਮੁੱਖ ਪਾਤਰ ਹਨ। ਇਕ 22-24 ਵਰ੍ਹਿਆਂ ਦੀ ਕੁੜੀ ਬੱਗੋ ਤੇ 60-65 ਵਰ੍ਹਿਆਂ ਦਾ ਅਬਦੁਲ ਰਹਿਮਾਨ। ਪਾਤਰ ਤਾਂ ਹੋਰ ਵੀ ਹਨ, ਬੱਗੋ ਦੀ ਭੈਣ ਨੱਗੋ, ਉਨ੍ਹਾਂ ਦਾ ਬਾਪ ਰਫੀਕ। ਬੱਗੋ ਦਾ ਆਸ਼ਕ ਦੋਸਾ, ਰਫੀਕ ਦੇ ਦੋ ਜੁਆਈ, ਅਬਦੁਲ ਰਹਿਮਾਨ ਦੀ ਪਤਨੀ ਗੁਲਜ਼ਾਰੀ, ਅਬਦੁਲ ਦਾ ਬਾਪ ਤੇ ਬੰਦੋਪੁਰ ਪਿੰਡ ਦਾ ਅਮੀਰ ਜੁਲਾਹਾ। ਕੁਝ ਹੋਰ ਵੀ ਪਾਤਰ ਨੇ ਜਿਹੜੇ ਬੱਗੋ ਦੇ ਸੰਪਰਕ ਵਿਚ ਆਏ ਜਾਂ ਜਿਨ੍ਹਾਂ ਨੇ ਬੱਗੋ ਨੂੰ ਆਪਣੇ ਕੋਲ ਧੱਕੇ ਨਾਲ ਰੱਖਿਆ।

ਕਹਾਣੀ ਇਉਂ ਹੈ। ਰਫੀਕ ਚੜ੍ਹਦੇ ਪੰਜਾਬ ਵਿਚੋਂ 47 ਦੇ ਉਜਾੜੇ ਵੇਲੇ ਪਾਕਿਸਤਾਨ ਦੇ ਪਿੰਡ ਬੰਦੋਪੁਰ ਜਾ ਪੁੱਜਾ, ਆਪਣਾ ਸਭ ਕੁਝ ਗੁਆ ਕੇ। ਯਤੀਮ ਰਫੀਕ ਨੂੰ ਅਬਦੁਲ ਦੇ ਪਿਓ ਨੇ ਠਾਹਰ ਦਿੱਤੀ, ਆਪਣੇ ਪੁੱਤਰ ਵਾਂਗ ਪਾਲਿਆ। ਅਬਦੁਲ ਵੀ ਉਸ ਨੂੰ ਵੱਡੇ ਭਰਾ ਵਾਂਗ ਜਾਣਨ ਲੱਗਾ। ਤ੍ਰੇਹ ਦਾ ਕਰਮ ਇੱਥੋਂ ਹੀ ਸ਼ੁਰੂ ਹੋ ਜਾਂਦਾ ਹੈ। ਪਿਛਲੀ ਵਿਰਾਸਤ ਅਨੁਸਾਰ ਰਫੀਕ ਨੂੰ 3-4 ਮੁਰੱਬੇ ਮਨਜ਼ੂਰ ਹੁੰਦੇ ਹਨ। ਉਸ ਨੂੰ 16 ਕੁ ਏਕੜ ਕੱਲਰ ਵਾਲੀ ਭੋਇੰ ਦੇ ਕੇ ਪੁਚਕਾਰ ਲਿਆ ਜਾਂਦਾ ਹੈ। ਰਹਿਣ ਲਈ ਇਕ ਮੁਫਤ ਵਾਂਗੂ ਮਿਲੀ ਹਵੇਲੀ ਵੀ ਦੇ ਦਿੱਤੀ ਜਾਂਦੀ ਹੈ ਤੇ ਬਾਕੀ ਦੀ ਜ਼ਮੀਨ ਅਬਦੁਲ ਰਹਿਮਾਨ ਦਾ ਬਾਪ ਆਪਣੇ ਰਿਸ਼ਤੇਦਾਰਾਂ ਦੇ ਤੇ ਆਪਣੇ ਖਾਤੇ ਪਾ ਲੈਂਦਾ ਹੈ। ਸਮਾਂ ਪੈਣ 'ਤੇ ਰਫੀਕ ਦਾ ਵਿਆਹ ਵੀ ਕਰ ਦਿੱਤਾ ਜਾਂਦਾ ਹੈ।

ਰਫੀਕ ਦੇ ਤਿੰਨ ਬੱਚੇ ਹੋ ਜਾਂਦੇ ਹਨ। ਇਕ ਲੜਕਾ, ਦੋ ਲੜਕੀਆਂ ਬੱਗੋ ਤੇ ਨੱਗੋ। ਲੜਕਾ ਛੋਟੀ ਉਮਰ ਵਿਚ ਹੀ ਅੱਲ੍ਹਾ ਨੂੰ ਪਿਆਰਾ ਹੋ ਜਾਂਦਾ ਹੈ। ਇੱਥੋਂ ਹੀ ਰਫੀਕ ਦੇ ਮਾੜੇ ਦਿਨ ਸ਼ੁਰੂ ਹੋ ਜਾਂਦੇ ਹਨ। ਪਾਕਿਸਤਾਨੀ ਨਾਵਲਾਂ ਵਿਚ ਔਰਤਾਂ ਦੀ ਖ਼ੂਬਸੂਰਤੀ ਬੜੀ ਰੂਹ ਨਾਲ ਬਿਆਨ ਕੀਤੀ ਹੁੰਦੀ ਹੈ। ਇੱਥੇ ਵੀ ਦੋਵੇਂ ਧੀਆਂ ਬਲਾ ਦੀਆਂ ਸੁੰਦਰ ਹਨ, ਪਰ ਸੁਭਾਅ ਤੋਂ ਵੱਖ। ਨੱਗੋ ਠੰਢੀ ਸ਼ੀਤਲ ਜਲ। ਬੱਗੋ ਮਘਦਾ ਅੰਗਿਆਰ। ਉਹ ਇਕ ਆਵਾਰਾ ਜਿਹੇ ਲੜਕੇ ਦੋਸੇ ਦੇ ਚੱਕਰ 'ਚ ਪੈ ਕੇ ਇਸ਼ਕ ਦੇ ਰਾਹ ਤੁਰ ਪਈ।

ਰਫੀਕ ਨੇ ਵੇਲਾ ਨਾ ਖੁੰਝਣ ਦਿੱਤਾ, ਬੱਗੋ ਪੈਸੇ ਲੈ ਕੇ ਇਕ ਵੈਲੀ ਰਾਣਾ ਸ਼ੇਰ ਆਲਮ ਨਾਲ ਤੋਰ ਦਿੱਤੀ। ਦੂਜੀ ਨੱਗੋ ਦਾ ਵੀ ਮੁੱਲ ਵੱਟ ਕੇ ਇਕ ਜ਼ਾਹਦ ਵੜੈਚ ਦੇ ਲੜ ਲਾ ਦਿੱਤੀ। ਕਹਾਣੀ ਦੇ ਨਾਲ-ਨਾਲ ਲੇਖਕ ਨੇ ਪਿੰਡ ਦੇ ਵਿਕਾਸ ਦੀ ਵੀ ਗੱਲ ਕੀਤੀ ਹੈ। ਕਹਾਣੀ ਵਿਚ ਮੋੜ ਉਸ ਵੇਲੇ ਆਉਂਦਾ ਹੈ, ਜਦੋਂ ਬੱਗੋ ਰਾਣਾ ਸ਼ੇਰ ਆਲਮ ਦਾ ਮਾਲ-ਮੱਤਾ ਹੂੰਝ ਕੇ ਪਹਿਲੇ ਆਸ਼ਕ ਦੋਸੇ ਨਾਲ ਨੱਠ ਜਾਂਦੀ ਹੈ ਤੇ ਰਾਣਾ ਸ਼ੇਰ ਆਲਮ ਰਫੀਕ ਨੂੰ ਧਮਕੀ ਦਿੰਦਾ ਹੈ ਕਿ ਜਾਂ ਤਾਂ ਮੇਰੇ ਪੈਸੇ ਵਾਪਸ ਕਰ ਜਾਂ ਨੱਗੋ ਮੇਰੇ ਘਰ ਬਿਠਾ। ਕਮਾਲ ਦਾ ਵਰਤਾਰਾ ਹੈ। ਅਬਦੁਲ ਰਹਿਮਾਨ ਤੇ ਰਫੀਕ, ਨੱਗੋ ਦੇ ਖਾਵੰਦ ਵੜੈਚ ਨੂੰ ਵੱਧ ਪੈਸੇ ਤਾਰ ਕੇ ਨੱਗੋ ਲਿਆ ਨੂੰ ਕੇ ਰਾਣਾ ਸ਼ੇਰ ਆਲਮ ਨੂੰ ਸੌਂਪ ਦਿੰਦੇ ਹਨ ਤੇ ਉਹ ਚੁੱਪਚਾਪ ਪਸ਼ੂ ਵਾਂਗ ਰਾਣੇ ਦੇ ਘਰ ਜਾ ਬੈਠਦੀ ਹੈ। ਇਸ ਦੌਰਾਨ ਹੀ ਦੋਸੇ ਦੇ ਕਤਲ ਹੋਣ ਦੀ ਖਬਰ ਮਿਲਦੀ ਹੈ।

ਇਹ ਸਾਰਾ ਕੁਝ 60 ਸਾਲਾਂ ਦੇ ਅਬਦੁਲ ਰਹਿਮਾਨ ਦੇ ਗੇੜ 'ਚ ਆ ਜਾਂਦਾ ਹੈ। ਉਹ ਨਿੱਕੀ ਬੱਗੋ ਨਾਲ ਵੀ ਛੇੜ-ਛਾੜ ਕਰਦਾ ਰਿਹਾ ਸੀ ਤੇ ਹੁਣ ਉਸ ਨੂੰ ਲੱਭਣ ਘਰੋਂ ਨਿਕਲਦਾ ਹੈ ਤੇ ਪੰਜ ਸਾਲ ਥਾਂ-ਥਾਂ ਭਟਕਦਾ ਹੈ। ਇਹ ਤ੍ਰੇਹ ਬੜੀ ਖ਼ਤਰਨਾਕ ਹੈ। ਇਹ ਪਿਆਰ ਦੀ ਤ੍ਰੇਲ ਨਾਲ ਤਾਂ ਮਰ ਸਕਦੀ ਹੈ, ਪਰ ਜਿਸਮਾਂ ਦੇ ਮਿਲਾਪ ਨਾਲ ਕਦੇ ਨਹੀਂ ਮਰਦੀ। ਜੇ ਇਹ ਤ੍ਰੇਹ ਬਰਦਾਸ਼ਤ ਕਰ ਲਈ ਜਾਵੇ ਤਾਂ ਬੰਦਾ ਵਲੀ ਤੇ ਅਵਤਾਰ ਬਣ ਜਾਂਦਾ ਹੈ। ਕਦੇ ਸਪੇਰਿਆਂ ਦੇ ਡੇਰਿਆਂ 'ਤੇ, ਕਦੇ ਬਾਜ਼ੀਗਰਾਂ ਦੇ ਟਿਕਾਣਿਆਂ 'ਤੇ, ਕਦੇ ਗੁਫਾਵਾਂ ਵਿਚ ਭਟਕਦਾ ਅਬਦੁਲ ਰਹਿਮਾਨ ਆਖ਼ਰ ਬੱਗੋ ਨੂੰ ਲੱਭ ਲੈਂਦਾ ਹੈ, ਉਦੋਂ ਉਹ ਦੋ ਬੱਚਿਆਂ ਦੀ ਮਾਂ ਸੀ। ਇੱਥੇ ਫਿਰ ਬੱਗੋ ਦਾ ਫੈਸਲਾ ਹੈਰਾਨ ਕਰਦਾ ਹੈ, ਉਹ 65 ਸਾਲ ਦੇ ਅਬਦੁਲ ਨਾਲ ਨਿਕਲਣ ਲਈ ਰਾਜ਼ੀ ਹੋ ਜਾਂਦੀ ਹੈ ਤੇ ਉਸ ਨਾਲ ਬੰਦੋਪੁਰ ਆ ਕੇ ਨਿਕਾਹ ਕਰ ਲੈਂਦੀ ਹੈ, ਪਰ ਦੋ ਮਹੀਨੇ ਬਾਅਦ ਫਿਰ ਅਬਦੁਲ ਨੂੰ ਚਕਮਾ ਦੇ ਕੇ ਭੱਜ ਜਾਂਦੀ ਹੈ।

ਮੇਰੀ ਸਮਝ ਅਨੁਸਾਰ ਸਾਹਿਤ ਅਤਿਕਥਨੀਆਂ ਤੇ ਰੁਮਾਨੀ ਘਟਨਾਵਾਂ ਦੇ ਭਾਰ ਤੋਂ ਮੁਕਤ ਹੋਣਾ ਚਾਹੀਦਾ ਹੈ। ਕਥਾ ਵਿਚ ਯੋਗੀ ਦੀਆਂ ਭਵਿੱਖਬਾਣੀਆਂ ਸੱਚੀਆਂ ਸਿੱਧ ਹੁੰਦੀਆਂ ਹਨ। ਅਲਫ ਲੈਲਾ ਦੀਆਂ ਕਹਾਣੀਆਂ ਦਾ ਸਮਾਂ ਹੁਣ ਨਹੀਂ ਰਿਹਾ। ਉਂਜ ਨਾਵਲ ਦਾ ਬਿਰਤਾਂਤ ਰੌਚਕ ਹੈ ਤੇ ਇਕ ਬੈਠਕ ਵਿਚ ਪੜ੍ਹਿਆ ਜਾ ਸਕਦਾ ਹੈ ਪਰ ਘਟਨਾਵਾਂ ਤੇ ਵਰਤਾਰਿਆਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਲੇਖਕ ਦੁਬਈ ਰਹਿੰਦਾ ਹੈ, ਪੰਜਾਬੀ ਭਾਸ਼ਾ/ਬੋਲੀ ਨੂੰ ਪਿਆਰ ਕਰਦਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਜੁਲਾਈ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-489



*ਹੁਨਰ ਦੇ ਅੰਦਰ ਹੀ ਮੁਸ਼ੱਕਤਾਂ ਘਿਰ ਗਈਆਂ।*
*ਬੀਤ ਚੱਲੀ ਹੈ ਉਮਰ, ਤੂੰ ਸਾਰਾਂ ਨਾ ਲਈਆਂ।*

## ਕੈਪਸ਼ਨ ਮੁਕਾਬਲਾ-487



ਟੁੱਟਿਆ, ਭੱਜਿਆ ਮੰਜਾ
ਬੰਦਾ ਪਿਆ ਨਿਢਾਲ।
ਗਰੀਬੀ ਢੋਂਦਾ ਹੰਭਿਆ,
ਪਈ ਨਾ ਪੱਲੇ ਘਾਲ।

*-ਦਵਿੰਦਰ ਕੌਰ*

---

ਉਮਰਾਂ ਨੇ ਝੰਬ ਸੁੱਟਿਆ
ਹੋਇਆ ਰੰਗੋ ਬਦਰੰਗ,
ਮੰਜੇ ਵਾਂਗੂ ਢਿੱਲ੍ਹਾ ਹੋ ਕੇ
ਬਚਿਆ ਸਰੀਰ ਕਰੰਗ।
ਚੜ੍ਹਦੇ ਸੂਰਜ ਨੂੰ ਸਲਾਮ
ਡੁੱਬੇ ਤਾਂ ਝਾਲੂ ਨ ਕੋਈ,
ਜਾਪੇ ਬਾਪੂ ਨਾਲ ਇੰਜ
ਜੱਗ 'ਚ ਅਣਹੋਣੀ ਹੋਈ।

*-ਸੇਵਾ ਸਿੰਘ ਨੂਰਪੁਰੀ*

---

ਕਰੀ ਕਮਾਈ ਦੇਹ ਤੋੜ ਕੇ
ਸਾਰੀ ਉਮਰ ਲੰਘਾਈ।
ਵੱਸੋਂ ਬਾਹਰੀ ਹੋ ਗਈ ਹਾਲਤ
ਕਦਰ ਕਿਸੇ ਨਾ ਪਾਈ।
ਮੰਜਾ, ਬੰਦਾ ਬਣ ਗਏ ਪਿੰਜਰ
ਬੱਸ ਜਾਂਦੇ ਸਾਥ ਨਿਭਾਈ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਅਘੜ ਦੁਘੜਾ ਇੱਕ ਝੋਲੀ ਮੰਜਾ
ਢਿੱਲੀ ਦੌਣ ਗੰਢਾਂ ਦੇ ਬੰਨੀ
ਉੱਪਰ ਪਿਆ ਇੱਕ ਕਿਰਤੀ ਬੰਦਾ
ਪਾਵੇ ਬਾਹੀਆਂ ਵਿੰਗ-ਤੜਿੰਗੇ
ਮੁੰਜ ਬਗੜ ਦੀ ਵਾਣ ਦਾ ਮੰਜਾ
ਵਿਚ ਗਰੀਬੀ ਉਮਰ ਕੱਟ ਲਈ
ਏਦੋਂ ਨਾ ਹੋ ਸਕਿਆ ਚੰਗਾ
ਢੀਚੂੰ-ਢੀਚੂੰ ਕਰਦਾ ਮੰਜਾ।

*-ਕਲਵੰਤ ਸਿੰਘ ਸਹੋਤਾ*
*ਫੋਨ: 604-589-5919*

---

ਸਿਸਟਮ ਹੀ ਗੜਬੜਾ ਗਏ ਮਨੁੱਖ ਦੇ
ਕੌਣ ਸੰਭਾਲੂ ਅਜਿਹੇ ਲਾਚਾਰਾਂ ਨੂੰ,
ਪੈਨਸ਼ਨਾਂ, ਗ੍ਰਾਂਟਾਂ ਨਾਲ
ਸਮਾਜ ਸੇਵੀ ਬਣੇ ਰਈਸ
ਕੌਣ ਚਲਾਊ ਸਮਾਜੀ ਸੁਰੱਖਿਆ ਸਰੋਕਾਰਾਂ।
ਇਕੋ ਇਕ ਆਸ ਦੀ ਕਿਰਨ ਖਾਲਸਾ ਏਡ
ਬੱਚਿਆਂ, ਬੁੱਢਿਆਂ ਅਤੇ
ਬੇਰੁਜ਼ਗਾਰਾਂ ਦੇ ਸੀਨੇ ਠਾਰੂਗੀ।
ਪਰਉਪਕਾਰ, ਰਹਿਮਦਿਲੀ,
ਸਿੱਖੀ ਸਿਧਾਂਤ ਨਾਲ
ਡੁੱਬਦੀ ਦੁਨੀਆਂ ਨੂੰ ਤਾਰੂਗੀ।

*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਚਾਬੀ ਵਾਲੇ ਖਿਡਾਉਣੇ ਵਾਂਗੂੰ,
ਟਿਕ ਟਿਕ ਜ਼ਿੰਦਗੀ ਦੀ ਚਲਦੀ ਰਹੀ।
ਲੀਰਾਂ 'ਚ ਲਪੇਟੀ, ਲੰਗਾਹ ਜ਼ਿੰਦਗੀ,
ਭੁੱਖੇ ਪੇਟ 'ਚ ਅਗਨੀ ਬਲਦੀ ਰਹੀ।
ਦਾਤੀਆਂ, ਰੰਬੇ ਹੱਥਾਂ 'ਚੋਂ ਡਿੱਗ ਪਏ,
ਦੇਹੀ ਦੇ ਅੰਗ ਦੇ ਗਏ ਜਵਾਬ।
'ਸਰਘੀ ਦੇ ਸੂਰਜ ਨੂੰ ਵਿਹੜਿਆਂ 'ਚ ਵੇਖਣਾ,
ਕਿਰਤੀ ਦਾ ਪੂਰਾ ਅਜੇ ਹੋਇਆ ਨਾ ਖੁਆਬ।

*-ਗੁਰਦੇਵ ਸਿੰਘ ਢਪਾਲੀ*
*ਗੁਰੂ ਤੇਗ ਬਹਾਦਰ ਨਗਰ, ਬਠਿੰਡਾ।*
*ਫੋਨ: 91-94176-49275*

---

ਟੁੱਟਾ ਮੰਜਾ, ਹੰਭਿਆ ਸਰੀਰ
ਦਿਖਾਉਂਦਾ ਲੱਛਣ ਗਰੀਬੀ ਦੇ।
ਬੁੱਢੇਵਾਰੇ ਪੁੱਤ ਨੂੰਹਾਂ ਵੀ ਹੋਏ ਅਲੱਗ
ਬੋਲ-ਕੁਬੋਲ ਹੋਏ ਸ਼ੁਰੂ ਆਪਸੀ
ਉਲਝੀ ਪਰਿਵਾਰਕ ਤਾਣੀ ਐਸੀ
ਬੜਾ ਮੁਸ਼ਕਿਲ ਗੰਢਾਂ ਦੇ ਗਲੀਚਾ ਬਣਦਾ।
ਨਾ ਲੀੜਾ ਤੇੜ,
ਟੁੱਟਾ ਮੰਜਾ ਮੀਂਹ ਦੇ ਕਾਣ ਦਾ
ਇਹੀ ਹੈ ਉਮਰ ਅੱਥਰੀ ਛੱਡ ਜਾਂਦੇ ਸਭ ਸਾਥ।
ਸਾਰੀ ਉਮਰ ਰਿਹਾ ਭੱਠ ਝੋਕਦਾ
ਆਪਣਾ ਢਿੱਡ ਕੱਟ, ਪਾਲਦਾ ਰਿਹਾ ਪਰਿਵਾਰ।
ਪਿਆਰ ਦੀਆਂ ਗੰਢਾਂ ਹੋਵਣ ਪੀਡੀਆਂ
ਬੁੱਢੇ ਵੇਲੇ ਵੀ ਵਿਹੜਾ ਰਹੇ ਹੱਸਦਾ ਖੇਲਦਾ।

*-ਦਰਸ਼ਨਪਾਲ ਦੋਸਾਂਝ*

# ਕਰੋਨਾ ਵਾਇਰਸ ਦੇ ਟੀਕੇ

***ਡਾ. ਗੁਰੂਮੇਲ ਸਿੱਧੂ ਮੈਡੀਕਲ ਡਾਕਟਰ ਨਹੀਂ, ਇਕ ਵਿਗਿਆਨੀ ਹਨ। ਉਨ੍ਹਾਂ ਨੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੁਲੰਬੀਆ, ਵੈਨਕੂਵਰ ਤੋਂ ਜਨੈਟਿਕਸ ਦੇ ਖੇਤਰ ਵਿਚ ਪੀਐਚ. ਡੀ. ਕੀਤੀ ਹੋਈ ਹੈ। ਉਨ੍ਹਾਂ ਦੀ ਖੋਜ ਦਾ ਵਿਸ਼ਾ 'ਹੋਸਟ-ਪੈਰਾਸਾਈਟ ਦੇ ਜੀਨਜ਼ ਵਿਚ ਮੁਠਭੇੜ' ਬਾਰੇ ਹੈ, ਅਰਥਾਤ ਹੋਸਟ ਜਿਵੇਂ ਬੰਦਾ ਅਤੇ ਰੋਗ ਪੈਦਾ ਕਰਨ ਵਾਲੇ ਕਟਾਣੂਆਂ ਜਿਵੇਂ ਕਰੋਨਾ ਵਾਇਰਸ ਦੇ ਜੀਨਜ਼ ਵਿਚ ਕਿਵੇਂ ਮੁਠਭੇੜ ਹੁੰਦਾ ਹੈ। ਕਰੋਨਾ ਵਾਇਰਸ ਦੇ ਟੀਕਿਆਂ ਦੀ ਖੋਜ ਜਨੈਟਿਕ ਖੇਤਰ ਦੇ ਘੇਰੇ ਵਿਚ ਆਉਂਦੀ ਹੈ। ਟੀਕੇ ਜਨੈਟਿਕ ਦੇ ਸਿਧਾਂਤਾਂ ਨੂੰ ਮੁੱਖ ਰੱਖ ਕੇ ਈਜਾਦ ਕੀਤੇ ਗਏ ਹਨ। ਇਹ ਲੇਖ ਪਾਠਕਾਂ ਦੀ ਜਾਣਕਾਰੀ ਲਈ ਛਾਪ ਰਹੇ ਹਾਂ।***

ਕੋਵਿਡ ਦੇ ਟੀਕਿਆਂ ਸਬੰਧੀ ਇਹ ਦੱਸਣਾ ਜਰੂਰੀ ਹੈ ਕਿ ਇਨ੍ਹਾਂ ਦੀ ਬਣਤਰ ਜਨੈਟਿਕਸ ਦੇ ਕੇਂਦਰੀ ਸਿਧਾਂਤ (Central Dogma of Genetics) 'ਤੇ ਨਿਰਭਰ ਹੈ। ਕੇਂਦਰੀ ਸਿਧਾਂਤ ਤੋਂ ਮੁਰਾਦ ਹੈ ਕਿ ਜੀਵਨ ਦੇ ਨਿਰਵਾਹ ਲਈ ਡੀ. ਐਨ. ਏ. ਤੋਂ ਆਰ. ਐਨ. ਏ. ਬਣਦਾ ਹੈ ਅਤੇ ਆਰ. ਐਨ. ਏ. ਤੋਂ ਪ੍ਰੋਟੀਨਜ਼ ਬਣਦੀਆਂ ਹਨ। ਪ੍ਰੋਟੀਨਜ਼ ਦਾ ਦੂਜਾ ਨਾਂ ਐਨਜ਼ਾਇਮਜ਼ ਹੈ, ਜੋ ਜੀਵਨ ਦਾ ਕਾਰੋਬਾਰ ਚਲਾਉਂਦੇ ਹਨ। ਵਿਗਿਆਨੀਆਂ ਨੇ ਕੇਂਦਰੀ ਸਿਧਾਂਤ ਨੂੰ ਪੁੱਠਾ ਚਲਾਉਣਾ ਸਿੱਖ ਲਿਆ ਹੈ, ਅਰਥਾਤ ਪ੍ਰੋਟੀਨਜ਼ ਤੋਂ ਆਰ. ਐਨ. ਏ. ਅਤੇ ਆਰ. ਐਨ. ਏ. ਤੋਂ ਡੀ. ਐਨ. ਏ. ਬਣਾ ਲੈਂਦੇ ਹਨ। ਇਸ ਤਕਨੀਕ ਨੂੰ ਕੋਵਿਡ-19 ਦੇ ਟੀਕੇ ਬਣਾਉਣ ਲਈ ਵਰਤਿਆ ਗਿਆ ਹੈ।

ਕਰੀਬ ਸਾਰੇ ਛੋਟੇ-ਵੱਡੇ ਜੀਵਾਂ ਵਿਚ ਡੀ. ਐਨ. ਏ. ਕਣ ਹੁੰਦਾ ਹੈ, ਪਰ ਲਗਪਗ ਸਾਰੇ ਵਾਇਰਸ ਆਰ. ਐਨ. ਏ. ਕਣ ਦੇ ਬਣੇ ਹੋਏ ਹਨ। ਕੁਝ ਵਾਇਰਸ ਡੀ. ਐਨ. ਏ. ਕਣ ਦੇ ਹਨ, ਜਿਵੇਂ 'ਅਡੀਨੋਵਾਇਰਸ', 'ਹਰਪੀਜ਼ ਵਾਇਰਸ' ਅਤੇ 'ਪੌਕਸੀਵਾਇਰਸ'; ਕੋਵਿਡ-19 ਵਾਇਰਸ ਆਰ. ਐਨ. ਏ. ਵਾਇਰਸ ਹੈ।

ਟੀਕੇ ਬਣਾਉਣ ਲਈ ਦੋਵੇਂ ਕਣਾਂ-ਆਰ. ਐਨ. ਏ. ਅਤੇ ਡੀ. ਐਨ. ਏ. ਦਾ ਪ੍ਰਯੋਗ ਕੀਤਾ ਗਿਆ ਹੈ। ਸਮਕਾਲ ਵਿਚ ਕਰੋਨਾ ਵਾਇਰਸ ਦੇ

**ਡਾ. ਗੁਰੂਮੇਲ ਸਿੱਧੂ**

ਚਾਰ ਖਾਸ ਤੇ ਮਨਜ਼ੂਰਸ਼ੁਦਾ ਟੀਕੇ ਹਨ, ਜੋ ਸਾਰੀ ਦੁਨੀਆਂ, ਖਾਸ ਕਰਕੇ ਯੂਰਪ ਅਤੇ ਉੱਤਰੀ ਅਮਰੀਕਾ ਦੇ ਮੁਲਕਾਂ ਵਿਚ ਵਰਤੇ ਜਾ ਰਹੇ ਹਨ। ਇਹ ਹਨ: ਫਾਇਜ਼ਰ-ਬਾਉਟਨ, ਮੁਡਰਨਾ, ਜੌਹਨਸਨ ਐਂਡ ਜੌਹਨਸਨ ਅਤੇ ਐਸਟਰਾਜੈਨੀਕਾ।

ਪਹਿਲੇ ਦੋ ਟੀਕੇ (ਫਾਇਜ਼ਰ ਬਾਉਟਨ ਤੇ ਮੁਡਰਨਾ) ਐਮ-ਆਰ. ਐਨ. ਏ. (M-RNA) ਕਣ ਅਤੇ ਦੂਜੇ ਦੋ (ਐਸਟਰਾਜੈਨੀਕਾ ਤੇ ਜੌਹਨਸਨ ਐਂਡ ਜੌਹਨਸਨ) ਡੀ. ਐਨ. ਏ. ਕਣ ਦਾ ਪ੍ਰਯੋਗ ਕਰਦੇ ਹਨ। ਆਰ. ਐਨ. ਏ ਕਣ ਇਕਹਿਰੀ ਅਤੇ ਡੀ. ਐਨ. ਏ. ਦੋਹਰੀ ਲੜੀ ਦਾ ਕਣ ਹੈ, ਇਸ ਲਈ ਆਰ. ਐਨ. ਏ. ਕਣ ਘੱਟ ਅਤੇ ਡੀ. ਐਨ. ਏ. ਵੱਧ ਤਾਪਮਾਨ ਸਹਾਰ ਸਕਦੇ ਹਨ। ਫਾਇਜ਼ਰ ਦੇ ਟੀਕੇ ਨੂੰ -70 ਡਿਗਰੀ ਅਤੇ ਮੁਡਰਨਾ ਨੂੰ -20 ਡਿਗਰੀ ਸੈਲਸੀਅਸ 'ਤੇ ਰੱਖਣਾ ਪੈਂਦਾ ਹੈ। ਜੌਹਨਸਨ ਐਂਡ ਜੌਹਨਸਨ ਅਤੇ ਐਸਟਰਾਜੈਨੀਕਾ ਨੂੰ ਘਰ ਦੇ ਫਰੈਜ਼ ਵਿਚ ਰੱਖਿਆ ਜਾ ਸਕਦਾ ਹੈ। ਫਾਇਜ਼ਰ ਅਤੇ ਮੁਡਰਨਾ ਨੂੰ ਦੋ ਵਾਰ, 3-ਹਫਤੇ ਦੇ ਵਕਫੇ ਨਾਲ ਲਾਇਆ ਜਾਂਦਾ ਹੈ, ਜੌਹਨਸਨ ਐਂਡ ਜੌਹਨਸਨ ਨੂੰ ਇਕ ਵਾਰ ਅਤੇ ਐਸਟਰਾਜੈਨੀਕਾ ਨੂੰ ਦੋ ਵਾਰ ਲਾਉਣਾ ਪੈਂਦਾ ਹੈ। ਪਹਿਲਾਂ ਇਹ ਵਿਚਾਰ ਲਈਏ ਕਿ ਕੋਵਿਡ-19 ਸਰੀਰ ਵਿਚ ਕਿਵੇਂ ਬੀਮਾਰੀ ਪੈਦਾ ਕਰਦਾ ਹੈ? ਯਾਦ ਰਹੇ, ਕੋਵਿਡ ਵਾਇਰਸ ਦੇ ਕੀਟਾਣੂੰ ਵਿਚ ਆਰ. ਐਨ. ਏ. ਕਣ ਹੁੰਦਾ ਹੈ।

ਕੋਵਿਡ ਦੀ ਸਤਾਹ 'ਤੇ ਕਿੱਲਾਂ ਵਰਗੇ ਕਿੰਗਰੇ (Spikes) ਹਨ, ਜੋ ਵੱਖ ਵੱਖ ਤਰ੍ਹਾਂ ਦੀ ਪ੍ਰੋਟੀਨਜ਼ ਪੈਦਾ ਕਰਦੇ ਹਨ। ਇਨ੍ਹਾਂ 'ਚੋਂ ਇਕ ਪ੍ਰੋਟੀਨ ਨੂੰ ਸਪਾਈਕ ਪ੍ਰੋਟੀਨ ਕਹਿੰਦੇ ਹਨ, ਜੋ ਬੰਦੇ ਦੇ ਸਰੀਰ ਨੂੰ ਪੈਂਚਰ ਕਰਕੇ ਕੋਵਿਡ ਦੇ ਕਣ ਆਰ. ਐਨ. ਏ. ਨੂੰ ਅੰਦਰ ਦਾਖਲ ਕਰ ਦਿੰਦੀ ਹੈ। ਅੰਦਰ ਜਾ ਕੇ ਇਹ ਕਣ ਬੰਦੇ ਦੇ ਸਰੀਰ ਦੀ ਮਸ਼ੀਨਰੀ ਵਰਤ ਕੇ ਹੋਰ ਕੋਵਿਡ ਦੇ ਕੀਟਾਣੂੰ ਪੈਦਾ ਕਰ ਲੈਂਦਾ ਹੈ। ਵਧਦੇ ਵਧਦੇ ਸਰੀਰ ਵਿਚ ਵਾਇਰਸ ਦੇ ਐਨੇ ਕਣ ਬਣ ਜਾਂਦੇ ਹਨ ਕਿ ਕੋਸ਼ ਤੂੜਿਆ ਜਾਂਦਾ ਹੈ ਅਤੇ ਅੰਤ ਨੂੰ ਫਟ ਜਾਂਦਾ ਹੈ ਤੇ ਵਾਇਰਸ ਦੇ ਕਣ ਹੋਰ ਕੋਸ਼ਾਂ ਨੂੰ ਚਿੰਬੜ ਜਾਂਦੇ ਹਨ। ਇਸ ਤਰ੍ਹਾਂ ਬੰਦੇ ਦਾ ਸਾਹ-ਪ੍ਰਬੰਧ, ਜਿਸ ਦਾ ਮੁੱਖ ਅੰਗ ਫੇਫੜੇ ਹਨ, ਨਕਾਰਾ ਹੋ ਜਾਂਦਾ ਹੈ। ਫਲਸਰੂਪ ਆਕਸੀਜਨ ਦੀ ਕਮੀ ਹੋ ਜਾਂਦੀ ਹੈ ਤੇ ਖੂਨ ਸਾਫ ਹੋਣੋਂ ਹਟ ਜਾਂਦਾ ਹੈ। ਅੰਤ ਨੂੰ ਬੰਦੇ ਦੀ ਮੌਤ ਹੋ ਜਾਂਦੀ ਹੈ।

*(ਕੋਵਿਡ ਵਾਇਰਸ ਦੇ ਲਾਗੇ ਦਾ ਵਰਤਾਰਾ ਇੰਜ ਦਿਖਾਇਆ ਗਿਆ ਹੈ। ਦੇਖੋ ਚਿਤਰ-1: ਕੋਵਿਡ ਦਾ ਸਰੀਰ ਵਿਚ ਦਾਖਲ ਹੋਣਾ)*

### ਟੀਕੇ ਕੋਵਿਡ ਤੋਂ ਕਿਵੇਂ ਬਚਾਉਂਦੇ ਹਨ?

ਜੋ ਟੀਕੇ ਹੁਣ ਦਰਕਾਰ ਹਨ, ਉਹ ਕੋਵਿਡ ਦੀ ਸਪਾਈਕ ਪ੍ਰੋਟੀਨ ਦੇ ਜੀਨ 'ਤੇ ਨਿਰਭਰ ਹਨ। ਇਹ ਪ੍ਰੋਟੀਨ ਐਮ. ਆਰ. ਐਨ. ਏ. ਤੋਂ ਬਣਦੀ ਹੈ। ਸਪਾਈਕ ਪ੍ਰੋਟੀਨ ਬੰਦੇ ਦੇ ਸਰੀਰ ਵਿਚ ਸ਼ੇਕ ਕਰਦੀ ਹੈ, ਜਿਸ ਰਾਹੀਂ ਵਾਇਰਸ ਦਾ ਆਰ. ਐਨ. ਏ. ਅੰਦਰ ਚਲਿਆ ਜਾਂਦਾ ਹੈ। ਇਹ ਸਰੀਰ ਵਿਚ ਦਾਖਲ ਹੋ ਕੇ ਪ੍ਰੋਟੀਨ ਬਣਾਉਂਦਾ ਹੈ, ਜੋ ਬੰਦੇ ਦੇ ਕੋਸ਼ ਨੂੰ ਸਾਵਧਾਨ ਕਰਦੀ ਹੈ ਕਿ ਇਸ ਪ੍ਰੋਟੀਨ ਦੇ ਵਿਰੁੱਧ ਐਂਟੀਬੌਡੀਜ਼ (Antibodies) ਪ੍ਰੋਟੀਨਜ਼ ਪੈਦਾ ਕਰੇ। ਐਂਟੀਬੌਡੀਜ਼ ਵਾਇਰਸ ਦੇ ਵਿਰੁੱਧ ਇਕ ਪ੍ਰਕਾਰ ਦੀ ਢਾਲ ਹੈ, ਜੋ ਵਾਇਰਸ ਦੇ ਆਰ. ਐਨ. ਏ. ਕਣ ਤੋਂ ਬਣੀ ਪ੍ਰੋਟੀਨ ਨੂੰ ਪਛਾਣ ਕੇ ਉਸ ਨੂੰ ਵਧਣ-ਫੁਲਣ ਤੋਂ ਰੋਕਦੇ ਹਨ।

### ਟੀਕੇ ਕਿਵੇਂ ਬਣਾਏ ਗਏ ਹਨ?

ਜਿਵੇਂ ਕਿ ਉਪਰ ਦੱਸਿਆ ਹੈ, ਕੋਵਿਡ-19 ਦੀ ਬੀਮਾਰੀ ਦੀ ਜੜ੍ਹ ਸਪਾਈਕ ਪ੍ਰੋਟੀਨ ਹੈ, ਜੋ ਵਾਇਰਸ ਨੂੰ ਬੰਦੇ ਦੇ ਸਰੀਰ ਅੰਦਰ ਦਾਖਲ ਕਰਦੀ ਹੈ। ਇਹ ਪ੍ਰੋਟੀਨ ਐਮ. ਆਰ. ਐਨ. ਏ. (M-RNA) ਤੋਂ ਬਣਦੀ ਹੈ। ਇਸ ਲਈ ਸਪਾਈਕ ਪ੍ਰੋਟੀਨ ਦੇ ਵਿਰੁੱਧ ਐਂਟੀਬੌਡੀਜ਼ ਪੈਦਾ ਕਰਨਾ ਜ਼ਰੂਰੀ ਹੈ। ਫਲਸਰੂਪ ਟੀਕਿਆਂ ਵਿਚ ਸਪਾਈਕ ਪ੍ਰੋਟੀਨ ਦੇ ਜੀਨ ਨੂੰ ਵਰਤਿਆ ਗਿਆ ਹੈ। ਫਾਇਜ਼ਰ ਅਤੇ ਮੁਡਰਨਾ ਦੇ ਟੀਕੇ ਸਪਾਈਕ ਪ੍ਰੋਟੀਨ ਦੇ ਆਰ. ਐਨ. ਏ. ਉਤੇ ਆਧਾਰਤ ਹਨ ਅਤੇ ਜੌਹਨਸਨ ਐਂਡ ਜੌਹਨਸਨ ਤੇ ਐਸਟਰਾਜੈਨੀਕਾ ਪਹਿਲਾਂ ਆਰ. ਐਨ. ਏ. ਨੂੰ ਸੀ-ਡੀ. ਐਨ. ਏ. (C-DNA) ਵਿਚ ਤਬਦੀਲ ਕਰਦੇ ਹਨ, ਜਿਸ ਨੂੰ ਡੀ. ਐਨ. ਏ. ਵਾਇਰਸ, ਅਡੀਨੋਵਾਇਰਸ (Adenovirus), ਜੋ ਬੰਦਿਆਂ ਵਿਚ ਬੀਮਾਰੀ ਪੈਦਾ ਨਹੀਂ ਕਰਦੀ, ਵਿਚ ਪਿਉਂਦ ਕਰਕੇ ਟੀਕਾ ਬਣਾਉਂਦੇ ਹਨ। ਇਥੇ ਪਹਿਲਾਂ ਸਪਾਈਕ ਪ੍ਰੋਟੀਨ ਦੇ ਆਰ. ਐਨ. ਏ. ਨੂੰ ਸੀ-ਡੀ. ਐਨ. ਏ. ਵਿਚ ਤਬਦੀਲ ਕਰਨਾ ਪਿਆ, ਤਾਂ ਕਿ ਅਡੀਨੋਵਾਇਰਸ ਵਾਇਰਸ ਦੇ ਡੀ.ਐਨ. ਏ. ਵਿਚ ਪਿਉਂਦ ਕੀਤਾ ਜਾ ਸਕੇ।

### ਫਾਇਜ਼ਰ ਅਤੇ ਮੁਡਰਨਾ ਦੇ ਟੀਕੇ ਬਣਾਉਣ ਦੀ ਵਿਧੀ

ਸਪਾਈਕ ਪ੍ਰੋਟੀਨ ਨੂੰ ਪਹਿਲਾਂ ਸੀ-ਡੀ. ਐਨ. ਏ. ਵਿਚ ਤਬਦੀਲ ਕੀਤਾ ਜਾਂਦਾ ਹੈ, ਅਰਥਾਤ ਸਪਾਈਕ ਪ੍ਰੋਟੀਨ ਦੇ ਜੀਨ ਵਿਚ ਤਬਦੀਲ ਕੀਤਾ ਜਾਂਦਾ ਹੈ। ਇਸ ਜੀਨ ਨੂੰ ਬੈਕਟੀਰੀਆ ਦੇ ਗੋਲ ਕ੍ਰੋਮੋਜ਼ੋਮ, ਪਲਾਸਮਿਡ (Plasmid) ਵਿਚ ਪਿਉਂਦ ਕਰਕੇ ਬੈਕਟੀਰੀਆ ਨੂੰ ਵੱਡੇ-ਵੱਡੇ ਟੈਂਕਾਂ ਵਿਚ, ਲੱਖਾਂ-ਕਰੋੜਾਂ ਦੀ ਗਿਣਤੀ ਵਿਚ ਪੈਦਾ ਕਰਨ ਲਈ ਬੀਜਿਆ ਜਾਂਦਾ ਹੈ। ਫੇਰ ਟੈਂਕਾਂ ਵਿਚ ਵਧਾਏ ਬੈਕਟੀਰੀਆ ਵਿਚੋਂ ਸਪਾਈਕ ਪ੍ਰੋਟੀਨ ਦੇ ਜੀਨ ਨੂੰ ਜੁਦਾ ਕੀਤਾ ਜਾਂਦਾ ਹੈ। ਇਸ ਜੀਨ ਦੇ ਡੀ. ਐਨ. ਏ. ਤੋਂ ਅਰ. ਐਨ. ਏ. ਦੀ ਵਾਢੀ ਕੀਤੀ ਜਾਂਦੀ ਹੈ। ਇਸ ਆਰ. ਐਨ. ਏ. ਨੂੰ ਸ਼ੀਸ਼ੀਆਂ ਵਿਚ ਭਰ ਕੇ ਟੀਕੇ ਦੇ ਤੌਰ 'ਤੇ ਵਰਤਿਆ ਜਾਂਦਾ ਹੈ।

### ਐਸਟਰਾਜੈਨੀਕਾ ਅਤੇ ਜੌਹਨਸਨ ਐਂਡ ਜੌਹਨਸਨ ਦੇ ਟੀਕੇ ਬਣਾਉਣ ਦੀ ਵਿਧੀ

ਇਹ ਦੋਵੇਂ ਕੰਪਨੀਆਂ ਸਪਾਈਕ ਪ੍ਰੋਟੀਨ ਦੇ ਜੀਨ ਨੂੰ ਡੀ. ਐਨ. ਏ. ਵਾਇਰਸ, ਅਡੀਨੋਵਾਇਰਸ ਵਿਚ ਪਿਉਂਦ ਕਰਦੇ ਹਨ। ਇਹ ਵਾਇਰਸ ਸਪਾਈਕ ਪ੍ਰੋਟੀਨ ਦੇ ਜੀਨ ਤੋਂ ਆਰ. ਐਨ. ਏ. ਬਣਾਉਂਦੀ ਹੈ। ਇਹ ਸਾਰਾ ਵਰਤਾਰਾ ਵਾਇਰਸ ਦੇ ਕਣ ਦੇ ਅੰਦਰ ਹੁੰਦਾ ਹੈ। ਇਨ੍ਹਾਂ ਟੀਕਿਆਂ ਲਈ ਅਡੀਨੋਵਾਇਰਸ ਵਰਤੀ ਜਾਂਦੀ ਹੈ, ਪਰ ਅੰਤ ਨੂੰ ਸਪਾਈਕ ਪ੍ਰੋਟੀਨ ਦੇ ਜੀਨ ਤੋਂ ਬਣਿਆ ਆਰ. ਐਨ. ਏ. ਹੀ ਟੀਕੇ ਦਾ ਕੰਮ ਕਰਦਾ ਹੈ। ਇਹ ਤਰੀਕਾ ਇਕ ਪ੍ਰਕਾਰ ਨਾਲ ਸੱਜੇ ਹੱਥ ਨਾਲ ਧੌਣ ਦੇ ਪਿਛਿਉਂ ਖੱਬਾ ਕੰਨ ਫੜਨ ਦੀ ਕਹਾਵਤ ਵਾਂਗ ਹੈ। ਸਾਰੰਸ਼ ਇਹ ਕਿ ਆਖਰ ਨੂੰ ਸਾਰੇ ਟੀਕੇ ਸਪਾਈਕ ਪ੍ਰੋਟੀਨ ਦੇ ਆਰ. ਐਨ. ਏ. ਦਾ ਪ੍ਰਯੋਗ ਕਰਦੇ ਹਨ। ਫਰਕ ਸਿਰਫ ਇਹ ਹੈ ਕਿ ਆਰ. ਐਨ. ਏ. ਤੋਂ ਬਣੇ ਟੀਕੇ ਮਨਫੀ ਤਾਪਮਾਨ ਵਿਚ ਰੱਖਣੇ ਪੈਂਦੇ ਹਨ ਅਤੇ ਡੀ. ਐਨ. ਏ. ਰਾਹੀਂ ਬਣਾਏ ਟੀਕੇ ਨੂੰ ਐਨੇ ਘੱਟ ਤਾਪਮਾਨ ਦੀ ਲੋੜ ਨਹੀਂ। ਦੋ ਪ੍ਰਕਾਰ ਦੇ ਟੀਕਿਆਂ ਵਿਚ ਇਹੋ ਫਰਕ ਹੈ।

### ਕੋਵਿਡ-19 ਦੇ ਟੀਕੇ ਕਿਵੇਂ ਅਸਰ ਕਰਦੇ ਹਨ?

1. ਟੀਕਾ ਬਾਂਹ ਦੇ ਉਤਲੇ ਹਿੱਸੇ ਦੇ ਪੱਠੇ ਵਿਚ ਲਾਇਆ ਜਾਂਦਾ ਹੈ। ਐਮ-ਆਰ. ਐਨ. ਏ. ਦਾ ਕਣ ਅੰਦਰ ਜਾ ਕੇ ਰੋਗ-ਸੁਰੱਖਿਅਤ ਕੋਸ਼ਾਂ (Immune cells) ਨੂੰ ਉਤੇਜਿਤ ਕਰਦਾ ਹੈ ਕਿ ਇਸ ਆਰ. ਐਨ. ਏ. ਤੋਂ ਪ੍ਰੋਟੀਨ ਬਣਾਉਣ। ਜਦ ਪ੍ਰੋਟੀਨ ਬਣ ਜਾਂਦੀ ਹੈ ਤਾਂ ਸਰੀਰ ਦੇ ਕੋਸ਼ ਐਮ. ਆਰ. ਐਨ. ਏ. ਨੂੰ ਨਸ਼ਟ ਕਰ ਦਿੰਦਾ ਹੈ। ਇਹ ਸਾਰਾ ਵਰਤਾਰਾ ਸਰੀਰ ਦੇ ਕੋਸ਼ ਦੇ ਕੇਂਦਰੀ ਯੁਜ (Nucleus) ਤੋਂ ਬਾਹਰ




ਸਾਈਟੋਪਲਾਜ਼ਮ (Cytoplasm) ਵਿਚ ਵਾਪਰਦਾ ਹੈ।

2. ਬਣੀ ਹੋਈ ਪ੍ਰੋਟੀਨ ਸਰੀਰ ਦੇ ਕੋਸ਼ ਦੀ ਸਤਹ 'ਤੇ ਪ੍ਰਗਟ ਹੋ ਜਾਂਦੀ ਹੈ। ਸਾਡੇ ਸਰੀਰ ਦਾ ਰੋਗ-ਰੋਕੂ ਪ੍ਰਬੰਧ ਪਛਾਣ ਜਾਂਦਾ ਹੈ ਕਿ ਇਹ ਪ੍ਰੋਟੀਨ ਓਪਰੀ ਹੈ, ਫਲਸਰੂਪ ਇਸ ਦੇ ਵਿਰੁੱਧ ਐਂਟੀਬੌਡੀਜ਼ ਬਣਾਉਣ ਲੱਗ ਪੈਂਦਾ ਹੈ।

3. ਸਰੀਰ ਦੀਆਂ ਐਂਟੀਬੌਡੀਜ਼ ਭਵਿੱਖ ਵਿਚ ਕੋਵਿਡ-19 ਦੇ ਸੰਭਵ ਲਾਗੇ ਤੋਂ ਬਚਾਉਂਦੀਆਂ ਹਨ।

### ਲੋਕਾਂ ਨੂੰ ਟੀਕਾ ਕਿਉਂ ਲਗਵਾ ਲੈਣਾ ਚਾਹੀਦਾ ਹੈ?

ਲੋਕਾਂ ਨੂੰ ਭਰਮਾਂ-ਭੁਲੇਖਿਆਂ ਵਿਚ ਨਹੀਂ ਪੈਣਾ ਚਾਹੀਦਾ ਤੇ ਜੋ ਵੀ ਟੀਕਾ ਦਰਕਾਰ ਹੈ, ਉਹ ਲਗਵਾ ਲੈਣਾ ਚਾਹੀਦਾ ਹੈ। ਟੀਕੇ ਦੇ ਹੇਠ ਲਿਖੇ ਫਾਇਦੇ ਹਨ:

1. ਡਾਕਟਰੀ ਤਪਤੀਸ਼ ਅਨੁਸਾਰ ਟੀਕੇ ਕਰੋਨਾ ਨੂੰ ਰੋਕਦੇ ਹਨ।

2. ਟੀਕਿਆਂ ਨਾਲ ਮਹਾਮਾਰੀ ਨੂੰ ਠੱਲ੍ਹ ਪਾਈ ਜਾ ਸਕਦੀ ਹੈ ਜਿਵੇਂ ਕਿ ਅਮਰੀਕਾ ਵਿਚ ਹੋਇਆ ਹੈ।

3. ਟੀਕੇ ਲੋਕਾਂ ਨੂੰ ਅਤੇ ਉਨ੍ਹਾਂ ਦੇ ਸਕੇ ਸਬੰਧੀਆਂ ਨੂੰ ਕੋਵਿਡ ਤੋਂ ਬਚਾਉਂਦੇ ਹਨ।

4. ਕੁਝ ਲੋਕਾਂ ਨੂੰ, ਜਿਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਲੱਗ ਗਏ ਹਨ, ਕੋਵਿਡ ਲੱਗਣ ਦੀ ਸੰਭਾਵਨਾ ਹੋ ਸਕਦੀ ਹੈ, ਕਿਉਂਕਿ ਟੀਕੇ 100% ਕਾਰਗਰ ਨਹੀਂ, ਪਰ ਇਹ ਘਾਤਕ ਸਿੱਧ ਨਹੀਂ ਹੋਵੇਗੀ।

5. ਟੀਕਿਆਂ ਦੀ ਕਾਰਗਰਤਾ 'ਤੇ ਸ਼ੱਕ ਨਹੀਂ ਕਰਨਾ ਚਾਹੀਦਾ, ਕਿਉਂਕਿ ਇਹ ਹਰ ਸੰਭਵ ਤਪਤੀਸ਼ ਤੋਂ ਬਾਅਦ ਹੀ ਲੋਕਾਂ ਨੂੰ ਲਗਾਏ ਜਾਂਦੇ ਹਨ। ਅਮਰੀਕਾ ਦੀ ਬੀਮਾਰੀ-ਰੋਕੂ ਸੰਸਥਾ ਸੀ. ਡੀ. ਸੀ. (C. D. C.) ਅਤੇ ਡਰੱਗ ਐਂਡ ਐਗਰੀਕਲਚਰ ਐਡਮਨਿਸਟਰੇਸ਼ਨ ਦੀ ਮਨਜ਼ੂਰੀ ਤੋਂ ਬਾਅਦ ਲੋਕਾਂ ਨੂੰ ਲਗਾਏ ਜਾਂਦੇ ਹਨ। ਇਸ ਲਈ ਨੁਕਸਾਨਦੇਹ ਨਹੀਂ, ਸਗੋਂ ਸੁਰੱਖਿਅਤ ਹਨ।

### ਟੀਕੇ ਬਾਰੇ ਕੀ ਕੁਝ ਜਾਣਨ ਦੀ ਲੋੜ ਹੈ?

1. ਸਾਰੇ ਟੀਕੇ ਲਾਭਦਾਇਕ ਅਤੇ ਅਸਰਦਾਰ ਹਨ।

2. ਪਹਿਲਾ ਟੀਕਾ ਲੱਗਣ ਤੋਂ ਦੋ ਹਫਤੇ ਬਾਅਦ ਸਰੀਰ ਕਰੋਨਾ ਨੂੰ ਮਾਤ ਪਾ ਸਕਦਾ ਹੈ। ਦੂਜੀ ਵਾਰ ਟੀਕਾ ਲੱਗਣ ਸਾਰ ਸਰੀਰ ਵਿਚ ਕਰੋਨਾ ਨੂੰ ਰੋਕਣ ਦੀ ਸਮਰੱਥਾ ਪੈਦਾ ਹੋ ਜਾਂਦੀ ਹੈ।

3. ਜਿਨ੍ਹਾਂ ਲੋਕਾਂ ਨੂੰ ਪੂਰੇ ਟੀਕੇ ਲੱਗ ਗਏ ਹਨ, ਉਹ ਨਾਰਮਲ ਜੀਵਨ ਜਿਊਣਾ ਸ਼ੁਰੂ ਕਰ ਸਕਦੇ ਹਨ, ਜਿਵੇਂ ਸਕੇ ਸਬੰਧੀਆਂ ਨੂੰ ਮਿਲ ਸਕਦੇ ਹਨ, ਬਸ਼ਰਤੇ ਉਨ੍ਹਾਂ ਦੇ ਵੀ ਟੀਕੇ ਲੱਗੇ ਹੋਏ ਹੋਣ।

4. ਟੀਕਾ ਲੱਗਣ ਤੋਂ ਬਾਅਦ ਕੁਝ ਬਗਲਗੀਰ ਅਸਰ (Side effects) ਹੋ ਸਕਦੇ ਹਨ, ਜਿਵੇਂ ਟੀਕੇ ਵਾਲੀ ਥਾਂ 'ਤੇ ਸੋਜਸ਼ ਹੋ ਸਕਦੀ ਹੈ, ਪਾਲਾ ਲੱਗ ਕੇ ਮਿੰਨ੍ਹਾ-ਮਿੰਨ੍ਹਾ ਬੁਖਾਰ ਹੋ ਸਕਦਾ ਹੈ, ਚੱਕਰ ਆ ਸਕਦੇ ਹਨ ਤੇ ਕਮਜ਼ੋਰੀ ਹੋ ਸਕਦੀ ਹੈ, ਇਤਿਆਦਿ; ਪਰ ਇਹ ਬੜੇ ਸੁਭਾਵਿਕ ਹਨ ਕਿਉਂਕਿ, ਹਰ ਇਨਸਾਨ ਦੀ ਸਰੀਰ ਦੀ ਰਸਾਇਣਕ ਕਿਰਿਆ ਵੱਖਰੀ ਵਖਰੀ ਹੈ। ਇਸ ਲਈ ਇਨ੍ਹਾਂ ਤੋਂ ਘਬਰਾਉਣਾ ਨਹੀਂ ਚਾਹੀਦਾ, ਇਹ ਕੁਝ ਦਿਨਾਂ ਵਿਚ ਹਟ ਜਾਂਦੇ ਹਨ।

### ਕੁਝ ਸਾਵਧਾਨੀਆਂ ਤੇ ਚਿਤਾਵਨੀਆਂ

1. ਵਿਗਿਆਨੀ ਲਗਾਤਾਰ ਜਾਣਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਟੀਕੇ, ਕੋਵਿਡ ਵਾਇਰਸ ਨੂੰ ਫੈਲਾਉਣ ਵਿਚ ਕਿੱਥੋਂ ਤਕ ਕਾਮਯਾਬ ਹਨ, ਅਰਥਾਤ ਇਕ ਦੂਜੇ ਤੋਂ ਲੱਗਣ ਤੋਂ ਕਿਵੇਂ ਅਤੇ ਕਿੱਥੋਂ ਤਕ ਬਚਾਉਂਦੇ ਹਨ।

2. ਅਜੇ ਸਾਨੂੰ ਇਹ ਵੀ ਪੂਰਾ ਪਤਾ ਨਹੀਂ ਕਿ ਟੀਕੇ ਕਿੰਨਾ ਚਿਰ ਅਸਰਦਾਰ ਰਹਿੰਦੇ ਹਨ।

3. ਇਹ ਵੀ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕੋਵਿਡ ਨੂੰ ਠੱਲ੍ਹ ਪਾਉਣ ਲਈ ਕਿੰਨੇ ਪ੍ਰਤੀਸ਼ਤ ਲੋਕਾਂ ਨੂੰ ਟੀਕੇ ਲੱਗ ਜਾਣੇ ਚਾਹੀਦੇ ਹਨ, ਤਾਂ ਕਿ ਸਮੂਹਕ ਅਮਿਊਨਿਟੀ (Herd Immunity) ਪੈਦਾ ਹੋ ਸਕੇ, ਅਰਥਾਤ ਸਮੁੱਚੇ ਭਾਈਚਾਰੇ ਦਾ ਰੋਗ-ਰੋਕੂ ਪ੍ਰਬੰਧ ਸੁਰੱਖਿਅਤ ਪੱਧਰ ਤਕ ਪਹੁੰਚ ਸਕ ਤੇ ਇਹ ਕਿਹਾ ਜਾ ਸਕੇ ਕਿ ਹੁਣ ਜਨਤਾ ਕਰੋਨਾ ਤੋਂ ਸੁਰੱਖਿਅਤ ਹੋ ਗਈ ਹੈ।

4. ਸਾਨੂੰ ਅਜੇ ਪੂਰੀ ਤਰ੍ਹਾਂ ਨਹੀਂ ਪਤਾ ਕਿ ਟੀਕੇ ਨਵੀਆਂ ਮਿਊਟੇਸ਼ਨਜ਼ ਦੇ ਵਿਰੁੱਧ ਕਾਰਗਰ ਹਨ, ਜੇ ਹਨ ਤਾਂ ਕਿੰਨੇ ਪੱਧਰ ਤਕ? ਜੈਨੇਟਿਕ ਅੰਦਾਜ਼ੇ ਅਨੁਸਾਰ ਹਰ 10,000 ਕੀਟਾਣੂੰਆਂ ਦੇ ਪੈਦਾ ਹੋਣ ਮਗਰ ਇਕ ਨਵੀਂ ਮਿਊਟੇਸ਼ਨ ਪੈਦਾ ਹੋ ਜਾਂਦੀ ਹੈ। ਵਾਇਸ ਵਰਗੇ ਅਤਿ ਮਹੀਨ ਤੇ ਦੂਰਬੀਨੀ ਕੀਟਾਣੂੰ ਲੱਖਾਂ-ਕਰੋੜਾਂ ਦੀ ਤਾਦਾਦ ਵਿਚ ਪੈਦਾ ਹੁੰਦੇ ਹਨ। ਸਿੱਧ ਹੈ, ਇਸ ਵਾਇਰਸ ਵਿਚ ਨਵੀਆਂ ਮਿਊਟੇਸ਼ਨ ਪੈਦਾ ਹੋਣ ਦਾ ਵਧੇਰਾ ਖਦਸ਼ਾ ਹੈ। ਇਹ ਜਿੰਨੇ ਵੱਧ ਲੋਕਾਂ ਨੂੰ ਲੱਗੇਗੀ, ਓਨੀ ਵੱਧ ਗਿਣਤੀ ਵਿਚ ਪੈਦਾ ਹੋ ਕੇ ਨਵੀਆਂ ਮਿਊਟੇਸ਼ਨਾਂ ਨੂੰ ਜਨਮ ਦੇਵੇਗੀ।

### ਕੁਝ ਅਹਿਮ ਸਵਾਲ ਤੇ ਜਵਾਬ

**1. ਟੀਕੇ ਕਿੱਥੋਂ ਅਤੇ ਕਿਵੇਂ ਲਗਵਾਏ ਜਾ ਸਕਦੇ ਹਨ?**

**ਉੱਤਰ:** ਸਰਕਾਰ ਦੀ ਵੈਬਸਾਈਟ ਤੋਂ ਪਤਾ ਲੱਗ ਸਕਦਾ ਹੈ ਕਿ ਟੀਕੇ ਲਾਉਣ ਦਾ ਅਧਿਕਾਰ ਕਿਸ ਏਜੰਸੀ ਕੋਲ ਹੈ। ਆਮ ਕਰਕੇ ਸਰਕਾਰ ਨੇ ਹਸਪਤਾਲਾਂ, ਡਾਕਟਰਾਂ, ਫਾਰਮੇਸੀਆਂ ਅਤੇ ਡਾਕਟਰੀ ਕਾਮਿਆਂ ਨੂੰ ਟੀਕੇ ਲਾਉਣ ਦਾ ਅਧਿਕਾਰ ਦੇ ਛੱਡਿਆ ਹੈ। ਹੋਰ ਵਾਕਫੀਅਤ ਆਪਣੇ ਡਾਕਟਰ ਤੋਂ ਲੈ ਸਕਦੇ ਹੋ।

**2. ਕੀ ਤੁਹਾਨੂੰ ਟੀਕਾ ਚੁਣਨ ਦਾ ਅਧਿਕਾਰ ਹੈ?**

**ਉੱਤਰ:** ਆਮ ਤੌਰ 'ਤੇ ਜੋ ਟੀਕਾ ਸਰਕਾਰ ਮੁਹੱਈਆ ਕਰਦੀ ਹੈ, ਉਹੀ ਲਾਇਆ ਜਾਂਦਾ ਹੈ। ਪਰ ਤੁਸੀਂ ਕਿਹੜਾ ਟੀਕਾ ਲਵਾਉਣਾ ਚਾਹੁੰਦੇ ਹੋ, ਇਸ ਬਾਰੇ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਕਰ ਕੇ ਚੁਣ ਸਕਦੇ ਹੋ। ਵੈਸੇ ਗੌਰਮਿੰਟ ਦੀ ਕੋਈ ਵੀ ਏਜੰਸੀ ਇਕ ਟੀਕੇ ਨੂੰ ਦੂਜੇ ਨਾਲੋਂ ਕਾਰਗਰ ਹੋਣ ਬਾਰੇ ਕੋਈ ਮਸ਼ਵਰਾ ਨਹੀਂ ਦਿੰਦੀ। ਵੈਸੇ ਸਾਰੇ ਟੀਕੇ ਕਾਰਗਰ ਹਨ, ਇਸ ਲਈ ਜੋ ਵੀ ਦਰਕਾਰ ਹੋਵੇ, ਲਵਾ ਲੈਣਾ ਚਾਹੀਦਾ ਹੈ। ਸਮੇਂ ਸਮੇਂ ਕਿਸੇ ਟੀਕ ਦੇ ਮਾੜੇ ਅਸਰ ਬਾਰੇ ਪਤਾ ਲਗਦਾ ਰਹਿੰਦਾ ਹੈ, ਜਿਵੇਂ ਜੌਹਨਸਨ ਐਂਡ ਜੌਹਨਸਨ ਟੀਕੇ ਬਾਰੇ ਬਲੱਡ ਕਲੌਟਸ ਪੈਦਾ ਹੋਣ ਬਾਰੇ ਚਰਚਾ ਛਿੜੀ ਸੀ। ਇਸ ਬੀਮਾਰੀ ਕਰਕੇ ਸਫੈਦ ਲਹੂ ਦੇ ਕੋਸ਼ਾਂ ਦਾ ਜਮਘਟਾ ਬਣ ਕੇ ਬਲੱਡ ਕਲੌਟਸ ਪੈਦਾ ਹੋਣ ਦਾ ਖਦਸ਼ਾ ਪੈਦਾ ਹੁੰਦਾ ਹੈ।

**3. ਇਹ ਕਿਵੇਂ ਪਤਾ ਲੱਗੇ ਕਿ ਟੀਕੇ ਸੁਰੱਖਿਅਤ ਹਨ?**

**ਉੱਤਰ:** ਲੱਖਾਂ ਲੋਕਾ ਨੂੰ ਟੀਕੇ ਲੱਗ ਚੁਕੇ ਹਨ ਤੇ ਇਨ੍ਹਾਂ ਕਾਰਨ ਹਜ਼ਾਰਾਂ ਲੋਕ ਮਰਨ ਤੋਂ ਬਚ ਗਏ ਹਨ। ਸਿੱਧ ਹੈ ਕਿ ਟੀਕੇ ਫਾਇਦੇਮੰਦ ਹਨ।

**4. ਕਿਸ ਨੂੰ ਟੀਕਾ ਲਗਵਾ ਲੈਣਾ ਚਾਹੀਦਾ ਹੈ?**

**ਉੱਤਰ:** ਤਜਰਬਾ ਦੱਸਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਟੀਕੇ ਲਵਾ ਲਏ ਹਨ, ਉਹ ਕੋਵਿਡ ਦੇ ਘਾਤਿਕ ਅਸਰ ਤੋਂ ਬਚ ਗਏ ਹਨ।

**5. ਕੀ ਟੀਕਿਆਂ ਦਾ ਅਸਰ ਚਿਰਜੀਵੀ ਹੈ?**

**ਉੱਤਰ:** ਟੀਕੇ ਕੋਵਿਡ ਦੇ ਪੈਦਾ ਹੋਣ ਤੋਂ ਬਾਅਦ ਹੀ ਈਜਾਦ ਕੀਤੇ ਗਏ ਹਨ। ਕੋਵਿਡ ਦੇ ਫੈਲਣ ਵਿਚ ਅਜੇ ਸਾਲ ਕੁ ਹੀ ਹੋਇਆ ਹੈ। ਇਸ ਲਈ ਟੀਕਿਆਂ ਦੀ ਕਾਰਗਰਤਾ ਬਾਰੇ ਬਹੁਤੀ ਵਾਕਫੀਅਤ ਦਰਕਾਰ ਨਹੀਂ। ਫਲਸਰੂਪ ਅਜੇ ਇਹ ਕਹਿਣਾ ਮੁਸ਼ਕਿਲ ਹੈ ਕਿ ਟੀਕੇ ਦਾ ਅਸਰ ਕਿੰਨੀ ਦੇਰ ਤਕ ਰਹੇਗਾ। ਵੈਸੇ ਹੁਣ ਤਕ ਦੇ ਤਜਰਬੇ ਤੋਂ ਲਗਦਾ ਹੈ ਕਿ ਟੀਕਾ ਛੇ ਮਹੀਨੇ ਤਕ ਲਾਭਦਾਇਕ ਸਿੱਧ ਹੋ ਸਕਦਾ ਹੈ। ਫਾਇਜ਼ਰ ਅਤੇ ਮੁਡਰਨਾ ਕੰਪਨੀਆਂ ਨੇ ਛੇ ਮਹੀਨੇ ਤੋਂ ਬਾਅਦ ਇਕ ਬੂਸਟਰ ਡੋਜ਼ ਦੇਣ ਦਾ ਸੁਝਾ ਰੱਖਿਆ ਹੈ। ਸਮੇਂ ਨਾਲ ਇਸ ਬਾਰੇ ਹੋਰ ਵਾਕਫੀਅਤ ਮੁਹੱਈਆ ਕੀਤੀ ਜਾਵੇਗੀ।

**6. ਟੀਕੇ ਕਿੰਨੇ ਕੁ ਚਿਰ ਵਿਚ ਕੋਵਿਡ ਦੀ ਮਹਾਮਾਰੀ ਨੂੰ ਖਤਮ ਕਰ ਦੇਣਗੇ?**

**ਉਤਰ:** ਮਹਾਮਾਰੀ 'ਤੇ ਟੀਕਿਆਂ ਦਾ ਅਸਰ ਕਈ ਕਾਰਨਾਂ 'ਤੇ ਨਿਰਭਰ ਕਰਦਾ ਹੈ, ਜਿਵੇਂ ਸਰਕਾਰ ਵਲੋਂ ਟੀਕੇ ਕਿੰਨੀ ਛੇਤੀ ਮਨਜ਼ੂਰ ਕੀਤੇ ਜਾਂਦੇ ਹਨ ਅਤੇ ਕੰਪਨੀਆਂ ਵਲੋਂ ਕਿੰਨੇ ਚਿਰ ਵਿਚ ਤੇ ਕਿੰਨੀ ਮਿਕਦਾਰ ਵਿਚ ਪੈਦਾ ਕਰ ਕੇ ਜਨਤਾ ਨੂੰ ਲਾਏ ਜਾਂਦੇ ਹਨ, ਟੀਕੇ ਦੇ ਅਸਰ ਦੀ ਮੁਨਿਆਦ ਦੀ ਕਾਮਯਾਬੀ ਕਿੰਨੀ ਕੁ ਹੈ।

### ਸੀ. ਡੀ. ਸੀ. ਦੀਆਂ ਮਾਸਕ ਪਹਿਨਣ ਬਾਰੇ ਹਦਾਇਤਾਂ

ਕਵਿਡ-19 ਦੇ ਭੁਆਰੇ ਨੂੰ ਰੋਕਣ ਲਈ ਛਿੱਕਲ (Maqsks) ਬਹੁਤ ਕਾਰਗਰ ਸਿੱਧ ਹੋਏ ਹਨ। ਪਿਛੇ ਜਿਹੇ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਸੰਸਥਾ ਨੇ ਕੋਵਿਡ ਦੀ ਬੀਮਾਰੀ ਦੀ ਮੌਜੂਦਾ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਛਿੱਕਲ ਦੀ ਵਰਤੋਂ ਵਿਚ ਕੁਝ ਛੋਟਾਂ ਦਿੱਤੀਆਂ ਹਨ। ਜਿਵੇਂ ਜਿਨ੍ਹਾਂ ਦੇ ਦੋ ਵਾਰ ਟੀਕਾ ਲੱਗ ਚੁਕਾ ਹੈ, ਉਹ ਆਪਣੇ ਸਕੇ ਸਬੰਧੀਆਂ ਤੇ ਯਾਰਾਂ ਦੋਸਤਾਂ ਨੂੰ ਛਿੱਕਲ ਪਾਏ ਬਿਨਾ ਮਿਲ ਸਕਦੇ ਹਨ, ਬਸ਼ਰਤੇ ਮਿਲਣ ਵਾਲਿਆਂ ਨੂੰ ਵੀ ਟੀਕੇ ਲੱਗ ਚੁਕੇ ਹੋਣ।

### ਟੀਕਿਆਂ ਦਾ ਸਿਆਸੀਕਰਨ

ਅਮਰੀਕਾ ਵਿਚ ਦੋ ਪਾਰਟੀਆਂ ਹਨ-ਡੈਮੋਕਰੈਟਿਕ ਅਤੇ ਰੀਪਬਲੀਕਨ। ਡੈਮੋਕਰੈਟਿਕ ਪਾਰਟੀ ਦੇ ਮੌਜੂਦਾ ਪ੍ਰੈਜ਼ੀਡੈਂਟ ਜੋਅ ਬਾਇਡਨ ਨੇ ਸਹੁੰ ਚੁੱਕਦਿਆਂ ਅਹਿਦ ਲਿਆ ਸੀ ਕਿ ਪਹਿਲੇ ਸੌ ਦਿਨਾਂ ਵਿਚ ਇਕ ਸੌ ਮਿਲੀਅਨ ਟੀਕੇ ਲਾਏ ਜਾਣਗੇ। ਇਸ ਅਹਿਦ ਤਹਿਤ 100 ਦਿਨਾਂ ਵਿਚ ਇਕ ਸੌ ਮਿਲੀਅਨ ਟੀਕਿਆਂ ਤੋਂ ਵੀ ਵੱਧ ਲੱਗ ਗਏ ਹਨ, ਜਿਸ ਕਰਕੇ ਕੋਵਿਡ ਦੀ ਮਹਾਮਾਰੀ ਨੂੰ ਠੱਲ੍ਹ ਪਈ ਹੈ। ਰੀਪਬਲੀਕਨ ਪਾਰਟੀ ਬਾਇਡਨ ਦੇ ਏਜੰਡੇ ਨੂੰ ਪੂਰਾ ਨਹੀਂ ਹੋਣ ਦੇਣਾ ਚਾਹੁੰਦੀ, ਇਸ ਲਈ ਟੀਕੇ ਲਾਉਣ ਦੇ ਵਿਰੁੱਧ ਪ੍ਰਚਾਰ ਕਰ ਰਹੇ ਹਨ। ਸਿੱਧ ਹੈ ਕਿ ਉਨ੍ਹਾਂ ਨੂੰ ਲੋਕਾਂ ਦੀ ਭਲਾਈ ਨਾਲੋਂ ਆਪਣੀ ਪਾਰਟੀ ਪਿਆਰੀ ਹੈ। ਇਹ ਲੋਕਾਂ ਨਾਲ ਪਰਲੇ ਦਰਜੇ ਦਾ ਘਿਨੌਣਾ ਮਖੌਲ, ਧ੍ਰੋਹ ਅਤੇ ਬਦਦਿਆਨਤਦਾਰੀ ਹੈ। ਰਾਜਨੀਤੀ ਨੂੰ ਵਿਗਿਆਨ ਉੱਤੇ ਠੋਸਣ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਜਨਤਾ ਨਾਲ ਧ੍ਰੋਹ ਹੀ ਨਹੀਂ, ਉਨ੍ਹਾਂ ਦੇ ਰੋਗ-ਸੁਰੱਖਿਅਤ ਪ੍ਰਬੰਧ ਦਾ ਸਿਆਸੀਕਰਨ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਦੇ ਪ੍ਰਚਾਰ ਦੇ ਪ੍ਰਭਾਵ ਤੋਂ ਬਚਣਾ ਚਾਹੀਦਾ ਹੈ ਅਤੇ ਆਪਣੀ ਭਲਾਈ ਖਾਤਰ ਸਾਇੰਸ ਦਾ ਲੜ ਫੜਨਾ ਚਾਹੀਦਾ ਹੈ। ਸਾਇੰਸ ਤੱਥਾਂ 'ਤੇ ਆਧਾਰਿਤ ਹੈ, ਰਾਜਨੀਤੀ 'ਤੇ ਆਧਾਰਿਤ ਨਹੀਂ।

# ਸਾਕਾ ਨੀਲਾ ਤਾਰਾ: ਕੀ ਸਿੱਖ ਅੰਤਰ ਝਾਤ ਮਾਰਨਗੇ?-2

## ਜ਼ਿੰਮੇਵਾਰ ਧਿਰਾਂ ਵੱਖ-ਵੱਖ ਨੁਕਤੇ ਵਿਚਾਰਨ ਲਈ ਅੱਗੇ ਆਉਣ

***'ਪੰਜਾਬ ਟਾਈਮਜ਼' ਦੇ ਅੰਕ 23 (5 ਜੂਨ 2021) ਵਿਚ ਸਾਕਾ ਨੀਲਾ ਤਾਰਾ ਬਾਰੇ ਸਿੱਖ ਵਿਦਵਾਨ ਹਰਚਰਨ ਸਿੰਘ ਪ੍ਰਹਾਰ ਦਾ ਲੇਖ ਛਾਪਿਆ ਗਿਆ ਸੀ। ਕੁਝ ਸੰਜੀਦਾ ਪਾਠਕਾਂ ਨੇ ਉਨ੍ਹਾਂ ਵੱਲੋਂ ਉਠਾਏ ਕੁਝ ਅਹਿਮ ਸਵਾਲਾਂ ਦੇ ਪ੍ਰਸੰਗ ਵਿਚ ਕੁਝ ਹੋਰ ਨੁਕਤੇ ਸਾਂਝੇ ਕੀਤੇ ਸਨ। ਇਨ੍ਹਾਂ ਨੁਕਤਿਆਂ ਨੂੰ ਕੇਂਦਰ ਵਿਚ ਰੱਖ ਕੇ ਹਰਚਰਨ ਸਿੰਘ ਪ੍ਰਹਾਰ ਨੇ ਉਸ ਲੇਖ ਦਾ ਦੂਜਾ ਭਾਗ ਭੇਜਿਆ ਹੈ ਜਿਸ ਵਿਚ ਉਨ੍ਹਾਂ ਦਲੀਲ ਨਾਲ ਸਿੱਖ ਵਿਦਵਾਨਾਂ ਅੱਗੇ ਕੁਝ ਹੋਰ ਸਵਾਲ ਰੱਖੇ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। ਇਸ ਲੇਖ ਵਿਚ ਉਨ੍ਹਾਂ ਉਹ ਨੁਕਤੇ ਵੀ ਵਿਚਾਰ ਹਨ ਜਿਨ੍ਹਾਂ ਬਾਰੇ ਅਜੇ ਤੱਕ ਨਿੱਠ ਕੇ ਚਰਚਾ ਨਹੀਂ ਹੋ ਸਕੀ ਹੈ।***

ਦੁਨੀਆ ਦਾ ਇਤਿਹਾਸ ਵੱਡੇ ਦੁਖਾਂਤਾਂ, ਜੰਗਾਂ, ਯੁੱਧਾਂ ਨਾਲ ਭਰਿਆ ਪਿਆ ਹੈ। ਇਤਿਹਾਸ ਦੀਆਂ ਉਨ੍ਹਾਂ ਘਟਨਾਵਾਂ ਤੋਂ ਅਸੀਂ ਚੰਗੇ-ਮਾੜੇ ਸਬਕ ਤਾਂ ਸਿੱਖ ਸਕਦੇ ਹਾਂ ਪਰ ਜੀਣਾ ਅਸੀਂ ਆਪਣੇ ਅੱਜ ਦੇ ਹਾਲਾਤ ਅਤੇ ਸਮਰੱਥਾ ਅਨੁਸਾਰ ਹੁੰਦਾ ਹੈ। ਲੋਕ ਆਪਣੇ ਇਤਿਹਾਸ ਤੋਂ ਸਬਕ ਲੈ ਕੇ ਅੱਗੇ ਵਧਦੇ, ਤਰੱਕੀ ਕਰਦੇ ਹਨ ਅਤੇ ਅਜਿਹੇ ਯਤਨ ਕਰਦੇ ਹਨ ਕਿ ਅਜਿਹੀਆਂ ਘਟਨਾਵਾਂ ਦੁਬਾਰਾ ਨਾ ਵਾਪਰਨ। ਪਿਛਲੀ ਸਦੀ ਵਿਚ ਹੋਈਆਂ ਦੋ ਸੰਸਾਰ ਜੰਗਾਂ ਤੋਂ ਬਾਅਦ ਬੇਸ਼ਕ ਕਈ ਦੇਸ਼ ਆਰਥਿਕ ਤਰੱਕੀ ਦੇ ਨਾਲ-ਨਾਲ ਵਿਨਾਸ਼ਕਾਰੀ ਨਿਊਕਲੀਅਰ ਹਥਿਆਰਾਂ ਵਿਚ ਵੀ ਬਹੁਤ ਸ਼ਕਤੀਸ਼ਾਲੀ ਹੋਏ ਹਨ ਪਰ ਇਸ ਦੇ ਬਾਵਜੂਦ ਸਾਰਿਆਂ ਨੇ ਸੰਸਾਰ ਯੁੱਧਾਂ ਤੋਂ ਸਿੱਖੇ ਸਬਕਾਂ ਤੋਂ ਬਾਅਦ ਪਿਛਲੇ 80 ਸਾਲਾਂ ਵਿਚ ਤੀਜੀ ਸੰਸਾਰ ਜੰਗ ਨਹੀਂ ਹੋਣ ਦਿੱਤੀ, ਭਾਵੇਂ ਠੰਢੀ ਜੰਗ ਚੱਲਦੀ ਰਹੀ। ਪੱਛਮੀ ਦੇਸ਼ਾਂ ਨੇ ਆਪਣੇ ਦੇਸ਼ਾਂ ਦਾ ਸਾਂਝਾ ਭਾਈਚਾਰਾ ਉਸਾਰਨ ਦਾ ਵੀ ਪੂਰਾ ਯਤਨ ਕੀਤਾ।

ਪਿਛਲੇ ਮਹੀਨੇ ਸਿੱਖ ਭਾਈਚਾਰੇ ਨੇ 37 ਸਾਲ ਪਹਿਲਾਂ ਜੂਨ 84 ਦੀਆਂ ਮੰਦਭਾਗੀਆਂ ਘਟਨਾਵਾਂ ਦੀ ਵਰ੍ਹੇਗੰਢ ਮਨਾਈ ਤਾਂ ਜੋ ਕੁਝ ਦੇਖਣ-ਸੁਣਨ ਨੂੰ ਮਿਲਿਆ, ਉਸ ਤੋਂ ਇਹੀ ਸਮਝ ਬਣਦੀ ਹੈ ਕਿ ਅਸੀਂ 37 ਸਾਲ ਬਾਅਦ ਵੀ ਕੀ ਤੇ



**ਹਰਚਰਨ ਸਿੰਘ ਪਰਹਾਰ**
**ਮੁੱਖ ਸੰਪਾਦਕ 'ਸਿੱਖ ਵਿਰਸਾ'**
**ਫੋਨ: 403-681-8689**
**ਈਮੇਲ:** hp8689@gmail.com

ਕਿਵੇਂ ਹੋਇਆ, ਨੂੰ ਹੀ ਸੁਣੀ-ਸੁਣਾਈ ਜਾਂਦੇ ਹਾਂ। ਅਜੇ ਵੀ ਅਸੀਂ ਇਸ ਬਾਰੇ ਚਰਚਾ ਕਰਨ ਨੂੰ ਤਿਆਰ ਨਹੀਂ ਕਿ ਜੂਨ 84 ਕਿਉਂ ਹੋਇਆ? ਹਰ ਸਾਲ ਨਵੀਆਂ ਕਹਾਣੀਆਂ ਬੜੇ ਸਨਸਨੀਖੇਜ਼ ਢੰਗ ਨਾਲ ਪੇਸ਼ ਕੀਤੀਆਂ ਜਾਂਦੀਆਂ ਹਨ। ਬਹੁਤ ਸਾਰੇ ਸੋਸ਼ਲ ਮੀਡੀਆ ਚੈਨਲ ਆਪਣੀ ਟੀ.ਆਰ.ਪੀ. ਵਧਾਉਣ ਲਈ ਇਨ੍ਹਾਂ ਘਟਨਾਵਾਂ ਨੂੰ ਮਸਾਲੇ ਲਾ ਕੇ ਪੇਸ਼ ਕਰਦੇ ਹਨ। ਸਾਡੇ ਬਹੁਤੇ ਵਿਦਵਾਨਾਂ ਦਾ ਜ਼ੋਰ ਜੂਨ 84 ਰਾਹੀਂ ਸਿੱਖਾਂ ਨੂੰ ਪੀੜਤ ਧਿਰ ਬਣਾ ਕੇ ਦੁਨੀਆ ਸਾਹਮਣੇ ਪੇਸ਼ ਕਰਨਾ ਰਿਹਾ ਹੈ ਪਰ ਇਥੇ ਵੀ ਉਹ ਮਾਰ ਖਾ ਜਾਂਦੇ ਹਨ, ਜਦੋਂ ਇੱਕ ਪਾਸੇ ਕਹਿੰਦੇ ਹਨ ਕਿ ਭਾਰਤ ਦੀ ਸ਼ਕਤੀਸ਼ਾਲੀ ਫੌਜ ਨੇ ਛੋਟੀ ਜਿਹੀ ਘੱਟ-ਗਿਣਤੀ ਦੇ ਧਾਰਮਿਕ ਸਥਾਨ 'ਤੇ ਟੈਂਕਾਂ ਤੋਪਾਂ ਨਾਲ ਹਮਲਾ ਕਰਕੇ ਸਿੱਖਾਂ ਦਾ ਨਸਲਘਾਤ ਕੀਤਾ, ਫਿਰ ਨਾਲ ਹੀ ਆਪਣੀ ਬਹਾਦਰੀ ਤੇ ਮੋਰਚਾਬੰਦੀ ਦੇ ਕਿੱਸੇ ਸ਼ੁਰੂ ਕਰ ਦਿੰਦੇ ਹਨ ਕਿ ਕਿਵੇਂ ਸਿੰਘਾਂ ਦੀ ਮੋਰਚਾਬੰਦੀ ਦੇਖ ਕੇ ਫੌਜ ਵੀ ਹੈਰਾਨ ਰਹਿ ਗਈ, ਕਿਵੇਂ ਸਿੰਘਾਂ ਨੇ ਹਜ਼ਾਰਾਂ ਫੌਜੀਆਂ ਦੇ ਸੱਥਰ ਵਿਛਾ ਦਿੱਤੇ, ਸਿੰਘਾਂ ਨੇ ਫੌਜੀ ਟੈਂਕ ਵੀ ਉਡਾ ਦਿੱਤੇ ਆਦਿ। ਸਾਡੇ ਵਿਦਵਾਨਾਂ ਦੇ ਇਹ ਦੋਨੋਂ ਆਪਾ-ਵਿਰੋਧੀ ਕਿੱਸੇ ਸੁਣ ਕੇ ਕੌਣ ਮੰਨੇਗਾ ਕਿ ਨਿਹੱਥੇ ਸਿੱਖਾਂ ਨਾਲ ਭਾਰਤੀ ਫੌਜ ਨੇ ਧੱਕਾ ਕੀਤਾ ਸੀ?

ਇਸ ਲਿਖਤ ਦਾ ਮੁੱਖ ਵਿਸ਼ਾ ਸਿੱਖ ਸਿਆਸਤ ਦੇ ਵਿਸ਼ਲੇਸ਼ਕ ਅਤੇ ਖਾਲਿਸਤਾਨੀ ਲਹਿਰ ਦੇ ਸਿਧਾਂਤਕ ਵਿਆਖਿਆਕਾਰ ਅਜਮੇਰ ਸਿੰਘ ਵਲੋਂ ਜੂਨ ਦੇ ਪਹਿਲੇ ਹਫਤੇ ਯੂਟਿਊਬ 'ਤੇ ਲਗਾਤਾਰ ਪਾਈਆਂ ਵੀਡੀਓ ਹਨ। ਇਨ੍ਹਾਂ ਵਿਚ ਉਨ੍ਹਾਂ ਨੇ ਜੂਨ 84 ਦੀਆਂ ਘਟਨਾਵਾਂ ਨੂੰ ਪਲ-ਪਲ ਦੀ ਜਾਣਕਾਰੀ ਅਨੁਸਾਰ 1 ਜੂਨ ਤੋਂ 7 ਜੂਨ ਤੱਕ ਦੱਸਣ ਦਾ ਦਾਅਵਾ ਕੀਤਾ ਹੈ। ਜਿਥੇ ਉਨ੍ਹਾਂ ਬਹੁਤ ਸਾਰੀਆਂ ਆਪਾ-ਵਿਰੋਧੀ ਗੱਲਾਂ ਕੀਤੀਆਂ ਹਨ, ਉਥੇ ਬਹੁਤ ਸਾਰੀਆਂ ਗੱਲਾਂ ਮੰਨੀਆਂ ਹਨ ਜੋ ਹੁਣ ਤੱਕ ਇਸ ਪਾਲੇ ਦੇ ਵਿਦਵਾਨ ਸਰਕਾਰ ਦੇ ਵਿਰੋਧ ਵਿਚ ਵਰਤਦੇ ਸਨ। ਹੁਣ ਮਸਲਾ ਇਨ੍ਹਾਂ ਘਟਨਾਵਾਂ ਦੇ ਨਿਰਪੱਖ ਵਿਸ਼ਲੇਸ਼ਣ ਅਤੇ ਕੁਝ ਸਵਾਲ ਖੜ੍ਹੇ ਕਰਨ ਦਾ ਹੈ ਤਾਂ ਕਿ ਅਸੀਂ ਸਮਝ ਸਕੀਏ ਕਿ ਜੂਨ 84 ਦਾ ਘੱਲੂਘਾਰਾ ਕਿਉਂ ਵਾਪਰਿਆ ਤੇ ਉਸ ਵਕਤ ਕੀ ਹਾਲਾਤ ਸਨ?

ਅਜਮੇਰ ਸਿੰਘ ਦੇ ਕਥਨ ਅਨੁਸਾਰ, ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਪੰਜਾਬ ਅਤੇ ਸਿੱਖਾਂ ਦੀਆਂ ਕੁਝ ਮੰਗਾਂ ਨੂੰ ਆਧਾਰ ਬਣਾ ਕੇ 1982 ਵਿਚ ਪੂਰਨ ਤੌਰ 'ਤੇ ਸ਼ਾਂਤਮਈ ਧਰਮ ਯੁੱਧ ਮੋਰਚਾ ਆਰੰਭਿਆ ਸੀ ਤੇ ਅਖੀਰ ਤੱਕ ਇਸ ਸਿਧਾਂਤਕ ਪੱਖ 'ਤੇ ਸਖਤੀ ਨਾਲ ਪਹਿਰਾ ਦਿੱਤਾ ਕਿ ਇਹ ਮੋਰਚਾ ਕਿਸੇ ਵੀ ਢੰਗ ਨਾਲ ਹਿੰਸਕ ਨਾ ਹੋਵੇ ਤਾਂ ਕਿ ਸਰਕਾਰ ਨੂੰ ਕਿਸੇ ਤਰ੍ਹਾਂ ਦੀ ਜ਼ਿਆਦਤੀ ਕਰਨ ਦਾ ਮੌਕਾ ਨਾ ਮਿਲੇ। ਫਿਰ ਵੀ ਸਰਕਾਰ ਨੂੰ ਜ਼ਿਆਦਤੀਆਂ ਕਰਨ ਦਾ ਮੌਕਾ ਕਿਉਂ ਮਿਲਿਆ? ਦਰਬਾਰ ਸਾਹਿਬ 'ਤੇ ਫੌਜੀ ਹਮਲਾ ਕਿਉਂ ਹੋਇਆ? ਇਸ ਬਾਰੇ ਅਜਮੇਰ ਸਿੰਘ ਚੁੱਪ ਧਾਰ ਲੈਂਦੇ ਹਨ। ਉਹ ਨਹੀਂ ਦੱਸਦੇ ਕਿ ਸ਼ਾਂਤਮਈ ਢੰਗ ਨਾਲ ਆਪਣੇ ਹੱਕਾਂ ਲਈ ਲੜ ਰਹੇ ਲੋਕਾਂ ਦੇ ਸੰਘਰਸ਼ ਵਿਚ ਹਿੰਸਾ ਕਿਸ ਨੇ ਅਤੇ ਕਿਉਂ ਵਾੜੀ? ਉਹ ਕਿਹੜੇ ਕਾਰਨ ਸਨ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਸ਼ਾਂਤਮਈ ਮੋਰਚੇ ਵਿਚ ਹਥਿਆਰ ਚੁੱਕਣੇ ਪਏ? ਖਾੜਕੂਆਂ ਨੂੰ ਡੀ.ਆਈ.ਜੀ. ਅਟਵਾਲ ਦਾ ਕਤਲ ਹਰਿਮੰਦਰ ਸਾਹਿਬ ਦੀਆਂ ਬਰੂਹਾਂ 'ਤੇ ਕਰਨ ਦੀ ਕੀ ਮਜਬੂਰੀ ਸੀ? ਜਦੋਂ ਇਹ ਕਤਲ ਹੋਇਆ ਸੀ ਤਾਂ ਸੰਤ ਭਿੰਡਰਾਂਵਾਲੇ ਸਮੇਤ ਅਕਾਲੀ ਲੀਡਰਸ਼ਿਪ ਨੇ ਕਿਹਾ ਸੀ ਕਿ ਸਿੱਖਾਂ ਨੂੰ ਬਦਨਾਮ ਕਰਨ ਦਾ ਇਹ ਏਜੰਸੀਆਂ ਦਾ ਕਾਰਾ ਹੈ। ਹੁਣ ਇਸ ਬਾਰੇ ਜੂਨ 10, 1984 ਨੂੰ ਦਰਬਾਰ ਸਾਹਿਬ ਵਿਚ ਸ਼ਹੀਦ ਹੋਏ ਖਾੜਕੂ ਮੇਜਰ ਸਿੰਘ ਨਾਗੋਕੇ ਦੇ ਇੰਗਲੈਂਡ ਰਹਿੰਦੇ ਪੁੱਤਰ ਅਜੈਪਾਲ ਸਿੰਘ ਨਾਗੋਕੇ ਨੇ ਇੰਟਰਵਿਊ ਵਿਚ ਕਿਹਾ ਹੈ ਕਿ ਉਸ ਦੀ ਮਾਂ ਨੇ ਦੱਸਿਆ ਸੀ ਕਿ ਡੀ.ਆਈ.ਜੀ. ਅਟਵਾਲ ਦਾ ਕਤਲ ਉਸ ਦੇ ਪਿਤਾ ਨੇ ਕੀਤਾ ਸੀ। ਮੇਜਰ ਸਿੰਘ ਨਾਗੋਕੇ ਸੰਤ ਭਿੰਡਰਾਂਵਾਲੇ ਦਾ ਚਹੇਤਾ ਸੀ। ਇਸ ਤੋਂ ਕੀ ਸਮਝਿਆ ਜਾਵੇ ਕਿ ਦਰਬਾਰ ਸਾਹਿਬ ਬੈਠੇ ਖਾੜਕੂ ਏਜੰਸੀਆਂ ਲਈ ਕੰਮ ਕਰਦੇ ਸਨ?

2 ਜੂਨ 1984 ਨੂੰ ਭਾਰਤ ਸਰਕਾਰ ਨੇ ਪੰਜਾਬ ਵਿਚ ਫੌਜ ਭੇਜਣ, ਸਾਰੇ ਪੰਜਾਬ ਦੀ ਘੇਰਾਬੰਦੀ ਕਰਨ, ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਤਿਆਰੀ ਬਾਰੇ ਵਿਸਥਾਰ ਵਿਚ ਦੱਸਦਿਆਂ ਅਜਮੇਰ ਸਿੰਘ ਦੱਸਦੇ ਹਨ ਕਿ ਭਾਰਤ ਸਰਕਾਰ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਪਲੈਨ ਲੰਮਾ ਸਮਾਂ ਪਹਿਲਾਂ ਬਣਾ ਲਈ ਸੀ, ਭਾਰਤੀ ਫੌਜ ਨੇ 1983 ਦੇ ਅਖੀਰ ਵਿਚ ਚਕਰਾਤਾ ਤੇ ਸਰਸਾਵਾ ਨਾਮ ਦੇ ਸਥਾਨਾਂ 'ਤੇ ਦਰਬਾਰ ਸਾਹਿਬ ਅਤੇ ਅਕਾਲ ਤਖਤ ਦਾ ਮਾਡਲ ਬਣਾ ਕੇ ਹਮਲੇ ਦੀ ਰਿਹਰਸਲ ਵੀ ਕੀਤੀ ਸੀ। ਫਿਰ ਉਸੇ ਵਕਤ ਅਜਮੇਰ ਸਿੰਘ ਇਹ ਕਹਿੰਦੇ ਹਨ ਕਿ ਸਰਕਾਰ ਨਹੀਂ ਚਾਹੁੰਦੀ ਸੀ ਕਿ ਉਸ ਨੂੰ ਵੱਡਾ ਹਮਲਾ ਕਰਨਾ ਪਵੇ, ਇਸ ਲਈ ਉਨ੍ਹਾਂ ਨੇ ਆਖਰੀ ਹਮਲੇ ਤੋਂ ਪਹਿਲਾਂ ਕਈ ਯੋਜਨਾਵਾਂ ਬਣਾਈਆਂ। ਪਹਿਲਾਂ ਫਰਵਰੀ 1984 ਵਿਚ ਸਰਕਾਰ ਨੇ ਦਰਬਾਰ ਸਾਹਿਬ ਕਮਾਂਡੋ ਭੇਜ ਕੇ ਲੰਗਰ ਹਾਲ ਦੀ ਬਿਲਡਿੰਗ ਤੋਂ ਲੈਕਚਰ ਕਰਦੇ ਸੰਤ ਭਿੰਡਰਾਂਵਾਲੇ ਨੂੰ ਚੁੱਕ ਲਿਆਉਣ ਦੀ ਸਕੀਮ ਬਣਾਈ ਤਾਂ ਕਿ ਬਿਨਾ ਕਿਸੇ ਵੱਡੇ ਖੂਨ ਖਰਾਬੇ ਦੇ ਸੰਤ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰ ਲਿਆ ਜਾਵੇ। ਇਸ ਬਾਬਤ ਭਾਰਤੀ ਖੁਫੀਆ ਏਜੰਸੀ 'ਰਾਅ' ਦੇ ਸੀਨੀਅਰ ਅਫਸਰ ਜੀ.ਬੀ. ਸਿੱਧੂ ਦੀ ਕਿਤਾਬ 'ਖਾਲਿਸਤਾਨ ਕੌਂਸੀਪੀਰੇਸੀ' ਅਨੁਸਾਰ ਸੰਤ ਭਿੰਡਰਾਂਵਾਲੇ ਨੂੰ ਕਮਾਂਡੋ ਐਕਸ਼ਨ ਨਾਲ ਚੁੱਕ ਕੇ ਲਿਆਉਣ ਦੀ ਕਾਰਵਾਈ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਲਈ ਮੁਲਤਵੀ ਕਰ ਦਿੱਤੀ ਸੀ, ਕਿਉਂਕਿ ਇਸ ਐਕਸ਼ਨ ਨਾਲ ਦਰਬਾਰ ਸਾਹਿਬ ਵਿਚ 20-25 ਬੰਦੇ ਮਰਨ ਦਾ ਖਤਰਾ ਸੀ, ਸਰਕਾਰ ਅਜਿਹਾ ਖਤਰਾ ਮੁੱਲ ਲੈ ਕੇ ਸਿੱਖਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ ਸੀ। ਅੱਗੇ ਜਾ ਕੇ ਅਜਮੇਰ ਸਿੰਘ ਕਹਿੰਦੇ ਹਨ ਕਿ ਸਰਕਾਰ ਨੇ ਜਨਵਰੀ ਤੋਂ ਜੂਨ 84 ਤੱਕ ਦਰਬਾਰ ਸਾਹਿਬ ਅੰਦਰ ਸੰਤ ਭਿੰਡਰਾਂਵਾਲੇ ਦੀ ਅਗਵਾਈ ਵਾਲੇ ਖਾੜਕੂਆਂ ਨੂੰ ਕੱਢਣ ਲਈ ਕਈ ਹੋਰ ਸਕੀਮਾਂ ਬਣਾਈਆਂ ਜੋ ਸਿਰੇ ਨਹੀਂ ਚੜ੍ਹ ਸਕੀਆਂ। ਫਿਰ ਕਿਸ ਆਧਾਰ 'ਤੇ ਅਜਮੇਰ ਸਿੰਘ ਜਾਂ ਹੋਰ ਵਿਦਵਾਨ ਇਹ ਕਹਿੰਦੇ ਹਨ ਕਿ ਇੰਦਰਾ ਸਰਕਾਰ ਨੇ 'ਸਿੱਖਾਂ ਨੂੰ ਸਬਕ ਸਿਖਾਉਣ' ਲਈ ਲੰਮਾ ਸਮਾਂ ਪਹਿਲਾਂ ਤਿਆਰੀ ਕਰ ਲਈ ਸੀ? ਇਸ ਬਾਰੇ ਇੱਕ ਹੋਰ ਸਿੱਖ ਵਿਦਵਾਨ ਤੇ ਮਹਾਂ ਕਵੀ ਹਰਿੰਦਰ ਸਿੰਘ ਮਹਿਬੂਬ ਆਪਣੀ ਇੱਕ ਇੰਟਰਵਿਊ ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ:



'ਖਾਲਸੇ ਦੇ ਸਵੈਮਾਣ ਨੂੰ ਹਮੇਸ਼ਾਂ ਲਈ ਤੋੜਨ ਵਾਸਤੇ ਭਾਰਤ ਸਰਕਾਰ ਨੇ ਹਰਿਮੰਦਰ ਸਾਹਿਬ ਦੁਆਲੇ ਤੀਜਾ ਵੱਡਾ ਘੱਲੂਘਾਰਾ ਵਰਤਾਇਆ ਸੀ'। ਇਸੇ ਤਰ੍ਹਾਂ ਡਾ. ਸੁਖਦਿਆਲ ਸਿੰਘ ਆਪਣੀ ਇੱਕ ਇੰਟਰਵਿਊ ਵਿਚ ਕਹਿੰਦੇ ਹਨ ਕਿ ਸੰਤ ਭਿੰਡਰਾਂਵਾਲੇ ਨੂੰ ਫੜਨ ਲਈ ਫੌਜ ਦਰਬਾਰ ਸਾਹਿਬ ਨਹੀਂ ਵੜੀ ਸੀ ਸਗੋਂ ਸਿੱਖਾਂ ਦੀ ਅਣਖ ਨੂੰ ਦਰੜਨ ਵਾਸਤੇ ਫੌਜ ਦਰਬਾਰ ਸਾਹਿਬ ਵੜੀ ਸੀ? ਸਾਬਕਾ ਆਈ.ਏ.ਐਸ. ਅਤੇ ਸਿੱਖ ਵਿਦਵਾਨ ਗੁਰਤੇਜ ਸਿੰਘ ਅਨੁਸਾਰ, ਸਰਕਾਰ ਨੇ ਦਰਬਾਰ ਸਾਹਿਬ ਫੌਜ ਤਾਂ ਭੇਜੀ ਸੀ, ਕਿਉਂਕਿ ਸੰਤ ਭਿੰਡਰਾਂਵਾਲੇ ਸਿੱਖਾਂ ਨੂੰ ਜਗਾ ਰਹੇ ਸਨ ਕਿ ਤੁਸੀਂ ਭਾਰਤ ਵਿਚ ਗੁਲਾਮ ਹੋ।

ਹਰ ਸਾਲ ਜੂਨ ਦੇ ਪਹਿਲੇ ਹਫਤੇ ਸਿੱਖ ਵਿਦਵਾਨਾਂ ਦੀਆਂ ਅਜਿਹੀਆਂ ਅਨੇਕਾਂ ਆਪਾ-ਵਿਰੋਧੀ ਟਿੱਪਣੀਆਂ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ ਜਿਥੇ ਕੋਈ ਕੁਝ ਕਹਿ ਰਿਹਾ ਤੇ ਕੋਈ ਕੁਝ! ਇਨ੍ਹਾਂ ਕੋਲ ਆਪਣੀ ਗੱਲ ਕਹਿਣ ਲਈ ਕੋਈ ਪ੍ਰਮਾਣਿਕ ਤੱਥ ਨਹੀਂ ਹੁੰਦਾ। ਜਦੋਂ ਵਿਦਵਾਨ ਅਜਿਹੀਆਂ ਵੱਡੀਆਂ ਗੱਲਾਂ ਕਰਦੇ ਹਨ ਤਾਂ ਇਸ ਪਿਛੇ ਉਨ੍ਹਾਂ ਦਾ ਆਧਾਰ ਕੀ ਹੈ, ਬਾਰੇ ਗੱਲ ਨਹੀਂ ਕਰਦੇ; ਨਾ ਹੀ ਉਹ ਉਨ੍ਹਾਂ ਹਾਲਾਤ ਬਾਰੇ ਗੱਲ ਕਰਨ ਨੂੰ ਤਿਆਰ ਹਨ ਜਿਨ੍ਹਾਂ ਕਾਰਨ ਇਹ ਮੰਦਭਾਗਾ ਭਾਣਾ ਵਾਪਰਿਆ।

ਅਜਮੇਰ ਸਿੰਘ ਆਪਣੀ ਇੱਕ ਹੋਰ ਵੀਡੀਓ ਵਿਚ ਇੰਕਸ਼ਾਫ ਕਰਦੇ ਹਨ ਕਿ ਭਾਰਤ ਸਰਕਾਰ ਨੇ ਫੌਜੀ ਕਾਰਵਾਈ ਤੋਂ ਪਹਿਲਾਂ ਕਈ ਦੇਸ਼ਾਂ ਦੀਆਂ ਖੁਫੀਆ ਏਜੰਸੀਆਂ ਤੋਂ ਸਲਾਹ ਲਈ ਸੀ ਕਿ ਘੱਟੋ ਤੋਂ ਘੱਟ ਖੂਨ ਖਰਾਬੇ ਦੇ ਦਰਬਾਰ ਸਾਹਿਬ ਅੰਦਰ ਬੈਠੇ ਹਥਿਆਰਬੰਦ ਖਾੜਕੂਆਂ ਨੂੰ ਬਾਹਰ ਕੱਢਿਆ ਜਾ ਸਕੇ। ਇਸ ਸਬੰਧੀ ਉਹ ਇੰਗਲੈਂਡ, ਸੋਵੀਅਤ ਯੂਨੀਅਨ, ਇਜ਼ਰਾਈਲ ਕੋਲ ਤਰਲੇ ਮਾਰ ਰਹੀ ਸੀ ਕਿ ਕੋਈ ਅਜਿਹਾ ਰਸਤਾ ਸੁਝਾਇਆ ਜਾਵੇ ਜਿਸ ਨਾਲ ਪੰਜਾਬ ਵਿਚ ਵਧ ਰਹੀ ਹਿੰਸਾ ਰੋਕਣ ਲਈ ਘੱਟ ਤੋਂ ਘੱਟ ਖੂਨ ਖਰਾਬੇ ਵਾਲਾ ਰਾਹ ਨਿਕਲ ਸਕੇ। ਇਸ ਬਾਰੇ ਇੰਗਲੈਂਡ ਦੀ ਏਅਰ ਫੋਰਸ ਦੇ ਕੁਝ ਅਫਸਰ ਹਾਲਾਤ ਦਾ ਜਾਇਜ਼ਾ ਲੈਣ ਦਰਬਾਰ ਸਾਹਿਬ ਵੀ ਆਏ ਸਨ। ਇਹ ਸਾਰੀਆਂ ਗੱਲਾਂ ਅਜਮੇਰ ਸਿੰਘ ਅਤੇ ਹੋਰ ਸਿੱਖ ਵਿਦਵਾਨਾਂ ਦੀਆਂ ਧਾਰਨਾਵਾਂ ਦੇ ਉਲਟ ਹਨ ਕਿ ਭਾਰਤ ਸਰਕਾਰ ਸਿੱਖਾਂ ਨੂੰ ਫੌਜੀ ਹਮਲੇ ਰਾਹੀਂ ਸਬਕ ਸਿਖਾਉਣਾ ਚਾਹੁੰਦੀ ਸੀ। ਇਨ੍ਹਾਂ ਬੁੱਧੀਜੀਵੀਆਂ ਦੀਆਂ ਆਪਣੀਆਂ ਲਿਖਤਾਂ ਅਨੁਸਾਰ ਹੀ ਭਾਰਤ ਸਰਕਾਰ ਹਰ ਸੰਭਵ ਤਰੀਕਾ ਅਪਣਾ ਰਹੀ ਸੀ ਤਾਂ ਕਿ ਸੰਤ ਭਿੰਡਰਾਂਵਾਲੇ ਅਤੇ ਉਸ ਦੇ ਹਥਿਆਰਬੰਦ ਖਾੜਕੂ ਬਿਨਾ ਖੂਨ ਖਰਾਬੇ ਦੇ ਆਤਮ-ਸਮਰਪਣ ਕਰ ਦੇਣ ਜਾਂ ਕਮਾਂਡੋ ਐਕਸ਼ਨ ਨਾਲ ਘੱਟ ਤੋਂ ਘੱਟ ਜਾਨੀ-ਮਾਲੀ ਨੁਕਸਾਨ ਰਾਹੀਂ ਉਨ੍ਹਾਂ ਨੂੰ ਦਰਬਾਰ ਸਾਹਿਬ ਤੋਂ ਬਾਹਰ ਕੱਢ ਲਿਆ ਜਾਵੇ।

ਇਸ ਵੀਡੀਓ ਲੜੀ ਵਿਚ ਅੱਗੇ ਜਾ ਕੇ ਅਜਮੇਰ ਸਿੰਘ ਕਹਿੰਦੇ ਹਨ ਕਿ ਬੇਸ਼ਕ ਦੋ ਜੂਨ ਨੂੰ ਫੌਜ ਪੰਜਾਬ ਆਉਣੀ ਸ਼ੁਰੂ ਹੋ ਗਈ ਸੀ ਪਰ ਫਾਈਨਲ ਹਮਲੇ ਦਾ ਫੈਸਲਾ ਬਹੁਤ ਅਖੀਰ ਵਿਚ 4 ਜੂਨ ਨੂੰ ਕੀਤਾ ਗਿਆ। ਇਸ ਬਾਰੇ ਉਹ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ ਦੀ ਕਿਤਾਬ 'ਉਪਰੇਸ਼ਨ ਬਲਿਊ ਸਟਾਰ: ਟਰੂ ਸਟੋਰੀ' ਦੇ ਹਵਾਲੇ ਨਾਲ ਦੱਸਦੇ ਹਨ ਕਿ ਜਨਰਲ ਬਰਾੜ ਅਖੀਰ ਤੱਕ ਨਹੀਂ ਚਾਹੁੰਦਾ ਸੀ ਕਿ ਫੌਜੀ ਹਮਲਾ ਕੀਤਾ ਜਾਵੇ, ਇਸ ਲਈ ਉਸ ਨੇ ਅਕਾਲੀ ਲੀਡਰਾਂ, ਅਕਾਲ ਤਖਤ ਦੇ ਜਥੇਦਾਰ ਤੱਕ ਰਾਬਤਾ ਕੀਤਾ ਕਿ ਖਾੜਕੂ ਬਿਨਾ ਕਿਸੇ ਖੂਨ ਖਰਾਬੇ ਦੇ ਆਤਮ-ਸਮਰਪਣ ਕਰਨ ਦੇਣ। ਉਸ ਨੂੰ 5 ਜੂਨ ਦੀ ਰਾਤ ਤੱਕ ਆਸ ਸੀ ਕਿ ਸ਼ਾਇਦ ਫੌਜ ਦੇ ਟੈਂਕਾਂ ਅਤੇ ਦਿਲ ਦਹਿਲਾ ਦੇਣ ਵਾਲੇ ਵੱਡੇ ਬੰਬਾਂ ਦੇ ਖੜਾਕੇ ਨਾਲ ਖਾੜਕੂ ਆਤਮ-ਸਮਰਪਣ ਕਰ ਦੇਣਗੇ; ਪਰ ਉਹ ਅਜਿਹੇ ਯਤਨਾਂ ਵਿਚ ਸਫਲ ਨਹੀਂ ਹੋਇਆ ਕਿਉਂਕਿ ਸੰਤ ਭਿੰਡਰਾਂਵਾਲੇ ਤੇ ਸਾਬਕਾ ਮੇਜਰ ਜਨਰਲ ਸ਼ੁਬੇਗ ਸਿੰਘ ਕਿਸੇ ਵੀ ਕੀਮਤ 'ਤੇ ਹਥਿਆਰ ਸੁੱਟਣ ਲਈ ਤਿਆਰ ਨਹੀਂ ਸਨ। ਅਜਮੇਰ ਸਿੰਘ ਅਨੁਸਾਰ ਸੰਤ ਅਤੇ ਉਨ੍ਹਾਂ ਦੇ 60-70 ਜੁਝਾਰੂ ਸਾਥੀਆਂ ਨੇ ਹਰ ਹਾਲਤ ਵਿਚ ਅਕਾਲ ਤਖਤ 'ਤੇ ਸ਼ਹੀਦੀਆਂ ਪਾਉਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ ਤਾਂ ਹੀ ਸਿੱਖ ਕੌਮ ਨੂੰ ਹਲੂਣਾ ਵੱਜਣਾ ਸੀ ਤੇ ਸਿੱਖਾਂ ਨੂੰ ਭਾਰਤ ਵਿਚ ਗੁਲਾਮੀ ਦਾ ਅਹਿਸਾਸ ਹੋਣਾ ਸੀ। ਅਜਮੇਰ ਸਿੰਘ ਅਨੁਸਾਰ ਸ਼ਹੀਦੀਆਂ ਪਾਉਣ ਵਾਲੇ 60-70 ਜੁਝਾਰੂ ਅਕਾਲ ਤਖਤ 'ਤੇ ਵੱਖਰੀ ਜਗ੍ਹਾ ਬੈਠ ਕੇ ਸਾਰਾ ਦਿਨ 'ਵਾਹਿਗੁਰੂ' ਦਾ ਸਿਮਰਨ ਹੀ ਕਰਦੇ ਸਨ ਤਾਂ ਕਿ ਕਿਤੇ ਉਹ ਸ਼ਹੀਦੀ ਪਾਉਣ ਵੇਲੇ ਡੋਲ ਨਾ ਜਾਣ। ਇਸ ਤੋਂ ਇਲਾਵਾ ਉਹ ਜ਼ਿਕਰ ਕਰਦੇ ਹਨ ਕਿ ਜਨਰਲ ਬਰਾੜ ਨੇ ਗੱਲਬਾਤ ਦੇ ਸਾਰੇ ਰਸਤੇ ਬੰਦ ਹੋਣ ਤੋਂ ਬਾਅਦ, ਫੌਜ ਭੇਜਣ ਦੀ ਥਾਂ ਪਹਿਲਾਂ ਕਮਾਂਡੋ ਭੇਜਣ ਦਾ ਫੈਸਲਾ ਕੀਤਾ ਤਾਂ ਕਿ ਅਕਾਲ ਤਖਤ 'ਤੇ ਜ਼ਹਿਰੀਲੀ ਗੈਸ ਛੱਡ ਕੇ ਖਾੜਕੂਆਂ ਨੂੰ ਕਾਬੂ ਕੀਤਾ ਜਾ ਸਕੇ ਪਰ ਬਦਕਿਸਮਤੀ ਨਾਲ ਹਵਾ ਉਲਟ ਦਿਸ਼ਾ ਵਿਚ ਚੱਲਣ ਕਾਰਨ ਜਿਥੇ ਗੈਸ ਵਾਲਾ ਐਕਸ਼ਨ ਕਾਮਯਾਬ ਨਹੀਂ ਹੋਇਆ, ਉਥੇ ਜਦੋਂ ਕਮਾਂਡੋਆਂ ਦੇ ਪਹਿਲੇ ਦਸਤੇ ਪਰਿਕਰਮਾ ਵਿਚ ਦਾਖਲ ਹੋਣ ਲੱਗੇ ਤਾਂ ਪਰਿਕਰਮਾ ਦੇ ਕਮਰਿਆਂ ਵਿਚੋਂ ਇਤਨੀ ਭਾਰੀ ਫਾਇਰਿੰਗ ਹੋਈ ਕਿ ਕਮਾਂਡੋ ਅੱਗੇ ਨਹੀਂ ਵਧ ਸਕੇ, ਕਈ ਮਾਰੇ ਗਏ ਤੇ ਕਈ ਫੱਟੜ ਹੋ ਗਏ ਜਿਸ ਕਰ ਕੇ ਕਮਾਂਡੋ ਪਲਾਨ ਮੁਲਤਵੀ ਕਰਨਾ ਪਿਆ। ਸਾਰੇ ਯਤਨ ਫੇਲ੍ਹ ਹੋਣ ਤੋਂ ਬਾਅਦ ਬਖਤਰਬੰਦ ਗੱਡੀਆਂ ਵਿਚੋਂ ਧਮਾਕੇ ਨਾਲ ਡਰਾਉਣ ਵਾਲੇ ਬੰਬ ਸੁੱਟੇ ਗਏ ਤਾਂ ਕਿ ਅਕਾਲ ਤਖਤ ਦੀ ਇਮਾਰਤ ਨੂੰ ਨੁਕਸਾਨੇ ਬਿਨਾ ਖਾੜਕੂ ਬਾਹਰ ਕੱਢੇ ਜਾ ਸਕਣ। ਅਖੀਰ ਵਿਚ ਟੈਂਕ ਲਿਆਉਣ ਦਾ ਫੈਸਲਾ ਕੀਤਾ ਗਿਆ। ਅਜਮੇਰ ਸਿੰਘ ਦੀ ਉਪਰਲੀ ਸਾਰੀ ਵਾਰਤਲਾਪ ਤੋਂ ਸਵਾਲ ਪੈਦਾ ਹੁੰਦਾ ਹੈ ਕਿ ਜੇ ਫੌਜ ਆਖਰੀ ਸਮੇਂ ਤੱਕ ਵੱਖ-ਵੱਖ ਢੰਗ ਅਪਨਾਉਂਦੀ ਰਹੀ ਤਾਂ ਫਿਰ ਉਹ ਕਿਸ ਆਧਾਰ 'ਤੇ ਪਿਛਲੇ 37 ਸਾਲ ਤੋਂ ਕਹਿ ਰਹੇ ਹਨ ਕਿ ਸਰਕਾਰ ਨੇ ਸਾਜ਼ਿਸ਼ ਕਰਕੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਟੈਂਕਾਂ ਤੋਪਾਂ ਨਾਲ ਹਮਲਾ ਕੀਤਾ ਸੀ?

ਅਜਮੇਰ ਸਿੰਘ ਫੌਜੀ ਹਮਲੇ ਦੀ ਤਿਆਰੀ ਤੋਂ ਪਹਿਲਾਂ ਸਰਕਾਰ ਵਲੋਂ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਬਾਰੇ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਸਰਕਾਰ ਨੇ ਅਕਾਲੀਆਂ ਨਾਲ ਸਮਝੌਤਾ ਕਰਕੇ ਮਸਲਾ ਹੱਲ ਕਰਨ ਲਈ ਜਨਵਰੀ 1983 ਤੋਂ ਜੂਨ 1984 ਤੱਕ 25-30 ਮੀਟਿੰਗਾਂ ਕੀਤੀਆਂ ਜਿਨ੍ਹਾਂ ਵਿਚ ਸਰਕਾਰ ਅਤੇ ਅਕਾਲੀਆਂ ਦੀਆਂ ਸਿੱਧੀਆਂ ਮੀਟਿੰਗਾਂ; ਸਰਕਾਰ, ਅਕਾਲੀਆਂ ਤੇ ਵਿਰੋਧੀ ਧਿਰ ਦੇ ਲੀਡਰਾਂ ਦੀਆਂ ਤਿੰਨ ਧਿਰੀ ਮੀਟਿੰਗਾਂ ਅਤੇ ਵੱਖ-ਵੱਖ ਸਿੱਖ ਲੀਡਰਾਂ ਨਾਲ ਗੁਪਤ ਮੀਟਿੰਗਾਂ ਸ਼ਾਮਿਲ ਸਨ। ਉਹ ਇਹ ਵੀ ਮੰਨਦੇ ਹਨ ਕਿ ਸਰਕਾਰ ਅਤੇ ਵਿਰੋਧੀ ਧਿਰ ਦੇ ਲੀਡਰ ਇਹ ਚਾਹੁੰਦੇ ਸਨ ਕਿ ਅਕਾਲੀ ਸਮਝੌਤਾ ਕਰਕੇ ਮੋਰਚਾ ਵਾਪਿਸ ਲੈ ਲੈਣ ਤਾਂ ਕਿ ਸੰਤ ਭਿੰਡਰਾਂਵਾਲੇ ਅਤੇ ਉਸ ਦੇ ਖਾੜਕੂਆਂ ਨੂੰ ਅੱਲਗ-ਥਲੱਗ ਕਰਕੇ ਦਰਬਾਰ ਸਾਹਿਬ ਵਿਚੋਂ ਬਾਹਰ ਕੱਢ ਦਿੱਤਾ ਜਾਵੇ। ਅਜਮੇਰ ਸਿੰਘ ਆਪ ਹੀ ਮੰਨਦੇ ਹਨ ਕਿ ਸੰਤ ਅਕਾਲੀਆਂ ਨੂੰ ਮੀਟਿੰਗਾਂ ਵਿਚ ਜਾਣ ਤੋਂ ਪਹਿਲਾਂ ਕਹਿ ਦਿੰਦੇ ਸਨ ਕਿ ਮੀਟਿੰਗਾਂ ਜਿਤਨੀਆਂ ਮਰਜ਼ੀ ਕਰੋ ਪਰ ਜੇ ਸਮਝੌਤਾ ਆਨੰਦਪੁਰ ਦੇ ਮਤੇ ਤੋਂ ਘੱਟ ਕੀਤਾ ਤਾਂ ਫਿਰ ਮੈਂ ਇਥੇ ਬੈਠਾਂ।

ਇਸ ਦਾ ਅਰਥ ਭਲਾ ਕੀ ਸਮਝਿਆ ਜਾਵੇ? ਕੀ ਇਸ ਤੋਂ ਅਕਾਲੀ ਲੀਡਰਸ਼ਿਪ ਦੇ ਰਾਜਸੀ ਦੀਵਾਲੀਏਪਨ ਦਾ ਕੋਈ ਹੋਰ ਸਬੂਤ ਰਹਿ ਜਾਂਦਾ ਹੈ? ਅਜਮੇਰ ਸਿੰਘ ਇਹ ਵੀ ਦੱਸਦੇ ਹਨ ਕਿ ਸਰਕਾਰ ਨੇ ਅਕਾਲੀਆਂ 'ਤੇ ਇਹ ਦਬਾਅ ਵੀ ਪਾਇਆ ਸੀ ਕਿ ਸੰਤ ਭਿੰਡਰਾਂਵਾਲੇ ਖਿਲਾਫ ਅਕਾਲ ਤਖਤ ਤੋਂ ਹੁਕਮਨਾਮਾ ਜਾਰੀ ਕਰਵਾ ਕੇ ਸਿੱਖ ਜਗਤ ਤੋਂ ਨਿਖੇੜ ਦਿੱਤਾ ਜਾਵੇ ਤਾਂ ਉਸ ਨੂੰ ਬਾਹਰ ਕੱਢਣਾ ਆਸਾਨ ਹੋਵੇਗਾ। ਇੱਕ ਮੌਕੇ 'ਤੇ ਅਕਾਲੀਆਂ ਨੇ ਅਜਿਹਾ ਯਤਨ ਕੀਤਾ ਵੀ ਅਤੇ ਅਕਾਲ ਤਖਤ ਦੇ ਜਥੇਦਾਰ ਤੋਂ ਅਸਿੱਧੇ ਢੰਗ ਨਾਲ ਹੁਕਮਨਾਮਾ ਜਾਰੀ ਕਰਵਾ ਦਿੱਤਾ ਸੀ ਕਿ ਕੋਈ ਵੀ ਬੰਦਾ ਦਰਬਾਰ ਸਾਹਿਬ ਦੇ ਅੰਦਰ ਹਥਿਆਰ ਲੈ ਕੇ ਮੱਥਾ ਟੇਕਣ ਨਾ ਆਵੇ ਤੇ ਕੰਪਲੈਕਸ ਵਿਚ ਹਥਿਆਰਾਂ ਦਾ ਪ੍ਰਦਰਸ਼ਨ ਨਾ ਕੀਤਾ ਜਾਵੇ ਤਾਂ ਕੁਝ ਦਿਨਾਂ ਲਈ ਸੰਤ ਭਿੰਡਰਾਂਵਾਲੇ ਤੇ ਸਾਥੀਆਂ ਨੇ ਇਹ ਹੁਕਮ ਮੰਨ ਕੇ ਦਰਬਾਰ ਸਾਹਿਬ ਅੰਦਰ ਮੱਥਾ ਟੇਕਣਾ ਬੰਦ ਕਰ ਦਿੱਤਾ ਸੀ ਪਰ ਕੁਝ ਦਿਨਾਂ ਬਾਅਦ ਫਿਰ ਉਹੀ ਕੁਝ ਹੋਣ ਲੱਗਾ ਸੀ। ਇਸੇ ਤਰ੍ਹਾਂ ਜਦੋਂ ਅਕਾਲ ਤਖਤ ਦੇ ਇੱਕ ਸਾਬਕਾ ਜਥੇਦਾਰ ਅਤੇ ਸਿੱਖ ਧਰਮ ਬਾਰੇ 22 ਕਿਤਾਬਾਂ ਦੇ ਲੇਖਕ ਗਿਆਨੀ ਪ੍ਰਤਾਪ ਸਿੰਘ ਨੇ ਦਰਬਾਰ ਸਾਹਿਬ ਅੰਦਰ ਮੋਰਚਾਬੰਦੀ ਤੇ ਹਥਿਆਰਾਂ ਦੇ ਖੁੱਲ੍ਹੇਆਮ ਪ੍ਰਦਰਸ਼ਨ ਦਾ ਵਿਰੋਧ ਕੀਤਾ ਤਾਂ ਕੁਝ ਦਿਨਾਂ ਬਾਅਦ ਹੀ ਅੰਮ੍ਰਿਤਸਰ ਵਿਚ 10 ਮਈ 1984 ਨੂੰ ਖਾੜਕੂ ਦਇਆ ਸਿੰਘ ਤੇ ਉਸ ਦੇ ਸਾਥੀ ਨੇ 80 ਸਾਲਾ ਬਜ਼ੁਰਗ ਜਥੇਦਾਰ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸ ਨਾਲ ਦਹਿਸ਼ਤ ਦਾ ਅਜਿਹਾ ਮਾਹੌਲ ਬਣਾ ਦਿੱਤਾ ਗਿਆ ਕਿ ਕੋਈ ਵਿਰੋਧ ਵਿਚ ਗੱਲ ਕਰਨ ਨੂੰ ਤਿਆਰ ਨਹੀਂ ਸੀ। ਉਂਜ, ਅਜਮੇਰ ਸਿੰਘ ਦੀ ਸਾਰੀ ਰੌਚਕ ਸਟੋਰੀ ਤੋਂ ਸਪਸ਼ਟ ਹੁੰਦਾ ਹੈ ਕਿ ਸਰਕਾਰ ਨੇ ਹਰ ਵਾਜਿਬ ਢੰਗ ਨਾਲ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਖੂਨ ਖਰਾਬੇ ਤੋਂ ਬਿਨਾ ਮਸਲਾ ਸੁਲਝ ਜਾਵੇ ਪਰ ਅਕਾਲ ਤਖਤ 'ਤੇ ਬੈਠੇ ਖਾੜਕੂ ਹਰ ਹਾਲਤ ਵਿਚ ਅਜਿਹੇ ਹਾਲਾਤ ਬਣਾਉਣਾ ਚਾਹੁੰਦੇ ਸਨ ਕਿ ਜੂਨ ਚੁਰਾਸੀ ਵਾਲਾ ਮੰਦਭਾਗਾ ਭਾਣਾ ਵਰਤ ਜਾਵੇ, ਕਿਉਂਕਿ ਉਨ੍ਹਾਂ ਦੀ ਸੋਚ ਅਨੁਸਾਰ, ਜਦੋਂ ਸਿੱਖਾਂ 'ਤੇ ਸਰਕਾਰ ਦੀ ਸਖਤੀ ਵਧੇਗੀ ਤਾਂ ਸਿੱਖਾਂ ਨੂੰ ਭਾਰਤ ਵਿਚ ਆਪਣੀ ਗੁਲਾਮੀ ਦਾ ਅਹਿਸਾਸ ਹੋਵੇਗਾ।

ਅਜਮੇਰ ਸਿੰਘ ਆਪਣੀ ਇੰਟਰਵਿਊ ਲੜੀ ਵਿਚ ਬੜੀ ਦਿਲਚਸਪ ਘਟਨਾ ਦਾ ਜ਼ਿਕਰ ਕਰਦੇ ਹਨ ਕਿ ਕਾਮਰੇਡਾਂ ਸਮੇਤ ਦੇਸ਼ ਭਰ ਦੀਆਂ

***(ਬਾਕੀ ਅਗਲੇ ਸਫੇ 'ਤੇ)***

# ਸਾਕਾ ਨੀਲਾ ਤਾਰਾ: ਕੀ ਸਿੱਖ ਅੰਤਰ ਝਾਤ ਮਾਰਨਗੇ?-2

(ਪਿਛਲੇ ਸਫੇ ਦੀ ਬਾਕੀ)

ਕਾਂਗਰਸ ਵਿਰੋਧੀ ਪਾਰਟੀਆਂ ਇੰਦਰਾ ਗਾਂਧੀ ਨੂੰ ਫੈਡਰਲ ਢਾਂਚਾ ਲਾਗੂ ਕਰਨ ਅਤੇ ਹੋਰ ਮੰਗਾਂ ਵਾਸਤੇ ਘੇਰਨ ਲਈ ਫਾਰੂਕ ਅਬਦੁੱਲਾ ਦੀ ਅਗਵਾਈ ਵਿਚ ਸ੍ਰੀਨਗਰ ਵਿਚ ਮੀਟਿੰਗ ਕਰ ਰਹੀਆਂ ਸਨ ਕਿ ਇੱਕ ਦਿਨ ਪਹਿਲਾਂ, 5 ਅਕਤੂਬਰ 1983 ਦੀ ਰਾਤ ਨੂੰ ਕਪੂਰਥਲਾ ਜ਼ਿਲ੍ਹੇ ਦੇ ਢਿੱਲਵਾਂ ਪਿੰਡ ਕੋਲ 4 ਖਾੜਕੂਆਂ ਨੇ 6 ਬੇਗੁਨਾਹ ਹਿੰਦੂਆਂ ਨੂੰ ਬੱਸ ਵਿਚੋਂ ਲਾਹ ਕੇ ਮਾਰ ਦਿੱਤਾ। ਇਸ ਤੋਂ ਅਗਲੇ ਦਿਨ ਹੀ ਦਰਬਾਰਾ ਸਿੰਘ ਦੀ ਕਾਂਗਰਸ ਸਰਕਾਰ ਭੰਗ ਕਰਕੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਅਜਮੇਰ ਸਿੰਘ ਅਨੁਸਾਰ, ਇਸ ਘਟਨਾ ਨੇ ਸਾਰੇ ਦੇਸ਼ ਦਾ ਮਾਹੌਲ ਹੀ ਬਦਲ ਦਿੱਤਾ। ਜਿਹੜੀਆਂ ਵਿਰੋਧੀ ਪਾਰਟੀਆਂ ਇੰਦਰਾ ਗਾਂਧੀ 'ਤੇ ਇਹ ਦਬਾਅ ਪਾਉਂਦੀਆਂ ਸਨ ਕਿ ਸਰਕਾਰ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਵਿਚ ਦੇਰੀ ਕਿਉਂ ਕਰ ਰਹੀ ਹੈ ਤਾਂ ਇਸ ਘਟਨਾ ਤੋਂ ਬਾਅਦ ਉਹੀ ਪਾਰਟੀਆਂ ਮੰਗ ਕਰਨ ਲੱਗੀਆਂ ਕਿ ਸਰਕਾਰ ਨੂੰ ਪੰਜਾਬ ਵਿਚ ਵਧ ਰਹੀ ਹਿੰਸਾ ਰੋਕਣ ਲਈ ਸਖਤ ਕਦਮ ਚੁੱਕਣ ਦੀ ਲੋੜ ਹੈ। ਇਸੇ ਘਟਨਾ ਨੇ ਜੂਨ 84 ਲਈ ਮਾਹੌਲ ਤਿਆਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸ ਸਬੰਧੀ ਇੰਟਰਵਿਊ ਕਰਤਾ ਵਲੋਂ ਸਵਾਲ ਪੁੱਛਣ 'ਤੇ ਅਜਮੇਰ ਸਿੰਘ ਨੇ ਦੱਸਿਆ ਕਿ ਸੰਤਾਂ ਨੇ ਇਸ ਘਟਨਾ ਦੀ ਨਾ ਹਮਾਇਤ ਕੀਤੀ ਸੀ ਤੇ ਨਾ ਹੀ ਵਿਰੋਧ ਕੀਤਾ ਸੀ, ਕਿਉਂਕਿ ਅਜਿਹੀਆਂ ਘਟਨਾਵਾਂ ਸੰਤਾਂ ਨੂੰ ਆਪਣਾ ਨਿਸ਼ਾਨਾ ਹਾਸਿਲ ਕਰਨ ਵਿਚ ਸਹਾਈ ਹੋ ਰਹੀਆਂ ਸਨ। ਇਥੇ ਸਵਾਲ ਪੈਦਾ ਹੁੰਦਾ ਹੈ: ਕੀ ਅਕਾਲ ਤਖਤ 'ਤੇ ਹਮਲਾ ਕਰਾਉਣਾ ਤੇ ਸ਼ਹੀਦੀ ਪਾਉਣਾ ਹੀ ਸੰਤਾਂ ਦਾ ਨਿਸ਼ਾਨਾ ਸੀ? ਜੇ ਸੰਤਾਂ ਦਾ ਇਹੀ ਨਿਸ਼ਾਨਾ ਸੀ ਤਾਂ ਫਿਰ ਸਿੱਖ ਵਿਦਵਾਨ ਸਰਕਾਰ ਨੂੰ 37 ਸਾਲ ਤੋਂ ਦੋਸ਼ ਕਿਸ ਆਧਾਰ 'ਤੇ ਦੇ ਰਹੇ ਹਨ ਕਿ ਸਰਕਾਰ ਨੇ ਸਿੱਖਾਂ ਨੂੰ ਸਬਕ ਸਿਖਾਉਣ ਜਾਂ ਸਿੱਖਾਂ ਦੀ ਅਣਖ ਖਤਮ ਕਰਨ ਲਈ ਯੋਜਨਾਬੱਧ ਢੰਗ ਨਾਲ ਹਮਲਾ ਕੀਤਾ ਸੀ?

ਕੁਝ ਮਹੀਨੇ ਪਹਿਲਾਂ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨੇ ਆਪਣੀ ਨਵੀਂ ਕਿਤਾਬ 'ਰਿਵਰਜ਼ ਔਨ ਫਾਇਰ: ਖਾਲਿਸਤਾਨ ਸਟਰਗਲ' ਦੇ ਚੈਪਟਰ 5 'ਫੈਟਲ ਬੱਸ ਜਰਨੀ: ਢਿੱਲਵਾਂ ਟੂ ਅਪਰੇਸ਼ਨ ਬਲਿਊ ਸਟਾਰ' ਵਿਚ ਢਿੱਲਵਾਂ ਕਾਂਡ ਵਿਚ ਸ਼ਾਮਿਲ ਸਾਬਕਾ ਖਾੜਕੂ ਸੁੱਖਾ ਸਿੰਘ ਦੇ ਹਵਾਲੇ ਨਾਲ ਜ਼ਿਕਰ ਕੀਤਾ ਹੈ ਕਿ ਸੰਤਾਂ ਦੇ ਖਾਸ 4 ਖਾੜਕੂਆਂ ਸੁਰਿੰਦਰ ਸਿੰਘ ਸੋਢੀ, ਜਨਰਲ ਲਾਭ ਸਿੰਘ, ਸੁੱਖਾ ਸਿੰਘ ਅਤੇ ਉਸ ਦਾ ਤੋਤੀ ਨਾਂ ਦਾ ਚੇਲਾ ਦਰਬਾਰ ਸਾਹਿਬ ਵਿਚੋਂ ਹਿੰਦੂਆਂ ਨੂੰ ਬੱਸ ਵਿਚੋਂ ਲਾਹ ਕੇ ਮਾਰਨ ਲਈ ਗਏ ਸਨ ਤੇ ਉਥੇ ਹੀ ਵਾਪਿਸ ਆ ਗਏ ਸਨ। ਸੁੱਖਾ ਸਿੰਘ ਅਨੁਸਾਰ, ਸੰਤਾਂ ਦੇ ਅਸਲ੍ਹਾ ਇੰਚਾਰਜ ਭਾਈ ਰਾਮ ਸਿੰਘ ਨੇ ਉਨ੍ਹਾਂ ਨੂੰ ਹਥਿਆਰ ਦੇ ਕੇ ਇਹ ਕਾਮ ਕਰਨ ਲਈ ਤੋਰਿਆ ਸੀ। ਸੁੱਖਾ ਸਿੰਘ ਨੇ ਇਸ ਇੰਟਰਵਿਊ ਵਿਚ ਇਹ ਇੰਕਸ਼ਾਫ ਵੀ ਕੀਤਾ ਕਿ 'ਪ੍ਰੀਤਲੜੀ' ਦੇ ਐਡੀਟਰ ਸੁਮੀਤ ਸਿੰਘ ਨੂੰ ਲੋਪੋਕੇ ਪ੍ਰੀਤ ਨਗਰ ਕਸਬੇ ਕੋਲ ਸੁੱਖਾ ਸਿੰਘ ਤੇ ਉਸ ਦੇ ਸਾਥੀਆਂ ਨੇ ਹੀ ਮਾਰਿਆ ਸੀ। ਹਾਲਾਤ ਦਾ ਵਿਅੰਗ ਦੇਖੋ ਕਿ ਸੁਮੀਤ ਸਿੰਘ ਦੇ ਕਤਲ ਤੋਂ ਕੁਝ ਦਿਨ ਪਹਿਲਾਂ ਪਾਣੀਪਤ (ਹਰਿਆਣਾ) ਵਿਚ ਭੜਕੀ ਸਿੱਖ ਵਿਰੋਧੀ ਹਿੰਸਾ ਵਿਚ ਦਿੱਲੀ ਤੋਂ ਆ ਰਹੇ ਸੁਮੀਤ ਸਿੰਘ ਨੂੰ ਭੀੜ ਨੇ ਵਾਲ ਕੱਟੇ ਹੋਣ ਕਰਕੇ ਹਿੰਦੂ ਸਮਝ ਕੇ ਜਾਨ ਬਖਸ਼ ਦਿੱਤੀ ਸੀ ਅਤੇ ਪੰਜਾਬ ਵਿਚ ਖਾੜਕੂਆਂ ਨੇ ਸੁਮੀਤ ਸਿੰਘ ਨੂੰ ਵਾਲ ਕੱਟੇ ਹੋਣ ਕਰਕੇ ਹਿੰਦੂ ਸਮਝ ਕੇ ਗੋਲੀਆਂ ਮਾਰ ਦਿੱਤੀਆਂ ਸਨ। ਖਾੜਕੂ ਸੁੱਖਾ ਸਿੰਘ ਅਨੁਸਾਰ, ਭਾਈ ਰਾਮ ਸਿੰਘ ਨੇ ਹੀ ਉਨ੍ਹਾਂ ਨੂੰ ਪਾਣੀਪਤ ਦੀ ਸਿੱਖ ਵਿਰੋਧੀ ਹਿੰਸਾ ਦੇ ਜਵਾਬ ਵਿਚ ਬਦਲਾ ਲੈਣ ਲਈ ਲੋਪੋਕੇ ਹਿੰਦੂ ਕਤਲ ਕਰਨ ਲਈ ਭੇਜਿਆ ਸੀ ਜਦਕਿ ਹੁਣ ਤੱਕ ਅਜਿਹੀਆਂ ਸਾਰੀਆਂ ਕਾਰਵਾਈਆਂ ਪਿਛੇ ਏਜੰਸੀਆਂ ਦਾ ਹੱਥ ਪ੍ਰਚਾਰਿਆ ਜਾਂਦਾ ਰਿਹਾ ਹੈ। ਇਹ ਵੀ ਕਿਹਾ ਜਾਂਦਾ ਸੀ ਕਿ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਗਾਉਣ ਅਤੇ ਜੂਨ 84 ਦੇ ਹਮਲੇ ਦੀ ਤਿਆਰੀ ਵਜੋਂ ਇਹ ਕਾਰੇ ਏਜੰਸੀਆਂ ਤੋਂ ਕਰਾਏ ਗਏ ਸਨ। ਅਜਮੇਰ ਸਿੰਘ ਸਮੇਤ ਖਾੜਕੂ ਲਹਿਰ ਦੀਆਂ ਵਾਰਿਸ ਧਿਰਾਂ ਨੂੰ ਸਵਾਲ ਹੈ ਕਿ ਫਿਰ ਕੀ ਹੁਣ ਇਹ ਮੰਨਿਆ ਜਾਵੇ ਕਿ ਦਰਬਾਰ ਸਾਹਿਬ ਅੰਦਰ ਬੈਠੇ ਖਾੜਕੂ ਏਜੰਸੀਆਂ ਲਈ ਕੰਮ ਕਰਦੇ ਸਨ?

ਅਜਮੇਰ ਸਿੰਘ ਆਪਣੀ ਇਸ ਵੀਡੀਓ ਲੜੀ ਵਿਚ ਮੰਨਦੇ ਹਨ ਕਿ ਸਾਰੇ ਦੇਸ਼ ਵਿਚ ਵਿਰੋਧੀ ਪਾਰਟੀਆਂ ਸਮੇਤ ਲੋਕਾਂ ਦਾ ਇੰਦਰਾ ਗਾਂਧੀ 'ਤੇ ਦਬਾਅ ਸੀ ਕਿ ਪੰਜਾਬ ਵਿਚ ਰੋਜ਼ਾਨਾ ਹੋ ਰਹੇ ਕਤਲਾਂ ਨੂੰ ਰੋਕਣ ਲਈ ਸਰਕਾਰ ਕੋਈ ਸਖਤ ਕਦਮ ਕਿਉਂ ਨਹੀਂ ਉਠਾ ਰਹੀ, ਪੰਜਾਬ ਵਿਚ ਫੌਜ ਦੀ ਮੰਗ ਵੀ ਉਠਣ ਲੱਗੀ ਸੀ। ਅਜਮੇਰ ਸਿੰਘ ਅਨੁਸਾਰ, ਸਰਕਾਰ ਨੇ ਹਾਲਾਤ ਦਾ ਫਾਇਦਾ ਉਠਾ ਕੇ ਦੇਸ਼ ਭਰ ਵਿਚ ਸਿੱਖਾਂ ਖਿਲਾਫ ਮਾਹੌਲ ਸਿਰਜਿਆ ਤਾਂ ਕਿ ਫੌਜੀ ਹਮਲੇ ਦੀ ਸੂਰਤ ਵਿਚ ਲੋਕ ਵਿਰੋਧ ਵਿਚ ਨਾ ਖੜ੍ਹਨ। ਅਜਮੇਰ ਸਿੰਘ ਵਾਰ-ਵਾਰ ਮੰਨਦੇ ਹਨ ਕਿ ਅਕਾਲੀਆਂ ਨੇ ਖਾੜਕੂਆਂ ਦੀ ਭੜਕਾਹਟ ਦੇ ਬਾਵਜੂਦ ਸ਼ਾਂਤਮਈ ਸੰਘਰਸ਼ ਵਾਲਾ ਆਪਣਾ ਸਿਧਾਂਤਕ ਪੈਂਤੜਾ ਨਹੀਂ ਛੱਡਿਆ ਪਰ ਉਹ ਸੰਤ ਭਿੰਡਰਾਂਵਾਲੇ ਦੇ ਖਾੜਕੂਆਂ ਦੀ ਵਧ ਰਹੀ ਹਿੰਸਾ ਅੱਗੇ ਬੇਵੱਸ ਹੋ ਗਏ। ਅਜਮੇਰ ਸਿੰਘ ਅਨੁਸਾਰ, ਪੰਜਾਬ ਵਿਚ ਰੋਜ਼ਾਨਾ ਵਾਪਰ ਰਹੀਆਂ ਹਿੰਸਕ ਕਾਰਵਾਈਆਂ ਨਾਲ ਹਿੰਦੂਆਂ ਵਿਚ ਵੀ ਗੁੱਸਾ ਵਧਣ ਲੱਗਾ ਜਿਸ ਦੇ ਨਤੀਜੇ ਵਜੋਂ ਫੌਜੀ ਕਾਰਵਾਈ ਦੇ ਬਣਦੇ ਮਾਹੌਲ ਵਿਚ ਮਾਰਚ 1984 ਤੋਂ ਸੰਤਾਂ ਨੇ ਵੱਧ ਤੋਂ ਵੱਧ ਹਥਿਆਰ ਜਮ੍ਹਾਂ ਕਰਨੇ ਅਤੇ ਮੋਰਚਾਬੰਦੀ ਸ਼ੁਰੂ ਕਰ ਦਿੱਤੀ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਦਰਬਾਰ ਸਾਹਿਬ ਵਿਚ ਮੋਰਚਾਬੰਦੀ ਮਹਿਜ਼ ਡਰ ਵਿਚੋਂ ਕੀਤੀ ਗਈ ਕਿ ਸਰਕਾਰ ਹਮਲਾ ਨਾ ਕਰ ਦੇਵੇ ਜਦਕਿ ਅਜਮੇਰ ਸਿੰਘ ਅਨੁਸਾਰ, ਹਮਲੇ ਦਾ ਫੈਸਲਾ ਬਹੁਤ ਲੇਟ ਕੀਤਾ ਗਿਆ ਸੀ।

ਅਜਮੇਰ ਸਿੰਘ ਦੀ ਇਸ ਇੰਟਰਵਿਊ ਲੜੀ ਵਿਚ ਕੁਝ ਹੋਰ ਵਿਚਾਰਨਯੋਗ ਤੱਥ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਹੁਣ ਤੱਕ ਸਿੱਖ ਵਿਦਵਾਨ ਸਰਕਾਰ ਵਿਰੁਧ ਵਰਤਦੇ ਸਨ। ਹੁਣ ਤੱਕ ਕਿਹਾ ਜਾਂਦਾ ਸੀ ਕਿ ਸਰਕਾਰ ਨੇ 3 ਜੂਨ ਦਾ ਦਿਨ ਇਸ ਲਈ ਚੁਣਿਆ ਤਾਂ ਕਿ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ 'ਤੇ ਇਕੱਠੇ ਹੋਏ ਸਿੱਖਾਂ ਦਾ ਵੱਧ ਤੋਂ ਵੱਧ ਕਤਲੇਆਮ ਕੀਤਾ ਜਾ ਸਕੇ; ਪਰ ਹੁਣ ਉਹ ਮੰਨਦੇ ਹਨ ਕਿ 3 ਜੂਨ ਨੂੰ ਧਰਮ ਯੁੱਧ ਮੋਰਚੇ ਦੀ ਅਗਲੀ ਕਾਰਵਾਈ ਵਜੋਂ ਪੰਜਾਬ ਵਿਚ ਭਾਰਤ ਸਰਕਾਰ ਖਿਲਾਫ 'ਸਿਵਲ ਨਾ-ਫੁਰਮਾਨੀ' ਸ਼ੁਰੂ ਕਰਨ ਦਾ ਐਲਾਨ ਹੋ ਚੁੱਕਾ ਸੀ ਜਿਸ ਦਾ ਭਾਵ ਸਰਕਾਰ ਖਿਲਾਫ ਸਿੱਧੀ ਬਗਾਵਤ ਹੋਣਾ ਸੀ। ਇਹ ਵੀ ਕਿਹਾ ਜਾਂਦਾ ਸੀ ਕਿ ਸਰਕਾਰ ਨੇ ਮੱਥਾ ਟੇਕਣ ਗਏ ਸ਼ਰਧਾਲੂਆਂ ਨੂੰ ਬਾਹਰ ਕੱਢਣ ਲਈ ਕੋਈ ਯਤਨ ਨਹੀਂ ਕੀਤਾ, ਅਜਮੇਰ ਸਿੰਘ ਇਹ ਵੀ ਮੰਨਦੇ ਹਨ ਕਿ ਸਰਕਾਰ ਨੇ ਫੌਜੀ ਐਕਸ਼ਨ ਇਸੇ ਕਰਕੇ 3 ਜੂਨ ਦੀ ਥਾਂ 5 ਜੂਨ ਤੱਕ ਪਿੱਛੇ ਪਾਇਆ ਅਤੇ ਸਪੀਕਰਾਂ ਰਾਹੀਂ ਅਨਾਊਂਸਮੈਂਟਾਂ ਕੀਤੀਆਂ ਕਿ ਲੋਕ ਬਾਹਰ ਆ ਜਾਣ, ਪਰ ਉਹ ਕਹਿੰਦੇ ਹਨ ਕਿ ਹੋ ਸਕਦਾ, ਬਹੁਤ ਲੋਕਾਂ ਨੇ ਅਨਾਊਂਸਮੈਂਟਾਂ ਨਾ ਸੁਣੀਆਂ ਹੋਣ ਜਾਂ ਸੋਚ ਲਿਆ ਹੋਵੇ ਕਿ ਦੋਨੋਂ ਪਾਸਿਉਂ ਗੋਲੀ ਚੱਲ ਰਹੀ ਹੈ, ਹੁਣ ਅੰਦਰ ਹੀ ਬੈਠੇ ਰਹੋ, ਜੋ ਵਾਹਿਗੁਰੂ ਨੂੰ ਮਨਜ਼ੂਰ ਹੋਊ ਦੇਖੀ ਜਾਊ!

ਇਸੇ ਤਰ੍ਹਾਂ ਅਜਮੇਰ ਸਿੰਘ ਨੇ ਨਵਾਂ ਖੁਲਾਸਾ ਕੀਤਾ ਕਿ ਫੌਜ ਨੇ ਯਾਤਰੀਆਂ ਨੂੰ ਬਾਹਰ ਕੱਢਣ ਲਈ ਕਈ 2-3 ਜੂਨ ਨੂੰ ਕਈ ਘੰਟੇ ਕਰਫਿਊ ਵਿਚ ਢਿੱਲ ਵੀ ਦਿੱਤੀ ਸੀ। ਉਹ ਜਨਰਲ ਬਰਾੜ ਦੀ ਕਿਤਾਬ ਦੇ ਹਵਾਲੇ ਨਾਲ ਇਹ ਵੀ ਮੰਨਦੇ ਹਨ ਕਿ ਬਹੁਤ ਲੋਕ ਬਾਹਰ ਨਿਕਲ ਵੀ ਆਏ ਸਨ ਅਤੇ ਅੰਦਰ ਸਿਰਫ 1500-2000 ਲੋਕ ਹੀ ਸਨ। ਇਸ ਨਾਲ ਸਿੱਖ ਵਿਦਵਾਨਾਂ ਦੀ ਇਸ ਧਾਰਨਾ 'ਤੇ ਵੀ ਪ੍ਰਸ਼ਨ ਚਿੰਨ੍ਹ ਲਗਦਾ ਹੈ ਕਿ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੌਰਾਨ 20-25 ਹਜ਼ਾਰ ਬੰਦਾ ਮਾਰਿਆ ਗਿਆ ਸੀ ਅਤੇ ਕੂੜਾ ਸੁੱਟਣ ਵਾਲੇ ਟਰੱਕਾਂ ਦੇ ਟਰੱਕ ਭਰ ਕੇ ਲਾਸ਼ਾਂ ਸ਼ਮਸ਼ਾਨਘਾਟਾਂ ਨੂੰ ਲਿਜਾਈਆਂ ਗਈਆਂ ਸਨ। ਸਾਡੇ ਵਿਦਵਾਨ ਬਹੁਤ ਸਾਰੀਆਂ ਗੱਲਾਂ ਬਿਨਾ ਤੱਥਾਂ ਤੋਂ ਬੜੇ ਦਾਅਵੇ ਨਾਲ ਪੇਸ਼ ਕਰਦੇ ਹਨ। ਇਸ ਦੀ ਮਿਸਾਲ ਇਥੋਂ ਮਿਲਦੀ ਹੈ ਕਿ ਸਾਬਕਾ ਆਈ.ਏ.ਐਸ.ਗੁਰਤੇਜ ਸਿੰਘ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਸਾਕਾ ਨੀਲਾ ਤਾਰਾ ਬਾਰੇ ਸੈਮੀਨਾਰ ਵਿਚ ਕਹਿੰਦੇ ਹਨ ਕਿ ਸਿੱਖਾਂ ਨੇ ਧਰਮ ਯੁੱਧ ਮੋਰਚੇ ਵਿਚ ਢਾਈ ਲੱਖ ਸ਼ਹੀਦੀਆਂ ਦਿੱਤੀਆਂ ਜਿਸ ਦੀ ਦੁਨੀਆ ਦੇ ਇਤਿਹਾਸ ਵਿਚ ਕੋਈ ਗਵਾਹੀ ਨਹੀਂ ਮਿਲਦੀ। ਇਹ ਵੀ ਵਰਨਣਯੋਗ ਹੈ ਕਿ ਪਿਛਲੇ ਮਹੀਨੇ ਸਾਬਕਾ ਆਈ.ਏ.ਐਸ. ਨ੍ਰਿਪਇੰਦਰ ਰਤਨ (ਜੋ ਜੂਨ 84 ਵਿਚ ਜਲੰਧਰ 'ਚ ਬਤੌਰ ਕਮਿਸ਼ਨਰ ਤਾਇਨਾਤ ਸਨ) ਦੀ ਅਨੇਕਾਂ ਪ੍ਰਮਾਣਿਕ ਤੱਥਾਂ ਆਧਾਰਿਤ ਕਿਤਾਬ 'ਉਪਰੇਸ਼ਨ ਬਲਿਊ ਸਟਾਰ 84' ਅਨੁਸਾਰ ਦਰਬਾਰ ਸਾਹਿਬ ਦੇ ਫੌਜੀ ਹਮਲੇ ਮੌਕੇ ਸਿਰਫ 79 ਫੌਜੀ ਅਤੇ 700-750 ਦੇ ਕਰੀਬ ਆਮ ਲੋਕ ਮਰੇ ਸਨ ਜਿਨ੍ਹਾਂ ਵਿਚ 100-125 ਦੇ ਕਰੀਬ ਖਾੜਕੂ ਹੋ ਸਕਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਜੇ ਫੌਜ ਨੇ ਹਜ਼ਾਰਾਂ ਬੇਗੁਨਾਹ ਲੋਕ ਅੰਦਰ ਜਾਣ-ਬੁੱਝ ਕੇ ਮਾਰ ਦਿੱਤੇ ਸਨ ਤਾਂ ਫਿਰ ਸੰਤਾਂ ਦੇ ਬਹੁਤ ਨਜ਼ਦੀਕੀ ਜਨਰਲ ਲਾਭ ਸਿੰਘ, ਹਰਮਿੰਦਰ ਸਿੰਘ ਸੰਧੂ, ਵਿਰਸਾ ਸਿੰਘ ਵਲਟੋਹਾ, ਅਮਰਜੀਤ ਸਿੰਘ ਚਾਵਲਾ, ਰਜਿੰਦਰ ਸਿੰਘ ਮਹਿਤਾ, ਜਸਵੀਰ ਸਿੰਘ ਘੁੰਮਣ, ਮਨਜੀਤ ਸਿੰਘ ਭੋਮਾ, ਅਨੋਖ ਸਿੰਘ ਉਬੋਕੇ ਜਾਂ ਭਾਈ ਅਮਰੀਕ ਸਿੰਘ, ਮੇਜਰ ਸਿੰਘ ਨਾਗੋਕੇ ਵਰਗੇ ਅਨੇਕਾਂ ਖਾੜਕੂਆਂ ਦੇ ਪਰਿਵਾਰ ਉਥੋਂ ਸਹੀ ਸਲਾਮਤ ਬਚ ਕੇ ਬਾਹਰ ਕਿਵੇਂ ਆ ਗਏ? ਇਥੋਂ ਤੱਕ ਕਿ ਬੱਬਰ ਖਾਲਸਾ ਦੇ ਸਿੰਘ ਤਾਂ ਸਾਰੇ ਹੀ ਬਚ ਕੇ ਨਿਕਲ ਗਏ ਸਨ।

ਇੱਕ ਗੱਲ ਪਿਛਲੇ 37 ਸਾਲਾਂ ਤੋਂ ਕਹੀ ਜਾਂਦੀ ਸੀ ਕਿ ਚਲੋ ਮੰਨ ਲਿਆ, ਸੰਤ ਭਿੰਡਰਾਂਵਾਲੇ ਅਤੇ ਉਸ ਦੇ ਹਥਿਆਰਬੰਦ ਖਾੜਕੂਆਂ ਨੂੰ ਕੱਢਣ ਲਈ ਅਕਾਲ ਤਖਤ 'ਤੇ ਹਮਲਾ ਕੀਤਾ ਗਿਆ ਪਰ ਪੰਜਾਬ ਦੇ ਹੋਰ 37 ਗੁਰਦੁਆਰਿਆਂ 'ਤੇ ਹਮਲਾ ਕਿਉਂ ਕੀਤਾ ਗਿਆ? ਉਥੇ ਤਾਂ ਕੋਈ ਖਾੜਕੂ ਨਹੀਂ ਸਨ। ਦੂਸਰਾ, ਖਾੜਕੂ ਤਾਂ ਸਿਰਫ ਅਕਾਲ ਤਖਤ 'ਤੇ ਸਨ, ਫਿਰ ਸਾਰੇ ਪੰਜਾਬ ਦੀ ਘੇਰਾਬੰਦੀ ਕਿਉਂ ਕੀਤੀ ਗਈ? ਇਸ ਤੋਂ ਸਾਬਿਤ ਹੁੰਦਾ ਕਿ ਫੌਜੀ ਕਾਰਵਾਈ ਸਿੱਖਾਂ ਦੀ ਨਸਲਕੁਸ਼ੀ ਕਰਨ ਲਈ ਕੀਤੀ ਗਈ ਸੀ ਤੇ ਉਨ੍ਹਾਂ ਨੂੰ ਸਬਕ ਸਿਖਾਉਣ ਲਈ ਸੀ ਕਿ ਉਹ ਹਿੰਦੂ ਭਾਰਤ ਵਿਚ ਗੁਲਾਮ ਬਣ ਕੇ ਰਹਿਣ, ਨਹੀਂ ਤਾਂ ਉਨ੍ਹਾਂ ਦਾ ਇਹੀ ਹਸ਼ਰ ਹੋਵੇਗਾ। ਅਜਮੇਰ ਸਿੰਘ ਨੇ ਆਪਣੀ ਇਸ ਵੀਡੀਓ ਲੜੀ ਵਿਚ ਇਹ ਮੰਨਿਆ ਹੈ ਕਿ ਬਹੁਤ ਸਾਰੇ ਖਾੜਕੂ ਵੱਖ-ਵੱਖ ਗੁਰਦੁਆਰਿਆਂ ਵਿਚ ਹਥਿਆਰਾਂ ਨਾਲ ਲੈਸ ਬੈਠੇ ਸਨ। ਉਹ ਕਹਿੰਦੇ ਹਨ ਕਿ ਗੁਰਦੁਆਰਿਆਂ ਵਿਚ ਹਥਿਆਰਾਂ ਸਮੇਤ ਸ਼ਰਨ ਲੈਣੀ ਸਾਡੀ ਧਾਰਮਿਕ ਪ੍ਰੰਪਰਾ ਹੈ, 18ਵੀਂ ਸਦੀ ਵਿਚ ਵੀ ਸਿੱਖ ਅਜਿਹਾ ਕਰਦੇ ਰਹੇ ਸਨ, ਇਸ ਵਿਚ ਕੁਝ ਵੀ ਗਲਤ ਨਹੀਂ ਸੀ। ਉਨ੍ਹਾਂ ਇਹ ਵੀ ਮੰਨਿਆ ਕਿ ਸੰਤ ਅਕਸਰ ਆਪਣੇ ਲੈਕਚਰਾਂ ਵਿਚ ਕਹਿੰਦੇ ਸਨ ਕਿ ਜੇ ਭਾਰਤੀ ਫੌਜ ਨੇ ਦਰਬਾਰ ਸਾਹਿਬ ਵਿਚ ਪੈਰ ਰੱਖਿਆ ਤਾਂ ਤੁਸੀਂ ਕਿਸੇ ਹੁਕਮ ਦੀ ਉਡੀਕ ਨਾ ਕਰਿਉ, ਜੋ ਹਥਿਆਰ ਹੱਥ ਆਵੇ, ਲੈ ਕੇ ਦਰਬਾਰ ਸਾਹਿਬ ਵੱਲ ਕੂਚ ਕਰ ਦਿਉ। ਇਸ ਬਾਰੇ ਇੱਕ ਸਾਬਕਾ ਖਾੜਕੂ ਕੁਲਜਿੰਦਰ ਸਿੰਘ ਢਿੱਲੋਂ ਜੋ ਫੌਜੀ ਹਮਲੇ ਦੌਰਾਨ ਅੰਦਰੋਂ ਫੜਿਆ ਗਿਆ ਸੀ ਤੇ ਬਾਅਦ ਵਿਚ ਹਸਪਤਾਲ ਤੋਂ ਬਚ ਕੇ ਨਿਕਲ ਗਿਆ ਸੀ, ਅਨੁਸਾਰ ਸੰਤਾਂ ਦੇ ਹੁਕਮਾਂ ਅਨੁਸਾਰ ਉਹ ਕੁਝ ਸਿੰਘ ਕੁਝ ਗੁਰਦੁਆਰਿਆਂ ਵਿਚ ਹਥਿਆਰ ਦੇਣ ਗਏ ਸੀ ਤੇ ਪਲਾਨ ਇਹ ਸੀ ਕਿ ਜਦੋਂ ਹਮਲਾ ਹੋਇਆ ਤਾਂ ਬਾਹਰੋਂ ਵੱਖ-ਵੱਖ ਥਾਵਾਂ ਤੋਂ ਬਗਾਵਤ ਕਰ ਦਿੱਤੀ ਜਾਵੇ। ਅਜਮੇਰ ਸਿੰਘ ਇਹ ਵੀ ਮੰਨਦੇ ਹਨ ਕਿ ਜੇ ਫੌਜ ਪੰਜਾਬ ਦੀ ਇਸ ਤਰ੍ਹਾਂ ਸਖਤ ਘੇਰਾਬੰਦੀ ਨਾ ਕਰਦੀ ਤਾਂ ਫਿਰ ਪੰਜਾਬ ਦਾ ਪਤਾ ਨੀ ਕੀ ਬਣਨਾ ਸੀ ਤੇ ਕਿਤਨਾ ਕਤਲੇਆਮ ਹੋਣਾ ਸੀ। ਇਸ ਦਾ ਮਤਲਬ ਤਾਂ ਇਹੀ ਬਣਦਾ ਹੈ ਕਿ ਸਰਕਾਰ ਦੀ ਪੂਰੇ ਪੰਜਾਬ ਦੀ ਘੇਰਾਬੰਦੀ, ਸ਼ੱਕੀ ਗੁਰਦੁਆਰਿਆਂ ਦੀ ਤਲਾਸ਼ੀ ਲੈਣੀ ਗਲਤ ਨਹੀਂ ਸੀ। ਸਰਕਾਰ ਦੇ ਅਜਿਹੇ ਯਤਨਾਂ ਕਰਕੇ ਹੀ ਪੰਜਾਬ ਵਿਚ ਵੱਡਾ ਖੂਨ ਖਰਾਬਾ ਹੋਣ ਤੋਂ ਬਚ ਗਿਆ। ਹੋ ਸਕਦਾ, 1947 ਵਾਲੇ ਹਾਲਾਤ ਬਣ ਜਾਂਦੇ ਤੇ ਹਿੰਦੂ-ਸਿੱਖ ਆਪਸ ਵਿਚ ਇੱਕ ਦੂਜੇ ਦਾ ਵਢਾਂਗਾ ਕਰਦੇ।

ਕੁਲਜਿੰਦਰ ਸਿੰਘ ਢਿਲੋਂ ਨੇ ਆਪਣੀ ਇੱਕ ਇੰਟਵਿਊ ਵਿਚ ਡਾ. ਵਿਸ਼ਵਾਨਾਥ ਤਿਵਾੜੀ ਦੀ ਹੱਤਿਆ ਦਾ ਜੋ ਇੰਕਸ਼ਾਫ ਕੀਤਾ ਹੈ, ਉਹ ਵੀ ਇਸ ਘਟਨਾਕ੍ਰਮ ਨੂੰ ਸਮਝਣ ਲਈ ਮੁੱਲਵਾਨ ਹੈ। ਖਾੜਕੂਆਂ ਨੇ ਤਿਵਾੜੀ ਨੂੰ 3 ਅਪਰੈਲ 1984 ਨੂੰ ਉਸ ਦੇ ਘਰੇ ਹੀ ਕਤਲ ਕਰ ਦਿੱਤਾ ਸੀ ਜਿਸ ਬਾਰੇ ਸੰਤ ਭਿੰਡਰਾਂਵਾਲੇ ਅਤੇ ਅਕਾਲੀਆਂ ਨੇ ਕਿਹਾ ਸੀ ਕਿ ਇਹ ਏਜੰਸੀਆਂ ਦਾ ਕੰਮ ਹੈ, ਜਦਕਿ ਉਨ੍ਹਾਂ ਦੇ ਆਪਣੇ ਖਾੜਕੂਆਂ ਨੇ ਇਹ ਕਤਲ ਕੀਤਾ ਸੀ ਕਿਉਂਕਿ ਡਾ. ਤਿਵਾੜੀ, ਅਕਾਲੀਆਂ ਤੇ ਸਰਕਾਰ ਵਿਚ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਲਈ ਇੱਕ ਕੜੀ ਸੀ।

ਅਜਮੇਰ ਸਿੰਘ ਇਸੇ ਵੀਡੀਓ ਲੜੀ ਵਿਚ ਇੱਕ ਜਗ੍ਹਾ ਕਹਿੰਦੇ ਹਨ ਕਿ ਕੁਝ ਲੋਕ ਤਰਕ ਦਿੰਦੇ ਹਨ ਕਿ ਸੰਤਾਂ ਨੂੰ ਅਕਾਲ ਤਖਤ 'ਤੇ ਹਥਿਆਰ ਨਹੀਂ ਜਮ੍ਹਾਂ ਕਰਨੇ ਚਾਹੀਦੇ ਸਨ ਜਾਂ ਘੱਟੋ-ਘੱਟ ਜਦੋਂ ਫੌਜ ਆ ਗਈ ਸੀ ਤਾਂ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਦੀ ਤਬਾਹੀ ਅਤੇ ਬੇਅਦਬੀ ਰੋਕਣ ਲਈ ਉਥੋਂ ਬਾਹਰ ਆ ਜਾਣਾ ਚਾਹੀਦਾ ਸੀ ਜਿਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਮੁਗਲਾਂ ਨਾਲ ਪਹਿਲੀ ਲੜਾਈ ਮੌਕੇ ਅੰਮ੍ਰਿਤਸਰ ਤੋਂ ਬਾਹਰ ਚਲੇ ਗਏ ਸਨ ਤਾਂ ਕਿ ਦਰਬਾਰ ਸਾਹਿਬ ਨੂੰ ਆਂਚ ਨਾ ਆਵੇ। ਇਸ ਬਾਰੇ ਆਪਣਾ ਸਿਧਾਂਤਕ ਤਰਕ ਪੇਸ਼ ਕਰਦੇ ਹੋਏ ਅਜਮੇਰ ਸਿੰਘ ਕਹਿੰਦੇ ਹਨ ਕਿ ਸੰਤਾਂ ਦੀ ਲੜਾਈ ਕੋਈ ਮੰਗਾਂ (ਅਨੰਦਪੁਰ ਦੇ ਮਤੇ ਦੀਆਂ) ਦੀ ਨਹੀਂ ਸੀ, ਉਹ ਤਾਂ ਧਰਮ ਨੂੰ ਬਚਾਉਣ ਦੀ ਲੜਾਈ ਲੜ ਰਹੇ ਸਨ, ਉਹ ਤਾਂ ਸਿੱਖੀ ਬਚਾਉਣ ਦੀ ਲੜਾਈ ਲੜ ਰਹੇ ਸਨ। ਉਹ ਤਾਂ ਆਏ ਹੀ ਅਕਾਲ ਤਖਤ 'ਤੇ ਸ਼ਹੀਦੀ ਪਾਉਣ ਸਨ। ਉਨ੍ਹਾਂ ਦੀ ਸ਼ਹੀਦੀ ਦਾ ਸਫਰ ਉਸ ਦਿਨ ਸ਼ੁਰੂ ਹੋ ਗਿਆ ਸੀ ਜਿਸ ਦਿਨ ਉਹ ਗੁਰੂ ਨਾਨਕ ਨਿਵਾਸ ਤੋਂ ਅਕਾਲ ਤਖਤ ਪਹੁੰਚ ਗਏ ਸਨ। ਸੰਤ ਜੀ ਅਕਸਰ ਕਹਿੰਦੇ ਸਨ ਕਿ ਜੇ ਧਰਮ ਨੂੰ ਬਚਾਉਣਾ ਹੈ, ਸਿੱਖੀ ਨੂੰ ਬਚਾਉਣਾ ਹੈ ਤਾਂ ਸਿਰ ਦੇਣੇ ਪੈਣਗੇ ਤੇ ਸਿਰ ਵੀ ਅਕਾਲ ਤਖਤ ਅਤੇ ਦਰਬਾਰ ਸਾਹਿਬ ਦੇ ਕੰਪਲੈਕਸ ਦੇ ਅੰਦਰ ਹੀ ਦੇਣੇ ਪੈਣਗੇ। ਇਥੇ ਦਿੱਤੀ ਸ਼ਹਾਦਤ ਦਾ ਅਸਰ ਹੀ ਹੋਰ ਹੈ। ਸੰਤਾਂ ਨੂੰ ਸਪਸ਼ਟ ਸੀ ਕਿ ਸਾਡੀ ਲੜਾਈ ਮੰਗਾਂ ਦੀ ਨਹੀਂ, ਦੋ ਤਖਤਾਂ ਦੀ ਲੜਾਈ ਹੈ। ਹਿੰਦੂ ਹਾਕਮਾਂ ਤੇ ਸਿੱਖਾਂ (ਜਿਨ੍ਹਾਂ ਨੂੰ ਭੁੱਲ ਚੁੱਕਾ ਸੀ ਕਿ ਅਸੀਂ ਵੀ ਤਖਤਾਂ ਦੇ ਮਾਲਕ ਹਾਂ) ਨੂੰ ਅਹਿਸਾਸ ਤਾਂ ਹੀ ਹੋਣਾ ਸੀ ਕਿ ਸਾਡਾ ਵੀ ਕੋਈ ਤਖਤ ਹੈ, ਜੇ ਸ਼ਹੀਦੀ ਅਕਾਲ ਤਖਤ 'ਤੇ ਪਾਈ ਜਾਂਦੀ।

ਅੱਗੇ ਗੱਲ ਕਰਨ ਤੋਂ ਪਹਿਲਾਂ ਇਸ ਸਬੰਧੀ ਸ਼੍ਰੋਮਣੀ ਸਿੱਖ ਵਿਦਵਾਨ ਪ੍ਰੋ. ਪੂਰਨ ਸਿੰਘ ਦੇ 100 ਕੁ ਸਾਲ ਪਹਿਲਾਂ ਲਿਖੇ ਲੇਖ 'ਸ੍ਰੀ ਦਰਬਾਰ ਸਾਹਿਬ' ਦਾ ਹਵਾਲਾ ਦੇਣਾ ਵਾਜਿਬ ਰਹੇਗਾ ਜਿਸ ਵਿਚ ਉਹ ਲਿਖਦੇ ਹਨ: 'ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦਾ ਸਿਧਾਂਤ ਬਖਸ਼ਿਆ ਪਰ ਸ੍ਰੀ ਅੰਮ੍ਰਿਤਸਰ, ਦਰਬਾਰ ਸਾਹਿਬ, ਅਕਾਲ ਤਖਤ ਸਾਹਿਬ ਨੂੰ ਕਦੇ ਸਿਆਸਤ ਦਾ ਕੇਂਦਰ ਨਹੀਂ ਬਣਾਇਆ। ਉਨ੍ਹਾਂ ਨੇ ਧਰਮ ਨੂੰ ਸਿਆਸਤ ਤੋਂ ਹਮੇਸ਼ਾਂ ਉਚਾ ਰੱਖਿਆ। ਗੁਰੂ ਸਾਹਿਬ ਚਾਹੁੰਦੇ ਸਨ ਕਿ ਦਰਬਾਰ ਸਾਹਿਬ ਕਦੇ ਜੰਗ ਦਾ ਅਖਾੜਾ ਨਾ ਬਣੇ, ਪੁਲੀਟੀਕਲ ਕੰਮ ਇਥੋਂ ਦੂਰ ਹੋ ਕੇ ਕੀਤੇ ਜਾਣ। ਜਦੋਂ ਦੁਬਾਰਾ ਅੰਮ੍ਰਿਤਸਰ ਵਿਚ ਜੰਗ ਦਾ ਮਾਹੌਲ ਬਣਨ ਲੱਗਾ ਤਾਂ ਗੁਰੂ ਸਾਹਿਬ ਮਾਝੇ ਨੂੰ ਛੱਡ ਦੂਰ ਪਹਾੜਾਂ ਵਿਚ ਕੀਰਤਪੁਰ ਆ ਵਸੇ ਤਾਂ ਕਿ ਇਹ ਸਰਬ ਸਾਂਝਾ ਥਾਂ ਕਦੇ ਜੰਗਾਂ-ਯੁੱਧਾਂ ਦਾ ਅਖਾੜਾ ਨਾ ਬਣੇ।' ਪ੍ਰੋ. ਪੂਰਨ ਸਿੰਘ ਅੱਗੇ ਲਿਖਦੇ ਹਨ, 'ਮਹਾਰਾਜਾ ਰਣਜੀਤ ਸਿੰਘ ਨੇ ਵੀ ਗੁਰੂਆਂ ਦੀ ਇਸੇ ਸੋਚ ਅਨੁਸਾਰ 'ਖਾਲਸਾ ਰਾਜ' ਦੀ ਰਾਜਧਾਨੀ ਅੰਮ੍ਰਿਤਸਰ ਦੀ ਥਾਂ ਲਾਹੌਰ ਬਣਾਉਣਾ ਬਿਹਤਰ ਸਮਝਿਆ ਤਾਂ ਕਿ ਦਰਬਾਰ ਸਾਹਿਬ ਨੂੰ ਸਿਆਸਤ ਅਤੇ ਯੁੱਧਾਂ ਤੋਂ ਦੂਰ ਰੱਖਿਆ ਜਾਵੇ।' ਸਪਸ਼ਟ ਹੈ ਕਿ ਗੁਰੂਆਂ ਦੀ ਮੀਰੀ-ਪੀਰੀ ਸੋਚ ਦਾ ਅਰਥ ਇਹੀ ਸੀ ਕਿ ਸਿਆਸਤ ਧਰਮ ਅਧੀਨ ਰਹੇ, ਭਾਵ ਸਿਆਸੀ ਲੋਕ ਧਰਮੀ ਹੋਣ, ਨਾ ਕਿ ਧਰਮ ਨੂੰ ਸਿਆਸਤ ਲਈ ਵਰਤਿਆ ਜਾਵੇ ਜਿਸ ਤਰ੍ਹਾਂ ਅਕਾਲੀ ਅਤੇ ਹੁਣ ਖਾਲਿਸਤਾਨੀ ਆਪਣੀਆਂ ਰਾਜਸੀ ਇੱਛਾਵਾਂ ਲਈ ਧਰਮ ਅਤੇ ਗੁਰਦੁਆਰਿਆਂ ਨੂੰ ਵਰਤਦੇ ਹਨ।

ਅਜਮੇਰ ਸਿੰਘ ਦੇ ਉਪਰਲੇ ਪ੍ਰਵਚਨਾਂ ਦਾ ਭਾਵ ਤਾਂ ਇਹੀ ਬਣਦਾ ਹੈ ਕਿ ਸੰਤ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਿੱਖ ਇਤਿਹਾਸ ਵਿਚ ਆਪਣਾ ਖਾਸ ਸਥਾਨ ਬਣਾਉਣ ਲਈ ਅਕਾਲ ਤਖਤ 'ਤੇ ਸ਼ਹੀਦੀਆਂ ਪਾਉਣ ਦਾ ਰਸਤਾ ਚੁਣਿਆ ਅਤੇ ਅਜਿਹੇ ਹਾਲਾਤ ਬਣਾਏ ਕਿ ਸਰਕਾਰ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਰਗੀ ਘਿਨਾਉਣੀ ਕਾਰਵਾਈ ਲਈ ਮਜਬੂਰ ਹੋ ਜਾਏ। ਕੀ ਅਜਮੇਰ ਸਿੰਘ ਸਿੱਖ ਪੰਥ ਨੂੰ ਤੱਥਾਂ ਆਧਾਰਿਤ ਕਦੇ ਦੱਸਣਗੇ ਕਿ ਭਾਰਤ ਅਤੇ ਦੁਨੀਆ ਭਰ ਵਿਚ ਖੁਸ਼ਹਾਲ ਵਸਦੇ ਸਿੱਖ ਭਾਈਚਾਰੇ ਦੀ ਉਹ ਕਿਹੜੀ ਸਿੱਖੀ ਹੋਂਦ ਸੀ ਜੋ ਖਤਮ ਕੀਤੀ ਜਾ ਰਹੀ ਸੀ, ਜਾਂ ਸਿੱਖ ਧਰਮ ਨੂੰ ਅਜਿਹਾ ਕਿਹੜਾ ਖਤਰਾ ਖੜ੍ਹਾ ਹੋ ਗਿਆ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ 60-70 ਸਾਥੀਆਂ ਦੇ ਅਕਾਲ ਤਖਤ 'ਤੇ ਸ਼ਹੀਦੀ ਪਾਏ ਬਿਨਾ ਨਹੀਂ ਟਲਣਾ ਸੀ? ਕੀ ਅਜੋਕੇ ਆਧੁਨਿਕ ਸੰਸਾਰ ਵਿਚ ਕੁਝ ਬੰਦਿਆਂ ਦੇ ਸ਼ਹੀਦੀ ਪਾਉਣ ਨਾਲ ਧਰਮ ਦਾ ਪ੍ਰਸਾਰ ਹੋ ਸਕਦਾ ਹੈ? ਫਿਰ ਸਾਡੇ ਵਿਦਵਾਨਾਂ ਦਾ ਇਹ ਤਰਕ ਕਿਤਨਾ ਕੁ ਵਾਜਿਬ ਰਹਿ ਜਾਂਦਾ ਹੈ ਕਿ ਸਰਕਾਰ ਨੇ ਸਿੱਖੀ ਦੀ ਹੋਂਦ ਖਤਮ ਕਰਨ ਅਤੇ ਪੰਜ ਸਦੀਆਂ ਦਾ ਵੈਰ ਕੱਢਣ ਲਈ ਫੌਜੀ ਹਮਲਾ ਕੀਤਾ ਸੀ!

ਅੱਜ ਅਸੀਂ ਇਕੀਵੀਂ ਸਦੀ ਦੇ ਤੀਜੇ ਦਹਾਕੇ ਵਿਚ ਵਿਚਰ ਰਹੇ ਹਾਂ ਅਤੇ ਦੁਨੀਆ ਭਰ ਦੇ ਚਿੰਤਕ ਅੱਜ ਦੇ ਪ੍ਰਸੰਗ ਵਿਚ ਭਵਿੱਖ ਵਿਚ ਮਨੁੱਖਤਾ ਨੂੰ ਆਉਣ ਵਾਲੇ ਖਤਰਿਆਂ ਤੇ ਚੈਲਿੰਜਾਂ ਬਾਰੇ ਵਿਚਾਰਾਂ ਕਰ ਰਹੇ ਹਨ ਪਰ ਸਾਡੇ ਵਿਦਵਾਨ ਸਿੱਖਾਂ ਦੇ ਹਰ ਮਸਲੇ ਦਾ ਹੱਲ 17ਵੀਂ-18ਵੀਂ ਸਦੀ ਵਿਚੋਂ ਲੱਭਦੇ ਹਨ। ਉਨ੍ਹਾਂ ਨੂੰ ਭੁੱਲ ਜਾਂਦਾ ਹੈ ਕਿ 17ਵੀਂ-18ਵੀਂ ਸਦੀ ਵਾਲੇ ਦਿਨ ਬਹੁਤ ਸਮਾਂ ਪਹਿਲਾਂ ਖਤਮ ਹੋ ਚੁੱਕੇ ਹਨ, ਅੱਜ ਦੀਆਂ ਸਮੱਸਿਆਵਾਂ ਨੂੰ ਅੱਜ ਦੇ ਪ੍ਰਸੰਗ ਤੇ ਅੱਜ ਦੇ ਢੰਗ ਤਰੀਕਿਆਂ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ। ਦੁਨੀਆ ਦੇ ਪ੍ਰਮੁੱਖ ਸੂਝਵਾਨ ਵਿਅਕਤੀਆਂ ਵਿਚ ਗਿਣੇ ਜਾਂਦੇ, ਇਤਿਹਾਸ ਦੇ ਪ੍ਰੋਫੈਸਰ ਤੇ ਲੇਖਕ ਯੁਵਾਲ ਹਰਾਰੀ ਆਪਣੀ ਨਵੀਂ ਕਿਤਾਬ '21ਵੀਂ ਸਦੀ ਲਈ 21 ਸਬਕ' ਵਿਚ 'ਰਾਸ਼ਟਰਵਾਦ' ਬਾਰੇ ਲਿਖਦੇ ਹਨ ਕਿ ਅੱਜ ਗਲੋਬਲਾਈਜੇਸ਼ਨ ਦੇ ਦੌਰ ਵਿਚ ਜਦੋਂ ਸਾਰਾ ਸੰਸਾਰ ਗਲੋਬਲ ਵਿਲੇਜ ਬਣ ਚੁੱਕਾ ਹੈ ਤਾਂ ਸਾਡੀਆਂ ਸਮੱਸਿਆਵਾਂ ਵੀ ਗਲੋਬਲ ਬਣ ਚੁੱਕੀਆਂ ਹਨ ਤੇ ਇਨ੍ਹਾਂ ਦੇ ਹੱਲ ਵੀ ਹੁਣ ਕੌਮਾਂ ਜਾਂ ਦੇਸ਼ਾਂ ਦੇ ਨਜ਼ਰੀਏ ਤੋਂ ਨਹੀਂ ਸਗੋਂ ਮਨੁੱਖਤਾ ਦੇ ਨਜ਼ਰੀਏ ਤੋਂ ਕਰਨੇ ਪੈਣਗੇ, ਤਾਂ ਹੀ ਆਰਟੀਫੀਸ਼ੀਅਲ ਇੰਟੈਲੀਜੈਂਸ, ਰੋਬੋਟ ਟੈਕਨੋਲੋਜੀ, ਵਿਨਾਸ਼ਕਾਰੀ ਪਰਮਾਣੂ ਹਥਿਆਰ, ਗਲੋਬਲ ਵਾਰਮਿੰਗ, ਆਰਥਿਕ ਮੰਦਵਾੜੇ, ਸਾਰੀ ਦੁਨੀਆ ਦੀ ਦੌਲਤ ਦਾ ਕੁਝ ਕਾਰਪੋਰੇਸ਼ਨਾਂ ਦੇ ਹੱਥ ਆ ਜਾਣਾ, ਧਾਰਮਿਕ ਕੱਟੜਵਾਦ ਆਧਾਰਿਤ ਅਤਿਵਾਦ ਆਦਿ ਨਾਲ ਭਵਿੱਖ ਵਿਚ ਪੈਦਾ ਹੋਣ ਵਾਲੀਆਂ ਚੁਣੌਤੀਆਂ ਨੂੰ ਗਲੋਬਲ ਪ੍ਰਸੰਗ ਵਿਚ ਹੀ ਹੱਲ ਕੀਤਾ ਜਾ ਸਕੇਗਾ; ਜਦਕਿ ਸਾਡੇ ਵਿਦਵਾਨ 17ਵੀਂ-18ਵੀਂ ਸਦੀ ਵਾਲੇ ਕੌਮਾਂ ਦੇ ਸੰਕਲਪਾਂ ਵਿਚ ਫਸੇ ਹੋਏ ਹਨ। ਅੱਜ ਸਿੱਖ ਸਾਰੀ ਦੁਨੀਆ ਵਿਚ ਵੱਸ ਚੁੱਕੇ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਹੁਣ ਸਿਰਫ ਪੰਜਾਬ ਤੱਕ ਸੀਮਤ ਨਹੀਂ ਸਗੋਂ ਗਲੋਬਲ ਬਣ ਚੁੱਕੀਆਂ ਹਨ। ਇਤਿਹਾਸਕਾਰਾਂ ਦਾ ਕੰਮ ਇਤਿਹਾਸ ਦੀਆਂ ਘਟਨਾਵਾਂ ਨੂੰ ਯਾਦ ਕਰਕੇ ਸੁਣਾਉਣਾ ਨਹੀਂ ਸਗੋਂ ਉਸ ਵਿਚੋਂ ਭਵਿੱਖ ਉਸਾਰਨਾ ਹੁੰਦਾ ਹੈ। ਕੀ ਸਾਡੇ ਵਿਦਵਾਨ ਕਦੇ ਇਸ ਪਾਸੇ ਵੀ ਧਿਆਨ ਮਾਰਨਗੇ?

ਇਥੇ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਦੀ ਦਸ ਸਾਲ ਪਹਿਲਾਂ ਲਿਖੀ ਕਿਤਾਬ 'ਖਾਲਿਸਤਾਨ ਸਟਰਗਲ: ਏ ਨੌਨ ਮੂਵਮੈਂਟ' ਦੇ 'ਬਦਲਾ' ਸਿਰਲੇਖ ਹੇਠਲੇ ਨੌਵੇਂ ਚੈਪਟਰ ਦੇ ਪੰਨਾ 201 ਦਾ ਜ਼ਿਕਰ ਕਰਨਾ ਜ਼ਰੂਰੀ ਹੈ ਜੋ ਉਨ੍ਹਾਂ 'ਟਾਈਮਜ਼ ਆਫ ਇੰਡੀਆ' ਦੇ ਪਹਿਲੀ ਨਵੰਬਰ 1984 ਦੇ ਅੰਕ ਤੋਂ ਲਿਆ ਹੈ। ਇਸ ਵਿਚ ਉਹ ਦੱਸਦੇ ਹਨ ਕਿ 31 ਅਕਤੂਬਰ, 1984 ਦੀ ਸ਼ਾਮ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਗੁਰੂ ਨਾਨਕ ਦੇ ਜੀ ਦੇ ਪੁਰਬ ਮੌਕੇ ਦਿੱਲੀ ਦੇ ਇੱਕ ਗੁਰਦੁਆਰੇ ਵਿਚ ਜੂਨ 84 ਬਾਰੇ ਕਿਹਾ ਸੀ: 'ਇਸ ਵਿਚ ਸਿਰਫ ਉਨ੍ਹਾਂ (ਸਰਕਾਰ ਜਾਂ ਫੌਜ) ਦਾ ਹੀ ਦੋਸ਼ ਨਹੀਂ ਸੀ, ਸਾਨੂੰ ਵੀ ਆਪਣੇ ਅੰਦਰ ਝਾਤੀ ਮਾਰਨੀ ਪਵੇਗੀ। ਸਾਨੂੰ (ਖਾੜਕੂਆਂ) ਕਿਸ ਨੇ ਕਿਹਾ ਸੀ ਕਿ ਬੱਸਾਂ ਵਿਚੋਂ ਲਾਹ ਕੇ ਬੇਗੁਨਾਹ ਬੰਦੇ ਮਾਰੇ ਜਾਣ? ਕਿਸ ਨੇ ਕਿਹਾ ਸੀ ਕਿ ਪਿੰਡਾਂ ਵਿਚੋਂ ਘੜੀਸ ਕੇ ਬੇਗੁਨਾਹ ਲੋਕ ਮਾਰੇ ਜਾਣ? ਸਾਨੂੰ ਇਸ ਦੀ ਜ਼ਿੰਮੇਵਾਰੀ ਲੈਣੀ ਪਵੇਗੀ ਜੋ ਅੱਜ ਵਾਪਰਿਆ (ਉਸ ਦਿਨ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ), ਉਸ ਨੂੰ ਇਸੇ ਪ੍ਰਸੰਗ ਵਿਚ ਸਮਝਣਾ ਪਵੇਗਾ। ਕੈਪਟਨ ਅਮਰਿੰਦਰ ਸਿੰਘ ਆਪਣੇ ਸ਼ਿਮਲੇ ਵਾਲੇ ਚੈਲ ਫਾਰਮ ਵਿਚ ਗੌਲਫ ਖੇਡ ਰਿਹਾ ਸੀ, ਜਦੋਂ ਉਸ ਨੂੰ ਦਰਬਾਰ ਸਾਹਿਬ 'ਤੇ ਫੌਜੀ ਕਾਰਵਾਈ ਦੀ ਖਬਰ ਮਿਲੀ। ਉਹ ਬੇਚੈਨ ਹੋ ਕੇ ਇਤਨਾ ਤੜਫ ਉਠਿਆ ਕਿ ਉਸੇ ਵਕਤ ਦਿੱਲੀ ਇੰਦਰਾ ਨਿਵਾਸ ਜਾ ਕੇ ਰੋਸ ਵਜੋਂ ਕਾਂਗਰਸ ਪਾਰਟੀ ਅਤੇ ਐਮ.ਪੀ. ਤੋਂ ਅਸਤੀਫਾ ਦੇ ਦਿੱਤਾ ਜਦੋਂਕਿ ਉਹ ਉਸ ਵਕਤ ਰਾਜੀਵ ਗਾਂਧੀ ਅਤੇ ਇੰਦਰਾ ਪਰਿਵਾਰ ਦੇ ਬਹੁਤ ਨੇੜੇ ਸੀ। ਇੰਦਰਾ ਗਾਂਧੀ ਨੇ ਉਸ ਨੂੰ ਅਜਿਹਾ ਨਾ ਕਰਨ ਲਈ ਬਹੁਤ ਰੋਕਿਆ ਵੀ ਸੀ ਪਰ ਉਹ ਨਹੀਂ ਮੰਨਿਆ ਸੀ। ਕੈਪਟਨ ਅਮਰਿੰਦਰ ਸਿੰਘ ਵਰਗੇ ਲੱਖਾਂ ਸਿੱਖਾਂ ਨੂੰ ਬੇਸ਼ਕ ਦਰਬਾਰ ਸਾਹਿਬ 'ਤੇ ਹੋਏ ਹਮਲੇ ਦਾ ਭਾਰੀ ਦੁੱਖ ਹੋਇਆ ਸੀ ਪਰ ਉਨ੍ਹਾਂ ਦੇ ਮਨਾਂ ਵਿਚ ਇਹ ਸਵਾਲ ਵੀ ਸਨ ਕਿ ਇਹ ਹਮਲਾ ਕਿਉਂ ਹੋਇਆ? ਇਸ ਬਾਰੇ ਜ਼ਿੰਮੇਵਾਰ ਧਿਰਾਂ ਤੋਂ ਜਾਣਨਾ ਸਿੱਖਾਂ ਦਾ ਹੱਕ ਹੈ।

ਕੀ ਸਾਡੇ ਵਿਦਵਾਨ ਅਤੇ ਲੀਡਰ ਕਦੇ 1978-1995 ਦੇ ਦੌਰ ਵਿਚ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਨੂੰ ਕਦੇ ਇਸ ਪੱਖ ਤੋਂ ਵੀ ਵਿਚਾਰਨਗੇ ਕਿ ਇਸ ਵਿਚ ਸਾਡਾ ਵੀ ਕਿਤੇ ਕੋਈ ਮਾੜਾ ਮੋਟਾ ਦੋਸ਼ ਸੀ? ਅੱਜ ਤੱਥਾਂ ਆਧਾਰਿਤ ਬਹੁਤ ਸਾਰੀਆਂ ਸਚਾਈਆਂ ਸਾਹਮਣੇ ਆ ਰਹੀਆਂ ਹਨ, ਕੀ ਕਦੇ ਉਨ੍ਹਾਂ ਬਾਰੇ ਵਿਚਾਰ ਵੀ ਹੋਵੇਗੀ? ਕੀ ਕਦੇ ਸਾਡੇ ਵਿਦਵਾਨ ਬੇਮੁਹਾਰੀ ਹਥਿਆਰਬੰਦ ਲਹਿਰ ਵਿਚ ਹੋਈ ਤਬਾਹੀ ਨੂੰ ਕਦੇ ਨਿਰਪੱਖਤਾ ਨਾਲ ਵਿਚਾਰਨਗੇ ਅਤੇ ਹਜ਼ਾਰਾਂ ਬੇਗੁਨਾਹਾਂ ਦੇ ਕਤਲਾਂ ਲਈ ਮੁਆਫੀ ਮੰਗਣਗੇ? ਉਸ ਸਮੇਂ ਜੋ ਵਾਪਰਿਆ ਤੇ ਜੋ ਅੱਜ ਵਾਪਰ ਰਿਹਾ ਹੈ, ਇਸ ਦੇ ਕਾਰਨਾਂ ਬਾਰੇ ਅੰਤਰ-ਝਾਤੀ ਦੀ ਲੋੜ ਹੈ। ਕੀ ਅਜਮੇਰ ਸਿੰਘ, ਗੁਰਤੇਜ ਸਿੰਘ, ਪੱਤਰਕਾਰ ਕਰਮਜੀਤ ਸਿੰਘ, ਪੱਤਰਕਾਰ ਸੁਖਦੇਵ ਸਿੰਘ ਵਰਗੇ ਕੌਮ ਦੇ ਰਹਿਬਰ ਦੱਸ ਸਕਦੇ ਹਨ ਕਿ ਉਨ੍ਹਾਂ ਦਾ ਅਜੇ ਵੀ ਨੌਜਵਾਨਾਂ ਨੂੰ ਭੜਕਾਉਣ ਪਿਛੇ ਕੀ ਮਕਸਦ ਹੈ? ਕਦੇ ਉਹ ਦੱਸਣਗੇ ਕਿ 1989 ਦੀਆਂ ਚੋਣਾਂ ਵਿਚ ਲੱਖਾਂ ਵੋਟਾਂ ਦੇ ਫਰਕ ਨਾਲ ਜਿੱਤਣ ਵਾਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਲੋਂ ਸ਼ੁਰੂ ਕੀਤੀ ਖਾੜਕੂ ਲਹਿਰ ਦੇ ਵਾਰਿਸ ਸਿਮਰਨਜੀਤ ਸਿੰਘ ਮਾਨ, ਅਤਿੰਦਰਪਾਲ ਸਿੰਘ, ਰਜਿੰਦਰ ਕੌਰ ਬੁਲਾਰਾ ਵਰਗੇ ਮੁੜ ਕੇ ਕਦੇ ਜ਼ਮਾਨਤਾਂ ਵੀ ਕਿਉਂ ਨਹੀਂ ਬਚਾ ਸਕੇ?

# ਸੰਵੇਦਨਾ ਦੀ ਸੁਰ-ਬੰਧਨਾ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸਿਲਵਟਾਂ ਦਾ ਕਿੱਸਾ ਛੋਹਿਆ ਸੀ, "ਅਕਸਰ ਹੀ ਸਿਲਵਟਾਂ, ਚਾਦਰ ਦੇ ਸੁੱਚਮ ਤੇ ਸੁਹੱਪਣ ਵਿਚੋਂ ਬਿਸਤਰਾ ਰੂਪੀ ਬਹਿਸ਼ਤ ਹੁੰਦੀਆਂ। ਇਹ ਸਰੀਰਾਂ ਵਿਚ ਪੈਦਾ ਹੋਏ ਆਵੇਗ, ਉਤਸ਼ਾਹ, ਆਵੇਸ਼ ਅਤੇ ਫੁੱਟਦੀਆਂ ਤਰੰਗਾਂ ਦਾ ਆਧਾਰ।...ਪਰ ਸਿਲਵਟਾਂ ਨੂੰ ਹਰ ਰੋਜ਼ ਮਿਟਾਉਂਦੇ ਰਹੋ ਤਾਂ ਕਿ ਨਵੀਆਂ ਸਿਲਵਟਾਂ ਨੂੰ ਸਿਰਜਣ ਅਤੇ ਇਨ੍ਹਾਂ ਵਿਚੋਂ ਨਰੋਏ ਨਕਸ਼ਾਂ ਨੂੰ ਨਿਹਾਰਨ ਦੀ ਤ੍ਰਿਸ਼ਨਾ ਬਣੀ ਰਹੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੰਵੇਦਨਾ ਦੀ ਸੁਰ-ਬੰਧਨਾ ਕੀਤੀ ਹੈ। ਉਹ ਕਹਿੰਦੇ ਹਨ, "ਸੰਵੇਦਨਸ਼ੀਲਤਾ, ਖੁਸ਼ੀ ਦਾ ਖਜਾਨਾ, ਬਰਕਤਾਂ ਦੀ ਬਹਿਸ਼ਤ, ਨਿਆਮਾਤਾਂ ਦੀ ਨਗਰੀ। ਪ੍ਰਾਪਤੀਆਂ ਦਾ ਸਿਰਲੇਖ ਅਤੇ ਭਰੇ-ਭਕੂਨੇ ਹੋਣ ਦਾ ਅਹਿਸਾਸ।...ਸੰਵੇਦਨਾ ਨੂੰ ਮਰਨ ਨਾ ਦਿਓ। ਆਪਣਾ ਹਾਸਲ ਬਣਾਓ।...ਕਰਮ, ਧਰਮ, ਸੁਪਨੇ, ਸਰਗੋਸ਼ੀ, ਸਾਧਨਾ, ਸਿਰੜ, ਸੋਚ, ਸਮਰਪਣ, ਸਾਹਾਂ ਅਤੇ ਸਾਦਗੀ ਵਿਚ ਸੰਵੇਦਨਸ਼ੀਲਤਾ ਹੋਵੇ ਤਾਂ ਜ਼ਿੰਦਗੀ ਦਾ ਹਰ ਪਲ ਜਿਊਣ ਜੋਗਾ ਹੋ ਜਾਂਦਾ।" ਡਾ. ਭੰਡਾਲ ਦਾ ਇਹ ਕਹਿਣਾ ਸੱਚਾਈ ਭਰਪੂਰ ਹੈ, "ਸੰਵੇਦਨਹੀਣ ਲੋਕਾਂ ਦੀਆਂ ਸੰਵੇਦਨਾ ਵਾਲੀਆਂ ਗੱਲਾਂ, ਬੇਹੂਦਾ ਅਤੇ ਬਕਵਾਸ ਹੁੰਦੀਆਂ, ਕਿਉਂਕਿ ਜ਼ਿੰਦਗੀ ਦੇ ਹਰ ਖੇਤਰ ਵਿਚ ਹੀ ਸੰਵੇਦਨਹੀਣ ਮਨੁੱਖ ਮਿਲ ਜਾਂਦੇ ਹਨ, ਜੋ ਸਿਰਫ ਨਿੱਜ ਤੱਕ ਸੀਮਤ ਹੁੰਦੇ; ਕਿਸੇ ਦੇ ਦੁੱਖਾਂ, ਤਕਲੀਫਾਂ, ਔਕੜਾਂ, ਲਾਚਾਰੀ, ਕਮਜ਼ੋਰੀ, ਨਿਤਾਣੇਪਣ ਜਾਂ ਨਿਆਸਰੇਪਣ ਦਾ ਉਨ੍ਹਾਂ 'ਤੇ ਕੋਈ ਅਹਿਸਾਸ ਨਹੀਂ ਹੁੰਦਾ।"***

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਸੰਵੇਦਨਾ, ਮਨ ਦੀ ਸੂਖਮਤਾ, ਸੁੱਚੀਆਂ ਭਾਵਨਾਵਾਂ ਦੀ ਛੋਹ, ਸੁੱਚੇ ਅਹਿਸਾਸਾਂ ਦਾ ਭਰ ਵਗਦਾ ਦਰਿਆ, ਪਾਕ ਰੂਹ ਦੀਆਂ ਰਮਜ਼ਾਂ ਅਤੇ ਅੰਤਰੀਵ ਵਿਚ ਵੱਸਦੀ ਰੂਹ-ਰੇਜ਼ਤਾ। ਆਤਮਿਕ ਧਾਰਨਾ 'ਚ ਕਦਰਾਂ ਕੀਮਤਾਂ ਨੂੰ ਵਸਾਉਣਾ ਅਤੇ ਇਨ੍ਹਾਂ ਦੀ ਚਾਨਣੀ ਵਿਚ ਅੰਦਰ ਅਤੇ ਬਾਹਰ ਨੂੰ ਚਮਕਾਉਣਾ।

ਸੰਵੇਦਨਾ, ਜ਼ਿੰਦਗੀ ਦਾ ਸਭ ਤੋਂ ਅਨਮੋਲ ਗਹਿਣਾ, ਜਿਨ੍ਹਾਂ ਨੇ ਸਾਰੀ ਉਮਰ ਸਾਥ ਰਹਿਣਾ। ਇਸ ਨੇ ਕੁਝ ਨਹੀਂ ਲੈਣਾ, ਸਗੋਂ ਦੇਣਾ ਹੀ ਦੇਣਾ। ਇਸ ਸਦਕਾ ਜ਼ਿੰਦਗੀ ਨੂੰ ਆਪਣੀ ਹੋਂਦ ਅਤੇ ਹਾਸਲਤਾ 'ਤੇ ਮਾਣ ਰਹਿਣਾ।

ਸੰਵੇਦਨਾ, ਅੱਖ ਵਿਚ ਉਤਰੀ ਨਮੀ ਜਦ ਕੋਈ ਦਰਦਾਂ ਦੀ ਬਾਤ ਪਾਉਂਦਾ। ਮਨ ਵਿਚ ਪੈਦਾ ਹੋਈ ਤਰਥੱਲੀ ਜਦ ਕੁਝ ਅਣਕਿਹਾ ਤੇ ਅਣਕਿਆਸਿਆ ਵਾਪਰਦਾ, ਜੋ ਸੋਗ ਦੀ ਸਫ ਵਿਛਾਉਂਦਾ। ਬੋਲਾਂ ਵਿਚ ਪੈਦਾ ਹੋਈ ਤਰਾਹਟ ਜਦ ਕਿਸੇ ਦੇ ਬੋਲ ਖੁਦਕੁਸ਼ੀ ਕਰਨ ਲਈ ਮਜਬੂਰ ਹੁੰਦੇ, ਹੋਠਾਂ 'ਤੇ ਜ਼ਬਰ ਦਾ ਜਿੰਦਰਾ ਅਤੇ ਇਕ ਮੂਕ ਰੁਦਨ ਹੋਠਾਂ ਤੋਂ ਤੁਰਦਾ ਅੰਦਰ ਵਿਚ ਬੈਠ ਜਾਵੇ। ਅਜਿਹੇ ਵੇਲੇ ਬੋਲ ਕਿੰਜ ਹੁੰਗਾਰਾ ਭਰੇ ਅਤੇ ਕਿਸ ਅੱਗੇ ਫਰਿਆਦ ਕਰੇ ਕਿ ਬੋਲਾਂ ਦੀ ਨੱਪੀ ਹੋਈ ਸੰਘੀ ਨੂੰ ਕੋਈ ਤਾਂ ਆਜ਼ਾਦ ਕਰਵਾਵੇ ਅਤੇ ਬੋਲ ਪੁੰਗਾਰੇ ਨੂੰ ਵਿਗਸਣ ਤੋਂ ਨਾ ਹਟਕਾਵੇ।

ਸੰਵੇਦਨਾ, ਜੀਵਨ-ਸ਼ੈਲੀ ਦਾ ਮੂਲ-ਮੰਤਰ। ਮਾਨਵੀ ਧਾਰਾਵਾਂ ਦਾ ਆਧਾਰ, ਕਰਮਸ਼ੈਲੀ ਦਾ ਸੁੰਦਰ ਤੇ ਸਦੀਵੀ ਸਰੂਪ। ਤੁਹਾਡੇ ਕਰਮ, ਧਰਮ, ਸੁਪਨੇ, ਸਰਗੋਸ਼ੀ, ਸਾਧਨਾ, ਸਿਰੜ, ਸੋਚ, ਸਮਰਪਣ, ਸਾਹਾਂ ਅਤੇ ਸਾਦਗੀ ਵਿਚ ਸੰਵੇਦਨਸ਼ੀਲਤਾ ਹੋਵੇ ਤਾਂ ਜ਼ਿੰਦਗੀ ਦਾ ਹਰ ਪਲ ਜਿਊਣ ਜੋਗਾ ਹੋ ਜਾਂਦਾ।

ਸੰਵੇਦਨਾ ਸਭ ਧਰਮਾਂ ਤੋਂ ਉਤਮ। ਸਾਰੀਆਂ ਫਿਲਾਸਫੀਆਂ ਦੀ ਜਨਮ-ਦਾਤੀ। ਸਮੁੱਚੀਆਂ ਕੌਮਾਂ ਵਿਚ ਇਸ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ। ਸੰਵੇਦਨਸ਼ੀਲ ਹੋਣ ਤੋਂ ਬਗੈਰ ਕੌਣ ਕਿਸੇ ਲਈ ਆਪਣਾ ਬਲੀਦਾਨ ਦੇ, ਹਿੰਦ ਦੀ ਚਾਦਰ ਹੋਣ ਦਾ ਮਾਣ ਪ੍ਰਾਪਤ ਕਰਦਾ? ਕਿਸ ਨੇ ਸਰਹਿੰਦ ਦੀ ਕਚਹਿਰੀ ਵਿਚ ਹਾਅ ਦਾ ਨਾਅਰਾ ਮਾਰਨਾ ਸੀ? ਕਿਸ ਨੇ ਤੱਤੀ ਤਵੀ 'ਤੇ ਬੈਠੇ ਸ਼ਾਂਤੀ ਦੇ ਪੁੰਜ ਸਾਹਵੇਂ, ਲਾਹੌਰ ਨੂੰ ਤਹਿਸ਼-ਨਹਿਸ਼ ਕਰਨ ਲਈ ਹੁਕਮ ਦੇਣ ਵਾਸਤੇ ਤਰਲਾ ਕਰਨਾ ਸੀ? ਕਿਹੜੇ ਜੰਗਲ ਵਿਚ ਵਾਸ ਕਰਨ ਵਾਲਿਆਂ ਨੇ ਬਿਗਾਨੀਆਂ ਧੀਆਂ ਨੂੰ ਧਾੜਵੀਆ ਕੋਲੋਂ ਛੁਡਾ ਕੇ ਉਨ੍ਹਾਂ ਦੇ ਮਾਪਿਆਂ ਦੇ ਹਵਾਲੇ ਕਰਨਾ ਸੀ? ਇਹ ਤਾਂ ਸਿਰਫ ਸੰਵੇਦਨਸ਼ੀਲ ਲੋਕ ਹੀ ਕਰ ਸਕਦੇ, ਜਿਨ੍ਹਾਂ ਦੀ ਜ਼ਮੀਰ ਜਾਗਦੀ ਹੋਵੇ। ਉਨ੍ਹਾਂ ਦੀ ਰੂਹ ਜਿਉਂਦੀ ਤੇ ਅੰਦਰੋਂ ਜਾਗੇ ਹੋਏ ਹੋਣ। ਉਹ ਕਿਸੇ ਦੇ ਤਰਲਿਆਂ ਵਿਚ ਤਰਲ ਹੁੰਦੇ। ਕਿਸੇ ਦੇ ਰੁਦਨ ਵਿਚ ਰੋਮ ਰੋਮ ਰੁਆਂਸੇ ਜਾਂਦੇ ਅਤੇ ਕਿਸੇ ਦੀਆਂ ਹਿਚਕੀਆਂ ਨੂੰ ਹਿੱਕ ਨਾਲ ਲਾ ਉਨ੍ਹਾਂ ਵਿਚ ਹਾਸੇ ਉਗਾਉਣ ਦਾ ਉਪਰਾਲਾ ਕਰਦੇ।

ਸੰਵੇਦਨਾ, ਖੁਦ ਦੇ ਸਨਮੁੱਖ ਹੋਣਾ। ਖੁਦ ਵਿਚੋਂ ਖੁਦਾਈ ਦੀ ਨਿਸ਼ਾਨਦੇਹੀ ਕਰਨੀ। ਖੁਦ ਵਿਚੋਂ ਸਵੈ ਨੂੰ ਮਨਫੀ ਕਰਨਾ। ਖੁਦ ਦੀ ਅਗਵਾਈ ਵਿਚ ਆਪਣੀਆਂ ਅਰਾਧਨਾਵਾਂ, ਧਾਰਨਾਵਾਂ, ਵਿਚਾਰਾਂ, ਵਿਹਾਰਾਂ ਅਤੇ ਵਰਤੋਂ ਦੇ ਨਾਲ ਜੀਵਨ-ਜੋਤ ਨੂੰ ਜਗਾਉਣਾ ਅਤੇ ਇਸ ਦੇ ਨਿੱਘ ਤੇ ਰੌਸ਼ਨੀ ਨਾਲ ਆਲੇ-ਦੁਆਲੇ ਨੂੰ ਜਿਊਣ ਜੋਗਾ ਕਰਨਾ ਵੀ ਹੁੰਦਾ।

ਸੰਵੇਦਨਾ, ਮੂਲ ਆਦਤ, ਮਨ ਵਿਚ ਪਨਪੀ ਤੇ ਪਕੇਰੀ ਹੋਈ ਜੀਵਨ-ਜਾਚ। ਇਹ ਵਿਰਾਸਤ ਵਿਚ ਵੀ ਮਿਲਦੀ, ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਨੂੰ ਸਹਿੰਦਿਆਂ ਵੀ ਪ੍ਰਾਪਤ ਹੁੰਦੀ ਅਤੇ ਕਈ ਵਾਰ ਚੌਗਿਰਦੇ ਵਿਚ ਹੋਈਆਂ ਅਣਹੋਣੀਆਂ ਵਿਚੋਂ ਵੀ ਪੈਦਾ ਹੁੰਦੀ, ਜਿਸ ਨਾਲ ਤੁਹਾਡੀ ਹੋਂਦ ਦੇ ਨਾਲ-ਨਾਲ ਸਮੁੱਚਤਾ ਵੀ ਜੁੜੀ ਹੁੰਦੀ।

ਸੰਵੇਦਨਾ ਦਾ ਸਬਕ ਪੜ੍ਹਾਉਣ ਲਈ ਸਭ ਤੋਂ ਪਹਿਲਾਂ ਇਸ ਦਾ ਪਾਠੀ ਹੋਣਾ ਜਰੂਰੀ। ਇਸ ਨੂੰ ਆਪਣੀ ਕਰਮਸ਼ੈਲੀ ਦਾ ਹਿੱਸਾ ਬਣਾਉਣਾ ਲਾਜ਼ਮੀ। ਇਸ ਅਨੁਸਾਰ ਆਪਣੀਆਂ ਤਰਜ਼ੀਹਾਂ ਤੇ ਤਦਬੀਰਾਂ ਨੂੰ ਉਲੀਕਣਾ ਅਤੇ ਵਿਊਂਤਣਾ ਜਰੂਰੀ; ਤਾਂ ਹੀ ਅਸੀਂ ਇਸ ਦੀਆਂ ਬਰਕਤਾਂ ਤੇ ਬਹਿਸ਼ਤੀ ਵਰਤਾਰਿਆਂ ਨੂੰ ਆਪਣੇ ਕਰਮਾਂ ਰਾਹੀਂ ਆਲੇ-ਦੁਆਲੇ ਵਿਚ ਪੈਦਾ ਕਰ, ਇਸ ਵੰਨੀਂ ਪ੍ਰੇਰਿਤ ਕਰ ਸਕਦੇ। ਸੰਵੇਦਨਹੀਣ ਲੋਕਾਂ ਦੀਆਂ ਸੰਵੇਦਨਾ ਵਾਲੀਆਂ ਗੱਲਾਂ, ਬੇਹੂਦਾ ਅਤੇ ਬਕਵਾਸ ਹੁੰਦੀਆਂ।

ਸੰਵੇਦਨਸ਼ੀਲ ਲੋਕ ਬੜੀ ਜਲਦੀ ਉਦਾਸ, ਉਪਰਾਮ, ਉਲਾਰ ਤਾਂ ਹੋ ਜਾਂਦੇ, ਪਰ ਜਲਦੀ ਹੀ ਉਹ ਉਤਸ਼ਾਹ, ਉਦਮ ਅਤੇ ਊਰਜਾ ਨਾਲ ਭਰੇ, ਆਪਣੇ ਕਦਮਾਂ ਨੂੰ ਨਵੀਂ ਦਿਸ਼ਾ ਅਤੇ ਸੇਧ ਨਾਲ ਨਵੇਂ ਸਫਰ ਦਾ ਆਗਾਜ਼ ਕਰਦੇ।

ਸੰਵੇਦਨਸ਼ੀਲ ਲੋਕ ਕਦੇ ਵੀ ਆਲਸੀ, ਅਲਗਰਜ਼, ਅਨਾਰਕੀ ਨਹੀਂ ਹੁੰਦੇ ਅਤੇ ਨਾ ਹੀ ਆਤਮ-ਸਮਰਪਣ ਕਰਦੇ। ਸਗੋਂ ਉਹ ਤਾਂ ਹਰਦਮ ਤਿਆਰ-ਬਰ-ਤਿਆਰ। ਆਪਣੇ ਮਨ ਦੀ ਸੁਣਦੇ ਅਤੇ ਮਨ ਦੀਆਂ ਮੁਹਾਰਾਂ ਨੂੰ ਜੀਵਨ ਦੀਆਂ ਸੁੱਚੀਆਂ ਰਾਹਾਂ ਵੰਨੀਂ ਮੋੜਨ ਤੇ ਜ਼ਿੰਦਗੀ ਦੇ ਸੁਰਮਈ ਵਰਤਾਰੇ ਸਿਰਜਣ ਵਿਚ ਮੋਹਰੀ।

ਪਰ ਅੱਜ ਕੱਲ੍ਹ ਸੰਵੇਦਨਾ ਵਾਲ ਖਿਲਾਰੀ, ਧਾਹਾਂ ਮਾਰਦੀ, ਖੁਦ ਹੀ ਸਿਵਿਆਂ ਵੱਲ ਵਾਹੋ-ਦਾਹੀ ਭੱਜੀ ਜਾ ਰਹੀ। ਕੁਝ ਇਸ ਨੂੰ ਦਫਨਾ ਚੁਕੇ ਅਤੇ ਕਈ ਇਸ ਨੂੰ ਦਫਨਾਉਣ ਲਈ ਕਾਹਲੇ। ਹਰੇਕ ਹੀ ਇਸ ਦੀ ਲਾਸ਼ ਮੋਢਿਆਂ 'ਤੇ ਟਿਕਾਈ ਕਬਰਾਂ ਵੱਲ ਜਾ ਰਿਹਾ। ਸਾਡੇ ਕੋਲ ਇਸ ਦਾ ਸੋਗ ਮਨਾਉਣ ਦੀ ਵੀ ਵਿਹਲ ਨਹੀਂ। ਜਦੋਂ ਸੰਵੇਦਨਾ ਮਰ ਜਾਵੇ, ਬੰਦਾ ਪੈਸੇ ਦੀ ਦੌੜ ਵਿਚ ਗਲਤਾਨ ਹੋ ਜਾਵੇ, ਰਿਸ਼ਤਿਆਂ ਦਾ ਕੋਈ ਅਰਥ ਨਾ ਰਹਿ ਜਾਵੇ, ਭੈਣ-ਭਰਾ ਸਿਰਫ ਜਾਇਦਾਦ ਬਣ ਜਾਣ ਅਤੇ ਮਾਪੇ, ਬੋਝ ਬਣ ਜਾਣ ਤਾਂ ਸੰਵੇਦਨਾ ਨੂੰ ਤੁਸੀਂ ਕਿਥੋਂ ਭਾਲੋਗੇ?

ਵੇ ਵਕਤਾ! ਇਹ ਕੇਹਾ ਵੇਲਾ
ਕਿ ਅਸੀਂ ਸੰਵੇਦਨਹੀਣ ਕਹਾਈਏ।
ਆਪਣੀਆਂ ਸੋਚ-ਜੂਹਾਂ ਵਿਚ
ਕਬਰਾਂ ਨਿੱਤ ਉਗਾਈਏ।
ਆਪਣੀ ਰੂਹ ਵਿਚ ਸੂਲਾਂ ਬੀਜ ਕੇ
ਫੁੱਲ ਦਾ ਹੋਕਰਾ ਲਾਈਏ।
ਆਪਣੇ ਹਰਫੀਂ ਬੀਜ ਕੇ ਹਉਕੇ
ਹਾਸਿਆਂ ਦਾ ਵਣਜ ਕਮਾਈਏ।
ਆਪਣੇ ਬੋਲੋਂ ਜ਼ਹਿਰ ਉਗਲਦਿਆਂ
ਮਿੱਠਤ-ਮੁਲੰਮਾ ਲਾਈਏ।
ਰਾਹਾਂ ਵਿਚ ਖਲੋਤੇ ਹੋਏ
ਭਰਮਾਂ ਦਾ ਸਫਰ ਉਗਾਈਏ।
ਖੇਤਾਂ ਦੀਆਂ ਵੱਟਾਂ ਉਤੇ
ਆਪਣੇ ਖੂਨ ਦਾ ਟਿੱਕਾ ਲਾਈਏ।
ਘਰ ਦੀਆਂ ਸਾਬਤ ਕੰਧਾਂ ਵਿਚ
ਨਫਰਤੀ ਇੱਟਾਂ ਲਾਈਏ।
ਘਰ ਦੀ ਸੱਚੀ ਫਿਜ਼ਾ ਵਿਚ
ਹਿੱਚਕੀਆਂ ਨੂੰ ਸਹਿਲਾਈਏ।
ਕਿਸੇ ਦੀਆਂ ਚੀਕਾਂ ਸੁਣਦਿਆਂ
ਮਨ 'ਚ ਸ਼ੁਗਨ ਮਨਾਈਏ।
ਕਿਸੇ ਦੇ ਪੁੱਤ ਦਾ ਸਿਵਾ ਦੇਖ ਕੇ
ਮਨ ਵਿਚ ਸ਼ੁਕਰ ਮਨਾਈਏ।

ਇਹ ਵੀ ਵੇਲਾ ਦੇਖਣਾ ਸੀ ਕਿ ਬੋਲੀ ਲੱਗਣੀ ਸੀ ਚਾਵਾਂ ਦੀ, ਬਾਪ ਦੀਆਂ ਸੰਘਣੀਆਂ ਛਾਂਵਾਂ ਦੀ, ਮੰਨਤਾਂ ਜਿਹੀਆਂ ਮਾਂਵਾਂ ਦੀ, ਦੁਰੱਲਭ ਮਿਲੀਆਂ ਦੁਆਵਾਂ ਦੀ, ਸੂਲੀ ਟੰਗੇ ਸਾਹਾਂ ਦੀ ਅਤੇ ਇਕੋ ਕੁੱਖੋਂ ਜੰਮੇ ਭਰਾਵਾਂ ਦੀ।

ਸੰਵੇਦਨਾ ਦਾ ਸਿਵਾ ਸੇਕ ਕੇ ਕੀ ਮਿਲੇਗਾ? ਕਿਸ ਦੀ ਆਸ ਵਿਚ ਮਨੁੱਖ ਅਜਿਹਾ ਕਰ ਰਿਹਾ? ਕੀ ਉਸ ਨੂੰ ਆਪਣਾ ਅੰਤ ਨਹੀਂ ਦਿਸਦਾ ਜਾਂ ਉਸ ਦੀ ਸੋਚ ਵਿਚ ਸਦੀਵੀ ਜੀਣ ਦੀ ਭਾਵਨਾ ਹੀ ਪ੍ਰਬਲ ਹੈ? ਭਰਮ ਪਾਲਣ ਵਾਲੇ ਨੂੰ ਕੁਝ ਹਾਸਲ ਨਹੀਂ ਹੁੰਦਾ, ਕਿਉਂਕਿ ਭਰਮ ਟੁੱਟਣ 'ਤੇ ਬਹੁਤ ਕੁਝ ਤਹਿਸ਼-ਨਹਿਸ਼ ਹੋ ਜਾਂਦਾ। ਸਿਰਫ ਪੱਲੇ ਵਿਚ ਰਹਿ ਜਾਂਦੀ ਸਿਵਿਆਂ ਦੀ ਉਡ ਰਹੀ ਸਵਾਹ, ਜਿਸ ਵਿਚ ਗਵਾਚ ਜਾਂਦੀ ਏ ਜ਼ਿੰਦਗੀ ਦੀ ਰਾਹ।

ਜ਼ਿੰਦਗੀ ਦੇ ਹਰ ਖੇਤਰ ਵਿਚ ਹੀ ਮਨੁੱਖ ਸੰਵੇਦਨਹੀਣ। ਉਹ ਸਿਰਫ ਨਿੱਜ ਤੱਕ ਸੀਮਤ। ਕਿਸੇ ਦੇ ਦੁੱਖਾਂ, ਤਕਲੀਫਾਂ, ਔਕੜਾਂ, ਲਾਚਾਰੀ, ਕਮਜ਼ੋਰੀ, ਨਿਤਾਣੇਪਣ ਜਾਂ ਨਿਆਸਰੇਪਣ ਦਾ ਕੋਈ ਅਹਿਸਾਸ ਨਹੀਂ; ਪਰ ਸਭ ਤੋਂ ਵੱਧ ਦੁੱਖ ਹੁੰਦਾ ਜਦ ਕਿਸੇ ਦੀਆਂ ਭਾਵਨਾਵਾਂ ਦਾ ਖਿਲਵਾੜ ਕਰਕੇ, ਨਿੱਜੀ ਲਾਭ ਜਾਂ ਹੋਛੇਪਣ ਨੂੰ ਜਾਹਰ ਕਰਨ ਲਈ ਸੰਵੇਦਨਸ਼ੀਲਤਾ ਦੀ ਆਖਰੀ ਹੱਦ ਵੀ ਉਲੰਘਦੇ ਕੁਝ ਲੋਕ। ਸੋਸ਼ਲ ਮੀਡੀਆ ਦਾ ਇਹ ਕੇਹਾ ਨਿਲੱਜ ਯੁੱਗ ਆ ਕਿ ਅਸੀਂ ਸੰਵੇਦਨਾ ਦਾ ਸੇਕ ਮਹਿਸੂਸ ਕੀਤੇ ਬਗੈਰ, ਇਸ ਦੇ ਸਿਵੇ ਦੀ ਅੱਗ ਸੇਕਦੇ, ਦੂਸਰੇ ਨੂੰ ਵੀ ਸਾੜਨ ਲਈ ਹਰ ਕੋਸ਼ਿਸ਼ ਕਰਦੇ ਹਾਂ।

ਕਿਸੇ ਦਾ ਪੁੱਤ ਯੁੱਧ 'ਚ ਸ਼ਹੀਦ ਹੋ ਗਿਆ ਤੇ ਉਸ ਦੀ ਲੋਥ ਵਿਹੜੇ ਵਿਚ ਪਈ ਹੋਵੇ ਤਾਂ ਮੀਡੀਆ ਵਾਲੇ ਉਸ ਦੀ ਪਤਨੀ ਨੂੰ ਪੁੱਛਣਗੇ ਕਿ ਤੁਹਾਨੂੰ ਇਸ ਮੌਕੇ ਕਿਵੇਂ ਮਹਿਸੂਸ ਹੁੰਦਾ ਏ? ਕਿਸੇ ਮਾਂ ਦਾ ਪੁੱਤ ਐਕਸੀਡੈਂਟ ਵਿਚ ਭਰ ਜਵਾਨੀ ਵਿਚ ਤੁਰ ਜਾਵੇ ਤਾਂ ਮੀਡੀਆ-ਕਰਮੀ ਮਾਂ ਦੇ ਜ਼ਖਮਾਂ 'ਤੇ ਲੂਣ ਛਿੜਕਦਿਆਂ ਪੁੱਛਣਗੇ ਕਿ ਪੁੱਤ ਦੀ ਲਾਸ਼ ਕੋਲ ਬੈਠਿਆਂ ਕਿਵੇਂ ਸੋਚਦੇ ਹੋ? ਕਿਸੇ ਬਾਪ ਦੀ ਜਵਾਨ ਧੀ ਨੂੰ ਸਹੁਰੇ ਮਾਰ ਦੇਣ ਤਾਂ ਉਸ ਦੇ ਦੁੱਖਾਂ ਦੀ ਪੰਡ ਨੂੰ ਹੋਰ ਭਾਰੀ ਕਰਨ ਲਈ, ਉਸ ਦੇ ਹੰਝੂਆਂ ਭਿੱਜੇ ਚਿਹਰੇ ਅਤੇ ਹਉਕਿਆਂ ਨੂੰ ਟੀ. ਵੀ. 'ਤੇ ਦਿਖਾ ਕੇ ਪਤਾ ਨਹੀਂ ਕੀ ਦਿਖਾਉਣਾ ਲੋਚਦੇ? ਕਿਸੇ ਪਰਿਵਾਰ ਦੀ ਬੱਚੀ ਬੋਰਵੈੱਲ ਵਿਚ ਡਿੱਗ ਕੇ ਮਰ ਜਾਵੇ ਏ ਤਾਂ ਇਨ੍ਹਾਂ ਦੀ ਢਾਣੀ ਉਥੇ ਪਹੁੰਚ ਜਾਂਦੀ ਅਤੇ ਉਸ ਦੀ ਮਾਂ ਦੇ ਦਰਦ ਤੇ ਬਾਪ ਦੀ ਪੀੜਾ ਨੂੰ ਵੱਧ ਤੋਂ ਵੱਧ ਲੋਕਾਂ ਸਾਹਵੇਂ ਪਰੋਸਦੀ। ਕੀ ਮੀਡੀਆ ਕੋਲ ਸਿਰਫ ਇਹੀ ਸਾਧਨ ਰਹਿ ਗਿਆ ਕਿ ਉਹ ਵੱਧ ਤੋਂ ਵੱਧ ਵਿਊਸ਼ਿਪ ਨੂੰ ਵਧਾਉਣ ਲਈ, ਅਜਿਹੀਆਂ ਹੋਛੀਆਂ ਹਰਕਤਾਂ 'ਤੇ ਉਤਾਰੂ ਹੋ ਜਾਣ? ਕੀ ਮੀਡੀਆ ਵਾਲਿਆਂ ਦੀ ਆਤਮਾ ਮਰ ਚੁਕੀ ਏ? ਕੀ ਇਨ੍ਹਾਂ ਨੂੰ ਇੰਨੀ ਵੀ ਤਾਲੀਮ ਨਹੀਂ ਕਿ ਕਿਸੇ ਦੇ ਨਿੱਜੀ ਪੀੜ-ਪਰੁੱਚੇ ਪਲਾਂ ਨੂੰ ਲੋਕਾਂ ਸਾਹਵੇਂ ਪ੍ਰਗਟ ਕਰਕੇ, ਕਿਸੇ ਦੀ ਨਿੱਜੀ ਜ਼ਿੰਦਗੀ ਨੂੰ ਨਰਕ ਬਣਾਉਣ ਲਈ ਕਸੂਰਵਾਰ ਕਿਉਂ ਬਣਦੇ? ਦਰਅਸਲ ਗਰਕ ਗਈਆਂ ਨੇ ਕਦਰਾਂ ਕੀਮਤਾਂ। ਜਦ ਮੀਡੀਆ ਸਿਰਫ ਧਨ ਕਮਾਉਣ ਦਾ ਸਾਧਨ ਬਣ ਜਾਵੇ ਅਤੇ ਸੋਸ਼ਲ ਪਲੇਟਫਾਰਮਾਂ 'ਤੇ ਅਜਿਹਾ ਕੁਝ ਦਿਖਾ ਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ, ਹੋਛੇਪਣ ਦੀ ਪੂਰਤੀ ਨੂੰ ਸਭ ਕੁਝ ਸਮਝ ਲਿਆ ਜਾਵੇ ਤਾਂ ਸਮਝ ਲਵੋ ਕਿ ਹੁਣ ਸਿਰਫ ਮਨੁੱਖਤਾ ਦਾ ਮਰਸੀਆ ਹੀ ਪੜ੍ਹਿਆ ਜਾਣਾ ਬਾਕੀ ਰਹਿ ਗਿਆ ਏ।

ਹਰ ਸੰਵੇਦਨਸ਼ੀਲ ਵਿਅਕਤੀ ਬਹੁਤ ਪੀੜਤ ਹੁੰਦਾ ਤੇ ਰੂਹ ਵਲੂੰਧਰੀ ਜਾਂਦੀ, ਜਦ ਕਿਸੇ ਦੇ ਹੰਝੂਆਂ ਨੂੰ ਵੇਚਿਆ ਜਾਵੇ, ਗਮਾਂ ਦੀ ਨਿਲਾਮੀ ਕੀਤੀ ਜਾਵੇ, ਆਂਦਰਾਂ ਵਿਚੋਂ ਨਿਕਲੀ ਚੀਸ ਨੂੰ ਪੈਸੇ ਦੀ ਚਕਾਚੌਂਧ ਲਈ ਵਰਤਿਆ ਜਾਵੇ ਜਾਂ ਕਿਸੇ ਦੇ ਵਿਰਲਾਪਾਂ ਤੇ ਵੈਣਾਂ ਨੂੰ ਦਿਖਾ ਕੇ ਸੰਵੇਦਨਾ ਨੂੰ ਸ਼ਰਮਸਾਰ ਕੀਤਾ ਜਾਵੇ। ਇਹ ਮੌਕੇ ਨੀਚਪੁਣੇ ਨੂੰ ਉਜਾਗਰ ਕਰਨ ਦੇ ਨਹੀਂ ਹੁੰਦੇ। ਅਜਿਹੇ ਮੌਕੇ 'ਤੇ ਕਿਸੇ ਦੀ ਵੇਦਨਾ ਨਿੱਜੀ ਹੁੰਦੀ ਅਤੇ ਇਸ ਨੂੰ ਸ਼ੱਰ੍ਹੇਆਮ ਦਿਖਾਉਣਾ, ਪੀੜਤ ਵਿਅਕਤੀ ਨੂੰ ਜਲੀਲ ਕਰਨਾ ਹੁੰਦਾ। ਪਿਛਲੇ ਦਿਨੀਂ ਸੁਰਾਂ ਦੇ ਸਿਕੰਦਰ, ਸਰਦੂਲ ਸਿਕੰਦਰ ਦੀ ਮੌਤ ਦੇ ਮੌਕੇ ਜਿਵੇਂ ਕੁਝ ਯੂ-ਟਿਊਬੀਆਂ ਨੇ ਨੂਰੀ ਨੂੰ ਸਰਦੂਲ ਦੀ ਲਾਸ਼ ਨਾਲ ਲਿਪਟਿਆਂ, ਵਿਰਲਾਪ ਕਰਦਿਆਂ ਦਿਖਾ ਕੇ, ਹੰਝੂਆਂ ਤੇ ਹਉਕਿਆਂ ਵਿਚੋਂ ਆਪਣੇ ਲਾਈਕਸ ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ। ਦਰਦਾਂ ਦੀ ਮਾਰੀ, ਅੱਥਰੂ-ਅੱਥਰੂ ਹੋਈ ਨੂਰੀ ਨੂੰ ਦਿਖਾਉਣ ਵਿਚ ਬੇਸ਼ਰਮੀ ਕੀਤੀ, ਇਹ ਬਹੁਤ ਨਿੰਦਣਯੋਗ ਅਤੇ ਕਰੂਰ ਵਰਤਾਰਾ ਸੀ। ਇਹ ਰੁਕਣਾ ਚਾਹੀਦਾ ਹੈ। ਕਮੀਨਗੀ ਹੈ ਕਿਸੇ ਦੀ ਤ੍ਰਾਸਦੀ 'ਤੇ ਰੋਟੀਆਂ ਸੇਕਣੀਆਂ। ਇਹ ਕੁਝ ਦੇਖ ਕੇ ਮਨ ਬਹੁਤ ਰੋਇਆ ਅਤੇ ਮਰ ਗਈ ਜ਼ਹਿਨੀਅਤ ਨੂੰ ਕੋਸਦਾ ਰਿਹਾ।

ਖੁਦਾ ਦਾ ਵਾਸਤਾ ਈ ਅਜਿਹੇ ਯੂ ਟਿਊਬੀਓ! ਵੈਣਾਂ ਦਾ ਵਣਜ ਨਾ ਕਰੋ ਅਤੇ ਨਾ ਹੀ ਵਿਰਲਾਪਾਂ ਵਿਚੋਂ ਵਿਊਸ਼ਿਪ ਨੂੰ ਕਿਆਸੋ। ਕੁਝ ਚੰਗਾ ਦਿਖਾਓ। ਜੇ ਦਰਸ਼ਕ ਲਈ ਇਸ ਦੀ ਸਾਰਥਿਕਤਾ, ਸੇਧ, ਸੱਚਾਈ ਜਾਂ ਸੁਚੱਜਤਾ ਹੋਈ ਤਾਂ ਤੁਹਾਡੇ ਲਾਈਕਸ ਆਪਣੇ ਆਪ ਵੱਧ ਜਾਣਗੇ। ਜਦ ਇਸ ਵਰਤਾਰੇ ਨੂੰ ਰੋਕਣ ਲਈ ਇਕ ਸੰਵੇਦਨਸ਼ੀਲ ਬੇਟੀ ਦੀ ਵੀਡੀਓ ਸੁਣੀ ਤਾਂ ਮਨ ਨੂੰ ਧਰਵਾਸ ਮਿਲਿਆ ਕਿ ਕੋਈ ਤਾਂ ਹਰਿਆ ਬੂਟਾ ਰਿਹੋ ਰੀ। ਅਜਿਹਾ ਦਿਖਾਉਣ ਤੋਂ ਪਹਿਲਾਂ ਇਹ ਜਰੂਰ ਸੋਚਣਾ ਕਿ ਜੇ ਅਜਿਹਾ ਕੁਝ ਤੁਹਾਡੇ ਨਾਲ ਵਾਪਰੇ, ਤੁਹਾਡੇ ਕੋਲੋਂ ਅਜਿਹੇ ਪ੍ਰਸ਼ਨ ਪੁੱਛੇ ਜਾਣ ਅਤੇ ਤੁਹਾਡੀਆਂ ਹਿੱਚਕੀਆਂ ਤੇ ਹੰਝੂਆਂ ਨੂੰ ਦਿਖਾਇਆ ਜਾਵੇ ਤਾਂ ਤੁਹਾਨੂੰ ਕਿਵੇਂ ਲੱਗੇਗਾ? ਜਰਾ ਸੋਚਣਾ! ਤੁਹਾਡੇ ਪਿਆਰੇ ਦੇ ਮਰਨ ਤੋਂ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ? ਤੁਸੀਂ ਕੀ ਸੋਚੋਗੇ? ਤੁਹਾਡੀ ਮਾਨਸਿਕਤਾ ਕੀ ਹੋਵੇਗੀ? ਤੁਹਾਡੀ ਮਨੋਦਿਸ਼ਾ ਵਿਚ ਕੀ ਉਥਲ-ਪਥਲ ਹੋਵੇਗੀ? ਜੋ ਤੁਹਾਡੇ ਮਨ ਵਿਚ ਹੋਵੇਗਾ, ਉਹ ਹੀ ਮਰਨ ਵਾਲੇ ਦੇ ਸਕੇ ਸਬੰਧੀਆਂ ਦੇ ਮਨਾਂ ਵਿਚ ਵਾਪਰਦਾ ਏ।

ਸੰਵੇਦਨਾ ਤਾਂ ਸਰੀਰ ਦੇ ਧੜਕਦੇ ਹੋਏ ਹਿੱਸੇ ਦਾ ਹੀ ਇਕ ਕਿੱਸਾ ਹੈ। ਜਦ ਇਹ ਵੀ ਨਾ ਰਿਹਾ ਤਾਂ ਕਿਥੇ ਰਹੇਗਾ ਸੰਵੇਦਨਾ, ਸੂਖਮਤਾ ਅਤੇ ਸਕੂਨਤਾ ਦਾ ਸੰਦੇਸ਼।

ਸੰਵੇਦਨਾ ਨੂੰ ਮਰਨ ਨਾ ਦਿਓ। ਆਪਣੀ ਸੋਚ ਵਿਚ ਉਤਾਰੋ। ਇਸ ਦੀਆਂ ਰਹਿਮਤਾਂ ਨੂੰ ਆਪਣਾ ਹਾਸਲ ਬਣਾਓ। ਨਜ਼ਰ ਦੇ ਦਿਸਹੱਦਿਆਂ ਵਿਚ ਸੁੰਦਰ ਨਜ਼ਰੀਆ ਉਤਾਰੋ ਤਾਂ ਹੀ ਤੁਸੀਂ ਨਸੀਬਾਂ ਦੀ ਫੁੱਲਕਾਰੀ ਨੂੰ ਸੁੱਚੇ ਧਾਗਿਆਂ ਅਤੇ ਸੂਹੇ ਰੰਗਾਂ ਨਾਲ ਸਜਾ, ਇਸ ਨੂੰ ਮਲਕੀਅਤ ਬਣਾ, ਇਸ ਦੀਆਂ ਬਰਕਤਾਂ ਮਾਣ ਸਕਦੇ ਹੋ।

ਸੰਵੇਦਨਹੀਣ ਲੋਕ ਸਿਰਫ ਰੋਬੋਟ। ਮਕਾਨਕੀ ਜ਼ਿੰਦਗੀ ਦਾ ਮਖੌਟਾ। ਭਾਵਨਾਵਾਂ ਤੋਂ ਵਿਰਵੇ। ਖੁੱਲ੍ਹੀਆਂ ਅੱਖਾਂ ਨਾਲ ਦੇਖਣ ਤੋਂ ਆਕੀ ਅਤੇ ਸੱਚ ਬੋਲਣ ਤੋਂ ਤ੍ਰਹਿੰਦੇ। ਆਪਣੀਆਂ ਅੱਖਾਂ ਮੀਟ ਕੇ ਕਿੰਨਾ ਕੁ ਚਿਰ ਕੋਈ ਕਬੂਤਰ ਬਣ ਬੈਠ ਸਕਦਾ। ਆਖਰ ਨੂੰ ਤਾਂ ਬਿੱਲੀ ਨੇ ਝਪਟਾ ਮਾਰਨਾ ਹੀ ਹੁੰਦਾ।

ਸੰਵੇਦਨਹੀਣ ਔਲਾਦ, ਮਾਪਿਆਂ ਨੂੰ ਘਰੋਂ ਬਾਹਰ ਕੱਢ ਰਹੀ। ਜਾਇਦਾਦ ਕਾਰਨ ਭਰਾ ਹੀ ਭਰਾ ਦੀ ਲਾਸ਼ ਨੂੰ ਖੇਤ ਵਿਚ ਹੀ ਦੱਬ ਰਿਹਾ। ਅਦਾਰੇ ਦਾ ਮਾਲਕ ਮੁਲਾਜ਼ਮਾਂ ਦਾ ਸ਼ੋਸ਼ਣ ਕਰਦਾ। ਅਧਿਕਾਰੀ ਆਪਣੇ ਮਾਤਹਿਤਾਂ ਦਾ ਸਰੀਰਕ, ਮਾਨਸਿਕ ਜਾਂ ਆਰਥਿਕ ਸ਼ੋਸ਼ਣ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਦਰਅਸਲ ਇਹ ਗਰਕੀ ਸੰਵੇਦਨਾ ਦਾ ਪ੍ਰਗਟਾਅ। ਅਸੀਂ ਇਸ ਨੂੰ ਹੀ ਆਪਣਾ ਜੀਵਨ-ਆਧਾਰ ਬਣਾ ਲਿਆ; ਤਾਂ ਹੀ ਅੱਜ ਕੱਲ੍ਹ ਘਰ ਨਹੀਂ ਉਸਾਰਦੇ, ਸਗੋਂ ਮਕਾਨ ਬਣਾਉਂਦੇ ਹਾਂ। ਕਮਰਾ ਨਹੀਂ ਹੁੰਦਾ, ਸਗੋਂ ਇਹ ਘੁਰਨਾ-ਰੂਪੀ ਚਾਰ-ਦੀਵਾਰੀ ਹੁੰਦੀ। ਖਿੜਕੀਆਂ ਤੇ ਰੌਸ਼ਨਦਾਨ ਖੁੱਲ੍ਹੇ ਨਹੀਂ ਰੱਖਦੇ, ਸਗੋਂ ਪਰਦਾਦਾਰੀ ਕਰਦੇ ਹਾਂ। ਸਦਾ ਖੁੱਲ੍ਹੇ ਰਹਿਣ ਵਾਲੇ ਘਰ ਦੇ ਦਰਵਾਜੇ, ਹੁਣ ਬੰਦ ਦਰਵਾਜਿਆਂ ਦੀ ਕੈਦ ਕੱਟਦੇ ਨੇ। ਇਹ ਕੇਹੀ ਉਨਤੀ ਤੇ ਕੇਹਾ ਦਾਈਆ? ਕਦੇ ਖੁੱਲ੍ਹੇ ਦਰਾਂ, ਖੁੱਲ੍ਹੀਆਂ ਸਬਾਤਾਂ ਤੇ ਦਲਾਨ, ਬਿਨ ਕੁੰਡਿਓਂ ਬੂਹੇ ਅਤੇ ਵਿਹੜਿਆਂ ਵਿਚ ਵਿਚਰਦੀ ਖੁੱਲ੍ਹੀ ਡੁੱਲੀ ਜ਼ਿੰਦਗੀ ਨੂੰ ਕਿਆਸਣਾ, ਤੁਹਾਨੂੰ ਅਜੋਕੀ ਜ਼ਿੰਦਗੀ ਅਤੇ ਜੀਵਨ-ਜਾਚ ਤੇ ਨਮੋਸ਼ੀ ਹੋਵੇਗੀ।

ਸੰਵੇਦਨਾ ਜਿਉਂਦੀ ਤਾਂ ਅੱਖਾਂ ਛਲਕਦੀਆਂ, ਦੀਦਿਆਂ ਵਿਚ ਲਾਲੀ ਉਤਰਦੀ, ਹੰਝੂਆਂ ਵਿਚ ਖੁਦ ਨੂੰ ਭਿਉਂਦੇ। ਕਿਸੇ ਦੀ ਖੁਸ਼ੀ ਵਿਚ ਰੂਹ ਤੋਂ ਸ਼ਰੀਕ ਹੁੰਦੇ। ਕਿਸੇ ਦੀਆਂ ਸਫਲਤਾਵਾਂ ਨੂੰ ਆਪਣੀਆਂ ਸਫਲਤਾਵਾਂ ਸਮਝਦੇ। ਕਿਸੇ ਦੇ ਸੁਪਨਿਆਂ ਦੀ ਪੂਰਤੀ ਵਿਚ ਸਹਿਯੋਗ ਦਿੰਦੇ। ਕਿਸੇ ਦੇ ਖਾਲੀ ਬਸਤੇ ਵਿਚ ਕਿਤਾਬਾਂ ਤੇ ਕਾਪੀਆਂ ਦਾ ਖਜ਼ਾਨਾ ਪਾਉਂਦੇ। ਕਿਸੇ ਨੰਗੇ ਤਨ ਲਈ ਲਿਬਾਸ ਦਾ ਪ੍ਰਬੰਧ ਕਰਦੇ ਜਾਂ ਕਿਸੇ ਲਈ ਛੱਤ ਦਾ ਬੰਦੋਬਸਤ ਕਰਦੇ। ਸੰਵੇਦਨਸ਼ੀਲ ਲੋਕ ਹੀ ਪਿੰਗਲਵਾੜਾ ਦੇ ਮੋਢੀ ਹੁੰਦੇ, ਮਦਰ ਟੈਰੇਸਾ ਵੀ ਬਣਦੇ, ਬਜੁਰਗ ਆਸ਼ਰਮ ਵੀ ਉਸਾਰਦੇ ਅਤੇ ਨਿਆਸਰਿਆਂ ਤੇ ਨਿਤਾਣਿਆਂ ਲਈ ਰੈਣ-ਬਸੇਰਾ ਬਣਾਉਂਦੇ।

ਸੰਵੇਦਨਸ਼ੀਲ ਲੋਕ ਸੱਚੇ-ਸੁੱਚੇ, ਇਮਾਨਦਾਰ ਅਤੇ ਪਾਕ ਰੂਹਾਂ। ਉਨ੍ਹਾਂ ਦੇ ਮੁਖੜੇ, ਹਰਕਤਾਂ, ਅੰਗਾਂ ਵਿਚ ਪੈਦਾ ਹੋਈ ਹਰਕਤ ਜਾਂ ਹੰਝੂਆਂ, ਹਾਸਿਆਂ ਤੇ ਹਾਵ-ਭਾਵਾਂ ਵਿਚੋਂ, ਉਨ੍ਹਾਂ ਦਾ ਅੰਤਰੀਵ ਬਾਖੂਬੀ ਪੜ੍ਹਿਆ ਜਾ ਸਕਦਾ। ਉਹ ਕੁਝ ਵੀ ਨਹੀਂ ਲੁਕੋ ਸਕਦੇ। ਉਹ ਦਿੱਬ-ਦ੍ਰਿਸ਼ਟੀ ਦੇ ਮਾਲਕ ਅਤੇ ਦੂਰ-ਅੰਦੇਸ਼ ਹੁੰਦੇ।

ਸੰਵੇਦਨਸ਼ੀਲ ਲੋਕ ਹੀ ਸਭ ਤੋਂ ਜ਼ਿਆਦਾ ਦੁੱਖੀ ਹੁੰਦੇ, ਕਿਉਂਕਿ ਜਦ ਉਨ੍ਹਾਂ ਦਾ ਸੁਪਨਾ ਤਿੜਕਦਾ ਤਾਂ ਇਸ ਦੀਆਂ ਕਿੱਚਰਾਂ, ਉਨ੍ਹਾਂ ਦੇ ਪੈਰਾਂ ਵਿਚ ਚੱਭਦੀਆਂ ਅਤੇ ਦੀਦਿਆਂ ਵਿਚ ਵੀ ਚਸਕਾਂ ਪੈਦਾ ਕਰਦੀਆਂ। ਉਹ ਬਹੁਤ ਹੀ ਆਸਵੰਤ ਹੁੰਦੇ ਅਤੇ ਇਨ੍ਹਾਂ ਦੀ ਅਪੂਰਤੀ ਕਾਰਨ ਉਹ ਅੰਤਰੀਵੀ ਪੀੜਾ ਵਿਚ ਚੂਰ-ਚੂਰ ਹੋ ਜਾਂਦੇ।

ਸੰਵੇਦਨਸ਼ੀਲਤਾ, ਖੁਸ਼ੀ ਦਾ ਖਜਾਨਾ, ਬਰਕਤਾਂ ਦੀ ਬਹਿਸ਼ਤ, ਨਿਆਮਾਤਾਂ ਦੀ ਨਗਰੀ। ਰੂਹ-ਰੇਜ਼ਤਾ ਤੇ ਰੂਹ-ਰੰਗਤਾ। ਰਾਗ-ਰਾਗਣੀ ਦੀ ਸੁਰ-ਬੰਧਨਾ। ਪ੍ਰਾਪਤੀਆਂ ਦਾ ਸਿਰਲੇਖ ਅਤੇ ਭਰੇ-ਭਕੂਨੇ ਹੋਣ ਦਾ ਅਹਿਸਾਸ। ਅੱਖਾਂ ਉਚੀਆਂ ਕਰਕੇ ਜਿਊਣ ਦਾ ਅੰਦਾਜ਼, ਜੀਵਨ ਦੇ ਸੁੱਚਮ ਵਿਚ ਰੰਗਿਆ ਜੀਵਨ-ਸਾਜ਼ ਅਤੇ ਸਭ ਦੇ ਸਨਮੁੱਖ ਦਿਲ ਦਾ ਰਾਜ਼।

ਸੰਵੇਦਨਸ਼ੀਲ ਲੋਕ ਇਹ ਜਾਣਦੇ ਕਿ ਜੇ ਅੱਜ ਉਹ ਮਿੱਟੀ ਦੇ ਉਪਰ ਹਨ ਤਾਂ ਕੱਲ੍ਹ ਨੂੰ ਉਹ ਮਿੱਟੀ ਦੇ ਹੇਠਾਂ ਵੀ ਹੋਣਗੇ। ਉਨ੍ਹਾਂ ਨੂੰ ਪਤਾ ਹੁੰਦਾ ਕਿ ਮਿੱਟੀ ਤੋਂ ਬਣਿਆਂ ਨੇ ਆਖਰ ਨੂੰ ਮਿੱਟੀ ਹੋ ਕੇ, ਮਿੱਟੀ ਵਿਚ ਹੀ ਮਿਲਣਾ ਏ।

ਮਰਦਾਂ ਨਾਲੋਂ ਔਰਤਾਂ ਜ਼ਿਆਦਾ ਸੰਵੇਦਨਸ਼ੀਲ। ਉਹ ਬੜੀ ਜਲਦੀ ਭਾਵੁਕ ਹੋ ਜਾਂਦੀਆਂ। ਕਿਸੇ ਦੀਆਂ ਆਹਾਂ ਵਿਚ ਆਹ ਬਣ ਜਾਦੀਆਂ। ਕਿਸੇ ਨੂੰ ਹਾਸੇ ਅਰਪਤ ਕਰਨ ਲਈ ਪੂਰੀ ਵਾਹ ਲਾਉਂਦੀਆਂ। ਸ਼ਾਇਦ ਇਸ ਕਰਕੇ ਕਈ ਵਾਰ ਉਨ੍ਹਾਂ ਦੀ ਸੰਵੇਦਨਾ ਦਾ ਸ਼ੋਸ਼ਣ ਕਰਕੇ, ਦਰਦਾਂ ਦੀ ਭੱਠੀ ਵਿਚ ਝੋਕੇ ਜਾਣ ਲਈ ਮਜਬੂਰ ਵੀ ਕੀਤਾ ਜਾਂਦਾ। ਜ਼ਿਆਦਾ ਦੁੱਖ ਵੀ ਔਰਤਾਂ ਦੇ ਹਿੱਸੇ ਆਉਂਦੇ।

ਸੰਵੇਦਨਸ਼ੀਲ ਲੋਕਾਂ ਨੂੰ ਪਤਾ ਹੁੰਦਾ ਕਿ ਜਨਮ ਵੀ ਕਿਸੇ ਨੇ ਦਿੱਤਾ, ਨਾਮ ਵੀ ਹੋਰਨਾਂ ਨੇ ਦਿੱਤਾ, ਵਿਦਿਆ ਕਿਸੇ ਨੇ ਦਿੱਤੀ, ਕੰਮ ਵੀ ਕਿਸੇ ਲਈ ਕੀਤਾ ਅਤੇ ਸ਼ਮਸ਼ਾਨ ਵੱਲ ਵੀ ਕੋਈ ਚਾਰ ਲੋਕ ਲੈ ਕੇ ਜਾਣਗੇ। ਉਨ੍ਹਾਂ ਦਾ ਤਾਂ ਕੁਝ ਵੀ ਨਹੀਂ। ਸਿਰਫ ਕਮਾਈ ਹੋਈ ਸੰਵੇਦਨਾ ਹੀ, ਉਨ੍ਹਾਂ ਦੇ ਜਾਣ ਤੋਂ ਬਾਅਦ ਲੋਕ-ਚੇਤਿਆਂ ਵਿਚ ਵੱਸੀ ਰਹਿਣੀ ਹੈ।



# ਵਗਦਾ ਜਲ

***ਸਾਹਿਤ ਅਤੇ ਦਰਸ਼ਨ ਦੇ ਖੇਤਰ ਵਿਚ ਆਪਣੀ ਪੈਂਠ ਪਾਉਣ ਵਾਲੇ ਪ੍ਰੋ. ਪੂਰਨ ਸਿੰਘ ਨੇ ਕਵਿਤਾ ਵਰਗੀ ਵਾਰਤਕ ਅਤੇ ਵਾਰਤਕ ਵਰਗੀ ਕਵਿਤਾ ਲਿਖੀ। ਉਨ੍ਹਾਂ ਦੀ ਵਾਰਤਕ ਅੰਦਰ ਕਵਿਤਾ ਦੀਆਂ ਛੱਲਾਂ ਪੈਂਦੀਆਂ ਮਹਿਸੂਸ ਹੁੰਦੀਆਂ ਹਨ, ਨਾਲ ਦੀ ਨਾਲ ਵਿਚਾਰਾਂ ਦੇ ਬੁੱਲੇ ਵੀ ਆਈ ਜਾਂਦੇ ਹਨ। ਆਪਣੇ ਸੁਘੜ ਪਾਠਕਾਂ ਲਈ ਪ੍ਰੋ. ਪੂਰਨ ਸਿੰਘ ਦਾ ਲੇਖ 'ਵਗਦਾ ਜਲ' ਛਾਪ ਰਹੇ ਹਨ। ਇਸ ਲਿਖਤ ਦੇ ਸ਼ਬਦ-ਜੋੜ ਜਿਉਂ ਦੇ ਤਿਉਂ ਰੱਖੇ ਗਏ ਹਨ। ਇਸ ਲਿਖਤ ਦਾ ਇਕ ਵਾਕ ਹੈ: 'ਇਹ ਰੇਲਾਂ, ਮੋਟਰਾਂ, ਯੱਕੇ, ਬੱਘੀਆਂ ਸਾਡੇ ਵਹਿਸ਼ੀ ਹੋਣ ਜਾਣ ਦੇ ਚਿੰਨ੍ਹ ਹਨ।' ਇਹੀ ਪ੍ਰੋ. ਪੂਰਨ ਸਿੰਘ ਦਾ ਰੰਗ ਹੈ।***

ਵਗਦੇ ਜਲ ਦਾ ਨਿੱਕਾ ਨਿੱਕਾ, ਮਿੱਠਾ, ਕੂਲਾ, ਠੰਢਾ ਤੇ ਗਿੱਲਾ ਨਿਰਮਲ ਨਿਰੋਲ ਨੀਲਾ, ਸੁਗਧਤ ਆਵਾਜ਼, ਮਨੁਖ ਦੇ ਇਕਾਂਤ ਵਿਚ ਇਕ ਚੈਤੰਨਯ ਸੰਗੀ ਹੈ, ਰੂਹ ਦੀ ਚੁੱਪ ਵਿਚ ਵੜ ਜਾਂਦਾ ਹੈ; ਛੇੜਖਾਨੀਆਂ ਕਰਦਾ ਹੈ, ਛਿਨ ਛਿਨ ਮਨ ਨੂੰ ਛੋਂਹਦਾ ਹੈ। ਇਹ ਦਿਲ-ਛਲਦੀਆਂ ਆਵਾਜ਼-ਛਲਾਂ ਛੋਹ ਛੋਹ ਮਨ ਦੀ ਮਿੱਟੀ ਨੂੰ ਰੋੜ੍ਹ ਕੇ, ਆਪਣੇ ਪ੍ਰਵਾਹ ਵਿਚ ਘੋਲ ਕੇ ਲੈ ਜਾਂਦੀਆਂ ਹਨ। ਇਹ ਇਲਾਹੀ ਕੁਨ ਕੁਨ ਮੇਰੇ ਮੱਥੇ ਨੂੰ ਛਿਨ ਛਿਨ ਛਾਣ ਛਾਣ ਕਰਦੀ ਵੱਜਦੀ ਹੈ। ਠੰਢੀ ਵਗਦੀ ਹਵਾ ਦੀ ਛੋਹ ਥੀਂ ਇਹ ਛੋਹ ਵਖਰੀ ਹੈ। ਚੈਤੰਨਯ ਛੋਹ ਹੈ। ਮੇਰੇ ਦੁਨੀਆ ਦੇ ਧੰਦਿਆਂ ਨਾਲ ਟੁੱਟੇ ਭੱਜੇ ਦੇ ਵੀ ਨੈਣ-ਰਸ ਨਾਲ ਜੋੜ ਦਿੰਦੀ ਹੈ, ਨੈਣ ਨਿੰਦ੍ਰਾਲੇ ਹੁੰਦੇ ਜਾਂਦੇ ਹਨ।



ਪੱਥਰ ਲੱਗਦੇ ਹਨ; ਪਰ ਤੇਰੀ ਰੂਹ ਦੀ ਆਵਾਜ਼ ਉਹੋ ਪਿਆਰ ਭਰੀ ਧੁਰ ਦੀ ਅਨਾਦ ਬਾਣੀ ਦਾ ਪ੍ਰਕਾਸ਼ ਕਰਦੀ ਹੈ, ਕੁਦਰਤ ਦੀ ਇਕਾਂਤ ਨੂੰ ਆਬਾਦ ਕਰਦੀ ਹੈ। ਹੇ

## ਪ੍ਰੋ. ਪੂਰਨ ਸਿੰਘ

ਵਗਦੇ ਜਲ! ਤੂੰ ਕੌਣ ਹੈਂ, ਜੋ ਇਸ ਘੜੀ ਮੇਰੇ ਕਲੇਜੇ ਨੂੰ ਆਪਣੇ ਸ਼ਬਦਾਂ ਨਾਲ ਵਿਲੂੰਦਰ ਰਿਹਾ ਹੈਂ? ਮਿੱਠਾ ਜਿਹਾ ਦਰਦ, ਮੇਰੇ ਅੰਦਰ ਪੈਦਾ ਕਰ ਰਿਹਾ ਹੈਂ, ਜਿਸ ਵਿਚ ਮੇਰੇ ਨੈਣ ਨਿੰਦ੍ਰਾਲੇ ਹੋ ਰਹੇ ਹਨ?

ਤੂੰ ਗਗਨੀ ਨੀਲੇ ਛੱਤ ਵਾਲੇ ਮੰਦਿਰ ਦੀ ਅਗਮ ਚੁੱਪ ਵਿਚ, ਸਤਿਗੁਰੂ ਜੀ ਦਾ ਅਖੰਡ ਕੀਰਤਨ ਕਰ ਰਿਹਾ ਹੈਂ। ਤੇ ਮਿੱਤਰ! ਬਿਰਖ, ਬੂਟੇ ਤੇ ਮੈਂ ਸੁਣ ਰਹੇ ਹਾਂ ਤੇ ਕ੍ਰਿਤਾਰਥ ਹੋ ਰਹੇ ਹਾਂ। ਹਵਾ ਭੀ ਬ੍ਰਿਖਾਂ ਵਾਂਗ ਤੇਰੇ ਠੰਢੇ, ਖੁੱਲ੍ਹੇ ਤੇ ਮਿੱਤਰਤਾ ਭਰੇ ਕੀਰਤਨ ਦੇ ਝੂਟੇ ਲੈ ਰਹੀ ਹੈ।

ਵਾਹ ਵਾਹ! ਉਪਦੇਸ਼ਕ ਹੋਵੇ ਤਾਂ ਵਗਦੇ ਜਲ ਜਿਹਾ, ਢਾਡੀ ਹੋਵੇ ਤਾਂ ਵਗਦੇ ਜਲ ਜਿਹਾ। ਵਗਦਾ ਹੈ ਪਰ ਵਗਦਾ ਨਹੀਂ, ਜਾਂਦਾ ਹੈ ਪਰ ਜਾਂਦਾ ਨਹੀਂ। ਇਹ ਚਾਲ ਕੀਰਤਨ ਹੈ, ਇਹੋ ਗੱਲ ਮਾਲ ਤੇ ਵਸਤੀ ਹੈ।

ਤੇ ਜਲ ਜੀ!

ਪੱਥਰ ਆਪ ਨੂੰ ਅਨੇਕ ਲੱਗਦੇ ਹਨ ਪਰ ਆਪ ਹਰ ਇਕ ਨੂੰ, ਨਿੱਕੇ ਵੱਡੇ ਨੂੰ, ਰੇਤ ਦੇ ਕਣਕਿਆਂ ਨੂੰ, ਸਭ ਨੂੰ ਚੁੰਮ ਚੁੰਮ ਪਿਆਰ ਕਰ ਲੰਘਦੇ ਹੋ। ਜੀਵਨ ਇਹੋ ਹੈ। ਮੈਂ ਜਿਵੇਂ ਆਉਂਦਾ ਹਾਂ, ਇਵੇਂ ਹੀ ਜਿਊਂਦਾ ਹਾਂ। ਇਸ ਗਗਨ ਛਤ ਵਾਲੇ ਮੰਦਿਰ ਵਿਚ ਕੀਰਤਨ ਕਰਦਾ, ਕਦੀ ਦੀਪਕ ਤੇ ਕਦੀ ਮਲਹਾਰ, ਕਦੀ ਬਿਹਾਗ ਤੇ ਕਦੀ ਸੋਹਣੀ, ਤੇ ਮੁੜ ਪਿੱਛੇ ਪੈਰੀਂ ਅਦਬ ਨਾਲ ਟੁਰ ਪਿਆ।

ਉਮਰ ਖ਼ਿਆਮ ਨੇ ਗ਼ਲਤ ਕਿਹਾ ਹੈ ਕਿ ਸਾਡਾ ਜੀਵਨ ਵਗਦੇ ਜਲ ਵਾਂਗੂ ਬੇਅਰਥ ਹੈ ਕਿ ਜਲ ਬੇਅਰਥ ਵਗਦਾ ਹੈ ਤੇ ਜਗਤ ਵਿਚ ਬੇਅਰਥ ਹੀ ਨਿਕਲ ਜਾਂਦਾ ਹੈ। ਨਹੀਂ! ਇਹ ਤਾਂ ਧੁਰ ਦਰਗਾਹੋਂ ਸਾਈਂ ਦੇ ਚਰਨ ਚੁੰਮ ਕੇ ਟੁਰਦਾ ਹੈ ਤੇ ਸਾਈਂ ਦੇ ਮੰਦਿਰ ਵਿਚ ਆਪਣਾ ਅਲਾਪ ਕਰਕੇ ਮੁੜ ਸਾਈਂ ਚਰਨ ਜਾ ਛੋਂਹਦਾ ਹੈ। ਜਲ ਕਹਿੰਦਾ ਹੈ ਕਿ ਸਵੇਰ ਤੇ ਸ਼ਾਮਾਂ ਦੀ ਹਵਾ ਮੇਰੇ ਕੇਸ ਖੋਲ੍ਹ ਇਸ਼ਨਾਨ ਕਰਾ ਦਿੰਦੀ ਹੈ। ਇਹ ਨਿੱਕੀਆਂ ਨਿੱਕੀਆਂ ਜਲ ਤਰੰਗਾਂ ਮੇਰੇ ਬਿਖਰੇ ਕੇਸ ਹਨ; ਡੁੱਬਦੇ ਤੇ ਚੜ੍ਹਦੇ ਸੂਰਜ ਦੀ ਲਾਲੀ ਮੇਰੇ ਨੈਣ ਕਸੁੰਭਾ ਰੰਗ ਵਿਚ ਗੂਹੜੇ ਰੰਗ ਦਿੰਦੀ ਹੈ, ਬਿਖਰੇ ਹੋਣ ਵਾਲੇ ਤੇ ਹੋ ਰਹੇ ਕੇਸ ਹਵਾ ਦੀਆਂ ਪ੍ਰੇਮ ਖੇਡਾਂ ਨੈਣ ਕਸੁੰਭੀ ਮੈਂ ਵਗਦਾ ਜਾਂਦਾ ਹੈ। ਵਗਦਾ ਜਲ ਦੇਖ ਕੇ ਪ੍ਰਸੰਨ ਹੈ। ਇਸ ਦਾ ਜੀਵਨ ਦੇਣਾ ਹੈ। ਸੂਰਜ ਦੀ ਕਿਰਨ ਤੇ ਚੰਦ ਦੀ ਚਾਂਦਨੀ ਤਕ ਜਲ ਮੰਗਦੀਆਂ ਹਨ। ਸਵੇਰੇ ਸੂਰਜ ਦਾ ਸੌਣਾ ਤੇ ਰਾਤੀਂ ਚੰਦ ਦੀ ਚਾਨਣੀ ਤੇ ਚਾਂਦੀ ਇਹ ਆਪਣੀਆਂ ਨਿਹੰਗੀ ਲਹਿਰਾਂ ਵਿਚ ਬੇਅੰਤ ਉਡਾਂਦਾ ਜਾਂਦਾ ਹੈ; ਮੋਤੀ, ਲਾਲ, ਹੀਰੇ, ਪੰਨੇ, ਜਵਾਹਰਾਤ ਦੇ ਢੇਰਾਂ ਦੇ ਢੇਰ ਕਦਮ ਕਦਮ 'ਤੇ ਜਾਂਦਿਆਂ ਜਾਂਦਿਆਂ, ਟੁਰਦਿਆਂ ਟੁਰਦਿਆਂ ਸੁੱਟੀ ਜਾਂਦਾ ਹੈ। ਦੌਲਤ ਦੀ ਭੀ ਅਚਰਜ ਵਿਭੂਤੀ ਹੈ; ਜੋ ਵਗਦੇ ਜਲ ਵਿਚ ਇਹ ਸੋਨਾ, ਚਾਂਦੀ ਤੇ ਜਵਾਹਰਾਤ ਤੋਂ ਛਿਨ ਲੋਪ ਤੇ ਪ੍ਰਗਟ ਹੁੰਦੀ ਹੈ। ਜਲ ਜਿਹਾ ਅਮੀਰ ਕੋਈ ਨਹੀਂ। ਅਮੀਰੀ ਪਦਾਰਥਾਂ ਦੇ ਕੋਲ ਹੋਣ ਦਾ ਨਾਉਂ ਨਹੀਂ, ਅਮੀਰੀ ਤਾਂ ਹੁਕਮਨ ਪੈਦਾ ਕਰਨ ਤੇ ਮੁੜ ਦੇਣ ਦਾ ਬਲ ਹੈ। ਉਹ ਅਮੀਰ ਹੈ ਜੋ ਹਵਾ ਵਿਚ ਹੱਥ ਮਾਰਦਾ ਹੈ ਤੇ ਹਵਾ ਉਹਨੂੰ ਜੋ ਚਾਹੇ ਹਾਜ਼ਰ ਕਰਦੀ ਹੈ। ਉਹ ਮੁੱਠੀ ਭਰ ਭਰ ਅੱਗੇ ਸੜਕਾਂ, ਰਾਹਾਂ 'ਤੇ ਇਉਂ ਸੁੱਟੀ ਜਾਂਦਾ ਹੈ, ਜਿਵੇਂ ਹਾਲੀ ਦਾਣੇ ਖਿਲਾਰੀ ਜਾਂਦਾ ਹੈ। ਨਹੀਂ! ਇਉਂ ਸੁੱਟੀ ਜਾਂਦਾ ਹੈ, ਜਿਵੇਂ ਝੋਲੀਆਂ ਭਰੇ ਮੀਂਹ ਦੇ ਕਿਣਕੇ, ਸਿਆਲੇ ਦਾ ਮੀਂਹ ਸੁੱਟਦਾ ਹੈ। ਨਹੀਂ! ਜਿਵੇਂ ਸਾਵਨ ਦੀ ਘਟਾ, ਨਹੀਂ! ਇਉਂ ਜਿਵੇਂ ਸੁਹੱਪਣ ਸੁਹੱਪਣ ਦੱਸਦੀ ਜਾਂਦੀ ਹੈ, ਨੱਸਦੀ ਜਾਂਦੀ ਹੈ, ਦੇਂਦੀ ਜਾਂਦੀ ਹੈ। ਹਨੇਰੀ ਰਾਤ ਵਿਚ ਵਗਦੇ ਜਲ ਦੀ ਹੋਰ ਹੀ ਮਹਿਮਾ ਹੈ। ਕੇਵਲ ਇਕ ਇਹ ਯਾ ਫ਼ਕੀਰ, ਰਾਤ ਡੂੰਘੀ, ਡਰਾਵਨੀ ਕਾਲੀ ਰਾਤ ਦਾ ਪੂਰਾ ਸੈਲ ਕਰਦਾ ਹੈ। ਸਭ ਕੁਦਰਤੀ ਸੁੱਤੀ ਹੈ; ਇਹ ਜਾਗਦਾ ਹੈ। ਸਭ ਲਈ ਤਾਰਿਆਂ ਭਰੀ ਰਾਤ ਦੀ ਸੋਭਾ ਇਕ ਅਣਡਿੱਠੇ ਵਲਾਇਤ ਵਾਂਗੂ ਹੈ। ਕਿਸੀ ਨੂੰ ਕਾਲੀ ਰਾਤ ਦੀ ਸੁਹੱਪਣ ਤੇ ਭੇਤ, ਅਰਥ, ਜੀਵਨ ਦਾ ਪਤਾ ਹੀ ਨਹੀਂ। ਕੋਈ ਵਿਰਲਾ ਪਿਆਰ ਕੁੱਠਾ ਹੋਵੇ, ਜਿਹੜਾ ਕਾਲੀ ਰਾਤ ਨੂੰ ਤਾਰਿਆਂ ਦੀ ਮਦਦ ਵੇਖੇ, ਰਾਤ ਦੇ ਸੁਹੱਪਣ ਦੀ ਝਲਕ ਪਲਕ ਦਾ ਰਸ ਲਵੇ।



ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ॥ (ਸਲੋਕ ਫਰੀਦ ਜੀ, ਪੰਨਾ 1382)

ਕਾਲੀ ਰਾਤ ਵਿਚ ਅੱਖਾਂ ਨੂਟ ਕੇ, ਬਹਿਣਾ ਕੀ ਬੇਅਰਥ ਗੱਲ ਹੈ?

ਜਿੰਨਾ ਨੈਣ ਨੀਦ੍ਰਾਵਲੇ ਤਿੰਨਾ ਮਿਲਣੁ ਕੁਆਉ॥ (ਸਲੋਕ ਫਰੀਦ ਜੀ, ਪੰਨਾ 1382)

ਅੱਖਾਂ ਕਾਲੀ ਰਾਤ ਦੀ ਸੁਹੱਪਣ ਨੂੰ ਦਿਨ ਦਿਹਾੜੀ ਦੇਖਣ ਲਈ ਨੂਟੀਆਂ ਹਨ ਪਰ ਹੁਣ ਤਾਂ ਕਾਲੀ ਰਾਤ ਆਪ ਹੈ। ਵਗਦਾ ਜਲ ਆਪਣੇ ਨੈਣ ਖੋਲ੍ਹ ਲੰਮਾ ਪਿਆ ਰਾਤ ਦੇ ਕਾਲੇ ਕੇਸਾਂ ਵਿਚ ਲਟਕੇ ਤਾਰਿਆਂ ਨੂੰ ਦੇਖਦਾ ਹੈ। ਰਾਤ ਦੇ ਮੁਕਟ ਵਿਚ ਵੀ ਹੀਰੇ, ਹੀਰੇ ਹੀ ਹੀਰੇ ਹੋ ਗਏ। ਰਾਤ ਹੀਰਿਆਂ ਦੀ, ਇਹ ਕਾਲੀ ਰਾਤ ਰੱਬ ਦੀ ਖ਼ਜ਼ਾਨੇ ਦੀ ਕੋਠੜੀ ਦਿੱਸਦੀ ਹੈ। ਜਲ ਹੋਰੀ ਜਾਂਦੇ ਹਨ ਤੇ ਅਯਾਜ਼ ਵਾਂਗ ਨੰਗੇ ਹੋ ਰੋ ਰੋ ਕੇ ਹਜ਼ੂਰੀ ਵਿਚ ਸਿਜਦਾ ਕਰਦੇ ਹਨ। ਦਿਨ ਵੇਲੇ ਵੀ ਖੇਲ, ਚਾਨਣੀ ਨੂੰ ਵੀ ਦਰਸ਼ਨ, ਸੌਂਪੱਕਾ ਨ੍ਰਿਤਯ, ਪਰ ਕਾਲੀ ਰਾਤ ਨੂੰ ਵਗਦਾ ਜਲ ਨੰਗਾ। ਉਹੋ ਪੁਰਾਣੀ ਆਪਣੀ ਕਾਲੀ ਭੂਰੀ ਪਾ ਹੀਰਿਆਂ ਦੇ ਫ਼ਰਸ਼ ਉੱਤੇ ਬਹਿ ਕੇ ਸਿਜਦਾ ਗੁਜ਼ਾਰਦਾ ਤੇ ਪ੍ਰਣਾਮਾਂ ਕਰਦਾ ਹੈ, ਰੋਂਦਾ ਹੈ ਤੇ ਰੋ ਰੋ ਕੇ ਆਪਣੇ ਪਿਆਰੇ ਜਿਸ ਥੀਂ ਵਿਛੜਿਆ ਹੋਇਆ ਹੈ, ਉਸ ਨੂੰ ਯਾਦ ਕਰਦਾ ਹੈ। ਵਗਦਾ ਜਲ ਸਾਧ ਦੇ ਦਿਲ ਵਾਂਗ ਨਿਰਮਲ ਨਿਰੋਲ, ਅਕਸ ਪੈਂਦੇ ਹਨ, ਬੇਲ ਬੂਟੇ ਵਿਚੇ ਲਟਕੇ ਹਨ, ਸੂਰਜ-ਚੰਨ ਦਾ ਸਾਇਆ ਪੈਂਦਾ ਹੈ; ਕਈ ਮੂੰਹ- ਸ਼ੇਰ, ਚੀਤੇ, ਬੱਕਰੀ, ਭੇਡ ਤੇ ਪੰਛੀਆਂ ਦੇ ਮੂੰਹਾਂ ਦਾ ਅਕਸ ਪੈਂਦਾ ਹੈ। ਕਾਲੀ ਰਾਤ ਵਿਚ ਰੋ ਰੋ ਕੇ ਮਸੀਂ ਉਹੋ ਅਕਸ ਆਖੇਪ ਧੋਂਦਾ ਹੈ, ਮਸੀਂ ਮਸੀਂ ਕਿਧਰੇ ਖ਼ਜ਼ਾਨਿਆਂ ਵਾਲੇ ਦਾ ਇਕ ਝਲਕਾ ਵੱਜਦਾ ਹੈ ਤੇ ਜਲ ਮੁੜ ਪਵਿੱਤਰ ਹੋ ਕੇ ਸਵੇਰ ਨੂੰ ਮੁੜ ਰਾਤ ਤੇ ਮੁੜ ਖੇਡਾਂ ਦੇ ਹਾਸੇ ਤੇ ਕਲੋਲ! ਕੀ ਕਦੀ ਚੱਲਦੇ ਜਲ ਵਿਚ ਸਾਨੂੰ ਲੱਖਾਂ ਤਾੜੀਆਂ ਮਾਰਨ ਦੀ ਆਵਾਜ਼ ਨਹੀਂ ਆਉਂਦੀ। ਕੀ ਉਸ ਉਪਰੋਂ ਕਰੋੜਾਂ ਆਦਮੀਆਂ ਦੇ ਇਕ ਨਿੱਗਰ, ਧਾਤੀ ਖਿਲਖਿਲਾ ਕੇ ਹੱਸਣ ਦੀ ਆਵਾਜ਼ ਨਹੀਂ ਆਉਂਦੀ। ਹਾਂ, ਹਜ਼ਾਰਾਂ ਰੋਂਦੇ ਹੋਣੇ ਹਨ, ਪਰ ਹਾਸੇ ਦੀ ਆਵਾਜ਼ ਜਲ ਉਪਰੋਂ ਵਗਦੀ ਹੈ। ਸਫ਼ਰ ਕਰਨਾ ਜਲ ਦਾ, ਇਹ ਅੱਜ-ਕੱਲ੍ਹ ਦੇ ਮਜ਼ਹੂਲ (ਅਗਿਆਤ) ਸਫ਼ਰ ਕੀ? ਪੰਦਰਾਂ ਦਿਨਾਂ ਵਿਚ ਲੰਡਨ, ਨਹੀਂ ਨਹੀਂ, ਤਿੰਨ ਦਿਨ ਵਿਚ ਹਵਾਈ ਜਹਾਜ਼ ਲੈ ਜਾਂਦਾ ਹੈ। ਇਹ ਰੇਲਾਂ, ਮੋਟਰਾਂ, ਯੱਕੇ, ਬੱਘੀਆਂ ਸਾਡੇ ਵਹਿਸ਼ੀ ਹੋਣ ਜਾਣ ਦੇ ਚਿੰਨ੍ਹ ਹਨ। ਪਿਛਲੇ ਗੁਜ਼ਰੇ ਜ਼ਮਾਨਿਆਂ ਵਿਚ ਹੋਸ਼ ਵਾਲੇ ਦਾਨਾ ਲੋਕਾਂ ਨੇ ਸਫ਼ਰ ਕਰਨ ਦਾ ਤਰੀਕਾ ਵਗਦੇ ਜਲ ਥੀਂ ਸਿਖਿਆ ਹੋਸੀ। ਅੰਮ੍ਰਿਤ ਸਰੋਵਰ ਦੇ ਅਡੋਲ 'ਕਸਮਲ ਹਰਨ' ਅੰਮ੍ਰਿਤ ਨੂੰ ਜਾਣਾ ਤਾਂ ਆਪਣੇ ਪੈਰਾਂ 'ਤੇ। ਹਾਂ ਜੀ! ਨਰ ਨਾਰੀ ਨੇ ਗਾਉਂਦੇ ਜਾਣਾ, ਪੜ੍ਹਦੇ ਜਾਣਾ, ਕਦੀ ਗਿੜਦੇ ਖੂਹ ਨਾਲ ਗੱਲਾਂ, ਕਦੀ ਖੂਹ 'ਤੇ ਭਾਂਡੇ ਭਰਦਿਆਂ ਨਾਲ ਨੈਣਾਂ ਦੇ ਬਚਨ, ਹੱਥਾਂ ਵਿਚ ਪਾਣੀ ਪੀਣੇ, ਲੱਜਾਂ ਲੋਟਿਆਂ ਨਾਲ ਪਾਣੀ ਕੱਢਣਾ ਤੇ ਮੁੜ ਸਰੰਦੇ ਵਜਾਂਦਿਆਂ ਜਾਣਾ। ਕਦੀ ਸ਼ਹਿਰ ਵਿਚ ਡੇਰਾ ਤੇ ਕਦੇ ਗਰਾਂ ਵਿਚ, ਅੱਜ ਪਿੱਪਲ ਹੇਠ ਡੇਰਾ ਹੈ, ਤਾਂ ਕੱਲ੍ਹ ਤਾਰਿਆਂ ਹੇਠ ਕਾਲੀ ਰਾਤ ਮੈਦਾਨੀਂ ਡੇਰੇ ਹਨ। ਅੱਗ ਲਟ ਲਟ ਬਲਦੀ ਹੈ, ਧੂੰਆਂ ਅਸਮਾਨ ਵੱਲ ਜਾ ਰਿਹਾ ਹੈ, ਇਹ ਯਾਤਰੂਆਂ ਦੀ ਧੂਣੀ ਹੈ। ਇਥੇ ਹੀ ਪ੍ਰਸ਼ਾਦ ਬਣਦੇ ਹਨ। ਵਾਹਿਗੁਰੂ ਦਾ ਨਾਮ ਲੈ ਲੈ ਛਕਦੇ ਛਕਾਂਦੇ ਹਨ। ਵਾਹ ਯਾਤਰਾ ਸੈਲਾ ਇਹੋ ਜਿਹਾ ਹੋਇਆ ਜਿਹਾ ਸਾਡਾ ਜੀਵਨ ਆਪ ਹੈ। ਸਵੇਰੇ ਸੂਰਜ ਅਸਾਂ ਹਿਮਾਲਿਆ ਪਰਬਤ ਉਪਰ ਬਰਫ਼ਾਂ ਦੇ ਜਾ ਚਾੜ੍ਹਿਆ ਤੇ ਰਾਤੀਂ ਕਿਸੇ ਵਗਦੇ ਜਲ ਪਾਸ ਸੂਰਜ ਅਸਤ ਹੋਣ ਦੀ ਲਾਲੀ ਵਿਚ ਅਸਾਂ ਆਪਣੇ ਕਾਰਵਾਨ ਦੀ ਧੂਣੀ, ਅੱਗ ਦੀ ਲਾਲੀ, ਆਕਾਸ਼ ਦੀ ਲਾਲੀ ਵਿਚ ਮਿਲਾਈ।

ਦਰਿਆਵਾਂ ਵਿਚੋਂ ਲੰਘਣਾ, ਪਜਾਮੇ ਚੁੱਕ ਕੇ, ਦਿਲ ਧੜਕਦੇ ਵਾਹਿਗੁਰੂ ਵਾਹਿਗੁਰੂ ਕਰਦੇ ਇਕ ਦੂਜੇ ਨੂੰ ਪਕੜ ਕੇ ਇਕ ਬੱਧੀ ਮਜਲਿਸ ਵਿਚ ਲੰਘਣਾ। ਪੁਰਾਣੇ ਸਫ਼ਰਾਂ ਦਾ ਇਕ ਪਿਆਰ-ਨਾਮਾ ਲਿਖਣਾ ਸੀ। ਰੇਲ ਵਿਚ ਤਾਂ ਰਾਮ ਚੰਦਰ ਜੀ ਨੂੰ ਭੀਲਣੀ ਕਦੀ ਨਾ ਮਿਲਦੀ। ਰੇਲਾਂ ਮੋਟਰਾਂ ਵਿਚ ਸਫ਼ਰ ਕਰਦੇ ਜੀਵਨ ਦਾ ਫਲ ਸਾਨੂੰ ਕੋਈ ਵੀ ਨਹੀਂ ਲੱਗਦਾ।

ਕਦੀ ਰਾਤ ਕਿਥੇ ਆਵੇ, ਕਦੀ ਦਿਨ ਕਿਥੇ ਚੜ੍ਹੇ। ਕਦੀ ਭੁੱਖੇ ਕਦੀ ਪਿਆਸੇ, ਪਿੱਛੇ ਦੀਆਂ ਛਿੱਕਾਂ, ਅੱਗੇ ਦੀਆਂ ਤਾਂਘਾਂ, ਦਿਲ ਦੀਆਂ ਖੁੱਲ੍ਹੀਆਂ ਵਾਗਾਂ, ਖ਼ੁਸ਼ੀ ਦੀ ਨੁਹਾਰ ਵਾਲੀ ਉਦਾਸੀ, ਅਨਜਾਣ ਲੋਕਾਂ ਨਾਲ ਮੇਲ, ਆਪਣਿਆਂ ਥੀਂ ਵਿਛੋੜਾ; ਦਮ-ਬਦਮ ਦੀ ਅਰਦਾਸ, ਚਾਰ ਚੁਫੇਰੇ ਖ਼ਤਰਾ। ਬਸ 'ਜੀਵਨ ਵਾਲਿਆਂ' ਦੀ ਵਗਦੇ ਜਲ ਵਾਂਗੂ 'ਜੀਵ ਯਾਤਰਾ' ਹੁੰਦੀ ਹੈ।

ਕੁਦਰਤ ਦੇ ਭੇਤ ਇਸ ਵਗਦੇ ਜਲ ਦੇ ਸੀਨੇ ਵਿਚ ਖੁੱਲ੍ਹਦੇ ਹਨ। ਹਾਂ ਜੀ! ਪਰਤੱਖ ਹਨ।

ਦੁਨੀਆ ਦੀ ਸੈਲ ਇਨ੍ਹਾਂ ਨੈਣਾਂ ਵਿਚ ਨਹੀਂ; ਨਫ਼ਰਤ ਇਹਨਾਂ ਰੰਗਾਂ ਵਿਚ ਨਹੀਂ। ਕੀਰਤਨ ਹੱਡਾਂ ਵਿਚ ਚਲਦਾ ਹੈ। ਸਿਰ ਵਿਚ ਪਿਆਰ ਦਾ ਸੌਦਾ ਹੈ। ਮਸਤ ਦਰਿਆ ਚੱਲ ਰਿਹਾ ਹੈ। ਇਕ ਅਜੀਬ ਬਾਂਕਪਨ ਕੇਹਾ ਇਕੱਲਾ ਹੈ, ਜਿਸ ਦੇ ਆਸ-ਪਾਸ ਸਭ ਲੋਕਾਈ ਆਣ ਜੁੜਦੀ ਹੈ। ਬੇ-ਪ੍ਰਵਾਹ ਹੈ, ਖੁੱਲ੍ਹੇ ਰਉਂ ਹਨ, ਬੇ-ਪ੍ਰਵਾਹ ਹੈ, ਆਪਣੇ ਸ਼ਹੁ ਦਰਿਆ ਦੇ ਬਹਾਉ ਵਿਚ।

ਵਾਹ ਵਾਹ! ਵਗਦੇ ਵਹਿਣਾਂ, ਇਨ੍ਹਾਂ ਨੂੰ ਵੇਖ ਵੇਖ ਸਾਰਾ ਗੁਜ਼ਰਿਆ ਜ਼ਮਾਨਾ ਯਾਦ ਆਉਂਦਾ, ਜਿਵੇਂ ਕਦੀ ਗੁਜ਼ਰਿਆ ਹੀ ਨਹੀਂ ਸੀ। ਸਾਈਂ ਲੋਕ ਤਪ ਕਰਦੇ, ਪਦਮ ਆਸਨਾਂ ਵਿਚ ਦਿੱਸਦੇ ਹਨ, ਤਾੜੀ ਲੱਗੀ ਹੈ, ਬਭੂਤ ਰਮਾਈ ਹੈ, ਜਟਾਂ ਲਟਕ ਰਹੀਆਂ ਹਨ, ਬੁੱਧ ਜੀ ਦੇ ਭਿਖੂ ਅਸ਼ਨਾਨ ਕਰਦੇ ਦਿੱਸਦੇ ਹਨ, ਕਈ ਕਰਮੰਡਲ ਤੇ ਹੱਥ ਜਲ ਪੀਂਦੇ ਦਿਸੇ ਹਨ, ਕਈ ਹੋਰ ਰੰਗ ਹੋ ਲੰਘੇ ਤੇ ਕਈ ਕੁਟੀਆ ਤੇ ਕਈ ਭਗਤ ਦਿੱਸਦੇ ਹਨ, ਬਾਦਸ਼ਾਹ ਤੇ ਸੁਦਾਗਰ ਇਕੋ ਜਿਹੀ ਸਾਂਝੀ ਛਬੀ ਵਿਚ ਮੁੜ ਨਜ਼ਰੀਂ ਆਉਂਦੇ ਹਨ। ਹਾਂ ਜੀ! ਵਗਦਾ ਜਲ ਹੈ, ਜਿਸ ਦੇ ਕਿਨਾਰੇ ਗੁਰੂ ਨਾਨਕ ਨੇ ਭਾਗ ਲਾਏ, ਜਲ ਪਵਿੱਤਰ ਕੀਤੇ ਤੇ ਤ੍ਰਿਲੋਕੀ ਦੇ ਨਾਥ ਦੇ ਸੰਦੇਸ਼ੇ ਆ ਦਿੱਤੇ। ਜਲ ਵਿਚ ਚਲੇ ਗਏ ਜਲ ਨੂੰ ਤਾਰਦੇ। ਗੁਰੂ ਗ੍ਰੰਥ ਦਾ ਇਲਾਹੀ ਨਾਦ ਸੁਨਾਣ ਵਾਲੇ ਗੁਰੂ ਅਰਜਨ ਦੇ ਤੇ ਬਜਰੇ ਵਿਚ ਬੈਠ ਕੇ ਪਵਿੱਤਰ ਕਰ ਗਈ ਮਾਤਾ ਗੰਗਾ ਬਿਆਸ ਦੀ ਛਾਤੀ ਨੂੰ, ਤੇ ਚਲੀ ਗਈ ਪਿਆਰੇ ਦੇ ਦੇਸ਼, ਗੁਰੂ ਅਰਜਨ ਦੇ ਦੇਸ਼। ਹਾਂ! ਸਤਦ੍ਰਵ ਤੀਰ ਤਰੰਗ ਨੂੰ ਤਾਰ ਗਈ, ਅਨੂਠੀ ਛਬੀ ਦੇ ਜਮਨਾ ਨੂੰ, ਪਾਉਂਟਾ ਪੁਆ ਕੇ ਕਰ ਗਈ ਕ੍ਰਿਤਾਰਥ ਕਲਗੀਆਂ ਵਾਲੇ ਦੀ ਚਰਨ ਧੂੜ। ਕੀ ਵਗਦਾ ਜਲ ਹੀ ਤਾਂ ਉਹ ਸ਼ੀਸ਼ਾ ਨਹੀਂ, ਜਿਸ ਵਿਚ ਤ੍ਰਿਲੋਕੀ ਦੇ ਭੇਤ ਨਹੀਂ ਖੁੱਲ੍ਹਦੇ ਹਨ? ਹਾਂ ਬਈ, ਨਿਰਮਲ ਵਗਦੇ ਜਲ ਵਾਂਗੂ ਤੂੰ ਵੈਰ ਵਿਰੋਧ ਦੀ ਕਾਈ ਨਾ ਪੈਣ ਦੇਹ। ਸਰਲ, ਸਾਫ਼, ਦਮ-ਬਦਮ ਪਿਆਰੇ ਵੱਲ ਵਗਦਾ, ਪਿਆਰੇ ਦੇ ਗੁਣ ਗਾਂਦਾ, ਨਾਮ ਲੈਂਦਾ ਸਦਾ ਟੁਰਦਾ, ਨਿਰਇੱਛਤ, ਉਪਕਾਰੀ ਤਰਦਾ ਤਾਰਦਾ ਤੇ ਫੇਰ ਨੀਵਾਂ ਹੀ ਨੀਵਾਂ ਵਗਦਾ।

## ਸਮੁੰਦਰ ਬਾਰੇ ਪ੍ਰੋ. ਪੂਰਨ ਸਿੰਘ ਦੀ ਇਕ ਕਵਿਤਾ

**ਸਮੁੰਦਰ ਕਿਨਾਰੇ ਮੈਂ ਉਡੀਕਾਂ**

ਸਮੁੰਦਰ ਕਿਨਾਰੇ ਮੈਂ ਖੜ੍ਹੀ ਉਡੀਕਾਂ,
ਪਿਆਰੇ ਦਾ ਜਹਾਜ਼ ਕਦ ਆਵਸੀ?
ਮੈਨੂੰ ਉਦਾਸ ਖੜ੍ਹੀ ਨੂੰ ਦੇਖ,
ਸਾਰਾ ਸਮੁੰਦਰ ਆਇਆ,
ਡਿੱਗਿਆ ਪੈਰਾਂ ਵਿਚ,
ਤੇ ਛੋਹਵੇ ਮੇਰੇ ਪੈਰ ਆਪਣੀ ਅਯਾਲ ਨਾਲ।
ਪਰ ਮੈਂ ਵੇਖਦੀ ਦੂਰ, ਉਤਾਹਾਂ ਨੂੰ,
ਪਿਆਰੇ ਦਾ ਜਹਾਜ਼ ਕਦ ਆਵਸੀ?
ਸਮੁੰਦਰ ਵੱਲ ਮੈਂ ਧਿਆਨ ਨਾ ਕਰਦੀ,
ਸਮੁੰਦਰ ਮੇਰਾ ਕੀ ਲੱਗਦਾ?
ਮੈਨੂੰ ਸਮੁੰਦਰ ਦੀ ਲੋੜ ਕੀ?
ਮੈਂ ਦੇਖਦੀ ਦੂਰ ਅਗਾਹਾਂ ਨੂੰ,
ਸਮੁੰਦਰ ਥੀਂ ਪਾਰ,
ਪਿਆਰੇ ਦਾ ਜਹਾਜ਼ ਕਦ ਆਵਸੀ?

ਉਹ ਆਇਆ ਜਹਾਜ਼ ਪਿਆਰੇ ਦਾ ਲਹਿਰਾਂ 'ਤੇ ਟੁਰਦਾ,
ਜਹਾਜ਼ ਵਿਚ ਬੈਠਾ ਮੇਰੇ ਸਿਰ ਦਾ ਸਾਈਂ।
ਮੈਂ ਤਾਂ ਉਸ ਓੜ ਸਮੁੰਦਰ ਨੂੰ ਪਿਆਰਿਆ,
ਮੈਂ ਤਾਂ ਸਮੁੰਦਰ ਸਾਰੇ ਥੀਂ ਵਾਰੀ ਵਾਰੀ,
ਜਿਸ ਉੱਤੇ ਆਇਆ ਜਹਾਜ਼ ਉਹ ਪਿਆਰੇ ਦਾ।

ਮੈਂ ਤਾਂ ਘੋਲ ਘੁਮਾਈਆਂ ਸਮੁੰਦਰ ਸਾਰੇ ਦੇ ਪਾਣੀਆਂ
ਮੈਂ ਉਹਦੇ ਕੇਸਰੀ-ਸਿਰ 'ਤੇ ਹੱਥ ਫੇਰਦੀ।
ਮੈਨੂੰ ਉਹਦੀ ਸਿੰਘ-ਗਰਜ ਲੂੰਅ ਲੂੰਅ ਭਾਂਦੀ ਹੁਣ, ਜਿਗਰਾਂ ਵਿਚ ਚੁਭਦੀ।
ਮੈਂ ਮੱਲੋ ਮੱਲੀ ਸਮੁੰਦਰ-ਸਿੰਘ ਨੂੰ ਪਿਆਰਦੀ,
ਸਮੁੰਦਰ ਤਾਂ ਮੇਰਾ ਰੂਹ ਹੈ।
ਉਹ ਆਇਆ ਜਹਾਜ਼ ਪਿਆਰੇ ਦਾ ਸਮੁੰਦਰਾਂ 'ਤੇ ਟੁਰਦਾ।

# ਖੇਡਾਂ ਦਾ ਬੁਲਾਰਾ ਦਾਰਾ ਸਿੰਘ ਗਰੇਵਾਲ

ਪੰਜਾਬੀ ਖੇਡ ਸਾਹਿਤ 48



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕਿਲਾ ਰਾਏਪੁਰ ਦਾ ਦਾਰਾ ਗਰੇਵਾਲ ਖੇਡ ਪੱਤਰਕਾਰ ਵੀ ਹੈ ਤੇ ਖੇਡ ਬੁਲਾਰਾ ਵੀ। ਕਿਲਾ ਰਾਏਪੁਰ ਦੀਆਂ ਪੇਂਡੂ ਓਲੰਪਿਕ ਖੇਡਾਂ, ਸੌ ਤੋਲੇ ਸ਼ੁੱਧ ਸੋਨੇ ਦਾ ਭਗਵੰਤ ਮੈਮੋਰੀਅਲ ਹਾਕੀ ਕੱਪ, ਬੈਲ ਗੱਡੀਆਂ ਦੀਆਂ ਦੌੜਾਂ, ਸਟੰਟ ਖੇਡਾਂ ਅਤੇ ਖੇਡ ਮੇਲੇ ਦੇ ਦਿਲਚਸਪ ਬੁਲਾਰੇ ਦੂਰ-ਦੂਰ ਤਕ ਮਸ਼ਹੂਰ ਹਨ। ਕਬੱਡੀ ਦੀ ਕੁਮੈਂਟਰੀ ਦਾ ਤੋਰਾ ਕਿਲਾ ਰਾਏਪੁਰ ਦੀਆਂ ਖੇਡਾਂ ਤੋਂ ਹੀ ਤੁਰਿਆ ਸੀ। ਮਰਹੂਮ ਜੋਗਿੰਦਰ ਸਿੰਘ ਪੀ. ਟੀ. ਨੂੰ ਪੰਜਾਬੀ ਕੁਮੈਂਟਰੀ ਦਾ ਬਾਨੀ ਕਿਹਾ ਜਾਂਦਾ ਹੈ। ਦਾਰਾ ਸਿੰਘ ਗਰੇਵਾਲ ਕਈ ਵਰ੍ਹੇ ਉਹਦੀ ਸੰਗਤ ਵਿਚ ਰਿਹਾ ਤੇ ਉਹਦੇ ਹੱਥੋਂ ਹੀ ਮਾਈਕ ਫੜਿਆ। ਡਿਗਰੀਆਂ ਯੂਨੀਵਰਸਿਟੀਆਂ ਦੀਆਂ ਵੀ ਹੁੰਦੀਆਂ ਹਨ ਤੇ ਪਿੰਡਾਂ ਦੀਆਂ ਵੀ। ਜਿਵੇਂ ਮੈਂ ਯੂਨੀਵਰਸਿਟੀ ਦੀ ਐੱਮ. ਏ. ਕਰਨ ਦੇ ਨਾਲ ਢੁੱਡੀਕੇ ਪਾਸ ਹਾਂ, ਉਵੇਂ ਦਾਰਾ ਗਰੇਵਾਲ ਐੱਮ.ਪੀਐੱਡ. ਕਰਨ ਨਾਲ ਕਿਲਾ ਰਾਏਪੁਰ ਪਾਸ ਹੈ। ਕਦੇ ਮੈਂ ਲਿਖਿਆ ਸੀ:

ਜਿਨ੍ਹੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਹੀ ਨਹੀਂ। ਉਵੇਂ ਹੀ ਜਿਨ੍ਹੇ ਕਿਲਾ ਰਾਏਪੁਰ ਦੀਆਂ ਖੇਡਾਂ ਨਹੀਂ ਵੇਖੀਆਂ, ਉਨ੍ਹੇ ਕੁਝ ਵੀ ਨਹੀਂ ਵੇਖਿਆ। ਜਿਨ੍ਹੇ ਪੰਜਾਬੀ ਸਭਿਆਚਾਰ ਦੇ ਦਰਸ਼ਨ ਕਰਨੇ ਹੋਣ, ਉਹ ਕਿਲਾ ਰਾਏਪੁਰ ਦੀਆਂ ਖੇਡਾਂ ਵੇਖ ਲਵੇ। ਉਥੇ ਬੈਲ ਗੱਡੀਆਂ ਦੀ ਦੌੜ ਤੋਂ ਲੈ ਕੇ ਗਿੱਧੇ, ਗਤਕੇ ਤੇ ਤਲ਼ ਜਾਂਦੇ ਪਕੌੜਿਆਂ ਦੀ ਕਰਾਰੀ ਮਹਿਕ ਤਕ ਸਭ ਕੁਝ ਹੁੰਦਾ ਹੈ। ਕਿਧਰੇ ਕਬੱਡੀ ਹੁੰਦੀ ਹੈ, ਕਿਧਰੇ ਨੇਜ਼ਾਬਾਜ਼ੀ, ਕਿਧਰੇ ਬਾਜ਼ੀਗਰਾਂ ਦੀ ਬਾਜ਼ੀ ਤੇ ਮੁੰਡਿਆਂ ਕੁੜੀਆਂ ਦੀ ਹਾਕੀ। ਵਿਚੇ ਗੱਭਰੂ ਭੰਗੜੇ ਪਾਈ ਜਾਂਦੇ ਹਨ, ਮੁਟਿਆਰਾਂ ਗਿੱਧਾ ਤੇ ਵਿਚੇ ਊਠਾਂ-ਘੋੜਿਆਂ ਦੀ ਦੌੜ ਲੱਗੀ ਜਾਂਦੀ ਹੈ। ਕੋਈ ਬੋਰੀ ਚੁੱਕਦਾ ਹੈ, ਕੋਈ ਮੁਗਦਰ ਤੇ ਕੋਈ ਮੂੰਗਲੀਆਂ ਫੇਰੀ ਜਾਂਦਾ ਹੈ। ਦੌੜਾਂ ਲਾਉਣ ਵਾਲੇ ਟਰੈਕ ਨੂੰ ਸਾਹ ਨਹੀਂ ਲੈਣ ਦਿੰਦੇ। ਵਿਚੇ ਸਾਈਕਲ ਸਵਾਰ ਘੁਕਾਟ ਪਾਈ ਜਾਂਦੇ ਹਨ, ਖੱਚਰ ਰੇਹੜੇ ਦੌੜਦੇ ਤੇ ਸੁਹਾਗਾ ਦੌੜਾਂ ਲੱਗਦੀਆਂ ਹਨ। ਕਿਧਰੇ ਊਠ 'ਤੇ ਖੜ੍ਹਾ ਜੁਆਨ ਹਥੇਲੀ 'ਤੇ ਪਾਣੀ ਦਾ ਛੰਨਾ ਟਿਕਾਈ ਜਾਂਦਾ ਹੈ ਤੇ ਕਿਧਰੇ ਕੋਈ ਨਿਹੰਗ ਘੋੜਿਆਂ ਦੀ ਜੋੜੀ ਉਤੇ ਇਕ-ਇਕ ਪੈਰ ਰੱਖੀ ਜੋੜੀ ਨੂੰ ਸਿਰਪੱਟ ਦੌੜਾਈ ਜਾਂਦਾ ਦਿਸਦਾ ਹੈ। ਕੋਈ ਘੰਡੀ ਦੇ ਜ਼ੋਰ ਨਾਲ ਸਰੀਆ ਦੂਹਰਾ ਕਰਦਾ ਹੈ ਤੇ ਕਿਧਰੇ ਭੇਡੂਆਂ ਦਾ ਭੇੜ ਹੋਈ ਜਾਂਦਾ ਹੈ। ਝੰਡੇ ਝੂਲਦੇ ਤੇ ਰੰਗ ਬਰੰਗੇ ਗੁਬਾਰੇ ਅੰਬਰ ਰੰਗੀ ਰੱਖਦੇ ਹਨ। ਮੈਦਾਨ ਦੇ ਇਕ ਪਾਸੇ ਵੱਡੇ ਢਿੱਡਾਂ ਤੇ ਬੱਗੀਆਂ ਦਾੜ੍ਹੀਆਂ ਵਾਲੇ ਬਾਬੇ ਰੱਸਾਕਸ਼ੀ ਕਰਦਿਆਂ ਹੌਂਕ ਰਹੇ ਹੁੰਦੇ ਹਨ। ਨਾਲ ਦੀ ਨਾਲ ਦਾਰੇ ਹੋਰਾਂ ਦੀ ਕੁਮੈਂਟਰੀ ਗੂੰਜੀ ਜਾਂਦੀ ਹੈ:

-ਔਹ ਬੀਂਡੀ ਜੁੜਿਆ ਬਾਬਾ ਗੱਡੀ ਖੜ੍ਹਾ ਪੈਰ। ਲੈ ਇਹ ਨੀ ਹਿੱਲਦਾ ਹੁਣ…

-ਔਹ ਡਿਗ'ਪੀ ਝੰਡੀ, ਆਉਂਦੇ ਆ ਵਹਿੜੇ 'ਵਾ ਨੂੰ ਗੰਢਾਂ ਦਿੰਦੇ। ਹੋ'ਜੋ ਪਾਸੇ ਕੋਈ ਹੇਠਾਂ ਨਾ ਆ'ਜੇ…

-ਲੈ ਬਈ ਮੁੰਡਿਆ ਲਾ ਛਾਲ ਕਿ ਤੈਨੂੰ ਵੀ ਕੋਈ ਢੋਲ-ਢੂਲ ਆਲਾ ਚਾਹੀਦਾ…

-ਔਹ ਲੱਗ ਗਿਆ ਜੱਫਾ। ਆ'ਗੀ ਘੁਲਾੜੀ 'ਚ ਬਾਂਹ। ਭਲਾ ਘੁਲਾੜੀ 'ਚੋਂ ਬਾਂਹ ਵੀ ਕਦੇ ਨਿਕਲੀ ਐ…

-ਹੁਣ ਗਾਉਣ ਵਾਲੇ ਵੀ ਸਟਾਰਟਿੰਗ ਲਾਈਨ 'ਤੇ ਆ ਜਾਣ…

ਦਾਰਾ ਸਿੰਘ ਕੱਦ ਦਾ ਸਮੱਧਰ ਹੈ, ਪਰ ਬੁਲਾਰਾ ਬੜਾ ਕੱਦਾਵਰ ਹੈ। ਉਹਦਾ ਜਨਮ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਪਿਤਾ ਬਖਸ਼ੀਸ਼ ਸਿੰਘ ਦੇ ਘਰ 5 ਦਸੰਬਰ 1952 ਨੂੰ ਹੋਇਆ। ਉਸ ਦੇ ਪਿਤਾ ਜੀ ਲਗਭਗ ਤੀਹ ਸਾਲ ਰਾਏਪੁਰ ਦੀ ਖੇਡ ਕਲੱਬ ਦੇ ਖਜਾਨਚੀ ਰਹੇ। ਬਾਅਦ ਵਿਚ ਦਾਰਾ ਸਿੰਘ ਵੀ ਕਲੱਬ ਦਾ ਖਜਾਨਚੀ ਬਣਿਆ। ਉਨ੍ਹਾਂ ਦੇ ਘਰ ਖਿਡਾਰੀਆਂ ਤੇ ਸਾਂਝੇ ਕੰਮ ਕਰਨ/ਕਰਾਉਣ ਲਈ ਆਉਣ-ਜਾਣ ਵਾਲਿਆਂ ਦਾ ਮਾਹੌਲ ਬਣਿਆ ਰਹਿੰਦਾ ਸੀ। ਉਥੇ ਪਿੰਡ ਅਤੇ ਖੇਡਾਂ ਦੇ ਵਿਕਾਸ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਬਾਲਕ ਦਾਰੇ ਨੂੰ ਆਏ ਗਏ ਦੀ ਸੇਵਾ ਕਰਨ ਤੇ ਉਨ੍ਹਾਂ ਦੀਆਂ ਗੱਲਾਂ ਸੁਣਨ ਦੇ ਮੌਕੇ ਮਿਲਦੇ। ਪੀ. ਟੀ. ਜੋਗਿੰਦਰ ਸਿੰਘ ਦੇ ਆਉਣ ਨਾਲ ਉਹ ਬਖਸ਼ੀਸ਼ ਸਿੰਘ ਹੋਰਾਂ ਦਾ ਪਰਿਵਾਰਕ ਮੈਂਬਰ ਹੀ ਬਣ ਗਿਆ ਸੀ। ਉਹਦੀਆਂ ਲੱਛੇਦਾਰ ਗੱਲਾਂ ਨਿੱਕੇ ਹੁੰਦੇ ਦਾਰੇ ਦੇ ਕੰਨੀਂ ਪਈ ਗਈਆਂ, ਜੋ ਦੂਣ ਸਵਾਈਆਂ ਹੋ ਕੇ ਨਿਕਲੀਆਂ।

ਉਹ ਦਸਵੀਂ ਤਕ ਪਿੰਡ ਦੇ ਹਾਈ ਸਕੂਲ ਵਿਚ ਪੜ੍ਹਿਆ ਤੇ ਹਾਕੀ ਵੀ ਖੇਡਿਆ। ਬੀ. ਏ. ਨਾਰੰਗਵਾਲ ਦੇ ਕਾਲਜ ਤੋਂ ਕੀਤੀ ਅਤੇ ਡੀ. ਪੀਐੱਡ. ਤੇ ਐੱਮ.ਪੀਐੱਡ. ਅਮਰਾਵਤੀ ਤੋਂ। ਹਾਕੀ ਦੀ ਕੋਚਿੰਗ ਦਾ ਡਿਪਲੋਮਾ ਐੱਨ. ਆਈ. ਐੱਸ. ਪਟਿਆਲੇ ਤੋਂ ਕੀਤਾ। ਉਹ ਸਕੂਲ, ਕਾਲਜ ਤੇ ਯੂਨੀਵਰਸਿਟੀ ਵੱਲੋਂ ਹਾਕੀ ਖੇਡਿਆ। ਉਸ ਨੇ



ਦਾਰਾ ਸਿੰਘ ਗਰੇਵਾਲ

ਸੈਕਰਡ ਹਰਟ ਸਕੂਲ ਲੁਧਿਆਣੇ, ਸਰਕਾਰੀ ਸਕੂਲ ਢੰਡਾਰੀ ਤੇ ਸਰਕਾਰੀ ਕਾਲਜ ਲੁਧਿਆਣੇ ਕੱਚੀਆਂ ਨੌਕਰੀਆਂ ਕਰਨ ਪਿਛੋਂ ਸਰਕਾਰੀ ਹਾਈ ਸਕੂਲ ਲਲਤੋਂ ਵਿਚ ਡੀ. ਪੀ. ਈ. ਦੀ ਪੱਕੀ ਨੌਕਰੀ ਕੀਤੀ, ਪਰ ਅਸਲੀ ਸ਼ੌਕ ਕਿਲਾ ਰਾਏਪੁਰ ਦੀਆਂ ਖੇਡਾਂ ਕਰਾਉਣ ਦਾ ਪਾਲਿਆ। ਉਹ ਆਪ ਵੀ ਪੱਬਾਂ ਭਾਰ ਰਹਿੰਦਾ ਤੇ ਨਾਲਦਿਆਂ ਨੂੰ ਵੀ ਪੱਬਾਂ ਭਾਰ ਰੱਖਦਾ। ਕੁਮੈਂਟਰੀ ਕਰਨ ਮੌਕੇ ਪੀ. ਟੀ. ਸਾਹਿਬ ਨੇ ਉਹਨੂੰ ਆਪਣੇ ਨੇੜੇ ਖੜ੍ਹਾ ਲੈਣਾ ਤੇ ਹੱਲਾਸ਼ੇਰੀ ਦਿੰਦੇ ਰਹਿਣਾ। ਉਸਤਾਦ ਦੇ ਥਾਪੜੇ ਨਾਲ ਦਾਰਾ ਸਿੰਘ ਨੇ ਕਬੱਡੀ ਮੈਚਾਂ ਦੀ ਕੁਮੈਂਟਰੀ ਕਰਨੀ। ਉਸ ਨੇ ਦਰਸ਼ਕਾਂ ਨੂੰ ਕਬੱਡੀ ਦੀ ਖੇਡ ਦੇ ਨਾਲ-ਨਾਲ ਤੋਰੀ ਜਾਣਾ:

ਲਓ ਦੇਵੀ ਦਿਆਲ ਚੱਲਿਆ ਕੌਡੀ ਪਾਉਣ, ਗੋਰਾ ਨਿਛੋਹ ਰੰਗ, ਥੱਬੇ-ਥੱਬੇ ਦੇ ਪੱਟ, ਸਿਧਵਾਈ ਵਰਗੀਆਂ ਲੱਤਾਂ, ਪਾਇਆ ਚਿੱਟਾ ਕੱਛਾ, ਕੱਛੇ ਨੂੰ ਦਿੱਤਾ ਲਾਜਵਰ, ਔਹ ਲਾਇਆ ਹੱਥ ਤੇ ਆ ਗਿਆ ਆਪਣੇ ਪਾੜੇ। ਇਸ ਪ੍ਰੈਂਟ ਉਤੇ ਸੌ ਰੁਪਏ ਦਾ ਇਨਾਮ। 'ਸੌ ਰੁਪਏ' ਉਹ ਗੱਜ ਵੱਜ ਕੇ ਕਹਿੰਦਾ ਜੀਹਦੇ ਨਾਲ ਸੌ ਦੇਣ ਵਾਲੇ ਦਾ ਸੌ ਹੋਰ ਦੇਣ ਨੂੰ ਜੀਅ ਕਰਦਾ। ਇੰਜ ਉਹ ਖੇਡ ਉਤੇ ਨੋਟਾਂ ਦੀ ਵਰਖਾ ਕਰਵਾ ਦਿੰਦਾ। ਪੀ. ਟੀ. ਤੇ ਦਾਰਾ ਸਿੰਘ ਨੇ ਕਬੱਡੀ ਨਾਲ ਕੁਮੈਂਟਰੀ ਨੂੰ ਇਉਂ ਜੋੜਿਆ, ਜਿਵੇਂ ਗੀਤ ਨਾਲ ਸਾਜ਼ ਜੋੜੀਦੈ। ਕਈ ਕਿਲਾ ਰਾਏਪੁਰ ਦੀਆਂ ਖੇਡਾਂ ਵੇਖਣ ਸਿਰਫ ਕੁਮੈਂਟਰੀ ਸੁਣਨ ਜਾਂਦੇ। 1983 ਵਿਚ ਦਾਰੇ ਦਾ ਵੱਡੇ ਭਰਾ ਦੀ ਕੈਨੇਡੀਅਨ ਸਾਲੀ ਨਾਲ ਘਲੋਟੀ ਵਿਖੇ ਅਨੰਦ ਕਾਰਜ ਹੋਇਆ ਤੇ ਉਹ 1985 ਵਿਚ ਟੋਰਾਂਟੋ ਜਾ ਵਸਿਆ।

ਕੈਨੇਡਾ/ਅਮਰੀਕਾ ਵਿਚ ਉਹਦੀ ਕਿਲਾ ਰਾਏਪੁਰੀ ਕੁਮੈਂਟਰੀ ਦਾ ਸ਼ਾਇਦ ਪਤਾ ਨਾ ਲੱਗਦਾ, ਜੇ 1991 ਵਿਚ ਮੈਟਰੋ ਪੰਜਾਬੀ ਸਪੋਰਟਸ ਕਲੱਬ ਵਾਲੇ ਕੈਨੇਡਾ 'ਚ ਕਬੱਡੀ ਵਰਲਡ ਕੱਪ ਨਾ ਕਰਾਉਂਦੇ। ਮਿੱਤਰਾਂ ਨੇ ਦੱਸ ਪਾਈ ਕਿ ਮੈਚਾਂ ਨੂੰ ਦਿਲਚਸਪ ਬਣਾਉਣ ਲਈ ਦਾਰਾ ਸਿੰਘ ਤੋਂ ਕੁਮੈਂਟਰੀ ਕਰਵਾਓ। ਉਹ ਟੋਰਾਂਟੋ ਵਿਚ ਵੀ ਕਿਲਾ ਰਾਏਪੁਰ ਦਾ ਨਜ਼ਾਰਾ ਵਿਖਾ ਦੇਵੇਗਾ। ਪਹਿਲਾਂ ਕਿਲਾ ਰਾਏਪੁਰ ਦੀ ਰਵਾਇਤ ਸੀ ਕਿ ਉਥੋਂ ਦਾ ਕੁਮੈਂਟੇਟਰ ਕਿਤੇ ਹੋਰ ਕੁਮੈਂਟਰੀ ਨਹੀਂ ਸੀ ਕਰਦਾ, ਪਰ ਜਦੋਂ ਮੈਟਰੋ ਵਾਲਿਆਂ ਨੇ ਬੜੇ ਹੰਮੇ ਨਾਲ ਬੇਨਤੀ ਕੀਤੀ ਤਾਂ ਦਾਰਾ ਗਰੇਵਾਲ ਮੰਨ ਗਿਆ ਤੇ ਕੈਨੇਡਾ/ਅਮਰੀਕਾ 'ਚ ਪਹਿਲਾ ਕਬੱਡੀ ਕੁਮੈਂਟੇਟਰ ਸਥਾਪਿਤ ਹੋ ਗਿਆ। ਉਹਦੀ ਵਿਸ਼ੇਸ਼ ਗੱਲ ਇਹ ਰਹੀ ਕਿ ਉਸ ਨੇ ਪੈਸਿਆਂ ਪਿੱਛੇ ਕਬੱਡੀ ਦੀ ਕੁਮੈਂਟਰੀ ਨਹੀਂ ਕੀਤੀ, ਸਗੋਂ ਸ਼ੌਕੀਆ ਖੇਡ ਬੁਲਾਰੇ ਵਜੋਂ ਕੀਤੀ।

ਉਹ 1991 ਤੋਂ 2016 ਤਕ ਟੋਰਾਂਟੋ ਦੇ ਕਬੱਡੀ ਟੂਰਨਾਮੈਂਟਾਂ ਦੀ ਕੁਮੈਂਟਰੀ ਫੈਕਟਰੀ ਦੇ ਕੰਮ ਦੀਆਂ ਦਿਹਾੜੀਆਂ ਭੰਨ ਕੇ ਵੀ ਕਰਦਾ ਰਿਹਾ। ਵੈਨਕੂਵਰ ਤੇ ਕੈਲੀਫੋਰਨੀਆ ਵੀ ਜਾਂਦਾ ਰਿਹੈ। ਜਿਵੇਂ ਖਿਡਾਰੀ ਨੂੰ ਖੇਡ ਵਿਚੋਂ ਅਨੰਦ ਮਿਲਦਾ ਹੈ, ਉਵੇਂ ਉਸ ਨੂੰ ਕੁਮੈਂਟਰੀ ਕਰਨ ਦਾ ਸਰੂਰ ਚੜ੍ਹਦਾ ਰਿਹਾ। 1995 ਦੀ ਆਲਮੀ ਕਬੱਡੀ ਚੈਂਪੀਅਨਸ਼ਿਪ, ਟੋਰਾਂਟੋ ਲਾਗੇ ਹੈਮਿਲਟਨ ਦੇ ਇਨਡੋਰ ਕੌਪਸ ਕੋਲੀਜ਼ੀਅਮ ਵਿਚ ਹੋਈ ਤਾਂ ਪ੍ਰਬੰਧਕਾਂ ਨੇ ਕੁਮੈਂਟਰੀ ਲਈ ਦਾਰਾ ਸਿੰਘ ਤੇ ਮੇਰੀ ਡਿਊਟੀ ਲਾਈ। ਸਾਡੇ ਨਾਲ ਤੀਜਾ ਕੁਮੈਂਟੇਟਰ ਪਾਕਿਸਤਾਨੀ ਸ਼ਾਇਰ ਜਨਾਬ ਨਜ਼ੀਰ ਸਦਰ ਵੀ ਰਲ ਗਿਆ। ਮੈਂ ਆਖਦਾ, "ਲਓ ਚੜ੍ਹਦੇ ਪੰਜਾਬ ਦਾ ਕਬੱਡੀ ਦਾ ਚੜ੍ਹਦਾ ਸੂਰਜ ਹਰਜੀਤ ਬਰਾੜ, ਟੇਕ ਕੇ ਧਰਤੀ ਮਾਂ ਨੂੰ ਮੱਥਾ ਤੇ ਮੰਗ ਕੇ ਸੂਰਜ ਤੋਂ ਸ਼ਕਤੀ, ਚੱਲਿਆ ਪਾਉਣ ਕੌਡੀ। ਜੁਆਨ ਦੀ ਚੜ੍ਹਤ ਦੇਖੋ ਤੇ ਦੇਖੋ ਹੁੰਦਾ ਭੇੜ…।" ਨਜ਼ੀਰ ਸਦਰ ਪਾਕਿਸਤਾਨ ਦੇ ਖਿਡਾਰੀਆਂ ਦਾ ਨਾਂ ਬੜ੍ਹਕ ਮਾਰ ਕੇ ਲੈਂਦਾ, "ਅਸਲਮ ਡੋਗਰ, ਅਮੀਨ ਜੱਟ, ਜੰਜੂਆ, ਆਬਿਦ ਪੱਪੂ…।" ਦਾਰਾ ਸਿੰਘ ਤੇਜ਼-ਤਰਾਰ ਕੁਮੈਂਟਰੀ ਕਰਦਾ, "ਆ'ਗੀ ਘੁਲਾੜੀ 'ਚ ਬਾਂਹ, ਲੱਗ ਗਏ ਜਿੰਦੇ, ਬਣਾ'ਤਾ ਚੱਕਰਚੂੰਡਾ…।"

ਭੀਮਾ ਕੌਡੀ ਪਾਉਣ ਜਾਂਦਾ ਤਾਂ ਦਾਰਾ ਆਖਦਾ, "ਚੱਲਿਆ ਬਾਗਾਂ ਵਾਲੇ ਦਾ ਭੀਮਾ, ਰਸੇ ਹੋਏ ਅੰਬ ਵਰਗਾ। ਪਤੰਦਰ ਅੰਬਾਂ ਦਾ ਟੋਕਰਾ ਬੰਨੇ ਲਾ ਕੇ ਹਟਦਾ ਹੋਊ। ਜਿਵੇਂ ਕਹਿੰਦੇ ਆ ਮਹਾਂਭਾਰਤ ਦਾ ਭੀਮ ਸੈਨ ਸਾਰਾ ਕੁਛ ਸਮੇਟ ਜਾਂਦਾ ਸੀ, ਛੱਡਦਾ ਇਹ ਵੀ ਨ੍ਹੀਂ ਹੋਣਾ…।" ਉਹ ਚਲਦੀ ਖੇਡ ਵਿਚ ਰੰਗ ਭਰੀ ਜਾਂਦਾ, "ਲਓ ਬਿਜਲੀ ਬੋਰਡ ਦਾ ਮੰਗੀ ਕੌਡੀ ਪਾਉਣ ਚੱਲਿਆ। ਦੇਖਦੇ ਆਂ ਕੀਹਨੂੰ ਮਾਰਦਾ ਕਰੰਟ ਤੇ ਕੀਹਨੂੰ ਦਿੰਦਾ ਝਟਕਾ? ਔਹ ਮਾਰਿਆ ਚਲਾ ਕੇ ਸਵਰਨੇ ਨੂੰ। ਕਰ-ਤਾ ਫਸਟ ਏਡ ਦੇਣ ਵਾਲਾ! ਹੁਣ ਚੱਲਿਆ ਲਟੈਣ ਵਰਗਾ ਸ਼ੱਬਾ। ਖੜ੍ਹੇ ਆ ਅੱਗੇ ਬੁਰਜਾਂ ਅਰਗੇ ਗੱਭਰੂ। ਹਿਲਦੀ ਆ ਧਰਤੀ ਇਨ੍ਹਾਂ ਦੇ ਭਾਰ ਨਾਲ। ਔਹ ਲੜ ਗਿਆ ਕਾਲਾ, ਕਾਲੇ ਨਾਗ ਅੰਗੂੰ। ਮਾਰਿਆ ਫੜਕਾ ਕੇ, ਕਰ'ਤੀ ਕੰਡ ਝਾੜ। ਜ਼ੋਰ ਦੇਖੋ ਜੁਆਨਾਂ ਦਾ, ਚੁੰਘੀਆਂ ਬੂਰੀਆਂ ਝੋਟੀਆਂ, ਸਾਡੇ ਅੰਗੂੰ ਦੋ ਪਰਸੈਂਟ ਨ੍ਹੀਂ ਪੀਤਾ। ਤੋਲ'ਤਾ ਮੰਡੀ ਬੋਰਡ ਦੇ ਕੰਡੇ ਅੰਗੂੰ, ਮਾਰਿਆ ਮੱਕੀ ਦੇ ਪੂਲੇ ਅੰਗੂੰ ਚਲਾ ਕੇ…।"

ਟੋਰਾਂਟੋ ਤੋਂ ਬਾਅਦ ਅਸੀਂ ਕੈਲੀਫੋਰਨੀਆ ਦੇ ਕਬੱਡੀ ਕੱਪ ਸਮੇਂ ਫਿਰ 'ਕੱਠੇ ਹੋਏ। ਫਿਰ ਕਈ ਸਾਲਾਂ ਟੋਰਾਂਟੋ ਦੇ ਟੂਰਨਾਮੈਂਟਾਂ ਦੀ ਕੁਮੈਂਟਰੀ 'ਕੱਠੇ ਕਰਦੇ ਰਹੇ। ਮੈਨੂੰ ਦਾਰਾ ਗਰੇਵਾਲ ਬੜਾ ਜ਼ਹੀਨ, ਨਿਮਰ, ਸਹਿਨਸ਼ੀਲ, ਉਤਸ਼ਾਹੀ, ਪਰਉਪਕਾਰੀ, ਗੁਰਸਿੱਖ ਤੇ ਨਿਸ਼ਕਾਮ ਸੇਵਕ ਲੱਗਦਾ ਰਿਹਾ। ਅਜਿਹੇ ਇਨਸਾਨ ਅੱਜ ਕੱਲ੍ਹ ਦੀ ਨਿੱਜਵਾਦੀ ਦੁਨੀਆਂ ਵਿਚ ਵਿਰਲੇ ਹੀ ਮਿਲਦੇ ਹਨ। ਕਬੱਡੀ ਦੀ ਕੁਮੈਂਟਰੀ ਦੇ ਇਸ ਸ਼ਾਹ-ਅਸਵਾਰ ਨੂੰ ਮੈਟਰੋ ਸਪੋਰਟਸ ਕਲੱਬ ਤੇ ਓਂਟਾਰੀਓ ਕਬੱਡੀ ਕਲੱਬ ਨੇ ਸੋਨੇ ਦੇ ਮੈਡਲ ਪਹਿਨਾ ਕੇ ਮਾਣ ਬਖਸ਼ਿਆ। ਉਹਦਾ ਸਭ ਤੋਂ ਵੱਡਾ ਮਾਣ ਉਹਦੇ ਸਰੋਤੇ ਹਨ, ਜੋ ਉਹਦੀ ਤੇਜ਼-ਤਰਾਰ ਕੁਮੈਂਟਰੀ ਨਾਲ ਕਬੱਡੀ ਮੈਚਾਂ ਦਾ ਦੂਣਾ ਰਸ ਮਾਣਦੇ ਹਨ ਤੇ ਦਾਰੇ ਤੋਂ ਬਲਿਹਾਰੇ ਜਾਂਦੇ ਹਨ।

ਕਬੱਡੀ ਦੀ ਕੁਮੈਂਟਰੀ ਕਰਨ ਵਿਚ ਉਸ ਨੇ ਕਈ ਚੇਲੇ ਬਾਲਕੇ ਵੀ ਪੈਦਾ ਕੀਤੇ, ਜਿਨ੍ਹਾਂ 'ਚ ਸੁਖਚੈਨ ਬਰਾੜ ਵਾਹਵਾ ਮਸ਼ਹੂਰ ਹੋਇਆ। ਉਸ ਨੇ ਖੇਡ ਮੇਲਿਆਂ 'ਚ ਜੁੜੇ ਮੇਲੀਆਂ ਗੇਲੀਆਂ ਨੂੰ ਖੇਡ ਪੁਸਤਕਾਂ ਪੜ੍ਹਨ ਵੱਲ ਪ੍ਰੇਰਿਆ ਤੇ ਖੇਡ ਸਾਹਿਤ ਪ੍ਰਚਾਰਨ ਵਿਚ ਯੋਗਦਾਨ ਪਾਇਆ। ਉਸ ਨੇ ਖੇਡ ਪੱਤਰਕਾਰੀ ਵੀ ਕੀਤੀ, ਪਰ ਆਪਣੀ ਕੋਈ ਕਿਤਾਬ ਹਾਲੇ ਤਕ ਨਹੀਂ ਛਪਵਾਈ। ਉਸ ਨੇ ਕਿਲਾ ਰਾਏਪੁਰ ਦੀਆਂ ਖੇਡਾਂ ਦਾ ਇਤਿਹਾਸ, ਖੇਡਾਂ ਦੇ ਨਿੱਜੀ ਤਜਰਬੇ, ਪੇਂਡੂ ਖੇਡਾਂ ਦਾ ਸਰਦਾਰ ਪੀ. ਟੀ. ਜੋਗਿੰਦਰ ਸਿੰਘ, ਖੇਡਾਂ ਦਾ ਮੋਢੀ ਆਤਮਾ ਸਿੰਘ ਗਰੇਵਾਲ, ਊਠ ਦੌੜਾਂ ਦਾ ਸਰਦਾਰ ਸਿਕੰਦਰ ਸਿੰਘ, ਬੈਲ ਗੱਡੀਆਂ ਦਾ ਸ਼ਾਹ-ਅਸਵਾਰ ਬਖਸ਼ੀਸ਼ ਸਿੰਘ ਆਦਿ ਬਾਰੇ ਖੇਡ ਲੇਖ ਤੇ ਕੈਨੇਡਾ/ਅਮਰੀਕਾ ਦੇ ਅੱਖੀਂ ਵੇਖੇ ਅਨੇਕਾਂ ਖੇਡ ਮੇਲਿਆਂ ਦੀਆਂ ਦਿਲਚਸਪ ਰਿਪੋਰਟਾਂ ਅਖਬਾਰਾਂ ਵਿਚ ਛਪਵਾਈਆਂ। ਪੇਸ਼ ਹੈ, ਉਹਦੀ ਖੇਡ ਪੱਤਰਕਾਰੀ ਦੀ ਝਲਕ:

ਖੇਡਾਂ ਦਾ ਬੁਲਾਰਾ ਪੀ. ਟੀ. ਜੋਗਿੰਦਰ ਸਿੰਘ

ਪੰਜਾਬ ਦੇ ਪਿੰਡਾਂ ਦੀ ਗੱਲ ਕਰੀਏ ਤਾਂ ਉਥੋਂ ਦੇ ਛੈਲ-ਛਬੀਲੇ ਗੱਭਰੂ, ਬਾਂਕੀਆਂ ਨਾਰਾਂ ਤੇ ਚੌੜੀਆਂ ਛਾਤੀਆਂ ਵਾਲੇ ਨੌਜੁਆਨ ਬਾਬਿਆਂ ਦਾ ਜ਼ਿਕਰ ਵੀ ਆਉਂਦਾ ਹੈ। ਪੰਜਾਬੀਆਂ ਦੇ ਨਰੋਏ ਜੁੱਸਿਆਂ, ਰੱਜਵੀਆਂ ਖੁਰਾਕਾਂ, ਖੁੱਲ੍ਹੇ-ਡੁੱਲ੍ਹੇ ਸੁਭਾਅ, ਹਾਸੇ-ਖੇੜੇ, ਟੱਪੇ, ਬੋਲੀਆਂ, ਗਿੱਧੇ ਤੇ ਭੰਗੜੇ ਦੀ ਗੱਲ ਚਲਦੀ ਹੈ। ਜਵਾਨੀ ਮਸਤਾਨੀ ਹੋਈ ਘੋਲ ਘੁਲਦੀ ਤੇ ਖੇਡਾਂ ਖੇਡਦੀ ਹੈ। ਖੇਡਾਂ ਦੀ ਗੱਲ ਕਰੀਏ ਤਾਂ ਪੇਂਡੂ ਓਲੰਪਿਕ ਕਹੀਆਂ ਜਾਂਦੀਆਂ ਕਿਲਾ ਰਾਏਪੁਰ ਦੀਆਂ ਖੇਡਾਂ ਅੱਖਾਂ ਮੂਹਰੇ ਆ ਜਾਂਦੀਆਂ ਹਨ।

ਜਵਾਨੀ ਐਟਮੀ ਸ਼ਕਤੀ ਤੋਂ ਘੱਟ ਨਹੀਂ ਹੁੰਦੀ। ਸਵਾਲ ਹੈ, ਇਸ ਨੂੰ ਕਿਸ ਪਾਸੇ ਵਰਤਣਾ ਹੈ? ਇਹ ਜਾਣਨਾ ਸੁਲਝੇ ਹੋਏ ਦੂਰਦਰਸ਼ੀ ਤੇ ਸਮੇਂ ਦੀ ਨਬਜ਼ ਨੂੰ ਪਛਾਣਨ ਵਾਲੇ ਸ਼ਖਸਾਂ ਦੇ ਵੱਸ ਦੀ ਗੱਲ ਹੈ। ਮੈਂ ਇਕ ਬਹੁਪੱਖੀ ਇਨਸਾਨ, ਸਫਲ ਕਿਸਾਨ, ਤਕੜੇ ਖਿਡਾਰੀ, ਅਧਿਆਪਕ, ਖੇਡ ਪ੍ਰਬੰਧਕ ਤੇ ਪ੍ਰਭਾਵਸ਼ਾਲੀ ਖੇਡ ਬੁਲਾਰੇ ਦੀ ਗੱਲ ਕਰਨ ਲੱਗਾ ਹਾਂ, ਜਿਸ ਨੇ ਪੰਜਾਬ ਦੀਆਂ ਜੁਆਨੀਆਂ ਚਾਲੀ ਸਾਲ ਖੇਡਣ-ਮੱਲ੍ਹਣ, ਗਿੱਧਿਆਂ-ਭੰਗੜਿਆਂ ਤੇ ਸਿਹਤਾਂ ਬਣਾਉਣ ਵਿਚ ਰੁਝਾਈ ਰੱਖੀਆਂ। ਸਮੇਂ ਦੀਆਂ ਗਲਤ ਵਬਾਵਾਂ, ਨਸ਼ਿਆਂ ਤੇ ਸਮਾਜਕ ਕੁਰੀਤੀਆਂ ਤੋਂ ਬਚਾਉਣ ਲਈ ਭਾਖੜਾ ਡੈਮ ਵਰਗਾ ਕੰਮ ਕੀਤਾ। ਕਿਲਾ ਰਾਏਪੁਰ ਦੇ ਸ਼ਾਂਤ ਸੁਹਾਵਣੇ ਵਾਤਾਵਰਣ ਵਿਚ ਉਹਦੇ ਕਹੇ ਬੋਲ ਅਖਾਣਾਂ ਤੇ ਮੁਹਾਵਰੇ ਬਣ ਗਏ ਅਤੇ ਹਾਸੇ ਖੇੜੇ ਦੀ ਖੁਸ਼ਬੋ ਚਾਰ-ਚੁਫੇਰੇ ਵਾਤਾਵਰਣ ਵਿਚ ਰਚ-ਮਿਚ ਗਈ। ਉਹਦੇ ਬੋਲਾਂ ਦੀ ਗਵਾਹੀ ਅੱਜ ਵੀ ਇਲਾਕੇ ਦੇ ਝਾੜ-ਬੂਟ ਭਰਦੇ ਹਨ।

ਉਹ ਬੋਲਬਾਣੀ ਦਾ ਜਾਦੂਗਰ ਸੀ। ਹਜ਼ਾਰਾਂ ਲੋਕਾਂ ਦੇ 'ਕੱਠ ਨੂੰ ਘੰਟਿਆਂ ਬੱਧੀ ਮੈਸਮਰਾਈਜ਼ ਕਰੀ ਰੱਖਦਾ। ਉਹਦੀ ਕੁਮੈਂਟਰੀ ਸੁਣਦੇ ਲੋਕ ਦੁਨਿਆਵੀ ਝਮੇਲਿਆਂ ਨੂੰ ਭੁੱਲ ਕੇ ਖੇਡਾਂ ਦੇ ਮਾਹੌਲ ਵਿਚ ਗੁਆਚ ਜਾਂਦੇ ਸਨ। ਜੇ ਕੋਈ ਲੁਧਿਆਣੇ ਸ਼ਹਿਰ ਦੇ ਚੌੜੇ ਬਾਜ਼ਾਰ ਵਿਚ ਉਸ ਨੂੰ ਘੁੰਮਦਿਆਂ ਵੇਖ ਲੈਂਦਾ ਜਾਂ ਕਿਸੇ ਬੱਸ ਸਟਾਪ 'ਤੇ ਖੜ੍ਹੇ ਵੇਖਦਾ ਜਾਂ ਕਿਸੇ ਸੁਭਾਗ ਜੋੜੀ ਨੂੰ ਅਸ਼ੀਰਵਾਦ ਦਿੰਦਿਆਂ ਸੁਣਦਾ ਤਾਂ ਸੁਭਾਵਿਕ ਹੀ ਉਹਦੇ ਮੂੰਹੋਂ ਨਿਕਲ ਜਾਂਦਾ, "ਔਹ ਬਾਬਾ ਜੀ ਕਿਲਾ ਰਾਏਪੁਰ ਦੀਆਂ ਖੇਡਾਂ ਵਾਲੇ ਹਨ।" ਵਾਹ ਲੱਗਦੀ ਉਹ ਮੱਥਾ ਟੇਕ ਕੇ ਅਸੀਸ ਲੈਂਦੇ ਤੇ ਸੰਤੁਸ਼ਟ ਹੁੰਦੇ। ਜਦ ਖੇਡਾਂ ਹੁੰਦੀਆਂ ਤਾਂ ਸਾਰਾ ਮੇਲਾ ਪੀ. ਟੀ. ਸਾਹਿਬ ਦੇ ਬੋਲਾਂ ਦੁਆਲੇ ਘੁੰਮਦਾ ਰਹਿੰਦਾ। ਉਹ ਬਜ਼ੁਰਗਾਂ ਨਾਲ ਬਜ਼ੁਰਗ, ਜੁਆਨਾਂ ਨਾਲ ਜੁਆਨ ਤੇ ਹਾਣੀਆਂ ਨਾਲ ਹਾਣੀ ਬਣ ਕੇ ਵਿਚਰਦੇ। ਖਿਡਾਰੀਆਂ ਤੇ ਦਰਸ਼ਕਾਂ ਦੇ ਦਿਲਾਂ ਦੀ ਧੜਕਣ ਸਰਦਾਰ ਸਾਹਿਬ ਜੁਆਨਾਂ ਲਈ ਸਤਿਕਾਰਯੋਗ ਬਾਬਾ ਜੀ ਸਨ।

ਉਹਦੀ ਜੋਸ਼ੀਲੀ ਕੁਮੈਂਟਰੀ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀ ਤੇ ਸਾਧਾਰਨ ਮੈਚ ਨੂੰ ਵੀ ਕਾਂਟੇਦਾਰ ਬਣਾ ਦਿੰਦੀ ਹੈ। ਪੇਂਡੂ ਖੇਡਾਂ ਦਾ ਸਰਦਾਰ ਜੋਗਿੰਦਰ ਸਿੰਘ ਹਮੇਸ਼ਾ ਜੋਸ਼ ਨਾਲ ਹੀ ਬੋਲਦਾ ਸੀ। ਨਾਲ ਉਹ ਢੁਕਵੇਂ ਅਲੰਕਾਰ ਵੀ ਲਾਈ ਜਾਂਦਾ। ਵਿਚੇ ਇਲਾਕੇ ਦੀਆਂ ਕਹਾਵਤਾਂ ਤੇ ਲੋਕ ਗੀਤਾਂ ਦੇ ਟੱਪੇ ਜੜੀ ਜਾਂਦਾ। ਚਲਦੇ ਮੈਚ ਦਾ ਉਹ ਖੂਬ ਨਜ਼ਾਰਾ ਬੰਨ੍ਹਦਾ ਤੇ ਆਪਣੇ ਬੋਲਾਂ ਨਾਲ ਦਰਸ਼ਕਾਂ ਨੂੰ ਸਰਸ਼ਾਰ ਕਰਦਾ: ਔਹ ਚੱਲਿਆ ਲਾਲ ਕੱਛੇ ਵਾਲਾ ਗੱਭਰੂ ਕੌਡੀ ਪਾਉਣ, ਜੁਆਨ ਦੀ ਚੜ੍ਹਤ ਦੇਖੋ, ਮਾਰਦਾ ਪੱਟਾਂ 'ਤੇ ਥਾਪੀਆਂ, ਜਾਂਦਾ ਧਰਤੀ ਹਿਲਾਉਂਦਾ, ਦਿੰਦਾ ਗੇੜੇ 'ਤੇ ਗੇੜਾ, ਕਰੂ ਕੁਛ, ਖਾਲੀ ਨ੍ਹੀਂ ਮੁੜਦਾ, ਔਹ ਲਾ ਗਿਆ ਹੱਥ, ਨਹੀਂ ਰੀਸਾਂ ਜੁਆਨ ਦੀਆਂ। ਨਹੀਂ ਲੁਆਈ ਪਿੰਡੇ ਨੂੰ ਮਿੱਟੀ, ਦੌੜਦਾ ਬੁਲਟ ਵਾਂਗ, ਇਹ ਐ ਕੁੱਬਿਆਂ ਦਾ ਦੇਵੀ ਦਿਆਲ। ਆ ਬਈ ਅੱਟੇ ਆਲਿਆ, ਰੰਗ ਦਾ ਪੱਕਾ, ਲੱਠ ਵਰਗਾ ਸਰੀਰ, ਆਹ ਪੈ ਗਿਆ ਪੇਚਾ। ਪ੍ਰੈਂਟ ਅੱਟੇ ਆਲੇ ਦਾ। ਚੱਲ ਬਈ ਬਿਲਗੇ ਆਲਿਆ, ਗਾਂਹ ਵੀ ਬਿੱਲੂ ਰਾਜੇਆਣੀਆਂ ਖੜ੍ਹਾ, ਝੋਟਿਆਂ ਦਾ ਭੇੜ ਆ, ਮਣਾਂ-ਮੂੰਹੀਂ ਤਾਕਤ, ਮਾਰਦੇ ਆ ਧੌਲਾਂ, ਆ'ਗੀ ਘੁਲਾੜੀ 'ਚ ਬਾਂਹ, ਭਲਾ ਘੁਲਾੜੀ 'ਚੋਂ ਬਾਂਹ ਵੀ ਕਦੇ ਨਿਕਲੀ ਆ! ਉਹ ਕਹਿੰਦਾ ਜਾਣਾ, ਉਹ ਕਹਿੰਦਾ ਨਹੀਂ ਜਾਣ ਦੇਣਾ, ਹੁਣ ਤਾਂ ਡਾਢਾ ਈ ਜਾਣਦਾ ਬਈ ਕੀ ਹੋਊ? ਆ'ਗੀ ਵਾਰੀ ਤੋਖੀ ਐਟਮ ਦੀ, ਹਲਕਾ ਜੁੱਸਾ, ਪੈਰ ਧਰਤੀ 'ਤੇ ਨ੍ਹੀਂ ਲਾਉਂਦਾ, ਕਹਿੰਦਾ ਹਟ ਪਿੱਛੇ, ਟੱਪ ਗਿਆ ਸਾਰਿਆਂ ਦੇ ਉਤੋਂ ਦੀ, ਦਿੰਦਾ ਗੇੜਾ, ਨਹੀਂ ਜੰਮਿਆ ਅਜੇ ਤਕ ਕੋਈ ਇਹਨੂੰ ਰੱਖਣ ਵਾਲਾ। ਚੱਲਿਆ ਪ੍ਰੀਤਾ ਕੌਡੀ ਪਾਉਣ, ਜੈਵਲਿਨ ਥਰੋਅ ਦਾ ਨੈਸ਼ਨਲ ਚੈਂਪੀਅਨ, ਜੁਆਨ ਦਾ ਜੁੱਸਾ ਦੇਖੋ, ਮਸਲ ਲਿਸਕਦੇ, ਲਓ ਪੈ ਗਿਆ ਘਣਗਸਾਂ ਦਾ ਬੋਲਾ, ਲਾ'ਤੇ ਜਿੰਦੇ, ਕੁੰਢੀਆਂ ਦੇ ਸਿੰਗ ਫਸ'ਗੇ ਨਿੱਤਰੂ ਵੜੇਵੇਂ ਖਾਣੀ…।

ਕਲਕੱਤੇ ਦੇ ਡਰਾਈਵਰ ਚੀਰੇ ਬੰਨ੍ਹ ਕੇ ਤੇ ਚਾਦਰੇ ਲਾ ਕੇ ਖੇਡ ਮੇਲਾ ਵੇਖਣ ਆਉਂਦੇ। ਅੱਖਾਂ 'ਚ ਸੁਰਮਾ, ਕੰਨਾਂ 'ਚ ਨੱਤੀਆਂ, ਕੁੰਢੀਆਂ ਮੁੱਛਾਂ ਤੇ ਮਹਿਕਾਂ ਛੱਡਦਾ ਅਤਰ ਫੁਲੇਲ। ਉਹ ਬਾਬੇ ਜੋਗਿੰਦਰ ਸਿਓਂ ਦੇ ਗੜ੍ਹਕਦੇ ਬੋਲ ਕੰਨ ਲਾ ਕੇ ਸੁਣਦੇ ਤੇ ਖਿਡਾਰੀਆਂ ਉਤੇ ਰੁਪਈਆਂ ਦਾ ਮੀਂਹ ਵਰ੍ਹਾ ਦਿੰਦੇ। ਕਲਕੱਤੇ ਦੇ ਗਰੇਵਾਲ ਟਰਾਂਸਪੋਰਟਰ ਇਕ ਇਕ ਜੱਫੇ 'ਤੇ ਸੌ ਸੌ ਦੇ ਨੋਟ ਵਾਰਦੇ। ਸਭ ਤੋਂ ਪਹਿਲਾਂ ਸੌ ਰੁਪਏ ਦਾ ਇਨਾਮ ਬਿੱਲੂ ਰਾਜੇਆਣੀਏ ਨੂੰ ਮਿਲਿਆ ਸੀ। ਬਾਬਾ ਕੁਮੈਂਟਰੀ ਕਰਦਾ ਪਿੰਡਾਂ ਦਾ ਇਤਿਹਾਸ ਵੀ ਦੱਸੀ ਜਾਂਦਾ ਤੇ ਗਰੇਵਾਲਾਂ ਨੂੰ ਵਡਿਆਈ ਵੀ ਜਾਂਦਾ। ਖਿਡਾਰੀਆਂ ਦੀ ਉਸਤਤ ਕਰ ਕੇ ਤੇ ਇਨਾਮ ਦੇਣ ਵਾਲਿਆਂ ਦੀ ਵਡਿਆਈ ਕਰ ਕੇ ਉਹ ਏਨੇ ਇਨਾਮ ਦੁਆਉਂਦਾ ਕਿ ਖਿਡਾਰੀਆਂ ਦੀ ਸਾਲ ਭਰ ਦੀ ਖੁਰਾਕ ਦਾ ਬੰਨ੍ਹ-ਸੁੱਬ ਹੋ ਜਾਂਦਾ। ਕਿਸੇ ਦੇ ਸੱਟ-ਫੇਟ ਲੱਗ ਜਾਂਦੀ ਤਾਂ ਖੜ੍ਹੇ ਪੈਰ ਨੋਟਾਂ ਨਾਲ ਬੋਝੇ ਭਰਾ ਦਿੰਦਾ।

ਬੈਲ ਗੱਡੀਆਂ ਦੀ ਦੌੜ ਦਾ ਨਜ਼ਾਰਾ ਉਹ ਕਬੱਡੀ ਨਾਲੋਂ ਵੀ ਵਧੇਰੇ ਜੋਸ਼ ਨਾਲ ਵਿਖਾਉਂਦਾ। 'ਕੱਠ ਏਨਾ ਹੁੰਦਾ ਕਿ ਜੁਆਕ ਗੁਆਚ ਜਾਂਦੇ ਤੇ ਮਾਪੇ ਪੀ. ਟੀ. ਸਾਹਿਬ ਤੋਂ ਅਨਾਊਂਸ ਕਰਾਉਂਦੇ। ਅੱਗੋਂ ਬਾਬਾ ਆਖਦਾ, ਉਹ ਮੇਲਾ ਈ ਕਾਹਦਾ ਜਿਥੇ ਜੁਆਕ ਨਾ ਗੁਆਚਣ। ਫਿਰ ਮਾਪਿਆਂ ਨੂੰ ਕਹਿੰਦਾ, ਬਹਿ'ਜੋ ਮੇਰੇ ਕੋਲ, ਆਪੇ ਆ ਜਾਣਗੇ

(ਬਾਕੀ ਅਗਲੇ ਸਫੇ 'ਤੇ)



# ਇਕਬਾਲ ਰਾਮੂਵਾਲੀਆ ਸਿਮਰਤੀ ਗ੍ਰੰਥ ਪ੍ਰਕਾਸ਼ਿਤ

ਇਕਬਾਲ ਸਿੰਘ ਰਾਮੂਵਾਲੀਏ ਦੀ ਚੌਥੀ ਬਰਸੀ 'ਤੇ ਉਹਦੇ ਬਾਰੇ ਸਿਮਰਤੀ ਗ੍ਰੰਥ ਛਪਿਆ ਹੈ, ਜਿਸ ਵਿਚ ਸ਼ਰਧਾਂਜਲੀਆਂ, ਰਚਨਾ ਸਮੀਖਿਆ ਤੇ ਉਹਦੀਆਂ ਕੁਝ ਰਚਨਾਵਾਂ ਸ਼ਾਮਲ ਹਨ। ਉਸ ਨੇ ਪਹਿਲਾ ਸਾਹ 22 ਫਰਵਰੀ 1946 ਨੂੰ ਰਾਮੂਵਾਲੇ ਦੇ ਕੱਚੇ ਕੋਠੇ ਵਿਚ ਲਿਆ ਸੀ ਅਤੇ ਆਖਰੀ ਸਾਹ 17 ਜੂਨ 2017 ਨੂੰ ਟੋਰਾਂਟੋ ਦੇ ਪ੍ਰਿੰਸਿਜ਼ ਮਾਰਗਰੇਟ ਕੈਂਸਰ ਹਸਪਤਾਲ ਦੇ ਰੂਮ ਨੰਬਰ 1712 ਵਿਚ ਲਿਆ। ਜੰਮਣ ਵੇਲੇ ਫੱਗਣ ਦੀ ਕੋਸੀ ਰੁੱਤ ਸੀ ਤੇ ਚਲਾਣੇ ਵਾਲੇ ਦਿਨ ਹਾੜ੍ਹ ਦੀ ਤਪਦੀ ਧੁੱਪ। ਉਹਦੇ ਜਨਮ ਸਮੇਂ ਉਹਦੀ ਮਾਂ ਨੂੰ ਦੁੱਧ ਨਹੀਂ ਸੀ ਉੱਤਰ ਰਿਹਾ। ਜਨਮ ਤੋਂ ਲੈ ਕੇ

**ਪ੍ਰਿੰ. ਸਰਵਣ ਸਿੰਘ**
principalsarwansingh@gmail.com

ਡੇਢ ਸਾਲ ਤਕ ਉਹ ਗੁਆਂਢੀ ਮੁਸਲਮਾਨ ਸਮਦੂ ਦੀ ਬੇਔਲਾਦ ਔਰਤ ਗੁਜਰੀ ਦੇ ਦੁੱਧ 'ਤੇ ਪਲਿਆ। ਇਸੇ ਕਰਕੇ ਆਂਢੀ-ਗੁਆਂਢੀ ਉਸ ਨੂੰ 'ਗੁਜਰੀ-ਆਲਾ' ਕਹਿੰਦੇ ਰਹੇ। ਉਸ ਨੇ ਸਵੈ-ਜੀਵਨੀ 'ਸੜਦੇ ਸਾਜ਼ ਦੀ ਸਰਗਮ' ਦੇ ਪਹਿਲੇ ਕਾਂਡ ਦਾ ਨਾਂ ਹੀ 'ਗੁਜਰੀ ਮਰਦੀ ਨਹੀਂ' ਰੱਖਿਆ।

ਇਕਬਾਲ ਲੱਠਾ ਬੰਦਾ ਸੀ। ਕਮਾਲ ਦਾ ਕਲਾਕਾਰ। ਕਵੀ, ਕਵੀਸ਼ਰ, ਗਾਇਕ, ਸਾਜ਼ਿੰਦਾ, ਕਹਾਣੀਕਾਰ, ਨਾਵਲਕਾਰ, ਨਿਬੰਧਕਾਰ, ਮੀਡੀਆਕਾਰ, ਭਾਸ਼ਨਕਾਰ, ਅਧਿਆਪਕ ਤੇ ਸਮਾਜ ਸੇਵਕ-ਇਲੈਵਨ ਇਨ ਵਨ। ਉਸ ਨੂੰ ਅਨੇਕਾਂ ਨਾਂਵਾਂ ਨਾਲ ਬੁਲਾਇਆ ਜਾਂਦਾ ਸੀ। ਕੋਈ ਉਸ ਨੂੰ ਢੋਲ ਕਹਿੰਦਾ, ਕੋਈ ਮੱਲਾ, ਕੋਈ ਕਵੀਸ਼ਰ ਕਾ ਅਕਬਾਲ, ਕੋਈ ਇਕਬਾਲ ਗਿੱਲ, ਕੋਈ ਬਾਲੀ ਗਿੱਲ ਤੇ ਕੋਈ ਇਕਬਾਲ ਰਾਮੂਵਾਲੀਆ। ਗੋਰੇ ਉਹਦਾ ਨਾਂ ਇੱਕਬੈਲ ਗਿੱਲ ਲੈਂਦੇ। ਕੁਝ ਕਵਿਤਾਵਾਂ ਉਸ ਨੇ ਐੱਸ. ਇਕਬਾਲ ਨਾਂ ਹੇਠ ਵੀ ਛਪਵਾਈਆਂ। ਉਸ ਦੇ ਅੱਧੀ ਦਰਜਨ ਤੋਂ ਵੱਧ ਨਾਂਵਾਂ ਵਿਚ ਇਕ ਨਾਂ 'ਗੁਜਰੀ-ਆਲਾ' ਵੀ ਬੋਲਦਾ ਰਿਹਾ। ਰਛਪਾਲ ਗਿੱਲ ਦਾ ਉਹ ਇਕਬਾਲ ਬਾਈ ਸੀ ਤੇ ਸੁਖਸਾਗਰ ਦਾ ਮੇਰਾ ਇਕਬਾਲ। ਬਾਪੂ ਕਰਨੈਲ ਸਿੰਘ ਪਾਰਸ ਦਾ ਢੋਲਾ ਤੇ ਬੇਬੇ ਦਲਜੀਤ ਕੌਰ ਦਾ ਅਕਬਾਲ ਸਿਓਂ। ਸਾਡਾ ਉਹ ਮੋਹਖੋਰਾ ਰਾਮੂਵਾਲੀਆ ਬੇਲੀ ਸੀ।

ਗੁਜਰੀ, ਜੀਹਦਾ ਦੁੱਧ ਇਕਬਾਲ ਦੇ ਲਹੂ ਵਿਚ ਰਚ ਚੁਕਾ ਸੀ, ਹਿੰਦ-ਪਾਕਿ ਦੀ 'ਆਜ਼ਾਦੀ' ਦੀ ਬਰਬਾਦੀ ਵਿਚ ਮਾਰੀ ਗਈ। ਪਾਰਸ ਪਰਿਵਾਰ ਨੇ ਉਸ ਨੂੰ ਬਚਾਉਣ ਦੀ ਪੂਰੀ ਵਾਹ ਲਾਈ, ਪਰ ਉਹ ਗੁਜਰੀ ਨੂੰ ਬਚਾ ਨਾ ਸਕਿਆ। ਮੁਸਲਮਾਨੀ ਗੁਜਰੀ ਦਾ ਦੁੱਧ ਚੁੰਘ ਕੇ ਇਕਬਾਲ ਧਰਮਾਂ-ਜਾਤਾਂ ਦੀ ਜਕੜ ਤੋਂ ਆਜ਼ਾਦ ਸੈਕੂਲਰ ਇਨਸਾਨ ਤੇ ਤਰਕਸ਼ੀਲ ਵਿਦਵਾਨ ਬਣਿਆ। ਉਹ ਹੋਰ ਵੀ ਬਹੁਤ ਕੁਝ ਬਣਿਆ। ਉਹਦੀ ਬੇਬੇ ਦੱਸਦੀ ਹੁੰਦੀ ਸੀ, "ਪੁਲਸੀਆਂ ਦੀ ਧਾੜ ਜਦੋਂ ਤੂੜੀ ਵਾਲੇ ਕੋਠੇ 'ਚ ਵੜੀ, ਪਿੱਛੇ-ਪਿੱਛੇ ਮੈਂ ਤੇ ਤੇਰਾ ਬਾਪੂ ਸੀ। ਤੂੰ, ਕਾਕਾ, ਗੁਜਰੀ ਦੇ ਪੱਟਾਂ 'ਤੇ ਸੁੱਤਾ ਪਿਆ ਸੀ। ਸਿਪਾਹੀ, ਅਕਬਾਲ ਸਿਆਂ, ਗੁਜਰੀ ਨੂੰ ਤੇਰੇ ਸਮੇਤ ਈ ਧੂਹ ਕੇ ਜੀਪ ਕੋਲ ਲੈ ਗਏ। ਮੈਂ ਤੇ ਤੇਰਾ ਬਾਪੂ ਮਗਰੇ-ਮਗਰ, 'ਛੱਡ ਦਿਓ ਅਬਲਾ ਨੂੰ, ਜ਼ਾਲਮੋ!' ਮੈਨੂੰ ਮੇਰੀ ਮਾਂ ਦੀਆਂ ਕੂਕਾਂ ਸੁਣਾਈ ਦੇਣ ਲੱਗੀਆਂ, 'ਦੇਖਿਓ ਮੇਰਾ ਮੁੰਡਾ ਨਾ ਮਾਰ ਦਿਓ!' ਦੋ-ਤਿੰਨ ਸਿਪਾਹੀਆਂ ਨੇ ਗੁਜਰੀ ਦੀਆਂ ਬਾਹਾਂ ਮਰੋੜ ਕੇ ਮੈਨੂੰ ਉਸ ਦੀ ਬੁਕਲ 'ਚੋਂ ਮੂਲੀ ਵਾਂਗ ਪੱਟ ਲਿਆ। ਜੀਪ ਦਾ ਪਿਛਲਾ ਹਿੱਸਾ ਹੇਠਾਂ ਨੂੰ ਡਿੱਗਿਆ, ਤੇ ਜੀਪ 'ਚ ਸੁੱਟੀਆਂ ਪਾਕਿਸਤਾਨ ਦੀਆਂ ਦੋ ਫਾਕੜਾਂ ਭੀੜ ਦੀਆਂ ਨਜ਼ਰਾਂ ਤੋਂ ਉਹਲੇ ਹੋ ਗਈਆਂ। ਉਹ... ਉਹ ਬੱਸ... ਜੀਪ 'ਚ ਹੀ ਪੂਰੀ ਹੋ ਗਈ!"

'ਕੱਲੀ ਰਾਮੂਵਾਲੇ ਦੀ ਗੁਜਰੀ ਹੀ ਨਹੀਂ, ਪੰਜਾਬ ਦੀਆਂ ਲੱਖਾਂ ਗੁਜਰੀਆਂ ਆਜ਼ਾਦੀ ਦੇ ਨਾਂ ਉਤੇ ਪੰਜਾਬ-ਵੰਡ ਦੀ ਭੇਟਾ ਚਾੜ੍ਹ ਦਿੱਤੀਆਂ ਗਈਆਂ, ਜਿਨ੍ਹਾਂ ਦੇ ਵੈਣ ਅੰਮ੍ਰਿਤਾ ਪ੍ਰੀਤਮ ਨੇ 'ਅੱਜ ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਲਿਖ ਕੇ ਪਾਏ। ਉਹ ਵੈਣ ਇਕਬਾਲ ਦੀ ਕਵਿਤਾ ਵਿਚ ਵੀ ਸੁਲਘਦੇ ਰਹੇ। ਉਸ ਦੇ ਪਹਿਲੇ ਕਾਵਿ-ਸੰਗ੍ਰਹਿ ਦਾ ਨਾਂ ਹੀ 'ਸੁਲਘਦੇ ਅਹਿਸਾਸ' ਹੈ। 1947 ਵਿਚ ਜਿੰਨਾ ਉਪੱਦਰ ਮਜ਼ਬੀ ਜਨੂੰਨੀਆਂ ਨੇ ਆਪਣੇ ਹਮਸਾਇਆਂ ਉਤੇ ਢਾਹਿਆ, ਸ਼ਾਇਦ ਹੀ ਕਿਤੇ ਹੋਰ ਢਾਹਿਆ ਗਿਆ ਹੋਵੇ। ਧਰਮ ਦੇ ਨਾਂ 'ਤੇ ਰਾਜਨੀਤੀ ਕਰਦੇ ਸਿਆਸਤਦਾਨਾਂ ਅਤੇ ਛੁਰੇ/ਤ੍ਰਿਸ਼ੂਲ/ਕਿਰਪਾਨਾਂ ਚਲਾਉਂਦੇ ਜਨੂੰਨੀਆਂ ਤੋਂ ਦੁਖੀ ਹੋਏ ਇਕਬਾਲ ਨੇ ਮਰਗ ਦੇ ਬਿਸਤਰੇ 'ਤੇ ਪਿਆਂ ਪਰਿਵਾਰ ਨੂੰ ਕਹਿ ਦਿੱਤਾ ਸੀ ਕਿ ਮੇਰੇ ਮਰਨ 'ਤੇ ਕੋਈ ਧਾਰਮਿਕ ਰਸਮ ਰੀਤ ਨਾ ਕੀਤੀ ਜਾਵੇ। ਜੇ ਕੀਤੀ ਤਾਂ ਮੈਂ ਸਮਝਾਂਗਾ ਮੈਨੂੰ ਦੁਬਾਰਾ ਮਾਰਿਆ ਜਾ ਰਿਹੈ!

25 ਜੂਨ 2017 ਨੂੰ ਬਰੈਂਪਟਨ ਦੇ ਕਰੇਟੋਰੀਅਮ ਵਿਚ ਉਹਦੇ ਫਿਊਨਰਲ ਸਮੇਂ ਕੋਈ ਧਾਰਮਿਕ ਰਸਮ ਰੀਤ ਨਹੀਂ ਸੀ ਕੀਤੀ ਗਈ। ਵੱਡੀ ਗਿਣਤੀ ਵਿਚ ਪਹੁੰਚੇ ਉਹਦੇ ਪਿਆਰਿਆਂ ਨੂੰ ਮਾਤਮੀ ਧੁਨ ਸੁਣਾਉਣ, ਇਕਬਾਲ-ਰਛਪਾਲ ਦੀ ਆਵਾਜ਼ ਵਿਚ ਰਿਕਾਰਡ ਕੀਤੀ ਕਵੀਸ਼ਰੀ 'ਜੱਗ ਜੰਕਸ਼ਨ ਰੇਲਾਂ ਦਾ' ਤੇ 'ਦੁਨੀਆ ਚਹੁੰ ਕੁ ਦਿਨਾਂ ਦਾ ਮੇਲਾ' ਗਾਉਣ ਅਤੇ ਵਰਿਆਮ ਸੰਧੂ ਤੇ ਸੁਰਿੰਦਰ ਧੰਜਲ ਵੱਲੋਂ ਭਾਵਭਿੰਨੀਆਂ ਸ਼ਰਧਾਂਜਲੀਆਂ ਦੇਣ ਉਪਰੰਤ ਦੇਹ ਅਗਨੀ ਦੇ ਹਵਾਲੇ ਕਰ ਦਿੱਤੀ ਗਈ ਸੀ।

ਵਰਿਆਮ ਸਿੰਘ ਸੰਧੂ ਨੇ ਕਿਹਾ ਸੀ, "ਸਾਡਾ ਇਕਬਾਲ ਅਜੇ ਸੱਤਰਾਂ ਬਹੱਤਰਾਂ ਸਾਲਾਂ ਦਾ ਕਿਥੇ ਹੋਇਆ ਸੀ! ਅਜੇ ਤਾਂ ਉਹਦੀ ਰੂਹ, ਵਿਚਾਰ ਤੇ ਵਿਹਾਰ ਅੰਦਰ ਜਵਾਨੀ ਦਾ ਜੋਸ਼ ਠਾਠਾਂ ਮਾਰ ਰਿਹਾ ਸੀ। ਅਜੇ ਤਾਂ ਉਹਦੇ ਅੰਦਰ ਤਰਕਸੰਗਤ, ਸੰਤੁਲਿਤ ਤੇ ਸ਼ਕਤੀਸ਼ਾਲੀ ਸੋਚਾਂ ਦੀ ਲਿਸ਼ਕ ਲਿਸ਼ ਲਿਸ਼ ਲਿਸ਼ਕਦੀ ਪਈ ਸੀ। ਅਜੇ ਤਾਂ ਉਹਦੇ ਅੰਦਰ ਨੱਕੋ-ਨੱਕ ਭਰਿਆ, ਉਮਲਦਾ-ਉਛਲਦਾ ਤੇ ਬੇਰੋਕ ਵਗਦਾ ਮੁਹੱਬਤ ਦਾ ਦਰਿਆ ਛਲ ਛਲ ਛਲਕਦਾ ਪਿਆ ਸੀ। ਅਜੇ ਤਾਂ ਉਹਦੇ ਬੋਲਾਂ ਵਿਚਲੀ 'ਸੱਚ ਸੁਣਾਇਸੀ ਸੱਚ ਕੀ ਬੇਲਾ' ਵਾਲੀ ਗੜ੍ਹਕ ਜਿਉਂ ਦੀ ਤਿਉਂ ਕਾਇਮ ਸੀ। ਅਜੇ ਤਾਂ ਉਹਦੀ ਕਲਮ ਵਿਚਲੀ ਲੋਹੜੇ ਦੀ ਜਵਾਨੀ




ਅੰਗੜਾਈਆਂ ਭਰ ਰਹੀ ਸੀ ਤੇ ਸ਼ਬਦ-ਸਿਰਜਣਾ ਦਾ ਜਲੌਅ ਦਗ ਦਗ ਦਗਦਾ ਪਿਆ ਸੀ ਕਿ ਉਹ ਇਹ ਸਾਰਾ ਕੁਝ ਆਪਣੇ ਨਾਲ ਲੈ ਕੇ ਅਚਨਚੇਤ ਅਲੋਪ ਹੋ ਗਿਆ। ਅਜੇ ਤਾਂ ਉਹਨੇ ਮੇਰੇ ਆਖੇ ਲਿਖੀ ਆਪਣੀ ਸਵੈ-ਜੀਵਨੀ ਦਾ ਤੀਜਾ ਭਾਗ ਲਿਖਣਾ ਸੀ ਤੇ ਜਿਸ ਬਾਰੇ ਉਹਨੇ ਮਹੀਨਾ ਪਹਿਲਾਂ ਆਪਣੀ ਮਿੱਠਬੋਲੜੀ ਜ਼ਬਾਨ ਵਿਚ ਕਿਹਾ ਸੀ, 'ਵੀਰ ਜੀ! ਛੇਤੀ ਹੀ ਤੁਹਾਨੂੰ ਨਵਾਂ ਚੈਪਟਰ ਲਿਖ ਕੇ ਭੇਜਾਂਗਾ।' ਉਹਨੇ ਜਾਣਾ ਤਾਂ ਸੀ, ਪਰ ਉਹ ਆਪਣੇ ਨਾਲ ਕਿਹੜੇ ਕਿਹੜੇ ਰੰਗ ਤੇ ਕਿਹੜੀਆਂ ਰੌਸ਼ਨੀਆਂ ਲੈ ਗਿਆ, ਇਸ ਦਾ ਅਨੁਮਾਨ ਲਾਉਣਾ ਬਹੁਤ ਔਖਾ ਏ।"

ਏਕ ਮੁਸਾਫਿਰ ਦੇ ਸਫਰ ਜੈਸੀ ਹੈ ਸਭ ਕੀ ਦੁਨੀਆਂ
ਕੋਈ ਜਲਦ ਮੇਂ ਕੋਈ ਦੇਰ ਮੇਂ ਜਾਨੇ ਵਾਲਾ।
ਉਸੇ ਰੁਖਸਤ ਤੋ ਕੀਆ, ਹਮੇਂ ਮਾਅਲੂਮ ਨਾ ਥਾ
ਘਰ ਸਾਥ ਹੀ ਲੇ ਗਿਆ, ਘਰ ਛੋੜ ਕੇ ਜਾਨੇ ਵਾਲਾ।

ਇਸ ਸੰਸਾਰ ਦੇ ਜੱਗ-ਜੰਕਸ਼ਨ ਨੂੰ ਉਹ ਸਦਾ ਲਈ ਅਲਵਿਦਾ ਆਖ ਗਿਆ। ਉਬਾਲੇ ਖਾਂਦੇ ਵਿਚਾਰਾਂ ਵਾਲਾ, ਲਟ ਲਟ ਮਘਦੇ ਜਜ਼ਬਿਆਂ ਦਾ ਸੇਕ ਛੱਡਣ ਵਾਲਾ ਖੌਲਦਾ ਸਮੁੰਦਰ ਸਦਾ ਲਈ ਸ਼ਾਂਤ ਹੋ ਗਿਆ। ਇਕ ਦਹਿਕਦਾ ਸੂਰਜ ਬਰਫ ਦੇ ਗੋਲੇ ਦੀ ਕੇਸਰੀ ਟਿੱਕੀ ਵਾਂਗ ਖੁਰ ਕੇ ਅਲੋਪ ਹੋ ਗਿਆ ਤੇ ਆਪਣੇ ਵਿਚਾਰਾਂ ਦਾ ਕਿਰਮਚੀ ਰੰਗ ਬਿਖੇਰ ਡੂੰਘੇ ਹਨੇਰਿਆਂ ਵਿਚ ਨਿਵਾਸ ਕਰਨ ਲਈ ਜਾ ਬੈਠਾ ਏ। ਉਹ ਤਾਂ ਚਲਾ ਗਿਆ ਏ, ਪਰ ਕੀ ਸਾਡੇ ਦਿਲਾਂ ਵਿਚੋਂ ਵੀ ਉਹ ਕਿਤੇ ਜਾ ਸਕਦਾ ਏ!

ਲਾ ਕੇ ਸਰ 'ਚੋਂ ਇਕ ਡੁਬਕਣੀ
ਪੰਛੀ ਕਦੋਂ ਦਾ ਉੱਡ ਗਿਆ,
ਪਾਣੀ ਤਾਂ ਪਰ ਕੰਬਦਾ ਰਹੇਗਾ
ਦੇਰ ਤੱਕ...।

ਇਕਬਾਲ ਕੀ ਨਹੀਂ ਸੀ? ਪਿਆਰਾ ਪਤੀ ਤੇ ਪਿਤਾ ਸੀ। ਭਰਾਵਾਂ ਦੀ ਬਾਂਹ। ਭੈਣਾਂ ਦਾ ਛਿੰਦਾ ਵੀਰ। ਸੰਸਾਰ ਪੱਧਰ 'ਤੇ ਵਸਦੇ ਪੰਜਾਬੀਆਂ ਦੇ ਦੁਖ-ਸੁਖ ਨਾਲ ਜੁੜਵੇਂ ਤੇ ਭਖਦੇ ਮੁੱਦਿਆਂ ਬਾਰੇ ਬੇਬਾਕ, ਤਰਕਸੰਗਤ ਤੇ ਸੱਚੀ ਗੱਲ ਕਹਿਣ ਤੇ ਕਰਨ ਵਾਲਾ। ਆਪਣੀ ਲੜਾਈ ਲੜ ਕੇ ਸਮਾਜ ਤੇ ਜੀਵਨ ਵਿਚ ਆਪਣਾ ਨਾਂ-ਥਾਂ ਬਣਾਉਣ ਵਿਚ ਲੱਗੇ ਸੰਘਰਸ਼ਸ਼ੀਲ ਲੋਕਾਂ ਦਾ ਪ੍ਰਸ਼ੰਸਕ। ਉਹਨੂੰ ਕਿਸੇ ਦਾ ਅੱਗੇ ਵਧਣ ਲਈ ਕੀਤਾ ਸੰਘਰਸ਼ ਵੇਖ-ਸੁਣ ਕੇ ਚਾਅ ਚੜ੍ਹ ਜਾਂਦਾ ਸੀ। ਜਿਥੇ ਤੇ ਜਦੋਂ ਵੀ ਕਿਸੇ ਮਦਦ ਦੀ ਲੋੜ ਹੁੰਦੀ, ਉਹ ਦਿਲ ਦੇ ਸਾਰੇ ਚਾਅ ਨਾਲ ਉਹਦੇ ਲਈ ਆਪਣਾ ਆਪਾ ਅਰਪਣ ਕਰ ਦਿੰਦਾ। ਉਹ ਚਾਲੂ ਬੰਦਿਆਂ ਵਾਂਗ 'ਹਾਂ ਜੀ ਹਾਂ ਜੀ' ਵਿਚ ਸਿਰ ਹਿਲਾਉਣੋਂ ਇਨਕਾਰੀ ਸੀ ਤੇ ਜੋ ਉਹਨੂੰ ਠੀਕ ਤੇ ਚੰਗਾ ਲੱਗਦਾ ਸੀ, ਉਹਦੇ ਹੱਕ ਵਿਚ ਗਰਜਵੀਂ ਪਰ ਸੰਤੁਲਿਤ ਆਵਾਜ਼ ਉਠਾਉਣ ਵਾਲਾ ਜੁਝਾਰੂ ਸੀ, ਜਿਸ ਨੇ ਸਦਾ ਆਪਣੀ ਹਿੱਕ ਤੇ ਧੌਣ ਨੂੰ ਵਿਰੋਧੀਆਂ ਦੇ ਵਾਰ ਖਾਣ ਲਈ ਸਿੱਧਾ ਰੱਖਿਆ। ਉਹਦੇ ਵਿਚ ਕੋਈ ਵਿੰਗ ਵਲ ਨਹੀਂ ਸੀ। ਉਹ ਲੋੜਵੰਦਾਂ ਦੀਆਂ ਛੱਤਾਂ ਹੇਠ ਆਸਰਾ ਦੇਣ ਵਾਲਾ ਸਿੱਧਾ ਸਤੋਰ ਸ਼ਤੀਰ ਸੀ।

ਸੋਸ਼ਲ ਮੀਡੀਆ 'ਤੇ ਇਕਬਾਲ ਬਾਰੇ ਲਿਖੀਆਂ ਗਈਆਂ ਟਿੱਪਣੀਆਂ ਵਿਚ ਉਹਦੇ ਬਾਰੇ ਜੋ ਵਿਸ਼ੇਸ਼ਣ ਵਰਤੇ ਗਏ, ਉਹ ਉਹਦੀਆਂ ਲਿਖਤਾਂ, ਉਹਦੇ ਵਿਚਾਰਾਂ ਤੋਂ ਪ੍ਰਭਾਵਿਤ ਉਨ੍ਹਾਂ ਲੋਕਾਂ ਵੱਲੋਂ ਵਰਤੇ ਗਏ, ਜਿਨ੍ਹਾਂ ਵਿਚੋਂ ਬਹੁਤੇ ਉਹਨੂੰ ਨਿੱਜੀ ਤੌਰ 'ਤੇ ਮਿਲੇ ਹੋਏ ਨਹੀਂ ਸਨ, ਪਰ ਉਹਦੇ ਵਿਚਾਰਾਂ ਦੀ ਬੇਬਾਕੀ, ਦਲੇਰੀ ਤੇ ਤਰਕਸ਼ੀਲਤਾ ਅਤੇ ਸੱਚਾਈ ਨੇ ਉਨ੍ਹਾਂ ਦੀ ਰੂਹ ਨੂੰ ਟੁੰਬਿਆ ਸੀ।

ਮਹਾਨ ਸ਼ਖਸੀਅਤ, ਨਿੱਘਾ ਤੇ ਮਿਲਣਸਾਰ ਇਨਸਾਨ, ਪੰਜਾਬੀ ਵਾਰਤਕ ਦਾ ਅਨੂਠਾ ਰਚਨਹਾਰਾ, ਸੱਚ ਦਾ ਸੂਰਜ, ਮਿਲਾਪੜਾ ਤੇ ਰੂਹ ਨੂੰ ਟੁੰਬਣ ਵਾਲਾ ਇਨਸਾਨ। ਨਿਮਾਣਿਆਂ, ਨਿਤਾਣਿਆਂ ਦਾ ਯਾਰ। ਉਹ ਰੌਣਕੀ ਬੰਦਾ ਸੀ, ਮਖੌਲ ਕਰ ਵੀ ਲੈਂਦਾ ਤੇ ਸਹਿ ਵੀ ਲੈਂਦਾ ਸੀ। ਕਿਆ ਬਾਤਾਂ ਉਹਦੀ ਸ਼ਾਇਰੀ, ਵਾਰਤਕ ਤੇ ਬੇਬਾਕੀ ਦੀਆਂ। ਅਜਮੇਰ ਔਲਖ ਦੇ ਮਗਰੇ ਦੋ ਦਿਨਾਂ ਬਾਅਦ ਪੰਜਾਬੀ ਦਾ ਇਕ ਹੋਰ ਹੀਰਾ ਤੁਰ ਗਿਆ। ਬੰਦਾ ਤੁਰ ਜਾਂਦਾ ਹੈ, ਪਿੱਛੇ ਯਾਦਾਂ ਰਹਿ ਜਾਂਦੀਆਂ ਨੇ। ਅਜਮੇਰ ਤੇ ਇਕਬਾਲ ਦੇ ਸੰਘਰਸ਼ ਨੂੰ ਸਲਾਮ!

ਅਜਮੇਰ ਤੇ ਇਕਬਾਲ ਦੋਹੇਂ ਧਰਮਾਂ ਦੀ ਸੰਕੀਰਨਤਾ ਤੇ ਕੱਟੜਤਾ ਦੇ ਵਿਰੁੱਧ ਸਨ। ਦੋਹਾਂ ਦੇ ਧੀਆਂ ਹੀ ਜਨਮੀਆਂ, ਜਿਨ੍ਹਾਂ ਨੂੰ ਪੁੱਤਰਾਂ ਤੋਂ ਵੱਧ ਸਮਝਿਆ ਗਿਆ। ਦੋਹਾਂ ਨੇ ਜੀਂਦੇ ਜੀਅ ਕਹਿ ਦਿੱਤਾ ਸੀ ਕਿ ਸਾਡੇ ਮਰਨੇ ਉਤੇ ਧਾਰਮਿਕ ਰਸਮਾਂ ਨਾ ਕੀਤੀਆਂ ਜਾਣ। ਉੱਦਣ ਇਕਬਾਲ ਨੂੰ ਵਿਦਾਇਗੀ ਸਮੇਂ ਸ਼ੋਕ ਵਿਚ ਜੁੜੇ ਵੱਡੇ ਜਨ ਸਮੂਹ ਨੇ ਉਹਦੀ ਸੋਚ ਉਤੇ ਪਹਿਰਾ ਦੇਣ ਦਾ ਹੀ ਅਹਿਦ ਕੀਤਾ ਸੀ।

ਇਕਬਾਲ ਰਾਮੂਵਾਲੀਆ ਸਾਹਿਤਕ ਹਲਕਿਆਂ ਵਿਚ ਚਰਚਿਤ ਨਾਂ ਸੀ। ਦੇਸ਼ ਵਿਚ ਵੀ ਤੇ ਵਿਦੇਸ਼ਾਂ ਵਿਚ ਵੀ। ਪੰਜਾਬੀ ਸਾਹਿਤ ਵਿਚ ਉਹ ਨਿਵੇਕਲੀ ਥਾਂ ਬਣਾ ਚੁਕਾ ਸੀ। ਉਸ ਦੇ ਪੰਜ ਕਾਵਿ ਸੰਗ੍ਰਹਿ, 'ਸੁਲਘਦੇ ਅਹਿਸਾਸ', 'ਤਿੰਨ ਕੋਣ', 'ਕੁਝ ਵੀ ਨਹੀਂ', 'ਪਾਣੀ ਦਾ ਪਰਛਾਵਾਂ' ਤੇ 'ਕਵਿਤਾ ਮੈਨੂੰ ਲਿਖਦੀ ਹੈ' ਛਪੇ। ਇਕ ਕਾਵਿ-ਨਾਟ 'ਪਲੰਘ-ਪਘੂੰੜਾ' ਛਪਿਆ। ਇਕ ਕਹਾਣੀ ਸੰਗ੍ਰਹਿ 'ਨਿੱਕੀਆਂ-ਵੱਡੀਆਂ ਧਰਤੀਆਂ', ਅੰਗਰੇਜ਼ੀ ਵਿਚ ਦੋ ਨਾਵਲ 'ਦਾ ਡੈੱਥ ਆਫ ਏ ਪਾਸਪੋਰਟ' ਤੇ 'ਦਿ ਮਿਡਏਅਰ ਫਰਾਊਨ' ਛਪੇ। ਪੰਜਾਬੀ ਵਿਚ ਨਾਵਲ 'ਮੌਤ ਇੱਕ ਪਾਸਪੋਰਟ ਦੀ', ਸਵੈ-ਜੀਵਨੀ ਦੇ ਦੋ ਭਾਗ 'ਸੜਦੇ ਸਾਜ਼ ਦੀ ਸਰਗਮ' ਤੇ 'ਬਰਫ ਵਿਚ ਉਗਦਿਆਂ' ਅਤੇ ਸੈਂਕੜੇ ਆਰਟੀਕਲ ਉਹਦੇ ਜੀਂਦੇ ਜੀਅ ਛਪੇ। ਉਹਦੀਆਂ ਕੁਝ ਰਚਨਾਵਾਂ ਅਣਛਪੀਆਂ ਵੀ ਰਹਿ ਗਈਆਂ। ਉਸ ਨੇ ਅਜੇ ਹੋਰ ਬਹੁਤ ਕੁਝ ਲਿਖਣ ਤੇ ਛਾਪਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ।

ਮੈਨੂੰ ਯਾਦ ਆ ਰਹੇ ਨੇ 1970-71 ਦੇ ਉਹ ਦਿਨ। ਉਨ੍ਹੀਂ ਦਿਨੀਂ ਮੈਂ ਲਾਲਾ ਲਾਜਪਤ ਰਾਏ ਕਾਲਜ ਢੁੱਡੀਕੇ ਦਾ ਕਾਰਜਕਾਰੀ ਪ੍ਰਿੰਸੀਪਲ ਸਾਂ। ਜੁਲਾਈ ਦੇ ਮਹੀਨੇ ਇਕ ਛੀਟਕਾ ਜਿਹਾ ਸੁਨੱਖਾ ਨੌਜੁਆਨ ਮੈਨੂੰ ਦਫਤਰ ਵਿਚ ਮਿਲਣ ਆਇਆ। ਗੋਰਾ ਰੰਗ, ਸੋਹਣੀ ਪੱਗ, ਸ਼ੌਕੀਨ ਪਹਿਰਾਵਾ। ਬੋਲਿਆ ਤਾਂ ਆਵਾਜ਼ ਪਹਿਲਾਂ ਹੀ ਸੁਣੀ ਹੋਈ ਲੱਗੀ। ਉਂਜ ਮੈਂ ਉਸ ਨੂੰ ਪਹਿਲੀ ਵਾਰ ਮਿਲ ਰਿਹਾ ਸਾਂ। ਉਸ ਨੇ ਆਪਣਾ ਨਾਂ ਇਕਬਾਲ ਰਾਮੂਵਾਲੀਆ ਦੱਸਿਆ। ਮੈਂ ਸਮਝ ਗਿਆ ਕਿ ਉਹ ਕਵੀਸ਼ਰ ਕਰਨੈਲ ਸਿੰਘ ਪਾਰਸ ਦਾ ਪੁੱਤਰ ਹੈ, ਜਿਸ ਨੂੰ ਮੈਂ ਰੇਡੀਓ ਤੋਂ ਸੁਣਦਾ ਰਹਿੰਦਾ ਸਾਂ। ਪਤਾ ਲੱਗਾ ਕਿ ਉਹ ਅੰਗਰੇਜ਼ੀ ਦੀ ਐੱਮ. ਏ. ਸੈਕੰਡ ਕਲਾਸ ਕਰ ਗਿਐ ਤੇ ਕਾਲਜ ਦੀ ਐਡ ਪੜ੍ਹ ਕੇ ਲੈਕਚਰਰ ਲੱਗਣ ਲਈ ਅਰਜ਼ੀ ਦੇਣ ਆਇਆ ਹੈ। ਮੈਂ ਉਸ ਨੂੰ ਦੱਸਿਆ ਕਿ ਹਾਲੇ ਕਾਲਜ ਨੂੰ ਪਾਰਟ ਟਾਈਮ ਲੈਕਚਰਰ ਦੀ ਲੋੜ ਹੈ। ਅਗਲੇ ਸਾਲ ਫੁੱਲ ਟਾਈਮ ਪੋਸਟ ਬਣ ਜਾਵੇਗੀ। ਜੇ ਉਹ ਪਾਰਟ ਟਾਈਮ ਲੈਕਚਰਾਰ ਲੱਗਣ ਲਈ ਤਿਆਰ ਹੈ ਤਾਂ ਹੁਣੇ ਰੱਖ ਸਕਦੇ ਹਾਂ। ਉਹ ਇਹ ਕਹਿ ਕੇ ਚਲਾ ਗਿਆ ਕਿ ਸੁਧਾਰ ਦੇ ਕਾਲਜ ਵਿਚ ਵੀ ਟਰਾਈ ਕਰ ਰਿਹਾਂ। ਜੇ ਉਥੇ ਗੱਲ ਨਾ ਬਣੀ ਤਾਂ ਤੁਹਾਡੇ ਕੋਲ ਹੀ ਆ ਜਾਵਾਂਗਾ।

ਮੈਂ ਕਈ ਵਾਰ ਸੋਚਦਾਂ ਕਾਸ਼! ਉਹ ਸਾਡੇ ਕੋਲ ਆ ਜਾਂਦਾ ਤਾਂ ਸ਼ਾਇਦ ਉਹ ਵੀ ਮੇਰੇ ਵਾਂਗ ਢੁੱਡੀਕੇ ਹੀ ਲੰਮਾ ਸਮਾਂ ਟਿਕਿਆ ਰਹਿੰਦਾ ਤੇ ਨਕਸਲੀ ਗੇੜ 'ਚ ਕੈਨੇਡਾ ਵੱਲ ਭੱਜਣੋਂ ਬਚ ਜਾਂਦਾ!

# ਖੇਡਾਂ ਦਾ ਬੁਲਾਰਾ ਦਾਰਾ ਸਿੰਘ ਗਰੇਵਾਲ

*(ਪਿਛਲੇ ਸਫੇ ਦੀ ਬਾਕੀ)*

ਜੁਆਕ ਜਿਵੇਂ ਕਟਰੂ-ਵਛਰੂ ਲਵੇਰੇ ਕੋਲ ਆਉਂਦੇ ਆ। ਦਿੰਨੇ ਆਂ ਆਪਾਂ ਮਿੱਠੀਆਂ ਗੋਲੀਆਂ ਦਾ ਹੋਕਾ। ਸਿਆਣ ਲਿਓ ਫੇਰ ਆਪੋ-ਆਪਣੇ ਬਰਖੁਰਦਾਰ!

ਬੈਲ ਗੱਡੀਆਂ ਦੀਆਂ ਦੌੜਾਂ ਲੱਗਣ ਲੱਗਦੀਆਂ ਤਾਂ ਪੀ. ਟੀ. ਸਾਹਿਬ ਦੀ ਆਵਾਜ਼ ਹੋਰ ਵੀ ਜੋਸ਼ੀਲੀ ਹੋ ਜਾਂਦੀ: ਔਹ ਛੱਡ'ਤੀਆਂ ਚਾਰ ਬੈਲ ਗੱਡੀਆਂ 'ਕੱਠੀਆਂ, ਆਉਂਦੀਆਂ ਧੂੜਾਂ ਪੱਟਦੀਆਂ, ਵਧਦੇ ਆ ਵਹਿੜਕੇ ਰਬੜ ਵਾਂਗੂੰ, ਮਾਰਦੇ ਆ ਚਾਲਕ ਲਲਕਾਰੇ, ਪੈਂਦਾ ਛਣਕਾਟਾ, ਔਹ ਵਧ ਗਿਆ ਖੇੜੀ ਵਾਲਾ, ਕੱਟ ਗਿਆ ਰਾਏਪੁਰੀਆ ਬਖਸ਼ੀ, ਪਾਸੇ ਪਾਸੇ ਹੋ ਜੋ ਲੋਕੋ, ਕੋਈ ਹੇਠਾਂ ਨਾ ਆ'ਜੇ, ਬੈਲ ਗੱਡੀਆਂ ਦੇ ਬਰੇਕਾਂ ਨ੍ਹੀਂ ਹੁੰਦੀਆਂ, ਲੈ ਗਿਆ ਝੰਡੀ ਬਖਸ਼ੀਸ਼ ਸਿਓਂ ਬਖਸ਼ੀ:

-ਬਖਸ਼ੀ ਚਾਲਕ ਨ੍ਹੀਂ ਕਿਸੇ ਬਣ ਜਾਣਾ, ਘਰ ਘਰ ਪੁੱਤ ਜੰਮਦੇ।

-ਗੱਡੀ ਉਡਦੀ ਬਖਸ਼ੀਆ ਤੇਰੀ, ਰਾਮ ਦੇ ਖਟੋਲੇ ਵਾਂਗਰਾਂ।

-ਧੁੰਮਾਂ ਪੈ ਗਈਆਂ ਪੁਆਹੇ ਸਾਰੇ, ਬਖਸ਼ੀ ਦੀ ਗੱਡੀ ਜਿੱਤ'ਗੀ।

ਬਖਸ਼ੀਸ਼ ਸਿੰਘ ਬਖਸ਼ੀ ਆਪਣੇ ਸਮੇਂ ਦਾ ਮਸ਼ਹੂਰ ਯਾਕੀ ਸੀ, ਜੋ 1989 'ਚ ਰੱਬ ਨੂੰ ਪਿਆਰਾ ਹੋ ਗਿਆ।

'ਆਰਸੀ' ਤੇ 'ਪ੍ਰੀਤਲੜੀ' ਪਰਚਿਆਂ ਵਿਚ ਕਦੇ ਖੇਡ ਲੇਖਕ ਸਰਵਣ ਸਿੰਘ ਨੇ ਲਿਖਿਆ ਸੀ, "ਕਲਕੱਤੇ ਤੋਂ ਖੇਡਾਂ ਵੇਖਣ ਆਏ ਦਲੀਪ ਸਿੰਘ ਦੀ ਇਕ ਜ਼ੇਬ ਵਿਚ ਸੌ-ਸੌ ਦੇ ਨੋਟ ਹੁੰਦੇ ਤੇ ਦੂਜੀ ਵਿਚ ਦਸ-ਦਸ ਦੇ। ਉਹ ਕਬੱਡੀ ਦੇ ਪਾੜੇ ਉਤੇ ਖੜ੍ਹ ਕੇ ਇਨਾਮ ਦਿੰਦਾ। ਉਹਨੇ ਜਿਸ ਜ਼ੇਬ 'ਚ ਹੱਥ ਪਾਉਣਾ ਉਸੇ ਮੁਤਾਬਿਕ ਪੀ. ਟੀ. ਜੋਗਿੰਦਰ ਸਿੰਘ ਨੇ ਸੌ ਜਾਂ ਦਸ ਰੁਪਏ ਦੇ ਇਨਾਮ ਦਾ ਐਲਾਨ ਕਰ ਦੇਣਾ। ਲੋਕਾਂ ਨੇ ਕਹਿਣਾ ਕਿ ਦਲੀਪ ਸਿੰਘ ਪੀ. ਟੀ. ਦੀ ਬੀਨ ਉਤੇ ਲੱਗਾ ਹੋਇਐ। ਅਸਲੀਅਤ ਵਿਚੋਂ ਇਹ ਸੀ ਕਿ ਖਿਡਾਰੀਆਂ ਦੇ ਕਰਤਬ, ਜੋਗਿੰਦਰ ਸਿੰਘ ਦੀ ਕੁਮੈਂਟਰੀ ਤੇ ਦਲੀਪ ਸਿੰਘ ਦੀ ਦਰਿਆਦਿਲੀ ਰਲ ਮਿਲ ਕੇ ਰੰਗ ਬੰਨ੍ਹਦੇ ਸਨ। ਖਿਡਾਰੀ ਕਹਿੰਦੇ ਜਾਂਦੇ ਸਨ, ਕਿਲਾ ਰਾਇਪੁਰ ਦੀਆਂ ਖੇਡਾਂ ਨੇ ਸਾਡਾ ਪੂਰਾ ਮੁੱਲ ਪਾਇਆ।"

ਮੰਦੇ ਦੇ ਉਨ੍ਹਾਂ ਦਿਨਾਂ ਵਿਚ ਕਈ ਖਿਡਾਰੀਆਂ ਨੇ ਉਥੋਂ ਹਜ਼ਾਰ-ਹਜ਼ਾਰ ਦੇ ਇਨਾਮ ਹਾਸਲ ਕੀਤੇ। ਖੇਡ ਵਿਭਾਗ ਦੀ ਸੀਨੀਅਰ ਅਫਸਰ ਰਹੀ ਸ੍ਰੀਮਤੀ ਸੁਨੀਤਾ ਧੀਰ ਦੱਸਦੀ ਹੁੰਦੀ ਸੀ ਕਿ ਉਹ ਅਜੇ ਵਿਦਿਆਰਥਣ ਸੀ, ਜਦੋਂ ਕਿਲਾ ਰਾਇਪੁਰ ਦੌੜਨ ਗਈ ਤੇ ਅੱਠ ਸੌ ਰੁਪਏ ਦੇ ਇਨਾਮ ਲੈ ਕੇ ਪਰਤੀ। ਪੀ. ਟੀ. ਜੋਗਿੰਦਰ ਸਿੰਘ ਕੁਮੈਂਟਰੀ ਵਿਚ ਲੋਕ ਗੀਤ, ਲਤੀਫੇ ਤੇ ਨਿੱਕੇ-ਨਿੱਕੇ ਪ੍ਰਸੰਗ ਸੁਣਾਉਂਦਾ ਲੋਕਾਂ ਦਾ ਮਨੋਰੰਜਨ ਕਰੀ ਜਾਂਦਾ ਤੇ ਵਿਚੇ ਗਰੇਵਾਲਾਂ ਨੂੰ ਵਡਿਆ ਜਾਂਦਾ। ਮੇਲੀ-ਗੇਲੀ ਉਹਦੀਆਂ ਗੱਲਾਂ ਵੱਲ ਕੰਨ ਰੱਖਦੇ। ਉਹਦੇ ਅਨੇਕਾਂ ਲੋਕ ਗੀਤ ਕੰਠ ਸਨ, ਜਿਨ੍ਹਾਂ ਦੀ ਉਹ ਕੁਮੈਂਟਰੀ 'ਚ ਵਰਤੋਂ ਕਰਦਾ ਰਹਿੰਦਾ। 70ਵਿਆਂ 'ਚ ਜਦੋਂ ਕੁਝ ਸਾਲਾਂ ਲਈ ਖੇਡਾਂ ਦੀ ਕਮੇਟੀ ਵਿਚ ਪਾਟਕ ਪਿਆ ਅਤੇ ਦੋ ਖੇਡ ਮੇਲੇ ਲੱਗਣ ਲੱਗੇ ਤਾਂ ਖੇਡਾਂ ਨੂੰ ਅਸਲੀ ਤੇ ਨਕਲੀ ਦੇ ਨਾਂ ਦਿੱਤੇ ਜਾਣ ਲੱਗੇ। ਆਮ ਲੋਕ ਕਹਿੰਦੇ, "ਜੇ ਤਾਂ ਬਈ ਉਹ ਪੀ. ਟੀ. ਬਾਬਾ ਓਥੇ ਓਵੇਂ ਈ ਟੋਟਕੇ ਸੁਣਾਉਂਦੈ ਤਾਂ ਖੇਡਾਂ ਅਸਲੀ ਆ, ਨਹੀਂ ਤਾਂ ਨਕਲੀ।"

ਬੈਲ ਗੱਡੀਆਂ ਦੀ ਦੌੜ ਸਮੇਂ ਪੀ. ਟੀ. ਬੈਲ ਗੱਡੀਆਂ ਨਾਲ ਸਬੰਧਿਤ ਲੋਕ ਗੀਤਾਂ ਦੇ ਟੱਪੇ ਸੁਣਾ ਕੇ ਮੇਲੇ ਨੂੰ ਨਿਹਾਲ ਕਰਦਾ ਰਹਿੰਦਾ ਸੀ:

-ਗੱਡੀ ਚੜ੍ਹਦੀ ਨੇ ਪਿੰਜਣੀ ਤੋੜੀ ਚਾਅ ਮੁਕਲਾਵੇ ਦਾ।

-ਤੈਨੂੰ ਕੀ ਮੁਕਲਾਵਾ ਤਾਰੂ ਰੋਂਦੇ ਯਾਰ ਛੱਡ ਗਈ।

-ਗੱਡੀ ਵਾਲਿਆ ਵੇ ਅੜਬ ਤਖਾਣਾਂ ਕੁੜੀਆਂ ਨੂੰ ਮਿਲ ਲੈਣ ਦੇ।

-ਗੱਡੀ ਵਿਚ ਮੈਂ ਰੋਵਾਂ ਮੇਰੀ ਕੱਤਣੀ 'ਚ ਰੋਣ ਗਲੋਟੇ।

ਇਕੇਰਾਂ ਬੈਲ ਗੱਡੀਆਂ ਦੀ ਦੌੜ ਵਿਚ ਗੱਡੀਆਂ ਭਿੜ ਗਈਆਂ, ਜਿਸ ਨਾਲ ਇਕ ਬਲਦ ਦੀ ਮੌਤ ਹੋ ਗਈ। ਕਿਲਕਾਰੀਆਂ ਮਾਰਦਾ ਮੇਲਾ ਅਫਸੋਸ ਵਿਚ ਡੁੱਬ ਗਿਆ। ਪੀ. ਟੀ. ਨੇ ਜਜ਼ਬਾਤੀ ਸੁਰ ਵਿਚ ਕਿਹਾ, "ਲੋਕੋ ਇਹ ਬਲਦ ਨ੍ਹੀਂ ਮਰਿਆ, ਮੈਦਾਨੇ ਜੰਗ 'ਚ ਲੜਦਾ ਸਿਪਾਹੀ ਸ਼ਹੀਦ ਹੋਇਐ। ਗੱਡੀਆਂ ਵਾਲਿਓ ਵੇਖਿਓ ਕਿਤੇ ਦਿਲ ਨਾ ਛੱਡ ਜਿਓ। ਇਕ ਜਹਾਜ਼ ਦਾ ਕਪਤਾਨ ਸਮੁੰਦਰੀ ਤੂਫਾਨ ਵਿਚ ਮਰ ਗਿਆ। ਮਗਰੋਂ ਉਹਦਾ ਪੁੱਤ ਕਪਤਾਨ ਬਣਿਆ ਤੇ ਉਹਦੀ ਮੌਤ ਵੀ ਸਮੁੰਦਰੀ ਤੂਫਾਨ 'ਚ ਹੋਈ। ਪਿੱਛੋਂ ਜਦੋਂ ਉਹਦਾ ਪੋਤਾ ਜਹਾਜ਼ ਦਾ ਕਪਤਾਨ ਬਣਿਆ ਤਾਂ ਇਕ ਬੰਦੇ ਨੇ ਆਖਿਆ, ਤੂੰ ਜਹਾਜ਼ ਨਾ ਚਲਾ, ਤੇਰਾ ਪਿਓ ਤੇ ਦਾਦਾ ਜਹਾਜ਼ 'ਚ ਮਰੇ ਨੇ। ਪੋਤਾ ਪੁੱਛਣ ਲੱਗਾ, ਤੇਰਾ ਪਿਓ ਕਿਥੇ ਮਰਿਆ ਸੀ? ਜਵਾਬ ਮਿਲਿਆ, ਮੰਜੇ ਉਤੇ। ਤੇ ਦਾਦਾ? ਜਵਾਬ ਫੇਰ ਉਹੀ ਸੀ, ਅਖੇ ਮੰਜੇ ਉਤੇ। ਜਹਾਜ਼ੀ ਕਪਤਾਨ ਕਹਿਣ ਲੱਗਾ, ਫਿਰ ਤੁਸੀਂ ਮੰਜੇ ਕਿਉਂ ਨਹੀਂ ਛੱਡ ਦਿੰਦੇ? ਬਲਦ ਖੁਰਲੀ 'ਤੇ ਖੜ੍ਹਾ ਵੀ ਮਰ ਸਕਦਾ ਸੀ, ਪਰ ਉਹਦੀਆਂ ਗੱਲਾਂ ਕਿਸੇ ਨਹੀਂ ਸੀ ਕਰਨੀਆਂ ਤੇ ਨਾ ਉਹਦੇ ਮਾਲਕ ਦਾ ਨਾਂ ਲੈਣਾ ਸੀ। ਆਓ ਆਪਾਂ ਇਸ ਬਲਦ ਦੇ ਮਾਲਕ ਦਾ ਦੁੱਖ ਵੰਡਾਈਏ।"

ਉਸੇ ਵੇਲੇ ਮੇਲੇ 'ਚੋਂ ਏਨੇ ਪੈਸੇ ਇਕੱਠੇ ਹੋ ਗਏ, ਜਿਸ ਨਾਲ ਇਕ ਬਲਦ ਦੀ ਥਾਂ ਦੋ ਬਲਦ ਲਏ ਜਾ ਸਕਦੇ ਸਨ। ਉਸ ਪਿਛੋਂ ਬੈਲ ਗੱਡੀਆਂ ਵਾਲੇ ਹੋਰ ਵੀ ਸ਼ਿੱਦਤ ਨਾਲ ਕਿਲਾ ਰਾਇਪੁਰ ਢੁਕਣ ਲੱਗੇ। ਇਕ ਵਾਰ ਕਬੱਡੀ ਦੇ ਮੈਚ ਵਿਚ ਇਕ ਖਿਡਾਰੀ ਦੀ ਲੱਤ ਟੁੱਟ ਗਈ। ਸਬੱਬ ਨਾਲ ਉੱਤਰੀ ਭਾਰਤ ਦਾ ਹੱਡੀਆਂ ਦਾ ਪ੍ਰਸਿੱਧ ਡਾਕਟਰ ਕਰਮ ਸਿੰਘ ਗਰੇਵਾਲ ਮੇਲਾ ਵੇਖ ਰਿਹਾ ਸੀ। ਡਾ. ਕਰਮ ਸਿੰਘ ਗਰੇਵਾਲ ਖਿਡਾਰੀ ਦੀ ਮਦਦ ਕਰਨ ਲਈ ਮੈਦਾਨ ਵੱਲ ਵਧਿਆ ਤਾਂ ਸਟੇਜ ਤੋਂ ਆਵਾਜ਼ ਆਈ, "ਬਾਕੀ ਸਾਰੇ ਪਾਸੇ ਹੋ'ਜੋ, ਸਾਡੇ ਕੋਲ ਹੱਡੀਆਂ ਦਾ ਇਲਾਜ ਕਰਨ ਵਾਲਾ ਰੱਬ ਆ ਗਿਆ।" ਤੇ ਉਸ ਜੁਆਨ ਦਾ ਪੂਰਾ ਇਲਾਜ ਕਰਵਾ ਕੇ ਉਹਨੂੰ ਹੱਸਦਾ ਖੇਡਦਾ ਘਰ ਭੇਜਿਆ ਗਿਆ। ਪੇਂਡੂ ਖੇਡਾਂ ਦੇ ਸਰਦਾਰ ਜੋਗਿੰਦਰ ਸਿੰਘ ਦੇ ਬੋਲ ਹੀ ਸਾਰੇ ਦੁੱਖਾਂ ਦਾ ਦਾਰੂ ਸਨ!

# ਕਾਨਾ ਸਿੰਘ ਦਾ ਘੋੜਾ

*ਕਾਨਾ ਸਿੰਘ ਜਿਸ ਦਾ ਅਸਲ ਨਾਂ ਕਲਿਆਣ ਕੌਰ ਹੈ, ਪੰਜਾਬੀ ਦੀ ਬਹੁ-ਵਿਧਾਈ ਲਿਖਾਰੀ ਹੈ। ਉਨ੍ਹਾਂ ਨੇ ਕਵਿਤਾ ਲਿਖੀ, ਕਹਾਣੀਆਂ ਲਿਖੀਆਂ ਅਤੇ ਵਾਰਤਕ ਵੀ ਲਿਖੀ। ਉਨ੍ਹਾਂ ਜਿਸ ਵੀ ਵਿਧਾ ਵਿਚ ਕਲਮ ਚਲਾਈ, ਪੂਰਾ ਠੁੱਕ ਬੰਨ੍ਹਿਆ। ਅਸਲ ਵਿਚ ਉਹ ਆਪਣੀਆਂ ਜੜ੍ਹਾਂ ਨਾਲ ਜੁੜੀ ਹੋਈ ਹੈ। ਇਸੇ ਕਰਕੇ ਅੱਜ ਤੱਕ ਉਹਦੀਆਂ ਗੱਲਾਂ, ਉਹਦੀਆਂ ਬਾਤਾਂ ਵਿਚ ਉਹਦੇ ਆਪਣੇ ਸ਼ਹਿਰ ਗੁੱਜਰਖਾਨ ਅਤੇ ਆਲੇ-ਦੁਆਲੇ ਦੇ ਇਲਾਕੇ ਦਾ ਜ਼ਿਕਰ ਆ ਜਾਂਦਾ ਹੈ। ਸਾਂਵਲ ਧਾਮੀ ਨੇ ਇਸ ਲੇਖ ਵਿਚ ਉਨ੍ਹਾਂ ਦੀਆਂ ਯਾਦਾਂ ਨੂੰ ਜ਼ਬਾਨ ਦਿੱਤੀ ਹੈ ਜਿਨ੍ਹਾਂ ਨੂੰ ਯਾਦ ਕਰਕੇ ਕਾਨਾ ਸਿੰਘ ਅੰਦਰਲਾ ਬਾਲਮਨ ਅੱਜ ਵੀ ਭਾਵੁਕ ਹੋ ਜਾਂਦਾ ਹੈ।*


ਕਾਨਾ ਸਿੰਘ

ਉਹਦਾ ਅਸਲ ਨਾਂ ਕਲਿਆਣ ਕੌਰ ਹੈ ਪਰ ਘਰ ਵਿਚ ਉਹਨੂੰ ਕਾਨਾ ਕਿਹਾ ਜਾਂਦਾ ਸੀ। ਵਿਆਹ ਮਗਰੋਂ, ਉਹ ਸਹੁਰੇ ਘਰ ਵੀ ਕਾਨਾ ਬਣੀ ਰਹੀ। ਫਿਰ ਜਦੋਂ ਉਹਨੇ ਗੰਭੀਰਤਾ ਨਾਲ ਸਾਹਿਤ ਸਿਰਜਣਾ ਸ਼ੁਰੂ ਕੀਤੀ ਤਾਂ ਉਹ ਕਾਨਾ ਤੋਂ ਕਾਨਾ ਸਿੰਘ ਬਣ ਗਈ। ਸੋਲਾਂ ਵਰ੍ਹੇ ਦੀ ਉਮਰ ਵਿਚ ਉਹਨੇ ਲਿਖਣਾ ਸ਼ੁਰੂ ਕੀਤਾ ਤਾਂ ਉਹ ਦਿੱਲੀ ਤੋਂ ਦੂਰ 'ਆਪਣੇ ਸ਼ਹਿਰ' ਚਲੀ ਗਈ। ਉਸ ਸ਼ਹਿਰ ਜਿਸ ਨੂੰ ਪੋਠੋਹਾਰ ਦਾ ਦਿਲ ਕਿਹਾ ਜਾਂਦਾ। ਉਹ ਸ਼ਹਿਰ ਜਿਸ ਨੂੰ ਉਹ ਦਸ ਵਰ੍ਹਿਆਂ ਦੀ ਉਮਰੇ ਛੱਡ ਆਈ ਸੀ। ਉਸ ਸ਼ਹਿਰ ਵਿਚ ਬਹੁਤੇ ਖੱਤਰੀ ਜਾਂ ਫੌਜੀ ਵੱਸਦੇ ਸਨ। ਬਹੁਤੇ ਖੱਤਰੀ ਵਪਾਰ ਕਰਦੇ ਸਨ।

ਉਹਨੂੰ ਯਾਦ ਹੈ ਕਿ ਸੰਤਾਲੀ ਵਿਚ ਨੇੜਲੇ ਪਿੰਡਾਂ ਤੋਂ ਉੱਠ ਕੇ ਉਨ੍ਹਾਂ ਦੇ ਰਿਸ਼ਤੇਦਾਰ ਉਨ੍ਹਾਂ ਦੇ ਘਰ ਆ ਗਏ ਸਨ। ਉਹ ਪੋਟਲੀਆਂ ਵਿਚ ਬੱਧਾ ਸੋਨਾ ਉਹਦੀ ਮਾਂ ਨੂੰ ਫੜਾਉਂਦੇ। ਉਹ ਨਾਂ ਲਿਖ ਕੇ ਅਲਮਾਰੀ ਵਿਚ ਰੱਖ ਲੈਂਦੀ ਸੀ। ਸੰਤਾਲੀ ਵਿਚ ਉਹਦੇ ਨਾਨਾ ਜੀ



**ਸਾਂਵਲ ਧਾਮੀ**
ਫੋਨ: +91-97818-43444

ਮਰਨ ਕਿਨਾਰੇ ਪੁੱਜ ਗਏ। ਜਦੋਂ ਉਹ ਪੂਰੇ ਹੋ ਗਏ ਤਾਂ ਉਨ੍ਹਾਂ ਦਾ ਸਸਕਾਰ ਘਰ ਵਿਚ ਹੀ ਕਰਨਾ ਪਿਆ। ਨਾਨਕੇ ਪਿੰਡੋਂ ਪਟਿਆਲਾ ਨੂੰ ਤੁਰੇ ਤਾਂ ਉਹਦੀ ਮਾਂ ਵੀ ਦੋ ਧੀਆਂ ਅਤੇ ਦੋ ਪੁੱਤਰਾਂ ਨੂੰ ਨਾਲ ਲੈ ਕੇ ਮਾਪਿਆਂ ਨਾਲ ਤੁਰ ਪਈ। ਬੱਚਿਆਂ ਨੂੰ ਕਈ-ਕਈ ਕੱਪੜੇ ਪਵਾ ਦਿੱਤੇ। ਜੇਬਾਂ ਵਿਚ ਰੁਪਏ ਪਾ ਦਿੱਤੇ। ਆਖਿਆ- ਜੇ ਵਿੱਛੜ ਗਏ ਤਾਂ ਖਰੀਦ ਕੇ ਕੁਝ ਖਾ ਲੈਣਾ, ਭੁੱਖੇ ਬਿਲਕੁਲ ਨਾ ਰਹਿਣਾ।

ਇੱਧਰ ਆ ਕੇ ਉਹ ਕੁਝ ਦਿਨ ਪਟਿਆਲਾ ਕੈਂਪ ਵਿਚ ਰਹੇ।

ਮੈਂ ਪਿਛੋਕੜ ਬਾਰੇ ਪੁੱਛਿਆ ਤਾਂ ਉਹ ਮਾਣ ਵਿਚ ਹੱਸਦਿਆਂ ਬੋਲੀ ਸੀ, "ਮੈਂ ਤਾਂ ਗੁੱਜਰਖਾਨ ਸ਼ਹਿਰ ਦੀ ਜੰਮੀ ਹੋਈ ਆਂ। ਪੋਠੋਹਾਰਨੀ ਆਂ ਮੈਂ। ਮੇਰਾ ਸ਼ਹਿਰ ਪੋਠੋਹਾਰ ਦੀ ਕਲਚਰ ਦਾ ਧੁਰਾ ਸੀ। ਉਥੇ ਸੁੱਕੇ ਮੇਵਿਆਂ ਅਤੇ ਗੁੜ ਦਾ ਥੋਕ ਵਿਚ ਵਪਾਰ ਹੁੰਦਾ ਸੀ। ਉਥੇ ਦੋ ਹਾਈ ਸਕੂਲ ਸਨ: ਇਸਲਾਮੀਆਂ ਤੇ ਖਾਲਸਾ। ਜਿੰਨੇ ਸਾਡੇ ਪੋਠੋਹਾਰ ਦੇ ਲੇਖਕ ਨੇ, ਬਹੁਤੇ ਗੁੱਜਰਖਾਨ ਦੇ ਖਾਲਸਾ ਸਕੂਲ ਵਿਚ ਪੜ੍ਹੇ ਨੇ।" ਪੌਣੀ ਸਦੀ ਬਾਅਦ ਵੀ ਉਹਦੇ ਬੋਲਾਂ ਵਿਚ ਗੁੱਜਰਖਾਨ ਲਈ ਮਾਣ ਅਤੇ ਪੋਠੋਹਾਰ ਦੀ ਮਹਿਕ ਬਰਕਰਾਰ ਸੀ।

"ਕੁਝ ਆਪਣੇ ਬਾਰੇ ਦੱਸੋ?" ਮੈਂ ਨਵਾਂ ਸਵਾਲ ਕੀਤਾ।

"ਮੈਂ ਖੁਖਰੈਣ ਆਂ। ਭਸੀਣਾਂ ਦੀ ਧੀ ਆਂ ਮੈਂ। ਮੇਰੇ ਨਾਨਕੇ ਕੋਹਲੀ ਨੇ। ਮੇਰਾ ਫਰਵਰੀ 1937 ਦਾ ਜਨਮ ਏ। ਬਸੰਤ ਪੰਚਮੀ ਵਾਲੇ ਦਿਨ ਦਾ। ਪੋਠੋਹਾਰ ਦਾ ਇਕ ਇਲਾਕਾ ਏ ਕਿਰਪਾ, ਜਿਹੜਾ ਹੁਣ ਇਸਲਾਮਾਬਾਦ ਬਣ ਗਿਆ ਏ। ਮੇਰੇ ਵੱਡੇ-ਵਡੇਰੇ ਕਿਰਪੇ ਦੇ ਨੇ। ਨਾਨਕੇ ਮੇਰੇ ਕੁਰੀ ਦੇ ਸਨ, ਹੁਣ ਉਹ ਵੀ ਇਸਲਾਮਾਬਾਦ ਵਿਚ ਆ ਗਿਆ ਏ। ਮੈਂ ਪੋਠੋਹਾਰਨ ਤਾਂ ਹਾਂ ਹੀ, ਨਾਲ-ਨਾਲ ਪਹਾੜਨ ਵੀ ਆ।

ਮੈਂ ਆਪਣੇ ਦਾਦਾ ਜੀ ਨਹੀਂ ਦੇਖੇ। ਉਨ੍ਹਾਂ ਦੀਆਂ ਗੁੱਜਰਖਾਨ ਵਿਚ ਆੜ੍ਹਤ ਦੀਆਂ ਦੁਕਾਨਾਂ ਸਨ। ਮੇਰੇ ਪਿਤਾ ਜੀ ਦਾ ਮੰਦਰਾ ਵਿਚ ਪੈਟਰੋਲ ਪੰਪ ਸੀ। ਮੰਦਰਾ ਗੁੱਜਰਖਾਨ ਤੇ ਪਿੰਡੀ ਦੇ ਵਿਚਕਾਰ ਵੇ। ਉਦੋਂ ਉਹਨੂੰ ਬਰਮਾ ਪੈਟਰੋਲ ਪੰਪ ਕਹਿੰਦੇ ਸੀ, ਹੁਣ ਉਹਦਾ ਨਾਂ 'ਪਾਕ ਸ਼ੈੱਲ' ਰੱਖਿਆ ਹੋਇਆ। ਮੈਂ 2004 ਵਿਚ ਮਦੀਹਾ ਗੌਹਰ ਦੇ ਸੱਦੇ 'ਤੇ ਪਾਕਿਸਤਾਨ ਗਈ ਸਾਂ। ਲਾਹੌਰ ਵਿਚ ਮੈਂ ਥੀਏਟਰ ਕੀਤਾ ਅਤੇ ਗੁੱਜਰਾਂਵਾਲੇ ਦੇ ਮੁਸ਼ਾਇਰੇ ਵਿਚ ਨਜ਼ਮਾਂ ਪੜ੍ਹੀਆਂ। ਉਦੋਂ ਮੈਂ ਮੰਦਰੇ ਵੀ ਗਈ ਸਾਂ। ਉਥੋਂ ਮਿੱਟੀ ਲੈ ਕੇ ਆਈਂ ਆਂ, ਆਪਣੇ ਪਾਪਾ ਜੀ ਦੇ ਪੈਟਰੋਲ ਪੰਪ ਦੇ ਮੂਹਰਿਓਂ। ਉਹ ਗੱਲਾ ਉਸੀ ਤਰ੍ਹਾਂ ਸੀ ਜਿਸ ਵਿਚ ਮੇਰੇ ਭਾਪਾ ਜੀ ਪੈਸੇ ਪਾਉਂਦੇ ਹੁੰਦੇ ਸਨ।

ਅਸੀਂ ਚਾਰ ਭੈਣ-ਭਰਾ ਤੇ ਮਾਂ ਤਾਂ ਇੱਧਰ ਆ ਗਏ ਪਰ ਮੇਰੇ ਭਾਪਾ ਜੀ ਇੱਧਰ ਆਉਣ ਲਈ ਨਹੀਂ ਸਨ ਮੰਨਦੇ। ਆਖਦੇ ਸਨ- 'ਰਾਜੇ ਬਦਲਦੇ ਰਹੇ ਨੇ, ਕਦੇ ਪਰਜਾ ਥੋੜ੍ਹੋ ਬਦਲੀ ਏ। ਉਹ ਮੰਦਰੇ ਹੀ ਰਹਿਣ ਲੱਗ ਪਏ ਸਨ। ਇੱਧਰ ਅਸੀਂ ਪਟਿਆਲਿਓਂ ਫਰੀਦਕੋਟ ਆ ਗਏ ਸਾਂ। ਰਾਜੇ ਦੇ ਮਹੱਲ ਤੇ ਗੁਰਦੁਆਰੇ ਦੇ ਵਿਚਕਾਰ ਬੰਦ ਗਲੀ ਵਿਚ ਕਿਰਾਏ ਦਾ ਮਕਾਨ ਲੈ ਲਿਆ। ਮੇਰੀ ਮਾਂ ਨੇ ਉੱਜੜ ਕੇ ਜਾ ਰਹੇ ਕਿਸੇ ਮੁਸਲਮਾਨ ਕੋਲੋਂ ਪੀੜ੍ਹੀ ਖਰੀਦੀ ਤੇ ਕਿਸੇ ਕੋਲੋਂ ਮੰਜਾ ਖਰੀਦਿਆ। ਆਨੇ-ਦੁਆਨੀ ਵਿਚ। ਮਾਂ ਸਾਨੂੰ ਫਰੀਦਕੋਟ ਛੱਡ ਕੇ ਵਾਪਸ ਮੁੜ ਗਈ। ਉਹ ਮੰਦਰੇ ਪਹੁੰਚ ਗਈ। ਮੰਦਰਾ ਵੀ ਸੜਿਆ ਪਿਆ ਸੀ। ਉਥੇ ਵੀ ਵਾਰਦਾਤਾਂ ਹੋਈਆਂ ਸਨ। ਮਾਂ ਮੇਰੇ ਭਾਪਾ ਜੀ ਨੂੰ ਸਿੱਧਾ ਕਹਿਣ ਲੱਗੀ- ਨੇ ਨਾਲ ਜੁੱਲਨੇ ਓ ਤਾਂ ਜਾਸਾ। ਨਹੀਂ ਤਾਂ ਮੈਂ ਵੀ ਇੱਥੇ ਰਹਿਸਾਂ। ਟੱਬਰ ਤੁਸਾਂ ਦਾ ਮਰੇ-ਸੜੇ, ਮੈਨੂੰ ਕੀ?

ਭਾਪੇ ਹੋਰੀਂ ਠੰਢਾ ਹਉਕਾ ਭਰਦਿਆਂ ਉੱਠੇ। ਕੰਬਦੇ ਹੱਥ ਨਾਲ ਚਾਬੀਆਂ ਕਿਸੇ ਮੁਸਲਮਾਨ ਦੋਸਤ ਨੂੰ ਫੜਾਈਆਂ ਤੇ ਰੋਂਦਿਆਂ ਮਾਂ ਨਾਲ ਤੁਰ ਪਏ। ਸਾਡੇ ਮਾਂ ਪਿਓ ਤਾਂ ਆ ਗਏ ਪਰ ਮੇਰੀ ਦਾਦੀ, ਚਾਚਾ ਜੀ ਤੇ ਦੋ-ਚਾਰ ਹੋਰ ਰਿਸ਼ਤੇਦਾਰ ਉਥੇ ਹੀ ਰਹਿ ਗਏ ਸਨ। ਉਹ ਕੋਈ ਦੋ ਸਾਲ ਬਾਅਦ ਇੱਧਰ ਆਏ ਨੇ। ਮਿਲਟਰੀ ਨਾਲ।" ਉਹ ਠੰਢਾ ਹਉਕਾ ਭਰਦਿਆਂ ਚੁੱਪ ਹੋ ਗਈ ਸੀ।

"ਗੁੱਜਰਖਾਨ ਕਿਹੋ ਜਿਹਾ ਸ਼ਹਿਰ ਸੀ?" ਮੈਂ ਗੱਲ ਨੂੰ ਹੋਧਰੇ ਪਾਉਣ ਲਈ ਪੁੱਛਿਆ।

"ਪੰਜਵੀਂ ਮੈਂ ਗੁੱਜਰਖਾਨ ਵਿਚ ਪਾਸ ਕਰਕੇ ਆਈ ਆਂ। ਗੁੱਜਰਖਾਨ ਦਾ ਕੋਨਾ-ਕੋਨਾ ਮੈਨੂੰ ਪਤਾ ਵੇ। ਮੈਂ ਤਾਂ ਕਹਿੰਦੀ ਆਂ ਕਿ ਮੈਂ ਹੁਣ ਵੀ ਗੁੱਜਰਖਾਨ ਰਹਿੰਦੀ ਪਈ ਆਂ। ਉਦੋਂ ਮਹੱਲਿਆਂ ਦੇ ਨਾਂ ਸਨ; ਪੁਰਾਣਾ ਮਹੱਲਾ, ਨਵਾਂ ਮਹੱਲਾ, ਕਮੇਟੀ ਮੁਹੱਲਾ ਤੇ ਸਭ ਤੋਂ ਵੱਡਾ ਬਾਜ਼ਾਰ ਕਟੜਾ, ਜਿੱਥੇ ਸੁੱਕੇ ਮੇਵਿਆਂ ਦਾ ਤੇ ਗੁੜ ਦਾ ਥੋਕ ਵਿਚ ਵਪਾਰ ਹੁੰਦਾ ਸੀ। ਬੜੀ ਵੱਡੀ ਮੰਡੀ ਸੀ ਗੁੱਜਰਖਾਨ। ਵਪਾਰ ਕਰਨ ਲਈ ਪਿਸ਼ਾਵਰ ਤੇ ਅਫਗਾਨਿਸਤਾਨ ਤੋਂ ਲੋਕ ਆਉਂਦੇ ਸਨ। ਗੁੱਜਰਾਂਵਾਲੇ ਵਿਚ ਭਾਂਡਿਆਂ ਦੀ ਮੰਡੀ ਸੀ ਤੇ ਗੁੱਜਰਖਾਨ ਮੇਵਿਆਂ ਦੀ। ਉਥੇ 'ਭਾਈ ਪੁਣਛੂ ਸਾਹਿਬ ਦੀ ਕੋਠੀ' ਬੜੀ ਪਵਿੱਤਰ ਥਾਂ ਸੀ। ਪਤਾ ਨਹੀਂ, ਉਹ ਪੁਣਛ ਤੋਂ ਆਏ ਸਨ ਜਾਂ ਉਨ੍ਹਾਂ ਦਾ ਨਾਂ ਹੀ ਭਾਈ ਪੁਣਛੂ ਸੀ; ਦੱਸਦੇ ਸਨ ਕਿ ਉਹ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸਿਪਾਹੀ ਸਨ। ਉਹ ਨੌਕਰੀ ਛੱਡ ਕੇ ਰੱਬ ਦੇ ਰਾਹ 'ਤੇ ਤੁਰ ਪਏ ਸਨ। ਹਿੰਦੂ, ਸਿੱਖ, ਮੁਸਲਮਾਨ; ਉਹ ਸਾਰਿਆਂ ਨੂੰ ਬਰਾਬਰ ਪਿਆਰ ਕਰਦੇ। ਉਹ ਸਾਰਾ ਦਿਨ ਤੁਰਦੇ-ਫਿਰਦੇ ਰਹਿੰਦੇ। ਉਨ੍ਹਾਂ ਨੇ ਗਲੇ 'ਚ ਮਸ਼ਕ ਪਾਈ ਹੁੰਦੀ। ਉਹ ਰਾਹੀਆਂ ਅਤੇ ਦੁਕਾਨਦਾਰਾਂ ਨੂੰ ਪਾਣੀ ਪਿਲਾਉਂਦੇ। ਘਰ ਹੁੰਦੇ ਤਾਂ ਪੈਰਾਂ ਵਿਚ ਘੁੰਗਰੂ ਪਾ ਕੇ ਨੱਚਦੇ ਰਹਿੰਦੇ। ਬਜ਼ੁਰਗ ਦੱਸਦੇ ਹੁੰਦੇ ਸਨ ਕਿ ਭਾਈ ਪੁਣਛੂ ਜੀ ਕਹਿੰਦੇ ਹੁੰਦੇ ਸਨ- 'ਲਾਹੌਰ ਦਾ ਕੂਚਾ ਬਣ ਕੇ, ਗੁੱਜਰਖਾਨ ਉੱਜੜ ਜਾਸੀ!'

ਦੁਨੀਆ ਤੋਂ ਰੁਖਸਤ ਹੋਣ ਤੋਂ ਪਹਿਲਾਂ ਉਨ੍ਹਾਂ ਕਿਹਾ ਸੀ ਕਿ ਮੇਰੀ ਕੋਈ ਯਾਦਗਾਰ ਨਾ ਬਣਾਉਣਾ। ਜਦੋਂ ਮੈਂ ਹੋਸ਼ ਸੰਭਾਲੀ ਤਾਂ ਉਨ੍ਹਾਂ ਦਾ ਘਰ 'ਭਾਈ ਪੁਣਛੂ ਦੀ ਕੋਠੀ ਵਾਲਾ ਗੁਰਦੁਆਰਾ' ਬਣ ਚੁੱਕਾ ਸੀ। ਉਹ ਦਿਨ-ਰਾਤ ਖੁੱਲ੍ਹਾ ਰਹਿੰਦਾ। ਉਥੇ ਨੜਿਨਵੇਂ ਪ੍ਰਤੀਸ਼ਤ ਔਰਤਾਂ ਜਾਂਦੀਆਂ ਸਨ। ਮੈਂ ਅੱਖੀਂ ਦੇਖਿਆ ਕਿ ਮੁਸਲਿਮ ਔਰਤਾਂ ਉਥੇ ਬੁਰਕੇ ਪਾ ਕੇ ਆਉਂਦੀਆਂ ਸਨ ਤੇ ਦਰ ਲੰਘਦਿਆਂ ਆਪਣੇ ਬੁਰਕੇ ਪਿਛਾਂਹ ਵੱਲ ਸੁੱਟ ਦਿੰਦੀਆਂ ਸਨ। ਸ਼ਾਮ ਨੂੰ ਤਾਂ ਬਹੁਤ ਸੰਗਤ ਆਉਂਦੀ ਸੀ। ਦੇਸੀ ਘਿਓ ਦੀ ਜੋਤ ਚੌਵੀ ਘੰਟੇ ਜਲਦੀ ਰਹਿੰਦੀ ਸੀ। ਬਹੁਤੀਆਂ ਔਰਤਾਂ ਜੋਤ ਤੋਂ ਕਾਲਖ ਲੈ ਕੇ ਅੱਖਾਂ ਵਿਚ ਸੁਰਮਾ ਪਾਉਂਦੀਆਂ ਹੁੰਦੀਆਂ ਸਨ।

ਮੇਰੇ ਬਚਪਨ ਵਿਚ ਗੁੱਜਰਖਾਨ ਦੇ ਘਰਾਂ ਵਿਚ ਨਲਕੇ ਲੱਗ ਗਏ ਸਨ ਤੇ ਬਿਜਲੀ ਵੀ ਆ ਗਈ ਸੀ। ਗੁੱਜਰਖਾਨ ਨਿਰੰਤਰ ਵਧ ਰਿਹਾ ਸੀ। ਜੀ.ਟੀ. ਰੋਡ ਵੱਲ ਦੇ ਪਾਸੇ ਨਵਾਂ ਗੁੱਜਰਖਾਨ ਬਣਦਾ ਪਿਆ ਸੀ। ਅਸੀਂ ਦਸ ਭੈਣ-ਭਰਾ ਸਾਂ। ਪੰਜ ਭੈਣਾਂ ਤੇ ਪੰਜ ਭਰਾ। ਸਭ ਤੋਂ ਵੱਡੀ ਭੈਣ ਦਾ ਜਦੋਂ ਪੰਦਰਾਂ ਸਾਲ ਦੀ ਉਮਰ ਵਿਚ ਵਿਆਹ ਹੋਇਆ ਨਾ, ਉਸ ਤੋਂ ਬਾਈ ਦਿਨਾਂ ਬਾਅਦ ਮੈਂ ਜੰਮੀ ਸਾਂ। ਕਹਿੰਦੇ ਸਨ- ਇਕ ਗਈ, ਇਕ ਆਈ। ਹੁਣ ਬਸ ਅਸੀਂ ਦੋਂ ਭੈਣਾਂ ਰਹਿ ਗਈਆਂ ਆਂ। ਬਰਕਤ, ਜਾਨੋ ਤੇ ਸੁਰੱਈਆ ਮੇਰੀਆਂ ਸਹੇਲੀਆਂ ਹੁੰਦੀਆਂ ਸਨ। ਸੁਰੱਈਆ ਉਥੋਂ ਦੇ ਥਾਣੇਦਾਰ ਦੀ ਧੀ ਸੀ। ਸੰਤਾਲੀ ਵਿਚ ਜਦੋਂ ਸਾਨੂੰ ਨੇੜਲੇ ਪਿੰਡਾਂ ਵਾਲੇ ਮਾਰਨ ਆਏ ਤਾਂ ਉਸ ਦੇ ਅੱਬਾ ਸੱਯਦ ਆਲਮ ਸ਼ਾਹ ਨੇ ਕੁਰਾਨ ਸ਼ਰੀਫ ਆਪਣੀ ਛਾਤੀ ਉੱਪਰ ਰੱਖ ਕੇ ਆਖਿਆ ਸੀ- ਜਿਹੜਾ ਇਨ੍ਹਾਂ ਖੱਤਰੀਆਂ ਉੱਪਰ ਵਾਰ ਕਰਸੀ, ਪਹਿਲਾਂ ਮਾਰੀ ਛਾਤੀ ਪਰ ਕਰਸੀ।

ਜਾਨੋ ਸਾਡੀ ਜਮਾਤ ਦੀ ਮੌਨੀਟਰ ਸੀ। ਮੁਮਤਾਜ਼ ਨੂੰ ਮੈਂ ਕਦੇ ਨਹੀਂ ਭੁੱਲ ਸਕਦੀ। ਮੈਂ ਪੜ੍ਹਾਈ ਵਿਚ ਤਾਂ ਅੱਵਲ ਆਉਂਦੀ ਸਾਂ ਪਰ ਸਿਲਾਈ-ਕਢਾਈ ਮੈਨੂੰ ਘੱਟ-ਵੱਧ ਹੀ ਆਉਂਦੀ ਸੀ। ਪੱਕੇ ਪੇਪਰਾਂ ਦੀ ਗੱਲ ਏ। ਮੇਰੇ ਕੋਲੋਂ ਕਢਾਈ ਨਹੀਂ ਸੀ ਹੋ ਰਹੀ। ਮੁਮਤਾਜ਼ ਨੇ ਆਪਣਾ ਕੰਮ ਜਲਦੀ ਕਰ ਲਿਆ ਸੀ। ਫਿਰ ਉਹਨੇ ਮੈਥੋਂ ਟਾਕੀ ਲੈ ਕੇ ਉਸ ਉੱਤੇ ਵੀ ਕਢਾਈ ਕਰ ਦਿੱਤੀ ਸੀ। ਗੋਬਿੰਦ ਕੌਰ ਭੈਣ ਜੀ ਨੂੰ ਦਿਖਾਉਣ ਗਈ ਤਾਂ ਮੈਂ ਕੰਬ ਰਹੀ ਸਾਂ। ਉਹ ਕਹਿੰਦੀ- ਮੋਈਏ, ਤੂੰ ਏਡੀ ਸੋਹਣੀ ਸਿਲਾਈ-ਕਢਾਈ ਕੀਤੀ ਏ ਪਰ ਡਰਦੀ ਕਿਉਂ ਪਈ ਏਂ? ਮੈਂ ਕਿਵੇਂ ਦੱਸਦੀ ਕਿ ਉਹ ਸੋਹਣੀ ਕਢਾਈ ਤਾਂ ਮੁਮਤਾਜ਼ ਦੇ ਹੱਥਾਂ ਦੀ ਕਲਾ ਏ।

ਗੁੱਜਰਖਾਨ ਵਿਚ ਮੁਸਲਮਾਨਾਂ ਵਿਚੋਂ ਦੋ ਹੀ ਪਰਿਵਾਰ ਅਮੀਰ ਸਨ: ਇਕ ਰਾਜੇ ਤੇ ਦੂਜੇ ਕਸ਼ਮੀਰੀ। ਰਾਜਾ ਉਦੋਂ ਹੋਣਾ ਕੋਈ ਵੀਹ ਕੁ ਸਾਲ ਦਾ ਜਵਾਨ ਤੇ ਮੈਂ ਤਾਂ ਸਾਢੇ ਤਿੰਨ ਸਾਲ ਦੀ ਬਾਲੜੀ ਸਾਂ। ਮੇਰੀਆਂ ਦੋਵਾਂ ਭੈਣਾਂ ਦਾ ਇਕੋ ਦਿਨ ਵਿਆਹ ਹੋਇਆ ਸੀ। ਉਦੋਂ ਘਰ ਦੇ ਵਿਚ ਹੀ ਹਾਥੀ ਦੰਦ ਦਾ ਚੂੜਾ ਬਣਵਾਉਂਦੇ ਸਨ। ਜਦੋਂ ਉਨ੍ਹਾਂ ਦੋਨਾਂ ਦੇ ਚੂੜੇ ਬਣੇ ਤਾਂ ਨਾਲ ਮੇਰਾ ਵੀ ਛੋਟਾ ਜਿਹਾ ਚੂੜਾ ਬਣ ਗਿਆ। ਘਰ ਹੀ ਟੇਲਰ ਬੈਠੇ ਸਨ। ਜਿਸ ਵੇਲੇ ਭੈਣਾਂ ਦੇ ਸਿਲਮਾਂ-ਸਿਤਾਰਿਆਂ ਵਾਲੇ ਸੂਟ ਬਣੇ ਤਾਂ ਬਚੇ ਹੋਏ ਕੱਪੜੇ 'ਚੋਂ ਮੇਰੀ ਫਰਾਕ ਤੇ ਰਿਬਨ ਵੀ ਬਣ ਗਏ। ਮੈਂ ਸੋਚਾਂ ਕਿ ਮੇਰਾ ਵਿਆਹ ਹੋਣਾ ਏਂ। ਉਹ ਜਿਹੜਾ ਰਾਜਾ ਸੀ ਨਾ, ਉਹ ਘੋੜੇ 'ਤੇ ਆਉਂਦਾ ਹੁੰਦਾ ਸੀ। ਅਸੀਂ ਪੋਠੋਹਾਰੀ ਵਿਚ ਮਰ੍ਹਾਜ ਕਹਿੰਦੇ ਆਂ, ਦੁੱਲੇ ਨੂੰ। ਰਾਜਾ ਬੜਾ ਸੋਹਣਾ ਸੀ। ਮੈਂ ਬਾਲ ਮਨ ਨਾਲ ਸੋਚਦੀ ਸਾਂ ਕਿ ਰਾਜਾ ਸਾਹਿਬ ਮੇਰੇ ਮਰ੍ਹਾਜ ਨੇ। ਰਾਜਾ ਸਾਹਿਬ ਸ਼ਾਮੀਂ ਘੋੜੇ 'ਤੇ ਨਿਕਲਦੇ। ਮੈਂ ਗਲੀ ਵਿਚ ਆ ਕੇ ਬੈਠ ਜਾਂਦੀ। ਉਨ੍ਹਾਂ ਪੁੱਛਣਾ- ਕਾਨਾ ਕਿਉਂ ਬੈਠੀ ਏਂ? ਮੈਂ ਆਖਦੀ- ਮੇਰਾ ਮਰ੍ਹਾਜ ਆਉਣ ਵਾਲਾ ਏ ਨਾ! ਉਹ ਆਸੀ ਤੇ ਮੈਨੂੰ ਘੋੜੀ 'ਤੇ ਬਿਠਾ ਕੇ ਲੈ ਜਾਸੀ।" ਇਹ ਕਹਿੰਦਿਆਂ ਉਹ ਖਿੜ-ਖਿੜਾ ਕੇ ਹੱਸੀ ਤੇ ਚਾਣਚਕ ਉਦਾਸ ਹੋ ਗਈ।

"ਜਦੋਂ ਯੂ-ਟਿਊਬ 'ਤੇ ਮੇਰਾ ਇੰਟਰਵਿਊ ਹੋਇਆ ਤਾਂ...", ਉਹ ਅਗਾਂਹ ਬੋਲੀ, "ਉਹ... ਗੁੱਜਰਖਾਨ ਵਾਲਿਆਂ ਵੀ ਸੁਣਿਆ। ਰਾਜਾ ਸਾਹਿਬ ਦੇ ਪੋਤਰੇ ਸੋਹੇਲ ਖਾਨ ਨੇ ਉਹ ਦੇਖਿਆ ਤਾਂ ਮੈਨੂੰ ਫੋਨ ਕੀਤਾ। ਉਹਨੇ ਦੱਸਿਆ ਕਿ ਰਾਜਾ ਸਾਹਿਬ ਪਿਛਲੇ ਸਾਲ ਹੀ ਫੌਤ ਹੋਏ ਨੇ। ਹੁਣ ਉਹਦਾ ਪੋਤਰਾ ਮੈਨੂੰ ਫੋਨ ਕਰਦਾ ਰਹਿੰਦਾ ਏ। ਮੈਂ ਗੁੱਜਰਖਾਨ ਗਈ ਵੀ ਸਾਂ। ਕਾਸ਼ ਮੈਂ ਉਨ੍ਹਾਂ ਨੂੰ ਮਿਲ ਆਉਂਦੀ। ਗੁੱਜਰਖਾਨ ਲਈ ਮੇਰੇ ਕੋਲ ਸਿਰਫ ਇਕ ਘੰਟੇ ਦਾ ਵਕਤ ਘੱਟ ਸੀ। ਉਸ ਦਿਨ ਮੈਂ ਵਾਘੇ ਪਹੁੰਚਣਾ ਸੀ। ਮੈਂ 'ਰਾਜਾ ਸਾਹਿਬ' ਨੂੰ ਲੱਭਿਆ ਵੀ। ਜੰਮੂ ਤੋਂ ਗਏ ਲੋਕਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ। ਸੰਤਾਲੀ 'ਚ ਉਥੋਂ ਦੇ ਅਮੀਰ ਖੱਤਰੀ ਤੇ ਬ੍ਰਾਹਮਣ ਇੱਧਰ ਆ ਗਏ ਤੇ ਜਿਹੜੇ ਅਮੀਰ ਰਾਜੇ ਤੇ ਕਸ਼ਮੀਰੀ ਸਨ, ਉਹ ਵੱਡੇ ਸ਼ਹਿਰਾਂ 'ਚ ਜਾ ਵਸੇ। ਚੜ੍ਹਦੇ ਪਾਸਿਓਂ ਜਾਣ ਵਾਲੇ ਬਹੁਤੇ ਲੋਕ ਗਰੀਬ ਸਨ। ਉਜਾੜਿਆਂ ਦੇ ਪੱਟੇ। ਫਿਰ ਪੈਂਤੀ-ਚਾਲੀ ਕਿਲੋਮੀਟਰ ਦੀ ਦੂਰੀ 'ਤੇ ਇਸਲਾਮਾਬਾਦ ਬਣ ਗਿਆ। ਹੁਣ ਉਹ ਗੱਲ ਨਹੀਂ ਰਹੀ ਗੁੱਜਰਖਾਨ ਦੀ। ਉਥੇ ਜਾ ਕੇ ਮੈਨੂੰ ਭਾਈ ਪੁਣਛੂ ਹੋਰਾਂ ਦੀ ਗੱਲ ਯਾਦ ਆ ਗਈ। ਲਾਹੌਰ ਦਾ ਕੂਚਾ ਬਣ ਕੇ, ਗੁੱਜਰਖਾਨ ਸੱਚਮੁਚ ਹੀ ਉੱਜੜ ਗਿਆ ਵੇ...।" ਉਹ ਛਿਣ ਕੁ ਲਈ ਚੁੱਪ ਹੋ ਗਈ।

"... ਸੋਹੇਲ ਖਾਨ ਹੋਰਾਂ ਹੁਣ ਪਤੈ ਕੀ ਕੀਤਾ ਵੇ! ਉਹਨੇ ਆਪਣੇ ਦਾਦੇ ਚੌਧਰੀ ਅਬਦੁਲ ਕਿਊਮ ਖਾਨ ਦੇ ਘੋੜੇ ਦਾ ਬੁੱਤ ਬਣਾ ਦਿੱਤਾ ਵੇ। ਗੁੱਜਰਖਾਨ ਦੇ ਸਭ ਨਾਲੋਂ ਮਸ਼ਹੂਰ ਬਾਜ਼ਾਰ ਕਟੜੇ ਦੇ ਚੌਕ ਵਿਚ। ਦੱਸਦੇ ਨੇ, ਅੱਜ ਗੁੱਜਰਖਾਨ ਦਾ ਬੱਚਾ-ਬੱਚਾ ਜਾਣਦਾ ਵੇ ਕਿ ਭਾਰਤ ਦੇ ਕਿਸੇ ਸ਼ਹਿਰ 'ਚ ਰਹਿਣ ਵਾਲੀ ਕਾਨਾ ਸਿੰਘ ਕਦੇ ਇੱਥੇ ਰਹਿੰਦੀ ਹੁੰਦੀ ਸੀ। ਇਹ ਪਤੈ ਕਿਵੇਂ ਹੋਇਆ ਵੇ? ਸੋਹੇਲ ਖਾਨ ਨੇ ਉਸ ਬੁੱਤ ਕੋਲ ਤਖਤੀ ਲਗਾ ਦਿੱਤੀ ਵੇ।" ਅਗਾਂਹ ਤਖਤੀ ਦੀ ਇਬਾਰਤ ਦੱਸਦਿਆਂ ਉਹਦਾ ਗੱਚ ਭਰ ਆਇਆ।

ਮੁਹਾਲੀ ਤੋਂ ਤਕਰੀਬਨ ਸਾਢੇ ਚਾਰ ਸੌ ਕਿਲੋਮੀਟਰ ਦੂਰ, ਪੋਠੋਹਾਰ ਦੇ ਦਿਲ, ਗੁੱਜਰਖਾਨ ਵਿਚ ਕੋਈ ਅਨੋਖੀ ਕਹਾਣੀ ਵਾਪਰ ਗਈ ਏ। ਬਹੱਤਰ ਵਰ੍ਹਿਆਂ ਬਾਅਦ, ਇਕ ਬਾਲੜੀ ਦੀ ਉਡੀਕ ਪੱਥਰ ਦੇ ਬੁੱਤ ਵਿਚ ਢਲ ਗਈ ਹੈ। ਉਸ ਉਡੀਕ ਦੀ ਗਵਾਹੀ ਤਖਤੀ ਦੀ ਇਬਾਰਤ ਭਰ ਰਹੀ ਹੈ। ਉਸ ਤਖਤੀ 'ਤੇ ਪਤੈ ਕੀ ਉਕਰਿਆ ਹੈ?

'ਕਦੇ ਕਾਨਾ ਇਸ ਘੋੜੇ ਦੇ ਇੰਤਜ਼ਾਰ ਵਿਚ ਬੈਠੀ ਰਹਿੰਦੀ ਸੀ।'




ਚੌਧਰੀ ਅਬਦੁਲ ਕਿਊਮ ਖਾਨ ਅਤੇ (ਸੱਜੇ) ਗੁੱਜਰਖਾਨ ਦੇ ਕਟੜਾ ਬਾਜ਼ਾਰ ਵਿਚ ਲਗਾਇਆ ਚੌਧਰੀ ਅਬਦੁਲ ਕਿਊਮ ਖਾਨ ਦੇ ਘੋੜੇ ਦਾ ਬੁੱਤ।

ਯਾਦਾਂ ਦੇ ਝਰੋਖੇ 'ਚੋਂ

# ਚਾਚੀ ਰਾਮੋ

'ਇਨ੍ਹਾਂ ਤੀਵੀਆਂ ਨੂੰ ਗੱਲਾਂ ਦੇ ਸਿਵਾ ਕੁਝ ਨਹੀਂ ਆਉਂਦਾ', ਪਿੰਡ ਦੀ ਖੂਹੀ ਕੋਲ ਵਿਹਲੇ, ਗੱਪਾਂ ਮਾਰਦੇ ਬੁੱਢਿਆਂ ਨੂੰ ਕਹਿੰਦਿਆਂ ਅਸੀਂ ਰੋਜ਼ ਸੁਣਦੇ ਸੀ, ਪਰ ਇਹ ਨਹੀਂ ਸੀ ਪਤਾ ਲਗਦਾ, ਉਹ ਕਿਹੜੀਆਂ ਤੀਵੀਆਂ ਬਾਰੇ ਗੱਲਾਂ ਕਰਦੇ ਹੁੰਦੇ ਸਨ। ਸਾਨੂੰ ਉਸ ਵਕਤ ਕੋਈ ਬਹੁਤੀ ਸੋਝੀ ਨਹੀਂ ਸੀ ਤੇ ਨਾ ਹੀ ਕੋਈ ਕੰਮ। ਸਕੂਲੋਂ ਛੁੱਟੀ ਹੁੰਦਿਆਂ ਸਾਰੇ ਦੋਸਤ ਰੱਜ ਕੇ ਖੇਡਦੇ। ਫਿਰ ਘਰ ਆਉਣ ਲੱਗਿਆਂ ਇਸ ਖੂਹੀ ਕੋਲ ਪਾਣੀ ਪੀਣ ਰੁਕ ਜਾਂਦੇ।



ਪ੍ਰਿਤਪਾਲ ਸਿੰਘ ਟਿਵਾਣਾ, ਸਿਆਟਲ
ਫੋਨ: 206-765-9069

ਪਿਆਸ ਭਾਵੇਂ ਹੋਵੇ ਜਾਂ ਨਾ, ਸਿਰਫ ਦੋਸਤਾਂ ਨਾਲ ਦਸ ਮਿੰਟ ਹੋਰ ਬਿਤਾਉਣ ਲਈ ਜੀਅ ਕਰਦਾ। ਪਾਣੀ ਪੀਂਦਿਆਂ ਉਨ੍ਹਾਂ ਬੁੱਢਿਆਂ ਦੀਆਂ ਕੁਝ ਗੱਲਾਂ ਵੀ ਕੰਨੀ ਪੈ ਜਾਂਦੀਆਂ।

ਘਰ ਆਉਂਦੇ ਤਾਂ ਸਾਡੀ ਮਾਤਾ ਜੀ ਕੋਲ ਗਵਾਂਢਣਾਂ ਬੈਠ ਕੇ ਗੱਲਾਂ ਕਰਦੀਆਂ ਹੁੰਦੀਆਂ, ਨਾਲੇ ਮਾਤਾ ਜੀ ਦੇ ਕੰਮ 'ਚ ਹਿੱਸਾ ਵੰਡਾਉਂਦੀਆਂ। ਕਿਸੇ ਨੇ ਕਾਗਜ਼ ਭਿਉਣੇ ਤੇ ਕਿਸੇ ਨੇ ਗਾਚੀ ਮਿੱਟੀ। ਤੇ ਫਿਰ ਰਲ ਕੇ ਗੋਹਲੇ ਅਤੇ ਭੜੋਲੀਆਂ ਬਣਾਉਣੀਆਂ। ਕਦੇ ਮਿੱਟੀ ਦੇ ਚੁੱਲ੍ਹੇ ਤੇ ਚੁਰਾਂ ਬਣਾਉਣੇ, ਤੇ ਕਦੇ ਹਾਰੇ, ਤੰਦੂਰ। ਤਿਉਹਾਰ ਆਉਣੇ ਤੇ ਰਲ ਕੇ ਖੋਏ ਦੀ ਬਰਫੀ ਅਤੇ ਲੱਡੂ ਬਣਾਉਣੇ। ਸਵੇਰੇ ਲਗਦੀਆਂ ਤੇ ਦੁਪਹਿਰ ਤਕ ਲਗੀਆਂ ਰਹਿੰਦੀਆਂ, ਜਿਵੇਂ ਉਨ੍ਹਾਂ ਦਾ ਜੀਅ ਵੀ ਘਰ ਜਾਣ ਨੂੰ ਨਾ ਕਰਦਾ ਹੋਵੇ। ਕਾਫੀ ਪਿਆਰ ਸੀ ਉਨ੍ਹਾਂ ਸਭਨਾਂ ਵਿਚ।

ਸਾਡੀ ਮਾਤਾ ਜੀ ਨੇ ਸਾਨੂੰ ਸਿਖਾਇਆ ਸੀ ਕਿ ਉਨ੍ਹਾਂ ਨੂੰ ਚਾਚੀ ਜਾਂ ਤਾਈ ਕਰ ਕੇ ਬੁਲਾਇਆ ਕਰੋ। ਮਾਤਾ ਤੋਂ ਛੋਟੀ ਉਮਰ ਦੀ ਚਾਚੀ ਤੇ ਵੱਡੀ ਉਮਰ ਦੀ ਤਾਈ। ਸਹੇਲੀਆਂ ਜ਼ਿਆਦਾ ਸਨ, ਸੋ ਉਨ੍ਹਾਂ ਵਿਚ ਭਿੰਨਤਾ ਰੱਖਣ ਲਈ ਅਸੀਂ ਨਾਮ ਆਪ ਜੋੜ ਲੈਂਦੇ ਸਾਂ। ਜਿਵੇਂ ਚਾਚੀ ਰਾਮੋ, ਤਾਈ ਦੇਬੋ, ਤਾਰੋ ਭੂਆ, ਤਾਈ ਗੁਰਨਾਮੋ, ਚਾਚੀ ਛੱਤਰੋ, ਚਾਚੀ ਧਾਂਦਰੇ ਵਾਲੀ ਆਦਿ।

ਦੋ ਤਿੰਨ ਸਾਲ ਬੀਤੇ ਤੇ ਮੇਰੇ ਮਾਤਾ ਨੂੰ ਕੈਂਸਰ ਦੀ ਬਿਮਾਰੀ ਲੱਗ ਗਈ। ਉਹ ਬਿਸਤਰੇ ਵਿਚ ਪੈ ਗਈ। ਉਹਦੀਆਂ ਸਹੇਲੀਆਂ ਫਿਰ ਵੀ ਆਉਂਦੀਆਂ ਰਹੀਆਂ ਤੇ ਘਰ ਦਾ ਸਾਰਾ ਕੰਮ ਮੁਕਾ ਕੇ ਜਾਂਦੀਆਂ। ਮਾਤਾ ਜੀ ਦੇ ਬਹੁਤ ਇਲਾਜ ਕੀਤੇ, ਪਰ ਨਾ-ਮੁਰਾਦ ਕੈਂਸਰ ਨੇ ਪਿੱਛਾ ਨਾ ਛੱਡਿਆ। ਦੀਵਾਲੀ 'ਤੇ ਸਾਰੀਆਂ ਸਹੇਲੀਆਂ ਸਾਡੇ ਘਰ ਮਿਠਾਈ ਦੇਣ ਆਈਆਂ ਤੇ ਉਸ ਤੋਂ ਤੀਜੇ ਦਿਨ ਮੇਰੀ ਮਾਤਾ ਸਾਨੂੰ ਸਦਾ ਲਈ ਛੱਡ ਗਈ। ਅਸੀਂ ਦੋ ਭਰਾ ਸੀ ਤੇ ਇਕ ਭੈਣ। ਸਾਰੇ ਛੋਟੀ ਉਮਰ ਦੇ। ਅਸੀਂ ਸਾਰੇ ਬਹੁਤ ਰੋਏ। ਤਦ ਇਨ੍ਹਾਂ ਸਾਰੀਆਂ ਚਾਚੀਆਂ ਤੇ ਤਾਈਆਂ ਨੇ ਸਾਨੂੰ ਬਹੁਤ ਹੌਸਲਾ ਦਿੱਤਾ।

ਇਨ੍ਹਾਂ ਵਿਚੋਂ ਇਕ ਚਾਚੀ ਰਾਮੋ ਸੀ। ਕੱਦ ਦੀ ਮਧਰੀ ਤੇ ਸਾਉਲੇ ਰੰਗ ਦੀ। ਉਸ ਦਾ ਪਰਿਵਾਰ ਰੰਘੜ ਮੁਸਲਮਾਨ ਸੀ ਤੇ ਅਸੀਂ ਜੱਟ ਸਿੱਖ ਸੀ। ਚਾਚੀ ਰਾਮੋ ਦਾ ਪਤੀ ਦੌਲਤ ਖਾਂ ਟਰੱਕ ਡਰਾਈਵਰ ਸੀ। ਇਕ ਵਾਰ ਟੂਰ 'ਤੇ ਜਾਂਦਾ, ਕਈ ਕਈ ਦਿਨ ਵਾਪਸ ਨਾ ਆਉਂਦਾ। ਚਾਚੀ ਰਾਮੋ ਨੇ ਸਵੇਰੇ ਸਾਡੇ ਸਕੂਲ ਜਾਣ ਤੋਂ ਇਕ ਘੰਟਾ ਪਹਿਲੇ ਹੀ ਸਾਨੂੰ ਨਾਸ਼ਤਾ ਭੇਜ ਦੇਣਾ। ਦੁਪਹਿਰੇ ਸਕੂਲੋਂ ਆ ਕੇ ਅਸੀਂ ਬਸਤੇ ਘਰ ਰੱਖਣੇ ਤੇ ਚਾਚੀ ਰਾਮੋ ਘਰ ਆਟਾ ਲੈ ਜਾਣਾ ਤੇ ਉਹਨੇ ਸਾਨੂੰ ਰੋਟੀਆਂ ਪਕਾ ਦੇਣੀਆਂ। ਬਹੁਤ ਵਾਰੀ ਤਾਂ ਸਾਡੇ ਜਾਣ ਤੋਂ ਪਹਿਲਾਂ ਹੀ ਉਹ ਰੋਟੀਆਂ ਬਣਾ ਰਹੀ ਹੁੰਦੀ। ਸੁੱਖ ਨਾਲ ਉਹਦਾ ਆਪਣਾ ਵੀ ਵੱਡਾ ਪਰਿਵਾਰ ਸੀ-ਤਿੰਨ ਲੜਕੀਆਂ ਤੇ ਦੋ ਲੜਕੇ। ਫਿਰ ਅਸੀਂ ਆਂਟੇ ਨੇ ਰਲ ਕੇ ਰੋਟੀ ਖਾਣੀ ਤੇ ਆਉਣ ਲੱਗਿਆਂ ਚਾਚੀ ਰਾਮੋ ਨੇ ਸਾਡਾ ਆਟਾ ਸਾਨੂੰ ਵਾਪਸ ਦੇ ਦੇਣਾ।

ਫਿਰ ਪਤਾ ਲੱਗਿਆ ਕਿ ਚਾਚੀ ਰਾਮੋ ਨੂੰ ਜ਼ਮੀਨ ਵੇਚਣੀ ਪਈ ਸੀ। ਉਹਨੇ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ। ਖੇਤਾਂ ਵਿਚੋਂ ਘਾਹ ਲਿਆਉਣਾ, ਨਰਮਾਂ ਕਪਾਹ ਚੁਗਣੀ ਤੇ ਮੱਕੀ ਕੱਢਣੀ, ਗੰਨੇ ਘੜਨੇ ਆਦਿ ਕਈ ਕੰਮ ਸਨ, ਜੋ ਉਹ ਰੋਜ਼ ਕਰਦੀ, ਪਰ ਇਨ੍ਹਾਂ ਜ਼ਿੰਮੇਵਾਰੀਆਂ ਵਧਣ ਦੇ ਬਾਵਜੂਦ ਉਹਨੇ ਸਾਡਾ ਖਾਣਾ ਬਣਾਉਣਾ ਨਾ ਛੱਡਿਆ।

ਅਸੀਂ ਸਭ ਵੱਡੇ ਹੋ ਗਏ। ਉਹਦੇ ਬੱਚੇ ਵੀ। ਉਹ ਵੀ ਚਾਚੀ ਵਾਂਗ ਹਿੰਮਤੀ ਸਨ। ਪੜ੍ਹਾਈ ਦੇ ਨਾਲ ਨਾਲ ਜੀਵਕਾ ਕਮਾਉਣ ਵਿਚ ਚਾਚੀ ਰਾਮੋ ਦਾ ਹੱਥ ਵਟਾਉਂਦੇ। ਕੁੜੀਆਂ ਲੋਕਾਂ ਲਈ ਮੰਜੇ ਪੀੜ੍ਹੀਆਂ, ਦਰੀਆਂ. ਸਵੈਟਰ ਕੋਟੀਆਂ ਆਦਿ ਬੁਣਦੀਆਂ। ਰਾਤ ਨੂੰ ਦੇਰ ਤਕ ਚਰਖਾ ਕੱਤਦੀਆਂ। ਸੁਬ੍ਹਾ-ਸਵੇਰੇ ਉਠ ਕੇ ਫਿਰ ਪਸ਼ੂਆਂ ਦੇ ਕੰਮ ਤੋਂ ਸ਼ੁਰੂ ਹੋ ਜਾਂਦੀਆਂ। ਚਾਚੀ ਰਾਮੋ ਨੇ ਆਪਣੇ ਘਰ ਦੇ ਹਾਲਾਤ ਬਾਰੇ ਨਾ ਕਦੇ ਕਿਸੇ ਨੂੰ ਦੱਸਿਆ, ਨਾ ਮਦਦ ਮੰਗੀ, ਸਗੋਂ ਹੋਰਨਾਂ ਦੇ ਦੁੱਖ-ਸੁੱਖ ਬਰਾਬਰ ਵੰਡਦੀ ਰਹੀ।



ਕਿਸੇ ਦੇ ਵਿਆਹ ਹੋਣਾ ਤਾਂ ਚਾਚੀ ਰਾਮੋ ਨੇ ਸਭ ਤੋਂ ਪਹਿਲਾਂ ਗੀਤ ਗਾਉਣ ਤੇ ਗਿੱਧਾ ਪਾਉਣ ਲਈ ਤਿਆਰ ਹੋਣਾ। ਲਗਦਾ, ਉਸ ਪਰਿਵਾਰ ਨਾਲੋਂ ਜ਼ਿਆਦਾ ਖੁਸ਼ੀ ਉਸ ਨੂੰ ਹੋ ਰਹੀ ਹੋਵੇ। ਇਸੇ ਤਰ੍ਹਾਂ ਜੇ ਕਿਸੇ ਦੇ ਮਰਗ ਹੋ ਗਈ ਤਾਂ ਪਰਿਵਾਰ ਨੂੰ ਦਿਲਾਸਾ ਦੇਣਾ ਅਤੇ ਬੱਚਿਆਂ ਨੂੰ ਚਾਹ ਪਾਣੀ ਦੇਣ ਲਈ ਸਭ ਤੋਂ ਪਹਿਲੇ ਪਹੁੰਚ ਜਾਣਾ। ਜੇ ਕਦੇ ਕਿਸੇ ਨਾਲ ਮਕਾਣੇ ਜਾਣਾ ਹੁੰਦਾ ਤਾਂ ਆਪ ਡਾਢੇ ਤੜਕੇ ਉੱਠ ਕੇ ਆਪਣੇ ਘਰ ਦੇ ਕੰਮ ਕਰ ਕੇ ਉਨ੍ਹਾਂ ਦੇ ਘਰ ਜਾਣਾ ਤੇ ਕਹਿਣਾ 'ਚਲੋ ਭਾਈ ਕਿੱਡਾ ਦਿਨ ਚੜ੍ਹ ਆਇਆ। ਮੁੜ ਕੇ ਵੀ ਆਉਣੈ।' ਬਿਨਾਂ ਕਿਸੇ ਰੁਤਬੇ ਤੋਂ ਉਹ ਪਿੰਡ ਦੇ ਕਿਸੇ ਸਰਪੰਚ ਜਾਂ ਪ੍ਰਧਾਨ ਤੋਂ ਘਟ ਨਹੀਂ ਸੀ। ਹਰ ਇਕ 'ਤੇ ਉਹਦਾ ਪੂਰਾ ਰੋਹਬ ਦਾਬ ਸੀ।

ਗਵਾਂਢ ਵਿਚ ਜੇ ਕਿਸੇ ਰਾਤ, ਤਾਇਆ ਪ੍ਰੀਤਮ ਅਤੇ ਉਸ ਦਾ ਮੁੰਡਾ ਜੱਗਾ ਦਾਰੂ ਪੀ ਕੇ ਲੜ ਪੈਂਦੇ ਤੇ ਉੱਚੀ ਬੋਲਦੇ, ਤਾਂ ਚਾਚੀ ਰਾਮੋ ਇਕ ਦਮ ਉਨ੍ਹਾਂ ਦੇ ਘਰ ਜਾਂਦੀ। ਦਰਾਂ ਵਿਚ ਢਾਕਾਂ 'ਤੇ ਹੱਥ ਧਰ ਕੇ ਖੜ੍ਹ ਕੇ ਗਰਜਵੀਂ ਆਵਾਜ਼ ਵਿਚ ਕਹਿੰਦੀ, 'ਵੇ ਜੱਗਿਆ, ਤੈਨੂੰ ਸ਼ਰਮ ਨਹੀ ਆਉਂਦੀ। ਅੱਧੀ ਰਾਤੀਂ ਰੌਲਾ ਪਾਇਐ।' ਜੱਗੇ ਦੀ ਸਾਰੀ ਸ਼ਰਾਬ ਲਹਿ ਜਾਣੀ। 'ਅੱਛਾ ਚਾਚੀ ਮੈਂ ਨਹੀਂ ਬੋਲਦਾ' ਜੱਗੇ ਨੇ ਕਹਿਣਾ; ਤੇ ਫਿਰ ਚਾਚੀ ਉਹਦੇ ਪਿਓ ਦੁਆਲੇ ਹੋ ਜਾਂਦੀ, 'ਵੇ ਪ੍ਰੀਤਮਾ ਤੂੰ ਤਾਂ ਸਿਆਣਾ ਹੈ, ਨਿਆਣਿਆਂ ਨਾਲ ਕਿਉਂ ਬੋਲਦੈਂ?' ਉਹਨੇ ਵੀ ਕਹਿ ਦੇਣਾ, 'ਰਾਮੋ, ਮੈਂ ਹੁਣ ਕੁਝ ਨਹੀਂ ਕਹਿੰਦਾ।' ਤੇ ਉਸ ਤੋਂ ਬਾਅਦ ਇਉਂ ਲਗਣਾ ਜਿਵੇਂ ਪ੍ਰੀਤਮ ਜਾਂ ਜੱਗਾ ਉਸ ਪਿੰਡ ਵਿਚ ਹੀ ਨਹੀਂ ਰਹਿੰਦੇ। ਕਈ ਦਿਨ ਉਹ ਚਾਚੀ ਨੂੰ ਮੂੰਹ ਦਿਖਾਣ ਤੋਂ ਕਤਰਾਉਂਦੇ। ਇਸੇ ਤਰ੍ਹਾਂ ਹੀ ਜੇ ਕਿਤੇ ਕਿਸੇ ਦੇ ਹੋਰ ਘਰ ਬੋਲ-ਬੁਰਾਲਾ ਹੋ ਗਿਆ, ਤਾਂ ਚਾਚੀ ਨੇ ਉਥੇ ਵੀ ਪਹੁੰਚ ਜਾਣਾ। ਉਹਦੇ ਆਉਂਦਿਆਂ ਹੀ ਲੜਾਈ ਬੰਦ ਹੋ ਜਾਂਦੀ। ਉਹਨੂੰ ਕੁਝ ਕਹਿਣ ਦੀ ਲੋੜ ਹੀ ਨਾ ਪੈਂਦੀ।

ਪਰ ਇੰਨੇ ਰੋਹਬ ਦੇ ਨਾਲ ਨਾਲ ਉਹਦੀ ਜ਼ਬਾਨ ਮਿੱਠੀ ਵੀ ਬਹੁਤ ਸੀ। ਹਰ ਇਕ ਦਾ ਹਾਲ ਚਾਲ ਪੁਛਣਾ, ਹਰ ਘਰ ਦੀ ਖਬਰ ਰੱਖਣਾ, ਸਭਨਾਂ ਨੂੰ ਅਸੀਸਾਂ ਦੇਣੀਆਂ, ਉਨ੍ਹਾਂ ਦੇ ਸੁੱਖ ਲਈ ਅਰਦਾਸਾਂ ਕਰਨੀਆਂ, ਉਸ ਦਾ ਸੁਭਾਅ ਸੀ।

ਆਪਣੇ ਕੁੜੀਆਂ-ਮੁੰਡਿਆਂ ਦੇ ਵਿਆਹ ਉਹਨੇ ਠਾਠ ਨਾਲ ਕੀਤੇ। ਸਭ ਨੂੰ ਬੁਲਾਇਆ।

ਜਦ ਮੈਂ ਅਮਰੀਕਾ ਆਉਣ ਲੱਗਿਆ ਤਾਂ ਉਹ ਵਧਾਈ ਦੇਣ ਆਈ। ਮੈਂ ਉਹਦੇ ਪੈਰੀਂ ਹੱਥ ਲਾਏ। ਉਹਦੀਆਂ ਅੱਖਾਂ ਵਿਚੋਂ ਝਲਕਦੀ ਖੁਸ਼ੀ ਨੂੰ ਦੇਖਿਆ। ਉਨ੍ਹਾਂ ਵਿਚੋਂ ਮੈਨੂੰ ਮੇਰੀ ਮਾਂ ਦੀ ਤਸਵੀਰ ਨਜ਼ਰ ਆਈ।

ਇਥੇ ਪਹੁੰਚ ਕੇ ਜ਼ਿੰਦਗੀ ਨਵੇਂ ਸਿਰਿਓਂ ਸ਼ੁਰੂ ਹੋਈ। ਇਸ ਦੇਸ਼ ਦੇ ਰੀਤੀ-ਰਿਵਾਜ ਤੇ ਰਹਿਣ-ਸਹਿਣ ਦਾ ਢੰਗ ਦੇਖਣ ਨੂੰ ਮਿਲਿਆ। ਸਭ ਇਕੱਲੇ ਇਕੱਲੇ, ਆਪਣੇ ਆਪ ਵਿਚ ਖੋਏ ਹੋਏ, ਕੰਮ 'ਤੇ ਜਾਣਾ ਜਾਂ ਸੌਣਾ। ਗਵਾਂਢ ਵਿਚ ਕਿਸੇ ਦੇ ਨਾਮ ਤੱਕ ਦਾ ਪਤਾ ਨਹੀਂ। ਰਿਸ਼ਤਿਆਂ ਨੂੰ ਨਿਭਾਉਣ ਲਈ ਡਾਲਰਾਂ ਦੀ ਕਸੌਟੀ। ਰੰਗ ਤੇ ਧਰਮ ਕਰਕੇ ਵਿਤਕਰੇ। ਵਿਦੇਸ਼ੀਆਂ ਨਾਲ ਨਫਰਤ।

ਇਹ ਕੁਝ ਵੇਖ ਕੇ ਮੈਨੂੰ ਚਾਚੀ ਰਾਮੋ ਦੀ ਯਾਦ ਆਉਂਦੀ। ਜਿਹੜੀ ਸਾਰੇ ਪਿੰਡ ਨੂੰ ਆਪਣਾ ਪਰਿਵਾਰ ਸਮਝਦੀ ਸੀ। ਧਰਮ ਜਾਤ-ਪਾਤ ਨੂੰ ਪਾਸੇ ਰੱਖ ਕੇ ਸਾਰਿਆਂ ਦੀ ਮਦਦ ਕਰਦੀ ਸੀ। ਰਿਸ਼ਤਿਆਂ ਨੂੰ ਨਿਭਾਉਣ ਲਈ ਆਪਣਾ ਖੂਨ-ਪਸੀਨਾ ਇੱਕ ਕਰ ਦਿੰਦੀ ਸੀ।

ਤੇ ਫਿਰ ਮੈਨੂੰ ਚਾਚੀ ਰਾਮੋ ਦਾ ਕੱਦ ਪੂਰੇ ਅਮਰੀਕਾ ਤੋਂ ਵੱਡਾ ਜਾਪਦਾ। ਫਿਰ ਤੁਰਦੀ-ਫਿਰਦੀ ਚਾਚੀ ਰਾਮੋ ਦੀ ਸ਼ਕਲ ਫਿਲਮ ਦੀ ਰੀਲ੍ਹ ਵਾਂਗ ਸਾਹਮਣਿਓਂ ਲੰਘਦੀ। ਕਿਤੇ ਮਾਤਾ ਨਾਲ ਬੈਠੀ ਕੰਮਾਂ 'ਚ ਹੱਥ ਵੰਡਾਉਂਦੀ, ਕਦੇ ਰੋਟੀਆਂ ਖਵਾਣ ਬਾਅਦ ਆਟਾ ਵਾਪਸ ਕਰਦੀ, ਕਦੇ ਅਸੀਸਾਂ ਦਿੰਦੀ। ਤੇ ਫਿਰ ਆਪਣੀ ਮਾਂ ਦੀਆਂ ਸਾਰੀਆਂ ਸਹੇਲੀਆਂ ਦਾ ਇਕੱਠੇ ਹੋ ਕੇ ਕੰਮ ਤੇ ਗੱਲਾਂ ਕਰਦੀਆਂ ਦਾ ਦ੍ਰਿਸ਼ ਸਾਹਮਣੇ ਆਉਂਦਾ। ਮਨ ਨੂੰ ਸਕੂਨ ਜਿਹਾ ਮਿਲਦਾ, ਪਰ ਪਲ ਭਰ ਲਈ ਹੀ, ਕਿਉਂਕਿ ਨਾਲ ਹੀ ਉਹ ਖੂਹ 'ਤੇ ਬੈਠੇ ਇਕ ਦੂਜੇ ਨਾਲ ਔਰਤਾਂ ਪ੍ਰਤੀ ਆਪਣੇ ਜੀਵਨ ਦਾ ਫਲਸਫਾ ਸਾਂਝਾ ਕਰਦੇ ਬੁੱਢਿਆਂ ਦੇ ਬੋਲ ਕੰਨਾਂ ਵਿਚ ਗੂੰਜਦੇ, "ਇਨ੍ਹਾਂ ਤੀਵੀਆਂ ਨੂੰ ਤਾਂ ਗੱਲਾਂ ਤੋਂ ਸਿਵਾ ਕੁਝ ਨਹੀਂ ਆਉਂਦਾ।"

ਤੇ ਮੇਰੀਆਂ ਅੱਖਾਂ ਆਪ ਮੁਹਾਰੇ ਵਹਿ ਤੁਰਦੀਆਂ।

# 'ਮੈਂ ਤੁਰਦਾ ਹਾਂ ਤਾਂ ਰਾਹ ਬਣਦੇ'

ਇਹ ਸੱਚ ਹੈ ਕਿ ਤੁਰਨ ਲਈ ਰਾਹ ਚਾਹੀਦੇ ਹਨ, ਪਰ ਇਹ ਵੀ ਸੱਚ ਹੈ ਕਿ ਤੁਰਿਆਂ ਹੀ ਰਾਹ ਬਣਦੇ ਹਨ, ਜੇ ਚਲਾਂਗੇ ਤਾਂ ਹੀ ਪੁੱਜਾਂਗੇ।

ਘਸੇ-ਪਿਟੇ ਰਾਹਾਂ 'ਤੇ ਆਮ ਲੋਕ ਤੁਰਦੇ ਹਨ, ਔਝੜੇ-ਬਿਖੜੇ ਰਾਹਾਂ 'ਤੇ ਸੂਰਮੇ ਤੁਰਦੇ ਹਨ; ਪਰ ਇਤਿਹਾਸ ਉਹੀ ਰਚਦੇ ਹਨ, ਜੋ ਨਵੇਂ-ਨਿਵੇਕਲੇ ਰਾਹ ਬਣਾਉਂਦੇ ਹਨ।

ਪੰਜਾਬੀ ਦੇ ਪ੍ਰਸਿੱਧ ਸ਼ਾਇਰ ਡਾ. ਸੁਰਜੀਤ ਪਾਤਰ ਦੀਆਂ ਮਸ਼ਹੂਰ ਸਤਰਾਂ ਹਨ,

ਮੈਂ ਰਾਹਾਂ 'ਤੇ ਨਹੀਂ ਤੁਰਦਾ
ਮੈਂ ਤੁਰਦਾ ਹਾਂ ਤਾਂ ਰਾਹ ਬਣਦੇ,
ਯੁਗਾਂ ਤੋਂ ਕਾਫਲੇ ਆਉਂਦੇ
ਇਸੇ ਸੱਚ ਦੇ ਗਵਾਹ ਬਣਦੇ।

ਅਮਰੀਕੀ ਕਵੀ ਰੌਬਰਟ ਫਰੌਸਟ ਦੀ ਇਕ

ਪ੍ਰੋ. ਜਸਵੰਤ ਸਿੰਘ ਗੰਡਮ, ਫਗਵਾੜਾ
ਫੋਨ: 91-98766-55055

ਕਵਿਤਾ ਹੈ, 'The Road Not Taken' (ਅਣ-ਅਪਨਾਈ ਸੜਕ), ਜਿਸ ਵਿਚ ਉਹ ਦੋਰਾਹੇ 'ਤੇ ਆ ਜਾਣ 'ਤੇ ਚੋਣ ਕਰਨ ਦੀ ਦੁਬਿਧਾ ਅਤੇ ਘੱਟ ਚਲੇ ਰਾਹ ਉਪਰ ਚੱਲਣ ਦੀ ਦਲੇਰੀ ਦੀ ਗੱਲ ਕਰਦੈ, 'ਇਕ ਪੀਲੇ ਰੰਗ ਦੇ ਜੰਗਲ 'ਚ ਦੋਰਾਹਾ ਆਇਆ, ਤੇ ਮੈਂ ਘੱਟ ਚਲਿਆ ਰਾਹ ਅਪਨਾਇਆ ਅਤੇ ਇਹ (ਚੋਣ) ਹੀ ਸਾਰਾ ਫਰਕ।'

ਰਾਹ, ਰਾਹੀ ਅਤੇ ਮੰਜ਼ਿਲ ਦਾ ਚੋਲੀ-ਦਾਮਨ ਦਾ ਰਿਸ਼ਤਾ ਹੈ। ਰਾਹ, ਰਾਹੀ ਨੂੰ ਮੰਜ਼ਿਲ ਤੀਕ ਪਹੁੰਚਾਉਣ ਦਾ ਜ਼ਰੀਆ ਹੈ। ਰਾਹ ਬਿਨਾਂ ਮੰਜ਼ਿਲ ਨਹੀਂ ਅਤੇ ਮੰਜ਼ਿਲ ਬਿਨਾ ਰਾਹ ਦਾ ਕੋਈ ਫਾਇਦਾ ਨਹੀਂ; ਪਰ ਰਾਹੀ ਬਿਨਾਂ ਦੋਵੇਂ ਬੇਫਾਇਦਾ ਹਨ।

ਇਨ੍ਹਾਂ ਤਿੰਨਾਂ ਵਿਚ ਤਾਲ-ਮੇਲ ਬਹੁਤ ਜ਼ਰੂਰੀ ਹੈ। ਰਾਹੀ ਨੂੰ ਰਾਹ ਅਤੇ ਮੰਜ਼ਿਲ-ਦੋਹਾਂ ਦਾ ਪਤਾ ਹੋਣਾ ਲਾਜ਼ਮੀ ਹੈ, ਨਹੀਂ ਤਾਂ ਭਟਕਣ ਹੀ ਪੱਲੇ ਪਏਗੀ, 'ਰਾਹ ਕਹੀਂ, ਰਾਹੀ ਕਹੀਂ, ਰਹਿਬਰ ਕਹੀਂ, ਯੂੰ ਭੀ ਰਾਹ ਤੈਅ ਹੁਆ ਹੈ ਕਹੀਂ?' ਡਾ. ਇਕਬਾਲ ਐਵੇਂ ਤਾਂ ਨਹੀਂ ਕਹਿੰਦਾ, 'ਢੂੰਡਤਾ ਫਿਰਤਾ ਹੂੰ ਇਕਬਾਲ ਮੈਂ ਅਪਨੇ ਆਪ ਕੋ, ਆਪ ਹੀ ਗੋਇਆ ਮੁਸਾਫਿਰ ਆਪ ਹੀ ਮੰਜ਼ਿਲ ਹੂੰ ਮੈਂ।'

ਅਜਿਹੀ ਦੁਬਿਧਾ ਬਾਰੇ ਗੁਲਾਮ ਅਲੀ ਦੀ ਗਾਈ ਇਕ ਗਜ਼ਲ ਦਾ ਸ਼ੇਅਰ ਹੈ, 'ਰੁਕੂੰ ਤੋ ਮੰਜ਼ਿਲੇਂ ਹੀ ਮੰਜ਼ਿਲੇਂ ਹੈਂ, ਚਲੂੰ ਤੋ ਰਾਸਤਾ ਕੋਈ ਨਹੀਂ ਹੈ।' ਹਿੰਦੀ ਫਿਲਮ ਦੇ ਇਕ ਗੀਤ ਦੀ ਸਤਰ ਹੈ, 'ਸੌ ਰਾਸਤੇ ਪਰ ਤੇਰੀ ਰਾਹ ਨਹੀਂ।'

ਨਿਸ਼ਾਨਾ ਸਾਹਮਣੇ ਹੋਵੇ ਤੇ ਮੁਸਾਫਿਰ 'ਚ ਨਿਸ਼ਚਾ ਹੋਵੇ ਤਾਂ ਰਾਹ ਨਾ ਵੀ ਹੋਵੇ ਤਾਂ ਰਾਹ ਬਣਾਏ ਜਾ ਸਕਦੇ ਹਨ। ਦ੍ਰਿੜਤਾ ਅੱਗੇ ਭਲਾ ਕਦੇ ਕੋਈ ਟਿਕਿਆ, ਬੰਦਾ ਟਿਕਾਣੇ ਵਲ ਨਿਸ਼ਾਨਾ ਸਾਧ ਕੇ ਤੁਰੇ ਤਾਂ ਸਹੀ, ਮੰਜ਼ਿਲ ਤਾਂ ਪੈਰ ਚੁੰਮੇਗੀ। ਡਾ. ਬਸ਼ੀਰ ਬਦਰ ਨੇ ਕਿਆ ਖੂਬ ਕਿਹਾ ਹੈ, 'ਜਬ ਸੇ ਚਲਾ ਹੂੰ ਮੇਰੀ ਮੰਜ਼ਿਲ ਪੇ ਨਜ਼ਰ ਹੈ, ਮੈਨੇ ਰਾਸਤੇ ਮੇਂ ਮੀਲ ਕਾ ਪੱਥਰ ਨਹੀਂ ਦੇਖਾ।'

ਕਈ ਵਾਰ ਜ਼ਿੰਦਗੀ ਉਨ੍ਹਾਂ ਰਾਹਾਂ ਉਪਰ ਵੀ ਤੋਰ ਦਿੰਦੀ ਹੈ, ਜਿਨ੍ਹਾਂ ਦੀ ਸਾਰ ਤੱਕ ਨਹੀਂ ਹੁੰਦੀ। ਭਲਾ ਸੁਰਿੰਦਰ ਕੌਰ ਦਾ ਗਾਇਆ ਗੀਤ ਕਿਸ ਨੇ ਨਹੀਂ ਸੁਣਿਆ, 'ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਓ ਰੱਬਾ ਵੇ ਸਾਨੂੰ ਤੁਰਨਾ ਪਿਆ; ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ, ਉਨ੍ਹੀਂ ਰਾਹੀਂ ਵੇ ਸਾਨੂੰ ਮੁੜਨਾ ਪਿਆ।'

ਨਵੇਂ ਰਾਹ ਬਣਾਉਣ ਅਤੇ ਉਨ੍ਹਾਂ ਉਪਰ ਆਪਣੇ ਪੈਰਾਂ ਦੇ ਨਿਸ਼ਾਨ ਛੱਡਣ ਲਈ ਜਿਗਰਾ ਚਾਹੀਦੈ। ਬਹੁਤੀ ਵਾਰ ਇਕੱਲਿਆਂ ਹੀ ਸਫਰ 'ਤੇ ਚੱਲਣਾ ਪੈਂਦਾ ਹੈ, ਪਰ ਨਿਸ਼ਚਾ ਤੇ ਕਾਮਯਾਬੀ 'ਕੱਲਿਆਂ ਤੋਂ ਕਾਫਲਾ' ਕਰ ਦਿੰਦੀ ਹੈ,

'ਮੈਂ ਅਕੇਲਾ ਹੀ ਚਲਾ ਥਾ ਜਾਨਿਬੇ ਮੰਜ਼ਿਲ ਮਗਰ,
ਲੋਕ ਸਾਥ ਆਤੇ ਗਏ ਔਰ ਕਾਰਵਾਂ ਬਨਤਾ ਗਯਾ।'

ਪਰ ਜੀਵਨ ਦੇ ਸਫਰ ਵਿਚ ਕਦਮ ਬੜੀ ਸਾਵਧਾਨੀ ਨਾਲ ਚੁੱਕਣੇ ਚਾਹੀਦੇ ਹਨ। ਨਵੇਂ ਰਾਹਾਂ ਦਾ ਮਤਲਬ ਗਲਤ ਰਾਹ ਹਰਗਿਜ਼ ਨਹੀਂ, 'ਸਿਰਫ ਏਕ ਕਦਮ ਉਠਾ ਥਾ ਗਲਤ ਰਾਹੇ ਸ਼ੌਕ ਮੇਂ, ਮੰਜ਼ਿਲ ਤਮਾਮ ਉਮਰ ਮੁਝੇ ਢੂੰਡਤੀ ਰਹੀ।' (ਅਬਦੁਲ ਹਮੀਦ ਅਦਮ)

ਕੁਰਾਹੇ ਪਾਉਣ ਵਾਲੇ ਸਾਥ ਨਾਲੋਂ ਇਕੱਲੇ ਚਲਣਾ ਬਿਹਤਰ! ਅਹਿਮਦ ਫਰਾਜ਼ ਨੇ ਇਸੇ ਲਈ ਕਿਹਾ ਸੀ, 'ਹਮਸਫਰ ਚਾਹੀਏ ਹਜੂਮ ਨਹੀਂ, ਇਕ ਮੁਸਾਫਰ ਭੀ ਕਾਫਿਲਾ ਹੈ ਮੁਝੇ।' ਸਹੀ ਦਿਸ਼ਾ ਵਲ ਕਦਮ ਪੁੱਟਣਾ ਮੰਜ਼ਿਲ ਉਪਰ ਅੱਪੜਨ ਦਾ ਸੂਚਕ ਹੈ, ਪਰ ਕਦਮ ਪੁੱਟਣਾ ਜ਼ਰੂਰ ਪੈਂਦੈ। 'ਲਾਓ ਚਾ' ਨੇ ਬਹੁਤ ਦੇਰ ਪਹਿਲਾਂ ਕਿਹਾ ਸੀ, 'ਹਜ਼ਾਰਾਂ ਮੀਲਾਂ ਦਾ ਸਫਰ ਪਹਿਲੇ ਕਦਮ ਨਾਲ ਅਰੰਭ ਹੁੰਦੈ।' 1974 ਦੀ ਹਿੰਦੀ ਫਿਲਮ 'ਦੋਸਤ' ਵਿਚ ਕਿਸ਼ੋਰ ਕੁਮਾਰ ਦਾ ਇਕ ਗੀਤ ਹੈ, 'ਗਾੜੀ ਬੁਲਾ ਰਹੀ ਹੈ, ਸੀਟੀ ਬਜਾ ਰਹੀ ਹੈ; ਚਲਨਾ ਹੀ ਜ਼ਿੰਦਗੀ ਹੈ, ਚਲਤੀ ਹੀ ਜਾ ਰਹੀ ਹੈ।'

ਹਰਕਤ ਵਿਚ ਹੀ ਬਰਕਤ ਹੈ। ਤੋਰ 'ਚ ਹੀ ਲੋਰ ਹੈ। ਗਤੀ ਹੀ ਮੁਕਤੀ ਹੈ। ਖੜੋਤ ਤਾਂ ਮੌਤ ਹੈ। ਜੋ ਬਹਿ ਗਿਆ, ਸੋ ਰਹਿ ਗਿਆ। ਜੋ ਖੜ੍ਹ ਗਿਆ, ਸਮਝੋ ਮਰ ਗਿਆ। ਖੜੋਤ ਸੜਿਹਾਂਦ ਹੈ, ਚਲਨਾ ਖੁਸ਼ਬੂ। ਖੜ੍ਹਾ ਪਾਣੀ ਬਦਬੂ ਮਾਰਦੈ, ਚਲਦਾ/ਵਗਦਾ ਪਾਣੀ ਨਿਰਮਲ ਜਲ ਹੁੰਦੈ।' ਇਕ ਰਾਸਤਾ ਹੈ ਜ਼ਿੰਦਗੀ, ਜੋ ਥੰਮ ਗਏ ਤੋ ਕੁਛ ਨਹੀਂ।'



ਨਵੀਆਂ ਪੈੜਾਂ ਪਾਉਣ ਵਾਲਿਆਂ ਨੂੰ ਵਿਰੋਧ ਦਾ ਵੀ ਸਾਹਮਣਾ ਕਰਨਾ ਪੈਂਦੈ। ਲੋਕ ਸਫਲਤਾ ਦੇ ਪੁਜਾਰੀ ਹਨ, ਚੜ੍ਹਦੇ ਸੂਰਜ ਨੂੰ ਸਲਾਮਾਂ ਮਾਰਨ ਵਾਲੇ। ਬਸ ਜੇ ਧਾਰ ਲਿਆ ਤਾਂ ਧਾਰ ਲਿਆ, ਤੁਰਨਾ ਹੈ ਤਾਂ ਬਸ ਤੁਰਨਾ ਹੀ ਹੈ; ਵਿਰੋਧ ਹੋਵੇ, ਵਾਵਰੋਲੇ ਆਉਣ, ਵਿਵਸਥਾ ਅੜਿੱਕੇ ਪਾਵੇ, ਪਰ ਮੰਜ਼ਿਲ 'ਤੇ ਪਹੁੰਚਣਾ ਹੀ ਹੈ, 'ਵਿਕਲਪ ਮਿਲੇਂਗੇ ਬਹੁਤ ਮਾਰਗ ਭਟਕਾਨੇ ਕੇ ਲੀਏ, ਸੰਕਲਪ ਏਕ ਹੀ ਕਾਫੀ ਹੈ ਮੰਜ਼ਿਲ ਤਕ ਜਾਨੇ ਕੇ ਲੀਏ।'

ਸ਼ਬਦ-ਵਿਗਿਆਨ (ਐਟੀਮੋਲੋਜੀ) ਦਾ ਸ਼ੌਕ ਹੋਣ ਕਾਰਨ ਮਹਾਨਕੋਸ਼ ਵਿਚ ਰਾਹ ਦੇ ਅਰਥ ਦੇਖ ਬੈਠਾ। 6 ਅਰਥ ਹਨ, ਆਪਾਂ ਇਕੋ ਨਾਲ ਸਾਰਾਂਗੇ: ਰਾਹ-ਫਾਰਸੀ; ਸੰਗਯਾ-ਮਾਰਗ, ਰਾਸਤਾ, ਪੰਥ। ਵੈਸੇ ਵਿਰਲੀ, ਪਗਡੰਡੀ ਅਤੇ ਸੜਕ ਵੀ ਰਾਹ ਹੀ ਹਨ, ਸ਼ਕਲਾਂ ਜ਼ਰਾ ਵੱਖ ਵੱਖ ਹਨ। ਹਵਾਈ ਅਤੇ ਸਮੁੰਦਰੀ ਸਫਰ ਵੀ ਤੈਅਸ਼ੁਦਾ ਰੂਟਾਂ ਉਪਰ ਹੀ ਹੁੰਦੇ।

ਸਾਰੇ ਰਾਹ ਰਾਹੀ/ਮੁਸਾਫਰ ਨੂੰ ਮੰਜ਼ਿਲ ਨਾਲ ਮੇਲ ਕਰਾਉਂਦੇ ਹਨ। ਮਹਿਬੂਬ ਨੂੰ ਮਿਲਣ ਜਾਣਾ ਹੋਵੇ ਤਾਂ ਧੂੱਦਲ ਨਾਲ ਅੱਟਿਆ ਹੋਇਆ ਰਾਹ ਵੀ ਸਵਰਗੀ ਹੁਲਾਰੇ ਦਿੰਦੈ। ਸ. ਸ. ਮੀਸ਼ਾ ਦਾ ਸ਼ੇਅਰ ਹੈ, 'ਤੇਰੀ ਧੂੜ ਵੀ ਸੁਰਮੇ ਵਰਗੀ, ਸੱਜਣਾਂ ਦੇ ਪਿੰਡ ਜਾਂਦੀਏ ਸੜਕੇ।'

ਨਿਰੰਤਰ ਸਫਰ ਵਿਚ ਰਹਿਣਾ ਕਿਰਿਆਸ਼ੀਲ ਹੋਣ ਦੀ ਨਿਸ਼ਾਨੀ ਹੈ। ਕਈਆਂ ਲਈ ਰਾਸਤਾ ਹੀ ਮੰਜ਼ਿਲ ਹੁੰਦੈ ਤੇ ਚਲਦੇ ਰਹਿਣਾ ਹੀ ਮਕਸਦ। ਕਈਆਂ ਨੂੰ ਮੰਜ਼ਿਲ 'ਤੇ ਪੁੱਜਣ ਲਈ ਬੜੇ ਧੱਕੇ-ਠੇਡੇ ਖਾਣੇ ਪੈਂਦੇ ਹਨ, ਪਰ ਕਈਆਂ ਨੂੰ ਮੰਜ਼ਿਲ ਧਾਹ ਕੇ ਮਿਲਦੀ ਹੈ, 'ਕਿਸੀ ਕੋ ਘਰ ਸੇ ਨਿਕਲਤੇ ਹੀ ਮਿਲ ਗਈ ਮੰਜ਼ਿਲ, ਕੋਈ ਹਮਾਰੀ ਤਰਹ ਉਮਰ ਭਰ ਸਫਰ ਮੇਂ ਰਹਾ।'

ਰਾਹ ਨਾਲ ਬੜੇ ਮੁਹਾਵਰੇ ਜੁੜੇ ਹਨ-ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ, ਰਾਹ ਰਹਿਣ ਦੇ ਤੇ ਗਾਹ ਗਹਿਣ ਦੇ, ਰਾਹ ਵਿਚ ਹੱਗੇ, ਨਾਲੇ ਆਨੇ ਟੱਡੇ; ਰਾਹੋਂ ਲੰਘਣਾ, ਰਾਹ ਵੇਖਣਾ, ਰਾਹੋਂ ਕੁਰਾਹ ਹੋਣਾ, ਰਾਹ ਸਿਰ ਦੀ ਗੱਲ, ਰਾਹ ਹੋਣਾ, ਰਾਹ ਕਰਨਾ, ਰਾਹ ਤੱਕਣਾ, ਰਾਹ ਪੈਰੀਂ ਲਗਣਾ, ਰਾਹ ਜਾਂਦੀ ਬਲਾਅ ਗਲ ਲਾਉਣੀ, ਰਾਹ 'ਤੇ ਆਉਣਾ, ਰਾਹ ਦਾ ਕੰਡਾ ਹੋਣਾ, ਰਾਹ ਦਾ ਕੰਡਾ ਕੱਢਣਾ, ਰਾਹ ਦੀ ਗੱਲ ਕਰਨੀ, ਰਾਹ ਦੇਣਾ, ਰਾਹ ਨਾ ਆਉਣਾ, ਰਾਹ ਰੰਗ ਦਾ ਹੋਣਾ, ਰਾਹ ਵਿਚ ਰੋੜਾ ਅਟਕਾਉਣਾ, ਰਾਹ ਨਾਲ ਵਰਤਣਾ, ਰਾਹ ਪੈਣਾ, ਰਾਹ ਮਾਰਨਾ, ਦਿਲ ਨੂੰ ਦਿਲ ਦਾ ਰਾਹ ਹੋਣਾ ਆਦਿ (ਫਾਰਸੀ-ਉਰਦੂ ਵਾਲਿਆਂ ਤਾਂ ਰਾਹੇ-ਰਾਸਤ ਨੂੰ ਇਕੱਠਾ ਕਰਕੇ ਮੁਹਾਵਰਾ ਬਣਾਇਆ)।

ਗੁਰਬਾਣੀ ਵਿਚ ਰਾਹ, ਮਾਰਗ, ਪੰਥ ਨਾਲ ਸਬੰਧਤ ਅਨੇਕਾਂ ਟੂਕਾਂ ਹਨ, ਪਰ ਇਥੇ ਅਸੀਂ ਸੰਕੇਤ ਮਾਤਰ ਹੀ ਦੇਵਾਂਗੇ, 'ਰਾਹ ਦੋਵੈ ਇਕ ਜਾਣੈ ਸੋਈ ਸਿਝਸੀ॥' 'ਰਾਹ ਦੋਵੈ ਖਸਮੁ ਏਕੋ ਜਾਣੁ॥' 'ਪੰਥਾ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ॥' 'ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ॥' 'ਮਾਰਗਿ ਚਲਤ ਸਗਲ ਦੁਖ ਗਏ॥' 'ਮਾਰਗੁ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ॥'

ਜ਼ਿੰਦਗੀ ਵਿਚ ਕਈ ਵਾਰ ਬਿਖੜੇ ਰਾਹ ਅਤੇ ਔਝੜ ਪੈਂਡੇ ਟੱਕਰ ਪੈਂਦੇ ਹਨ। ਆਪਾ-ਧਾਪੀ, ਭੀੜ-ਭੜੱਕੇ ਅਤੇ ਘਾਤਕ ਕਾਹਲ ਵਾਲੇ ਇਸ ਜੀਵਨ ਵਿਚ ਹਰ ਸ਼ਖਸ ਰਾਹ ਦੀ ਤਲਾਸ਼ ਵਿਚ ਹੈ, 'ਹਰ ਸ਼ਖਸ ਦੌੜਤਾ ਹੈ ਯਹਾਂ ਭੀੜ ਕੀ ਤਰਫ, ਔਰ ਯੇਹ ਭੀ ਚਾਹਤਾ ਹੈ ਕਿ ਉਸੇ ਰਾਸਤਾ ਮਿਲੇ।' (ਵਸੀਮ ਬਰੇਲਵੀ)

ਹਿੰਮਤਾਂ ਵਾਲੇ ਹੀ ਬਿਖਮ ਰਾਹ ਤੈਅ ਕਰ ਪਾਉਂਦੇ ਹਨ। ਨਿਦਾ ਫਾਜ਼ਲੀ ਨੇ ਤਾਂ ਸਿੱਧਾ ਸਪੱਸ਼ਟ ਕਿਹੈ, 'ਸਫਰ ਮੇਂ ਧੂਪ ਤੋ ਹੋਗੀ ਜੋ ਚਲ ਸਕੋ ਤੋ ਚਲੋ, ਸਭੀ ਹੈਂ ਭੀੜ ਮੇਂ ਤੁਮ ਭੀ ਨਿਕਲ ਸਕੋ ਤੋ ਚਲੋ...; ਯਹਾਂ ਕਿਸੀ ਕੋ ਕੋਈ ਰਾਸਤਾ ਨਹੀਂ ਦੇਤਾ, ਮੁਝੇ ਗਿਰਾ ਕੇ ਅਗਰ ਤੁਮ ਸੰਭਲ ਸਕੋ ਤੋ ਚਲੋ।'

# ਬੈਚ ਫੁੱਲ ਮਸਟਰਡ-ਮਾਤਮੀ ਨਿਰਾਸ਼ਾ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਪੰਜਾਬ ਵਿਚ ਸਰੋਂ ਦਾ ਪੌਦਾ, ਜਿਸ ਦਾ ਬੋਟੈਨੀਕਲ ਨਾਂ (Sinapis Arvensis) ਹੈ, ਸਦੀਆਂ ਤੋਂ ਸਾਗ-ਸਬਜ਼ੀ ਬਣਾਉਣ ਤੇ ਪਸ਼ੂਆਂ ਨੂੰ ਚਾਰਨ ਲਈ ਵਰਤਿਆ ਜਾਂਦਾ ਹੈ। ਇਸ ਦੇ ਬੀਜਾਂ ਦਾ ਤੇਲ ਖਾਣ ਪਕਾਉਣ ਤੇ ਸਰੀਰਕ ਮਾਲਸ਼ ਦੇ ਕੰਮ ਆਉਂਦਾ ਹੈ ਅਤੇ ਕਈ ਦੇਸੀ ਦਵਾਈਆਂ ਵਿਚ ਵੀ ਵਰਤਿਆ ਜਾਂਦਾ ਹੈ। ਰਿਸ਼ੀਆਂ-ਮੁਨੀਆਂ ਤੇ ਵੈਦਾਂ-ਹਕੀਮਾਂ ਨੇ ਇਸ ਬੂਟੇ ਦੇ ਹਜ਼ਾਰਾਂ ਲਾਭ ਦੱਸੇ ਹੋਣਗੇ, ਪਰ ਕਿਸੇ ਨੇ ਵੀ ਇਹ ਨਹੀਂ ਦੱਸਿਆ ਕਿ ਇਹ ਮਨੁੱਖ ਦੇ ਕਿਸ ਮਾਨਸਿਕ ਰੋਗ ਨੂੰ ਦੂਰ ਕਰਦਾ ਹੈ। ਇਹ ਅਜੋਕੀ ਮਾਨਵਤਾ ਦੇ ਤੇਜ਼ੀ ਨਾਲ ਵਧ ਰਹੇ ਰੋਗ ਦੀਰਘ ਨਿਰਾਸ਼ਾ (Inveterate Depression) ਨੂੰ ਠੱਲ੍ਹ ਪਾਉਂਦਾ ਹੈ। ਕਈਆਂ ਨੂੰ ਤਾਂ ਇਹ ਸੁਣ ਕੇ ਹੀ ਹੈਰਾਨੀ ਹੋਵੇਗੀ ਕਿ ਘੋਰ ਉਦਾਸੀ ਤੇ ਸਰੋਂ ਵਿਚਕਾਰ ਕੋਈ ਦਵਾਈ-ਬੂਟੀ ਵਾਲਾ ਸਬੰਧ ਵੀ ਹੈ। ਸੁਆਦ ਤੇ ਮਾਲਸ਼ ਤੋਂ ਉੱਤੇ ਉੱਠ ਕੇ ਕਿਸੇ ਨੇ ਦੇਖਿਆ ਹੀ ਨਹੀਂ ਕਿ ਇਸ ਬੂਟੇ ਦੇ ਸੁੰਦਰ ਪੀਲੇ ਫੁੱਲ ਵੀ ਹਨ, ਜੋ ਸਿਰਫ ਦੇਖਣ ਨੂੰ ਹੀ ਚੰਗੇ ਨਹੀਂ ਲਗਦੇ, ਸਗੋਂ ਉਪਰਾਮਤਾ ਜਿਹੀ ਭਿਆਨਕ ਦਿਮਾਗੀ ਬਿਮਾਰੀ ਦਾ ਸਹੀ ਇਲਾਜ ਵੀ ਹਨ।

ਡਾ. ਬੈਚ ਨੇ ਸਰੋਂ ਦੇ ਫੁੱਲ ਤੋਂ ਮਸਟਰਡ (Mustard) ਨਾਮੀ ਦਵਾਈ ਤਿਆਰ ਕੀਤੀ ਤੇ ਪਾਇਆ ਕਿ ਇਹ ਮਾਨਵਤਾ ਦੀ ਇਕ ਅਜਿਹੀ ਸਥਿਤੀ (Condition) ਨੂੰ ਠੀਕ ਕਰਦੀ ਹੈ, ਜੋ ਸੁਭਾਅ ਵੀ ਹੈ, ਆਦਤ ਵੀ ਤੇ ਬਿਮਾਰੀ ਵੀ। ਜੇ ਇਹ ਬਿਮਾਰੀ ਦੀ ਸ਼ਕਲ ਵਿਚ ਹੋਵੇ ਤਾਂ ਮਨੁੱਖ ਦਾ ਇਸ ਸੰਸਾਰ ਪ੍ਰਤੀ ਸਨੇਹ ਹੀ ਮੁਕਾ ਦਿੰਦੀ ਹੈ। ਇਹ ਉਸ ਦਾ ਮਨੋਬਲ ਤੋੜ ਕੇ ਉਸ ਤੋਂ ਕਈ ਝੱਲੇ ਕੰਮ ਕਰਵਾ ਸਕਦੀ ਹੈ, ਇਥੋਂ ਤੱਕ ਕਿ ਆਤਮਘਾਤ ਵੀ। ਡਿਪਰੈਸ਼ਨ ਦੇ ਰੂਪ ਵਿਚ ਆ ਕੇ ਇਹ ਉਸ ਨੂੰ ਮੰਜੇ 'ਤੇ ਲੰਮਾ ਵੀ ਪਾ ਸਕਦੀ ਹੈ।

ਡਾ. ਬੈਚ ਮਸਟਰਡ ਦੇ ਦਵਾਈ ਗੁਣਾਂ ਨੂੰ ਸੰਖੇਪ ਭਾਵ ਵਿਚ ਇਵੇਂ ਲਿਖਦੇ ਹਨ, "ਇਹ ਉਨ੍ਹਾਂ ਲਈ ਹੈ, ਜੋ ਸਮੇਂ ਸਮੇਂ 'ਤੇ ਅਕਾਰਨ ਉਦਾਸੀ ਦਾ ਸ਼ਿਕਾਰ ਹੋ ਜਾਂਦੇ ਹਨ ਤੇ ਕਦੇ ਕਦੇ ਨਿਰਾਸ਼ਾ ਦੇ ਅਜਿਹੇ ਅੰਧਕਾਰ ਵਿਚ ਡੁੱਬ ਜਾਂਦੇ ਹਨ, ਜਿਵੇਂ ਉਨ੍ਹਾਂ 'ਤੇ ਮਾਤਮ ਤੇ ਨਿਰਾਸ਼ਾ ਦਾ ਇਕ ਕਾਲਾ ਬੱਦਲ ਛਾ ਗਿਆ ਹੋਵੇ, ਜਿਸ ਨੇ ਉਨ੍ਹਾਂ ਦੇ ਜੀਵਨ ਦੀਆਂ ਖੁਸ਼ੀਆਂ ਤੇ ਰੌਸ਼ਨੀਆਂ ਨੂੰ ਢਕ ਲਿਆ ਹੋਵੇ।" ਡਾ. ਬੈਚ ਦੀ ਇਬਾਰਤ ਮਸਟਰਡ ਦੇ ਸਭ ਪੱਖ ਬਿਆਨ ਕਰਦੀ ਹੈ। ਇਹ ਫੁੱਲ ਦਵਾਈ ਇਕ ਅਜਿਹੇ ਗੰਭੀਰ ਸ਼ੋਕ ਨੂੰ ਠੀਕ ਕਰਦੀ ਹੈ, ਜੋ ਬਿਨਾ ਵਜ੍ਹਾ ਪੈਦਾ ਹੋ ਜਾਂਦਾ ਹੈ, ਵਾਰ ਵਾਰ ਦੌਰਿਆਂ ਦੇ ਰੂਪ ਵਿਚ ਆਉਂਦਾ ਰਹਿੰਦਾ ਹੈ, ਹੌਲੀ ਹੌਲੀ ਪੱਕਾ ਦੁਖਦਾਇਕ ਰੂਪ ਧਾਰਨ ਕਰ ਲੈਂਦਾ ਹੈ, ਸੋਚ ਨੂੰ ਕਾਲੀ ਕਰ ਦਿੰਦਾ ਹੈ, ਖੁਸ਼ੀਆਂ ਨੂੰ ਹਨੇਰਾ ਕਰ ਦਿੰਦਾ ਹੈ ਅਤੇ ਆਸਾਂ-ਉਮੀਦਾਂ 'ਤੇ ਕਾਲਖ ਫੇਰ ਦਿੰਦਾ ਹੈ।

ਕਈ ਵਾਰ ਅਸੀਂ ਸੁਣਦੇ ਹਾਂ ਕਿ ਫਲਾਣਾ ਵਿਅਕਤੀ ਬਿਮਾਰ ਹੈ। ਪੁੱਛਣ 'ਤੇ ਪਤਾ ਚਲਦਾ ਹੈ ਕਿ ਉਸ ਨੂੰ ਹੋਇਆ ਤਾਂ ਕੁਝ ਨਹੀਂ, ਭਾਵ ਹੈ ਤਾਂ ਉਹ ਚਲਦਾ-ਫਿਰਦਾ, ਖਾਂਦਾ-ਪੀਂਦਾ ਤੇ ਗੱਲਾਂ-ਬਾਤਾਂ ਕਰਦਾ, ਪਰ ਉਹ ਕਦੇ ਕਦੇ ਦੌਰਾ ਜਿਹਾ ਪੈ ਕੇ ਢਿੱਲ੍ਹਾ ਹੋ ਜਾਂਦਾ ਹੈ। ਹੋਰ ਦਰਿਆਫਤ ਕਰਨ 'ਤੇ ਇਹ ਵੀ ਦੱਸਿਆ ਜਾਂਦਾ ਹੈ ਕਿ ਉਸ ਦਾ ਬੈਠੇ ਬੈਠੇ ਦਿਲ ਘਬਰਾਉਣ ਲਗਦਾ ਹੈ, ਪਸੀਨੇ ਛੁਟ ਜਾਂਦੇ ਹਨ, ਚਿਹਰੇ ਦਾ ਰੰਗ ਪੀਲਾ ਪੈ ਜਾਂਦਾ ਹੈ ਤੇ ਉਹ ਬੋਲ-ਚਾਲ ਬੰਦ ਕਰ ਕੇ ਚੁਪ-ਚਾਪ ਦੇਖਦਾ ਰਹਿੰਦਾ ਹੈ। ਇਹ ਸਭ ਇੰਨੀ ਜਲਦੀ ਹੁੰਦਾ ਹੈ ਕਿ ਦੇਖਣ ਵਾਲੇ ਨੂੰ ਸਮਝ ਨਹੀਂ ਆਉਂਦੀ ਕਿ ਉਸ ਨੂੰ ਬੈਠੇ ਬੈਠੇ ਕੀ ਹੋ ਗਿਆ ਹੈ। ਫਿਰ ਕੁਝ ਸਮੇਂ ਬਾਅਦ ਉਹ ਅਚਾਨਕ ਠੀਕ ਵੀ ਹੋ ਜਾਂਦਾ ਹੈ ਭਾਵ ਮੂੰਹ ਸਾਫ ਕਰਦਾ ਹੈ, ਮੱਥੇ 'ਤੇ ਹੱਥ ਫੇਰਦਾ ਹੈ, ਪਾਣੀ ਪੀਂਦਾ ਹੈ ਤੇ ਉੱਠ ਕੇ ਬੈਠ ਜਾਂਦਾ ਹੈ। ਇਹ ਸਭ ਅਕਾਰਨ ਤੇ ਅਚੇਤ ਹੁੰਦਾ ਹੈ, ਭਾਵ ਜੇ ਉਸ ਨੂੰ ਪੁੱਛੋ ਕਿ ਇਹ ਕੀ ਸੀ ਤੇ ਕਿਉਂ ਹੋਇਆ ਤਾਂ ਉਹ ਇਸ ਦਾ ਕੋਈ ਜਵਾਬ ਨਹੀਂ ਦਿੰਦਾ। ਉਹ ਇਹ ਵੀ ਨਹੀਂ ਮੰਨਦਾ ਕਿ ਉਸ ਨੂੰ ਕੁਝ ਹੋਇਆ ਸੀ। ਉਸ ਨੂੰ ਤਾਂ ਉਸ ਸਮੇਂ ਦੀ ਸੋਝੀ ਹੀ ਨਹੀਂ ਹੁੰਦੀ।

ਇਸ ਸਮੱਸਿਆ ਨੂੰ ਆਮ ਤੌਰ 'ਤੇ ਕਾਲੀ ਉਦਾਸੀ (Black Depression) ਕਹਿੰਦੇ ਹਨ। ਕਈ ਲੋਕ ਇਸ ਨੂੰ ਅੱਖਾਂ ਅੱਗੇ ਹਨੇਰੀ ਜਾਂ ਹਨੇਰੀ ਦੇ ਦੌਰੇ; ਚੱਕਰ, ਘੁਮੇਰ ਜਾਂ ਦਿਲ ਦਾ ਘਬਰਾਉਣਾ ਜਾਂ ਮਾਤਮ ਛਾਉਣਾ ਕਹਿ ਦਿੰਦੇ ਹਨ। ਪੁਆਧੀ ਬੋਲੀ ਵਿਚ ਇਸ ਨੂੰ "ਹੌਲ ਪੈਣੇ" ਕਿਹਾ ਜਾਂਦਾ ਹੈ। ਡਾ. ਬੈਚ ਅਨੁਸਾਰ ਜਦੋਂ ਹੌਲ ਦਾ ਦੌਰਾ ਜਾਂ ਚੱਕਰ ਪੈਂਦਾ ਹੈ ਤਾਂ ਇੰਜ ਹੁੰਦਾ ਹੈ, ਜਿਵੇਂ ਮਰੀਜ਼ ਉੱਤੇ ਉਦਾਸੀ ਤੇ ਗਮਗੀਨਤਾ ਦਾ ਕਾਲਾ ਬੱਦਲ ਫਟ ਗਿਆ ਹੋਵੇ। ਫਟ ਗਿਆ ਤੋਂ ਭਾਵ ਕਿ ਸਾਰੀ ਦੀ ਸਾਰੀ ਨਿਰਾਸ਼ਾ ਉਸ ਉੱਤੇ ਸਕਿੰਟਾਂ ਵਿਚ ਢੇਰੀ ਹੋ ਜਾਂਦੀ ਹੈ। ਉਸ ਨੂੰ ਇਸ ਦੇ ਆਉਣ ਦੇ ਸਮੇਂ ਤੇ ਕਾਰਨ ਦਾ ਪਤਾ ਨਹੀਂ ਲਗਦਾ। ਇਥੋਂ ਤੀਕ ਕਿ ਉਸ ਨੂੰ ਆਪਣੀ ਹਾਲਤ ਦਾ ਵੀ ਗਿਆਨ ਨਹੀਂ ਹੁੰਦਾ। ਇਹ ਤੈਅ ਹੈ ਕਿ ਉਦਾਸੀ ਦਾ ਇਹ ਦੌਰਾ ਜਿਵੇਂ ਅਚਨਚੇਤ ਆਉਂਦਾ ਹੈ, ਉਵੇਂ ਚਲਾ ਵੀ ਜਾਂਦਾ ਹੈ; ਪਰ ਇਹ ਤੈਅ ਨਹੀਂ ਕਿ ਇਹ ਕਦੋਂ ਜਾਵੇ। ਇਸ ਦੇ ਰਹਿਣ ਦੇ ਸਮੇਂ ਬਾਰੇ ਅਨਿਸ਼ਚਿਤਤਾ ਬਣੀ ਰਹਿੰਦੀ ਹੈ, ਪਰ ਇਸ ਦੇ ਜਾਣ ਤੋਂ ਬਾਅਦ ਵੀ ਇਸ ਬਾਰੇ ਕੁਝ ਨਹੀਂ ਜਾਣਿਆ ਜਾ ਸਕਦਾ ਕਿ ਇਹ ਕਦੋਂ ਫਿਰ ਆ ਜਾਵੇ। ਜੋ ਮਰੀਜ਼ ਇਸ ਨੂੰ ਹੰਢਾਉਂਦਾ ਹੈ, ਉਹ ਵੀ ਇਸ ਬਾਰੇ ਇਹੀ ਕਹੇਗਾ, "ਮੈਨੂੰ ਕੀ ਹੋਇਆ, ਮੈਂ ਤਾਂ ਠੀਕ-ਠਾਕ ਹਾਂ।" ਇਹੀ ਕਾਰਨ ਹੈ ਇਸ ਦੀ ਖੋਜ ਕਰਨ ਵਿਚ ਕਠਿਨਾਈ ਆਉਂਦੀ ਹੈ।




ਫਿਰ ਵੀ ਹੌਲ ਦੇ ਇਸ ਚੱਕਰ ਬਾਰੇ ਇੰਨਾ ਤੈਅ ਹੈ ਕਿ ਮਿਰਗੀ ਵਾਂਗ ਇਹ ਵੀ ਇਕ ਦਿਮਾਗੀ ਤਕਲੀਫ ਹੈ। ਇਸ ਦਾ ਦੌਰਾ ਵੀ ਮਿਰਗੀ ਦੇ ਦੌਰੇ ਵਾਂਗ ਹੀ ਪੈਂਦਾ ਹੈ ਤੇ ਉਵੇਂ ਹੀ ਥੋੜ੍ਹਾ ਸਮਾਂ ਮਨੁੱਖ ਦੀ ਸੋਝੀ ਤੇ ਮਨ ਨੂੰ ਪ੍ਰਭਾਵਿਤ ਕਰ ਕੇ ਉਸ ਨੂੰ ਸਹੀ ਸਲਾਮਤ ਛੱਡ ਕੇ ਚਲਾ ਜਾਂਦਾ ਹੈ। ਭਾਵੇਂ ਇਹ ਹੌਲ ਚੱਕਰ ਮਨੁੱਖ ਨੂੰ ਕਿਸੇ ਤਰ੍ਹਾਂ ਅਪਾਹਜ ਨਹੀਂ ਕਰਦਾ, ਫਿਰ ਵੀ ਉਸ ਦੀਆਂ ਖੁਸ਼ੀਆਂ ਤੇ ਆਜ਼ਾਦੀ ਖੋਹ ਲੈਂਦਾ ਹੈ। ਉਹ ਹਮੇਸ਼ਾ ਇਸ ਗਮ ਵਿਚ ਡੁੱਬਿਆ ਰਹਿੰਦਾ ਹੈ ਕਿ ਕਦੇ ਕਦੇ ਉਸ ਦਾ ਦਿਲ ਘਟਣ ਕਿਉਂ ਲਗ ਜਾਂਦਾ ਹੈ। ਅਚਨਚੇਤ ਮਾਤਮੀ ਦੌਰਿਆਂ ਕਾਰਨ ਉਹ ਕਿਧਰੇ ਆ/ਜਾ ਨਹੀਂ ਸਕਦਾ। ਉਸ ਦੇ ਪਰਿਵਾਰਕ ਜੀਅ ਵੀ ਉਸ ਨੂੰ ਇਕੱਲਾ ਨਹੀਂ ਛੱਡਦੇ। ਉਸ ਨੂੰ ਆਪਣੇ ਬੀਮਾਰ ਹੋਣ ਦਾ ਅਹਿਸਾਸ ਹਮੇਸ਼ਾ ਦਬਾਈ ਰੱਖਦਾ ਹੈ ਤੇ ਉਹ ਡਾਕਟਰਾਂ/ਹਕੀਮਾਂ ਕੋਲ ਘੁੰਮਦਾ ਰਹਿੰਦਾ ਹੈ।

ਇਕ ਅੰਦਾਜ਼ੇ ਅਨੁਸਾਰ ਇਹ ਤਕਲੀਫ ਥੋੜ੍ਹੀ ਜਾ ਬਹੁਤੀ ਹਰ ਇਨਸਾਨ ਵਿਚ ਹੁੰਦੀ ਹੈ। ਹਰੇਕ ਵਿਅਕਤੀ ਕਦੇ ਨਾ ਕਦੇ ਕਿਸੇ ਨਾ ਕਿਸੇ ਚਿੰਤਾ ਵਿਚ ਫਸ ਜਾਂਦਾ ਹੈ। ਚਿੰਤਾ ਜੇ ਗਹਿਰੀ ਹੋਵੇ ਤਾਂ ਉਸ ਦੇ ਮਨ ਵਿਚ ਡਰ ਤੇ ਤਨ 'ਤੇ ਪਸੀਨਾ ਆਉਣਾ ਵੀ ਸੰਭਵ ਹੈ। ਚਿੰਤਾ ਦੇ ਹੱਲ ਹੋਣ 'ਤੇ ਚਿੰਤਾ ਨੇ ਵਿਸਰ ਵੀ ਜਾਣਾ ਹੁੰਦਾ ਹੈ। ਇਸ ਦਾ ਕੋਈ ਸਮਾਂ ਨਿਰਧਾਰਤ ਨਹੀਂ ਹੁੰਦਾ, ਕਿਉਂਕਿ ਜਿੰਨੀ ਛੇਤੀ ਚਿੰਤਾ ਦਾ ਹੱਲ ਹੋ ਗਿਆ, ਉਨੀਂ ਛੇਤੀ ਹੀ ਇਹ ਗਾਇਬ ਹੋ ਜਾਵੇਗੀ। ਇਸ ਦੇ ਜਾਣ ਤੋਂ ਬਾਅਦ ਚਿੰਤਾਧਾਰੀ ਵਿਅਕਤੀ ਦੇ ਮਨ ਵਿਚ ਖੁਸ਼ੀ ਛਾ ਜਾਂਦੀ ਹੈ ਤੇ ਇੰਜ ਲਗਦਾ ਹੈ ਜਿਵੇਂ ਚਿੰਤਾ ਕਦੇ ਹੈ ਹੀ ਨਹੀਂ ਸੀ। ਜੇ ਇਹ ਚਿੰਤਾ ਕਿਸੇ ਯਥਾਰਥਿਕ ਕਾਰਨ ਨਾ ਆਈ ਹੋਵੇ, ਸਗੋਂ ਦਿਮਾਗ ਦੇ ਕਿਸੇ ਅੰਦਰੂਨੀ ਕਲ-ਪੁਰਜੇ ਜਾਂ ਕੂਲੇ-ਯੰਤਰ (Software) ਦੇ ਨੁਕਸ ਕਾਰਨ ਆਈ ਹੋਵੇ ਤਾਂ ਇਹ ਇਕ ਨਿਯਮਿਤ ਰੋਗ ਦਾ ਰੂਪ ਧਾਰਨ ਕਰ ਲੈਂਦੀ ਹੈ। ਇਸ ਤਰ੍ਹਾਂ ਪੂਰੀ ਸਿਹਤਮੰਦ ਸੁਰਤ (ਸੋਝੀ) ਦੀ ਹਾਲਤ ਤੇ ਸਦੀਵੀ ਬੇਹੋਸੀ ਦੀ ਸਥਿਤੀ ਵਿਚਕਾਰ ਅਣਗਿਣਤ ਅਜਿਹੇ ਮੁਕਾਮ ਜਾਂ ਡਿਗਰੀਆਂ ਹਨ, ਜਿਨ੍ਹਾਂ ਵਿਚਕਾਰ ਇਹ ਤਕਲੀਫ ਵੰਡੀ ਹੋ ਸਕਦੀ ਹੈ। ਇਨ੍ਹਾਂ ਸਟੇਜਾਂ ਅਨੁਸਾਰ ਹੀ ਇਸ ਦਾ ਮੁਲੰਕਣ ਕੀਤਾ ਜਾ ਸਕਦਾ ਹੈ। ਜੇ ਸਾਧਾਰਣ ਚਿੰਤਾ ਦਾ ਭਾਰ ਮਨ 'ਤੇ ਲੈਣ ਵਾਲੇ ਇਕ ਨੰਬਰ 'ਤੇ ਹੋਣ ਤਾਂ ਸਦੀਵੀ ਉਦਾਸੀ ਵਿਚ ਦਬੇ ਹੋਏ ਜਾਂ ਅਗਿਆਤ ਕਾਰਨਾਂ ਕਰ ਕੇ ਵਾਰ ਵਾਰ ਡੂੰਘੀ ਚਿੰਤਾ ਵਿਹਾਉਣ ਵਾਲੇ ਵਿਅਕਤੀ ਦਸ ਨੰਬਰ 'ਤੇ ਪ੍ਰਭਾਵਿਤ ਹੋਏ ਮੰਨੇ ਜਾ ਸਕਦੇ ਹਨ।

ਭਾਵੇਂ ਡਿਪਰੈਸ਼ਨ ਦੇ ਘੋਰ ਦੌਰਿਆਂ ਵਾਲੇ ਰੋਗੀ ਤਾਂ ਥੋੜ੍ਹੇ ਸਮੇਂ ਲਈ ਡੌਰ-ਭੌਰ ਹੋ ਕੇ ਠੀਕ ਹੋ ਜਾਂਦੇ ਹਨ, ਪਰ ਘਟ ਡਿਗਰੀ ਦੇ ਡਿਪਰੈਸ਼ਨ ਵਾਲੇ ਵਧੇਰੇ ਦੇਰ ਤੀਕ ਮੰਦੀ ਦਿਮਾਗੀ ਹਾਲਤ ਵਿਚ ਚਲਦੇ ਰਹਿੰਦੇ ਹਨ। ਇਸ ਹਾਲਤ ਵਿਚ ਚਲਦਿਆਂ ਸੰਸਾਰ ਪ੍ਰਤੀ ਉਨ੍ਹਾਂ ਦੀ ਨਿਰਾਸ਼ਾ ਕਾਇਮ ਰਹਿੰਦੀ ਹੈ। ਉਨ੍ਹਾਂ ਨੂੰ ਲਗਦਾ ਹੈ ਕਿ ਉਹ ਅਜਿਹੀ ਸਥਿਤੀ ਵਿਚ ਫਸ ਗਏ ਹਨ, ਜਿੱਥੋਂ ਉੱਭਰ ਕੇ ਕਦੇ ਉੱਪਰ ਨਹੀਂ ਆ ਸਕਦੇ। ਉਨ੍ਹਾਂ ਦੇ ਦਿਲ ਤੇ ਦਿਮਾਗ ਉਨ੍ਹਾਂ ਨੂੰ ਉੱਥੋਂ ਕੱਢਣ ਲਈ ਉਨ੍ਹਾਂ ਦੀ ਕੋਈ ਮਦਦ ਨਹੀਂ ਕਰ ਸਕਦੇ। ਇਸੇ ਕਰਕੇ ਨਾ ਉਹ ਆਪਣੀ ਹਾਲਤ ਦੂਜਿਆਂ ਨਾਲ ਸਾਂਝੀ ਕਰਦੇ ਹਨ ਤੇ ਨਾ ਉਨ੍ਹਾਂ 'ਤੇ ਭਰੋਸਾ ਕਰਦੇ ਹਨ। ਇਸ ਬੰਦ ਅਵਸਥਾ ਵਿਚ ਉਹ ਕਈ ਨਾਂਹਵਾਚਕ ਜਾਂ ਢਾਹੂ ਫੈਸਲੇ ਲੈ ਲੈਂਦੇ ਹਨ। ਕਈ ਆਪਣੀ ਜਾਇਦਾਦ ਪੁੰਨ ਦਾਨ ਕਰ ਕੇ ਭਜਨ ਬੰਦਗੀ ਦਾ ਜੀਵਨ ਬਤੀਤ ਕਰਨ ਲਗਦੇ ਹਨ, ਕਈ ਰੂਪੋਸ਼ ਹੋ ਜਾਂਦੇ ਹਨ, ਕਈ ਆਪਣੇ ਘਰ ਨੂੰ ਅੱਗ ਲਾ ਲੈਂਦੇ ਹਨ, ਕਈ ਕਿਸੇ ਦਾ ਕਤਲ ਕਰ ਦਿੰਦੇ ਹਨ, ਕਈ ਬਾਲ ਬੱਚੇ ਸਮੇਤ ਫਾਹਾ ਲੈ ਲੈਂਦੇ ਹਨ ਤੇ ਕਈ ਨਹਿਰ ਵਿਚ ਡੁੱਬ ਜਾਂਦੇ ਹਨ। ਇਨ੍ਹਾਂ ਮਾਨਸਿਕ ਰੋਗੀਆਂ ਦਾ ਜੇ ਸਮੇਂ ਸਿਰ ਪਤਾ ਲੱਗ ਜਾਵੇ ਤੇ ਉਨ੍ਹਾਂ ਨੂੰ ਮਸਟਰਡ ਦੇ ਦਿੱਤੀ ਜਾਵੇ ਤਾਂ ਉਨ੍ਹਾਂ ਦਾ ਪਾਰ ਉਤਾਰਾ ਹੋ ਸਕਦਾ ਹੈ।

ਮੇਰੇ ਘਰ ਦੇ ਸਾਹਮਣੇ ਇਕ ਪਾਰਕ ਹੈ, ਜਿੱਥੇ ਲੋਕਾਂ ਦੇ ਸੈਰ ਕਰਨ ਤੇ ਬੈਠ ਕੇ ਗੱਪ-ਸ਼ੱਪ ਕਰਨ ਦੇ ਵਧੀਆ ਪ੍ਰਬੰਧ ਬਣੇ ਹੋਏ ਹਨ। ਇੱਥੇ ਸ਼ਾਮ ਨੂੰ ਕਈ ਲੋਕ ਵੱਖ ਵੱਖ ਬੈਂਚਾਂ ਜਾਂ ਥੜ੍ਹਿਆਂ 'ਤੇ ਟੋਲੀਆਂ ਦੇ ਰੂਪ ਵਿਚ ਬੈਠੇ ਗੱਲਾਂ-ਬਾਤਾਂ ਕਰਦੇ ਆਮ ਹੀ ਦਿਖਾਈ ਦਿੰਦੇ ਸਨ। ਇਨ੍ਹਾਂ ਦੇ ਆਉਣ ਤੇ ਜਾਣ ਦਾ ਇਕ ਨਿਸ਼ਚਿਤ ਜਿਹਾ ਸਮਾਂ ਹੁੰਦਾ ਹੈ। 2015 ਦੀ ਗੱਲ ਹੈ, ਗਰਮੀ ਦਾ ਮੌਸਮ ਸੀ ਤੇ ਮੈਂ ਬਾਹਰ ਆਪਣੇ ਬੂਟਿਆਂ ਨੂੰ ਪਾਣੀ ਦੇ ਰਿਹਾ ਸਾਂ। ਪਾਰਕ ਵਿਚ ਬੈਠੇ ਸੱਜਣਾਂ ਵਿਚੋਂ ਇਕ ਵਿਅਕਤੀ ਉੱਠ ਕੇ ਕਾਹਲੀ ਨਾਲ ਘਰ ਨੂੰ ਵਾਪਸ ਜਾਂਦਾ ਦੇਖਿਆ। ਉਹ ਮੈਨੂੰ ਜਾਣਦਾ ਸੀ ਤੇ ਸਤਿਕਾਰ ਨਾਲ ਸਤਿ ਸ੍ਰੀ ਆਕਾਲ ਬੁਲਾ ਕੇ ਲੰਘਿਆ। ਉਸ ਦਿਨ ਤਾਂ ਮੈਂ ਕੁਝ ਨਾ ਗੌਲਿਆ, ਪਰ ਜਦੋਂ ਦੂਜੇ ਤੇ ਤੀਜੇ ਦਿਨ ਵੀ ਉਵੇਂ ਹੀ ਸਮੇਂ ਤੋਂ ਪਹਿਲਾਂ ਖਿਸਕਦਾ ਦੇਖਿਆ ਤਾਂ ਮੈਂ ਛੇੜ ਹੀ ਲਿਆ। ਮੈਂ ਮਜ਼ਾਕ ਨਾਲ ਕਿਹਾ, "ਕੀ ਗੱਲ ਖਾਲਸਾ ਜੀ, ਆਪਣੀ ਗੱਲ ਸੁਣਾ ਆਉਂਦੇ ਹੋ ਤੇ ਦੂਜਿਆਂ ਦੀ ਸੁਣਨ ਤੋਂ ਪਹਿਲਾਂ ਹੀ ਖਿਸਕ ਜਾਂਦੇ ਹੋ।" ਉਹ ਹੱਸ ਕੇ ਕਹਿਣ ਲੱਗਿਆ, "ਨਹੀਂ ਪ੍ਰੋਫੈਸਰ ਸਾਹਿਬ, ਅਜਿਹੀ ਕੋਈ ਗੱਲ ਨਹੀਂ। ਮੇਰੀ ਭੈਣ ਆਈ ਹੋਈ ਹੈ, ਢਿੱਲ੍ਹੀ ਹੈ, ਉਸ ਨੂੰ ਸੰਭਾਲਣਾ ਹੁੰਦਾ ਹੈ।"

ਕੁਝ ਰਸਮੀ ਤੇ ਕੁਝ ਤੌਖਲੇ ਦੀ ਭਾਵਨਾ ਨਾਲ ਮੈਂ ਪੁੱਛਿਆ, "ਓ ਹੋ, ਜ਼ਿਆਦਾ ਹੀ ਬਿਮਾਰ ਨੇ ਬੀਬਾ ਜੀ?" ਕਹਿਣ ਲੱਗਿਆ, "ਉਂਦਾਂ ਤਾਂ ਠੀਕ ਠਾਕ ਹਨ, ਪਰ ਕਦੇ ਕਦੇ ਡਿਪਰੈਸ਼ਨ ਹੋ ਜਾਂਦਾ ਹੈ। ਡਾਕਟਰ ਨੇ ਮਾਹੌਲ ਬਦਲਣ ਦੀ ਸਲਾਹ ਦਿੱਤੀ ਹੈ ਤੇ ਉਹ ਨਾਭੇ ਤੋਂ ਇੱਥੇ ਆਏ ਹੋਏ ਹਨ। ਦਿਨੇ ਬੱਚੇ ਉਨ੍ਹਾਂ ਦਾ ਮਨ ਲਗਾਈ ਰੱਖਦੇ ਹਨ ਤੇ ਸ਼ਾਮ ਨੂੰ ਮੈਂ ਵੀ ਸ਼ਾਮਲ ਹੋ ਜਾਂਦਾ ਹਾਂ।"

ਸ਼ਾਇਦ ਉਸ ਨੂੰ ਪਤਾ ਨਹੀਂ ਸੀ ਕਿ ਮੈਂ ਇਕ ਹੋਮਿਓਪੈਥ ਹਾਂ। ਜਦੋਂ ਦੱਸਿਆ ਤਾਂ ਉਸ ਨੇ ਬੀਬਾ ਦੀ ਤਕਲੀਫ ਦੀਆਂ ਕੁਝ ਹੋਰ ਅਲਾਮਤਾਂ ਸਾਂਝੀਆਂ ਕੀਤੀਆਂ, ਜੋ ਮਸਟਰਡ ਨਾਲ ਮਿਲਦੀਆਂ ਸਨ। ਮੈਂ ਉਸ ਨੂੰ ਇਹ ਫੁੱਲ ਦਵਾਈ ਲਿਖ ਕੇ ਦਿਨ ਵਿਚ ਚਾਰ ਚਾਰ ਬੂੰਦਾਂ ਤਿੰਨ ਵਾਰ ਦਿੰਦੇ ਰਹਿਣ ਲਈ ਕਿਹਾ। ਦੋ ਕੁ ਦਿਨਾਂ ਵਿਚ ਹੀ ਬੀਬੀ ਦੀ ਤਬੀਅਤ ਇੰਨੀ ਖਿਲ ਗਈ ਕਿ ਉਸ ਨੂੰ ਪਿਛਲੀਆਂ ਜ਼ਿੰਮੇਵਾਰੀਆਂ ਯਾਦ ਆਉਣ ਲੱਗੀਆਂ ਤੇ ਉਹ ਵਾਪਸ ਸਹੁਰੇ ਘਰ ਜਾਣ ਲਈ ਕਾਹਲੀ ਪੈ ਗਈ। ਮੇਰੀ ਜਾਣਕਾਰੀ ਮੁਤਾਬਿਕ ਉਹ ਹੁਣ ਤੀਕ ਡਿਪਰੈਸ਼ਨ ਮੁਕਤ ਹੈ।

ਕਈ ਵਾਰ ਬੜੇ ਅਜੀਬ ਇਤਫਾਕ ਦੇਖਣ ਨੂੰ ਮਿਲਦੇ ਹਨ ਅਤੇ ਮਿਲਦੇ ਵੀ ਇਹ ਸਾਰੇ ਹੋਮਿਓਪੈਥੀ ਵਿਚ ਹੀ ਹਨ। ਆਮ ਤੌਰ 'ਤੇ ਡਾਕਟਰ ਤੇ ਹਕੀਮ ਡਿਪਰੈਸ਼ਨ ਦੇ ਮਰੀਜ਼ ਦੇ ਸਿਰ ਦੀ ਸਰੋਂ ਦੇ ਤੇਲ ਦੀ ਮਾਲਸ਼ ਕਰਨ ਦੀ ਸਿਫਾਰਿਸ਼ ਕਰਦੇ ਹਨ, ਪਰ ਹਫਤਿਆਂ ਬੱਧੀ ਅਜਿਹਾ ਕਰਨ ਨਾਲ ਵੀ ਉਨ੍ਹਾਂ ਦੀ ਬੀਮਾਰੀ ਠੀਕ ਨਹੀਂ ਹੁੰਦੀ। ਉਸੇ ਸਰੋਂ ਦੇ ਫੁੱਲਾਂ ਤੋਂ ਬਣੀ ਮਸਟਰਡ ਫੁੱਲ ਦਵਾਈ ਇਸ ਨੂੰ ਚੁਟਕੀ ਭਰ ਵਿਚ ਦੂਰ ਕਰ ਦਿੰਦੀ ਹੈ। ਦੂਜੇ ਪਾਸੇ ਸੋਨੇ ਨੂੰ ਇਕ ਸਵਰਣ ਧਾਤੂ ਮੰਨਿਆ ਜਾਂਦਾ ਹੈ। ਇਸ ਉੱਤੇ ਪੌਣ ਪਾਣੀ ਤੇ ਅਗਨੀ ਦਾ ਕੋਈ ਅਸਰ ਨਹੀਂ ਹੁੰਦਾ ਤੇ ਇਸ ਨੂੰ ਜੰਗ ਵੀ ਨਹੀਂ ਲਗਦਾ। ਇਸ ਨੂੰ ਧਨ ਦੌਲਤ ਦੇ ਤੌਰ 'ਤੇ ਸੰਭਾਲ ਕੇ ਰੱਖਿਆ ਜਾਂਦਾ ਹੈ ਤੇ ਔਰਤਾਂ ਇਸ ਦੇ ਗਹਿਣੇ ਬਣਾ ਕੇ ਨੱਕਾਂ, ਕੰਨਾਂ ਵਿਚ ਸਜਾਉਂਦੀਆਂ ਹਨ। ਇਸ ਸ਼ਾਹੀ ਧਾਤੂ ਨੂੰ ਭਸਮ ਰੂਪ ਵਿਚ ਕਈ ਵੈਦ, ਹਕੀਮ ਤੇ ਸੰਨਿਆਸੀ ਬਿਮਾਰਾਂ ਤੇ ਦੁਖੀਆਂ ਨੂੰ ਖਵਾਉਂਦੇ ਹਨ ਤਾਂ ਜੋ ਉਨ੍ਹਾਂ ਵਿਚ ਤਾਕਤ, ਜਵਾਨੀ ਤੇ ਖੁਸ਼ੀ ਪੈਦਾ ਹੋ ਸਕੇ; ਪਰ ਸੁਖ ਸਮਰਿਧੀ ਵਰਤਾਉਣ ਦੀ ਥਾਂ ਇਹ ਉਨ੍ਹਾਂ ਵਿਚ ਗਠੀਆ, ਪਸੀਨਾ, ਹੱਡੀਆਂ ਦਾ ਕੈਂਸਰ, ਡਿਪਰੈਸ਼ਨ ਤੇ ਆਤਮਘਾਤ ਦੀ ਪ੍ਰਵਿਰਤੀ ਪੈਦਾ ਕਰਦਾ ਹੈ। ਜੋ ਸੋਨਾ ਬਾਹਰੋਂ ਚਮਕ ਦਮਕ ਤੇ ਸੁਹੱਪਣ ਪੈਦਾ ਕਰਦਾ ਹੈ, ਉਹੀ ਅੰਦਰ ਜਾ ਕੇ ਦੁਖ, ਰੋਗ, ਨਿਰਾਸ਼ਾ ਤੇ ਮੌਤ ਦਾ ਸੁਦਾਗਰ ਬਣ ਕੇ ਟੱਕਰਦਾ ਹੈ।

ਉਪਰੋਕਤ ਦੋਵੇਂ ਇਤਫਾਕ ਦੋ ਤੱਥ ਹਨ, ਜਿਨ੍ਹਾਂ ਦਾ ਇਕੋ ਆਧਾਰ ਹੈ। ਕਿਸੇ ਪਦਾਰਥ ਵਿਚ ਦਵਾਈ ਦੇ ਗੁਣ ਉਦੋਂ ਤੀਕ ਪੈਦਾ ਨਹੀਂ ਹੁੰਦੇ, ਜਦੋਂ ਤੀਕ ਉਸ ਨੂੰ ਹੋਮਿਓਪੈਥਿਕ ਢੰਗ ਨਾਲ ਨਾ ਵਰਤਿਆ ਜਾਵੇ। ਹੋਮਿਓਪੈਥਿਕ ਢੰਗ ਨਾਲ ਵਰਤਣ ਲਈ ਇਸ ਦੀ ਘੋਲ ਕੇ ਭਾਵ ਪਤਲਾ ਕਰ ਕੇ (Dilution) ਜਾਂ ਬਾਰੀਕ (Trituration) ਕਰ ਕੇ ਪੋਟੈਂਸੀ (Potency) ਤਿਆਰ ਕੀਤੀ ਜਾਂਦੀ ਹੈ। ਪੋਟੈਂਸੀ ਤੀਆਰ ਕੀਤੇ ਬਿਨਾ ਕਿਸੇ ਪਦਾਰਥ ਦੀਆਂ ਦਵਾਈਆਂ ਸ਼ਕਤੀਆਂ ਪੈਦਾ (Activate) ਨਹੀਂ ਹੁੰਦੀਆਂ। ਇਸੇ ਲਈ ਕੌੜ ਤੂੰਮਾ, ਅਫੀਮ, ਲੋਹਾ, ਤਾਂਬਾ, ਚਾਂਦੀ ਤੇ ਸਮੂਹ ਖਣਿਜ ਪਦਾਰਥ ਸਰੀਰ ਉਤੇ ਸਿੱਧੇ ਤੌਰ 'ਤੇ ਦਵਾਈ ਦਾ ਕੰਮ ਨਹੀਂ ਕਰ ਸਕਦੇ। ਡਾ. ਹੈਨੀਮੈਨ ਤੋਂ ਪਹਿਲਾਂ ਦੁਨੀਆਂ ਨੂੰ ਇਸ ਰਾਜ਼ ਦਾ ਪਤਾ ਨਹੀਂ ਸੀ। ਇਸ ਲਈ ਸਭ ਪਰੰਪਰਾਗਤ ਦਵਾਈ ਪ੍ਰਣਾਲੀਆਂ ਇਲਾਜ-ਵਿਧੀ ਦੇ ਇਕ ਅਜਿਹੇ ਪੱਧਰ 'ਤੇ ਵਿਚਰ ਰਹੇ ਹਨ, ਜਿੱਥੇ ਕਰੂਰ ਦਵਾਈ ਪਦਾਰਥਾਂ ਦੇ ਜੋੜ-ਘਟਾਓ ਨੂੰ ਹੀ ਦਵਾਈਆਂ ਸਮਝਿਆ ਜਾਂਦਾ ਹੈ। ਇਸ ਲਈ ਉਹ ਸਰੋਂ ਦੇ ਸਾਗ, ਤੇਲ, ਮਾਲਸ਼ ਤੇ ਲੇਪ ਦੁਆਲੇ ਹੀ ਘੁੰਮਦੇ ਰਹਿੰਦੇ ਹਨ, "ਮਸਟਰਡ" ਤੀਕ ਨਹੀਂ ਪਹੁੰਚਦੇ।

ਮਸਟਰਡ ਦੇ ਮਰੀਜ਼ ਜਦੋਂ ਨਿਰਾਸ਼ਾ ਦੇ ਆਮ ਦੌਰਿਆਂ ਤੋਂ ਅਗਲੇ ਪੜਾਅ 'ਤੇ ਪਹੁੰਚ ਜਾਂਦੇ ਹਨ ਤਾਂ ਉਹ ਉਦਾਸੀ ਦੀ ਸਥਿਰ ਅਵਸਥਾ ਵਿਚ ਚਲੇ ਜਾਂਦੇ ਹਨ। ਇਸ ਅਵਸਥਾ ਵਿਚ ਉਹ ਸਿਰਫ ਦੁਖੀ ਹੀ ਨਹੀਂ ਹੁੰਦੇ, ਸਗੋਂ ਦੁਨੀਆਂ ਤੋਂ ਬੇਮੁਖ ਹੋਏ ਹੁੰਦੇ ਹਨ। ਉਹ ਨਾ ਆਪ ਖੁਸ਼ ਹੁੰਦੇ ਹਨ ਤੇ ਨਾ ਦੂਜਿਆਂ ਨੂੰ ਖੁਸ਼ ਦੇਖ ਸਕਦੇ ਹਨ। ਉਨ੍ਹਾਂ ਨੂੰ ਖੁਸ਼ੀ ਦੇ ਨਾਂ ਤੋਂ ਹੀ ਘੁਟਨ ਹੁੰਦੀ ਹੈ। ਉਨ੍ਹਾਂ ਨੂੰ ਕਿਸੇ ਦੁਨਿਆਵੀ ਕੰਮ ਵਿਚ ਰੁਚੀ ਨਹੀਂ ਰਹਿੰਦੀ ਤੇ ਉਨ੍ਹਾਂ ਦਾ ਕਿਤੇ ਦਿਲ ਨਹੀਂ ਲਗਦਾ। ਉਹ ਆਪਣੇ ਦਿਲ ਦਾ ਦੁੱਖ ਦਿਲ ਵਿਚ ਛੁਪਾਏ ਚੁਪ-ਚਾਪ ਲੇਟੇ ਰਹਿੰਦੇ ਹਨ। ਕਈ ਉੱਤੇ ਚਾਦਰ ਲੈ ਕੇ ਉਦਾਸੀ ਭਰਿਆ ਚਿਹਰਾ ਦੂਜਿਆਂ ਦੀਆਂ ਨਜ਼ਰਾਂ ਤੋਂ ਦੂਰ ਰੱਖਦੇ ਹਨ ਤੇ ਕਈ ਅੰਦਰੂਨੀ ਧੁੜਕੂ ਕਾਰਨ ਥਾਂ ਥਾਂ ਘੁੰਮਦੇ ਰਹਿੰਦੇ ਹਨ।

ਮੈਂ ਜਿੰਨੇ ਮਸਟਰਡ ਦੇ ਮਰੀਜ਼ ਦੇਖੇ ਹਨ, ਉਹ ਰਜਾਈ ਜਾਂ ਚਾਦਰ ਲੈ ਕੇ ਖਾਮੋਸ਼ੀ ਨਾਲ ਪਏ ਦੇਖੇ ਹਨ। ਇਨ੍ਹਾਂ ਵਿਚੋਂ ਬਹੁਤੇ ਤਾਂ ਮੇਰੇ ਦੇਖਣ ਵਿਚ ਉਦੋਂ ਆਏ, ਜਦੋਂ ਹਾਲੇ ਮੈਨੂੰ ਮਸਟਰਡ ਦਾ ਗਿਆਨ ਵੀ ਨਹੀਂ ਸੀ। ਜੇ ਹੁੰਦਾ ਤਾਂ ਮੈਂ ਉਨ੍ਹਾਂ ਨੂੰ ਇਹੀ ਫੁੱਲ ਦਵਾਈ ਦਿੰਦਾ। ਇਸ ਦੀ ਗੈਰ-ਹਾਜ਼ਰੀ ਵਿਚ ਉਨ੍ਹਾਂ 'ਚੋਂ ਬਹੁਤਿਆਂ ਨੂੰ ਇਗਨੇਸੀਆ ਏਮਾਰਾ (Ignatia Amara) ਦੇ ਕੇ ਠੀਕ ਕੀਤਾ। ਇਗਨੇਸੀਆ ਏਮਾਰਾ ਦੁਖੀ ਬੰਦਿਆਂ ਦੀ ਖਾਸ ਕਰ ਕੇ ਦਿਲ 'ਤੇ ਚੋਟ ਖਾਧੇ ਹੋਏ ਭਲੇਮਾਣਸਾਂ ਤੇ ਵਿਛੜੇ ਪਿਆਰ ਪਰਵਾਨਿਆਂ ਦੀ ਸਿਰ-ਕੱਢ ਦਵਾਈ ਹੈ, ਜੋ ਘਰ ਦੇ ਇਕ ਕੋਨੇ ਵਿਚ ਉਦਾਸ ਪਏ ਰੋਈ ਜਾਂਦੇ ਹਨ। ਇਸ ਫੁੱਲ ਦਵਾਈ ਦੀਆਂ ਇਕ ਦੋ ਖੁਰਾਕਾਂ ਨਾਲ ਹੀ ਉਹ ਆਪਣਾ ਦੁੱਖ ਭੁੱਲ ਕੇ ਨਵੇਂ ਨਰੋਏ ਹੋ ਜਾਂਦੇ ਹਨ। ਜਿਹੜੇ ਦੁਖਿਆਰੇ ਦੁਖ ਦੀ ਚੁਭਣ ਬਰਦਾਸ਼ਤ ਨਾ ਕਰਨ ਕਰਕੇ ਮਰਨ ਵਲ ਭੱਜਦੇ ਹਨ, ਉਨ੍ਹਾਂ ਨੂੰ ਉਸ ਵੇਲੇ ਮੈਂ ਔਰਮ-ਮੈਟ (Aurum Met) ਨਾਲ ਠੀਕ ਕਰਦਾ ਸੀ। ਇਨ੍ਹਾਂ ਵਿਚੋਂ ਅੱਧੇ ਤਾਂ ਉਂਜ ਹੀ ਦਿਲ ਦੀ ਬਿਮਾਰੀ ਦਾ ਸ਼ਿਕਾਰ ਹੋਏ ਹੁੰਦੇ ਸਨ ਤੇ ਅਰਦਾਸਾਂ ਦੇ ਸਹਾਰੇ ਦਿਨ ਕੱਟਦੇ ਸਨ। ਔਰਮ-ਮੈਟ ਇਨ੍ਹਾਂ ਦੁਖੀ ਹਿਰਦਿਆਂ ਵਾਲੇ ਲੋਕਾਂ ਦੀਆਂ ਤਕਲੀਫਾਂ ਨੂੰ ਧੁਰ ਅੰਦਰੋਂ ਠੀਕ ਕਰਦੀ ਹੈ। ਇਹ ਦਵਾਈ ਸ਼ੁਧ ਸੋਨੇ ਤੋਂ ਬਣਾਈ ਗਈ ਹੋਮਿਓਪੈਥਿਕ ਪੋਟੈਂਸੀ ਹੈ, ਜੋ ਉਨ੍ਹਾਂ ਸਭ ਸਮੱਸਿਆਵਾਂ ਨਾਲ ਪੂਰੀ ਤਰ੍ਹਾਂ ਨਿਪਟਦੀ ਹੈ, ਜਿਨ੍ਹਾਂ ਨੂੰ ਕੱਚੇ ਸੋਨੇ ਦੇ ਭਸਮ, ਕੁਸ਼ਤੇ, ਕਾਹੜੇ ਅਰਕ ਜਾਂ ਵਰਕ ਪੈਦਾ ਕਰਦੇ ਹਨ। ਜਿਹੜੇ ਅੰਦਰੂਨੀ ਚਿੰਤਾ ਕਾਰਨ ਇਕ ਥਾਂ ਟਿਕ ਕੇ ਨਹੀਂ ਸਨ ਬੈਠ ਸਕਦੇ ਜਾਂ ਉੱਠ ਉੱਠ ਭੱਜਦੇ ਸਨ, ਉਨ੍ਹਾਂ ਨੂੰ ਮੈਂ ਬੇਚੈਨੀ ਦੀ ਪ੍ਰਮੁੱਖ ਹੋਮਿਓਪੈਥਿਕ ਦਵਾਈਆਂ ਅਰਸੈਨਿਕਮ ਐਲਬ (Arsenicum Alb) ਤੇ ਰੂੱਸ ਟਾਕਸ (Rhus Tox) ਨਾਲ ਠੀਕ ਕੀਤਾ ਹੈ। ਔਰਤਾਂ ਦੇ ਕੇਸ ਵਿਚ ਅਲਾਮਤਾਂ ਅਨੁਸਾਰ ਸੀਪੀਆ (Sepia) ਦੀ ਵਰਤੋਂ ਵੀ ਕੀਤੀ ਹੈ।

ਬਹੁਤਿਆਂ ਨੂੰ ਲਗਦਾ ਹੋਵੇਗਾ ਕਿ ਦਿਲ ਘਟਣ ਜਾਂ ਚਿੰਤਾ ਦੇ ਦੌਰੇ ਪੈਣ ਵਾਲੇ ਮਰੀਜ਼ ਕੋਈ ਘੱਟ ਵੱਧ ਹੀ ਹੁੰਦੇ ਹੋਣਗੇ, ਪਰ ਇੱਦਾਂ ਨਹੀਂ। ਅੱਜ ਕੱਲ ਦੇ ਸਮਾਜ ਵਿਚ ਇਸ ਤਰ੍ਹਾਂ ਦੇ ਮਾਨਸਿਕ ਬੀਮਾਰਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਅਜੇ ਇਸ ਲੇਖ ਦੇ ਲਿਖਦਿਆਂ ਲਿਖਦਿਆਂ ਹੀ ਇਸ ਫੁੱਲ ਦਵਾਈ ਦੇ ਤਿੰਨ ਮਰੀਜ਼ ਆ ਗਏ ਹਨ। ਇਕ ਦਾ ਦਿਲ ਬਿਜਨਸ ਵਿਚ ਧੋਖਾ ਖਾਣ ਕਰਕੇ ਘਟਦਾ ਹੈ। ਉਸ ਦੇ ਹੱਥ ਪੈਰ ਕੰਬਦੇ ਹਨ ਤੇ ਉਸ ਦਾ ਮਨ ਖੁਦਕਸ਼ੀ ਕਰਨ ਨੂੰ ਕਰਦਾ ਹੈ। ਉਹ ਕਹਿੰਦਾ ਹੈ ਕਿ ਉਹ ਬਾਣੀ ਪੜ੍ਹ ਕੇ ਹੀ ਮਨ ਨੂੰ ਧਰਵਾਸ ਦਿੰਦਾ ਹੈ। ਹੋਮਿਓਪੈਥੀ ਵਿਚ ਬਿਜਨਸ ਵਿਚ ਘਾਟੇ ਦੇ ਸਦਮੇ ਲਈ ਮੁੱਖ (ਸ਼ਾਇਦ ਇਕੋ ਇਕ) ਦਵਾਈ ਬ੍ਰਾਓਨੀਆ (Bryonia) ਹੈ, ਪਰ ਉਹ ਇੱਥੇ ਦੇਣੀ ਨਹੀਂ ਬਣਦੀ, ਕਿਉਂਕਿ ਮਰੀਜ਼ ਨੇ ਦੱਸਿਆ ਹੈ ਕਿ ਉਸ ਨੂੰ ਰੁਪਏ-ਪੈਸੇ ਦੇ ਘਾਟੇ ਦਾ ਕੋਈ ਸਦਮਾ ਨਹੀਂ ਹੈ। ਉਸ ਦਾ ਦੁਖ ਜਾਣ-ਪਛਾਣ ਵਾਲੇ ਰਿਸ਼ਤੇਦਾਰਾਂ ਵਲੋਂ ਧੋਖਾ ਦੇ ਕੇ ਨਿਰਾਦਰੀ ਕਰਨ ਦਾ ਹੈ।

ਦੂਜੀ ਇਕ ਬੀਬੀ ਹੈ, ਜਿਸ ਨੇ ਦੱਸਿਆ ਹੈ ਕਿ ਉਸ ਦਾ ਸਾਰਾ ਸਰੀਰ ਝਰਨ ਝਰਨ ਕਰਦਾ ਰਹਿੰਦਾ ਹੈ ਭਾਵ ਕੰਬਦਾ ਰਹਿੰਦਾ ਹੈ। ਉਸ ਨੂੰ ਅੰਦਰੋਂ ਹਰ ਵੇਲੇ ਕੁਝ ਖਾਈ ਜਾਂਦਾ ਹੈ ਤੇ ਅਣਕਹੀ ਚਿੰਤਾ ਲਾਈ ਰੱਖਦਾ ਹੈ। ਉਸ ਨੂੰ ਭੁੱਖ ਨਹੀਂ ਲਗਦੀ ਤੇ ਨਾਮੁਰਾਦ ਕਬਜ਼ ਦੀ ਸ਼ਿਕਾਇਤ ਰਹਿੰਦੀ ਹੈ। ਉਸ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਅੱਖ ਖੁੱਲ੍ਹ ਜਾਣ 'ਤੇ ਉਹ ਕੱਪੜਾ ਲਪੇਟ ਕੇ ਚੁੱਪ ਚਾਪ ਪਈ ਰਹਿੰਦੀ ਹੈ ਤੇ ਮੂੰਹ ਵਿਚ ਸਤਿਨਾਮ ਦਾ ਜਾਪ ਕਰਦੀ ਰਹਿੰਦੀ ਹੈ। ਤੀਜੀ ਇਕ ਅਣਵਿਆਹੀ ਲੜਕੀ ਹੈ, ਜੋ ਵਿਆਹ ਦੇ ਨਾਂ ਤੋਂ ਘਬਰਾਉਂਦੀ ਹੈ। ਭਾਵੇਂ ਉਸ ਦੀ ਮਰਜ਼ੀ ਨਾਲ ਹੀ ਉਸ ਦਾ ਰਿਸ਼ਤਾ ਪੱਕਾ ਹੋਇਆ ਸੀ, ਪਰ ਹੁਣ ਉਹ ਇਸ ਨੂੰ ਲੈ ਕੇ ਚਿੰਤਾ ਵਿਚ ਡੁੱਬੀ ਹੋਈ ਹੈ। ਵਿਆਹ ਦੀ ਗੱਲ ਕਰਦਿਆਂ ਹੀ ਉਸ ਦੇ ਮਨ ਨੂੰ ਕੁਝ ਹੋਣ ਲਗਦਾ ਹੈ ਤੇ ਇਕ ਅਕਹਿ ਡਰ ਨਾਲ ਭੈਅਭੀਤ ਹੋ ਕੇ ਗੁੰਮ ਸੁੰਮ ਹੋ ਜਾਂਦੀ ਹੈ। ਜਾਹਰਾ ਤੌਰ 'ਤੇ ਇਹ ਤਿੰਨੇ ਕੇਸ ਫੁੱਲ ਦਵਾਈ ਮਸਟਰਡ ਦੇ ਹਨ। ਇਨ੍ਹਾਂ ਦੇ ਇਲਾਜ ਦੀ ਰਿਪੋਰਟ ਇਸ ਗੱਲ ਨੂੰ ਪੱਕਾ ਵੀ ਕਰ ਦੇਵੇਗੀ।

ਮਨੁੱਖ ਦੀਆਂ ਮਰਜ਼ਾਂ ਮਨੁੱਖ ਦੇ ਮੂਡ ਵਾਂਗ ਘਟਦੀਆਂ-ਵਧਦੀਆਂ ਤੇ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ। ਮਨੋਵਿਗਿਆਨਕ ਤੇ ਵਿਹਾਰਕ ਤਕਲੀਫਾਂ ਬਹੁਤ ਵਾਰੀ ਸਮਾਜਿਕ ਪ੍ਰਸਥਿਤੀਆਂ ਦਾ ਪ੍ਰਛਾਵਾਂ ਹੁੰਦੀਆਂ ਹਨ, ਜੋ ਮਨੁੱਖ ਦੇ ਬਾਹਰਲੇ ਹਾਲਾਤ ਅਨੁਸਾਰ ਚੜ੍ਹਦੀਆਂ ਤੇ ਢਲਦੀਆਂ ਰਹਿੰਦੀਆਂ ਹਨ। ਇਸ ਲਈ ਕੋਈ ਦਵਾਈ ਕਿਸੇ ਮਰੀਜ਼ ਦੇ ਮੱਥੇ 'ਤੇ ਨਹੀਂ ਲਿਖੀ ਹੁੰਦੀ ਤੇ ਨਾ ਹੀ ਉਸ ਨਾਲ ਮੜ੍ਹ ਦੇਣੀ ਚਾਹੀਦੀ ਹੈ। ਆਪਣੀ ਸਿਹਤ ਦਾ ਜਿਸ ਤਰ੍ਹਾਂ ਦਾ ਵਿਖਿਆਨ ਮਰੀਜ਼ ਕਰਦਾ ਹੈ, ਉਸ ਦਾ ਇਤਿਹਾਸਕ ਸੰਦਰਭ ਸਮਝ ਕੇ ਹੀ ਉਸ ਦੀ ਦਵਾਈ ਤੈਅ ਹੋਣੀ ਚਾਹੀਦੀ ਹੈ। ਜੇ ਕੋਈ

*(ਬਾਕੀ ਅਗਲੇ ਸਫੇ 'ਤੇ)*

# ਪੂਰਬੀ-ਪੱਛਮੀ ਮਨੋਵਿਗਿਆਨ ਤੇ ਗੁਰਮਤਿ

ਗੁਰਬਚਨ ਸਿੰਘ
ਫੋਨ: 91-98156-98451

ਪੱਛਮੀ ਤਰਜ ਦੇ ਅਧੂਰੇ ਗਿਆਨ ਨੇ ਕਿਵੇਂ ਮਨੁੱਖ ਜਾਤੀ ਨੂੰ ਤਬਾਹੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ, ਇਸ ਦੀ ਇਕ ਸਭ ਤੋਂ ਉਭਰਵੀਂ ਮਿਸਾਲ ਪੱਛਮੀ ਮਨੋਵਿਗਿਆਨ ਹੈ। ਪੱਛਮੀ ਮਨੋਵਿਗਿਆਨ ਦਾ ਮੋਢੀ ਫਰਾਇਡ ਮੰਨਿਆ ਜਾਂਦਾ ਹੈ। ਬਿਨਾ ਸ਼ੱਕ ਫਰਾਇਡ ਮਨ ਦੇ ਤੱਤ ਤੋਂ ਅਸਲੋਂ ਅਣਜਾਣ ਹੈ। ਉਹ ਮਨ ਦੇ ਕੁਝ ਲੱਛਣਾਂ ਦੀ ਵਿਆਖਿਆ ਕਰਦਾ ਹੈ, ਮਨ ਦੀਆਂ ਵੱਖ ਵੱਖ ਅਵਸਥਾਵਾਂ ਦਾ ਜ਼ਿਕਰ ਕਰਦਾ ਹੈ, ਪਰ ਉਹ ਜਿਹੜੇ ਮਨ ਦੇ ਲੱਛਣਾਂ ਜਾਂ ਮਨ ਦੀਆਂ ਵੱਖ ਵੱਖ ਅਵਸਥਾਵਾਂ ਦਾ ਜ਼ਿਕਰ ਕਰਦਾ ਹੈ, ਉਹ ਮਨ ਆਪਣੀ ਅਸਲੀ ਕੁਦਰਤੀ ਹੋਂਦ ਤੋਂ ਅਣਜਾਣ ਹੈ। ਉਹ ਆਪਣੀ ਕੁਦਰਤੀ ਹੋਂਦ ਤੋਂ ਟੁਟਿਆ ਹੋਇਆ ਮਨ ਹੈ। ਇਸ ਅਧੂਰੇ ਮਨੋਵਿਗਿਆਨ ਨੇ ਕਿਵੇਂ ਮਨੁੱਖ ਜਾਤੀ ਦਾ ਬੇੜਾ ਗਰਕ ਕੀਤਾ ਹੈ, ਇਸ ਦਾ ਪਤਾ ਕਰੋਨਾ ਵਾਇਰਸ ਦੀ ਫੈਲੀ ਮਹਾਮਾਰੀ ਦੌਰਾਨ ਉਦੋਂ ਲਗਦਾ ਹੈ, ਜਦੋਂ ਕੁਝ ਸਿਆਣੇ ਡਾਕਟਰ ਇਸ ਰੋਗ ਦੇ ਮਰੀਜਾਂ ਨੂੰ ਆਪਣਾ ਮਨੋਬਲ ਕਾਇਮ ਰੱਖਣ ਦਾ ਸੁਝਾਅ ਦਿੰਦੇ ਹਨ, ਪਰ ਇਹ ਮਨੋਬਲ ਤਾਂ ਹੀ ਕਾਇਮ ਰਹੇਗਾ, ਜੇ ਬੰਦੇ ਨੂੰ ਆਪਣੇ ਮਨ ਦੀ ਕੁਦਰਤੀ ਹੋਂਦ ਅਤੇ ਇਸ ਦੀ ਅਸੀਮ ਤਾਕਤ ਦਾ ਪਤਾ ਹੋਵੇ।

ਫਰਾਇਡ ਦੇ ਇਸ ਅਧੂਰੇ ਮਨੋਵਿਗਿਆਨ ਦੀ ਚਰਚਾ ਡਾ. ਗੁਰਭਗਤ ਸਿੰਘ ਨੇ ਆਪਣੀ ਲਿਖਤ 'ਵਿਸਮਾਦੀ ਪੂੰਜੀ' ਵਿਚ ਕੀਤੀ ਹੈ। ਉਨ੍ਹਾਂ ਦੇ ਕਥਨ ਅਨੁਸਾਰ, 'ਫਰਾਇਡ ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ ਸਾਰੀ ਪੱਛਮੀ ਸਭਿਅਤਾ ਪ੍ਰੇਮਾਤਮਕ ਊਰਜਾ ਨਾਲੋਂ ਟੁੱਟੀ ਹੋਈ ਹੈ ਅਤੇ 'ਬੀਮਾਰ' ਹੈ। ਇਸ ਸਭਿਅਤਾ ਦੇ ਸੁਪਨੇ ਵੀ ਇਸ ਉਦਾਸੀਨਤਾ ਜਾਂ ਬਿਮਾਰੀ ਤੋਂ ਪ੍ਰਭਾਵਿਤ ਹਨ। ਨਤੀਜੇ ਵਜੋਂ ਪੱਛਮੀ ਸਭਿਅਤਾ ਦਾ ਅਵਚੇਤਨ, ਬੀਮਾਰ ਅਵਚੇਤਨ ਹੈ। ਕੀ ਇਹ ਸਿਰਫ ਪੱਛਮੀ ਸਭਿਅਤਾ ਦੀ ਸਮੱਸਿਆ ਹੈ ਜਾਂ ਸਾਰੀਆਂ ਸੱਭਿਅਤਾਵਾਂ ਦੀ? ਇਸ ਵੇਲੇ ਇਹ ਇਕ ਵੱਡਾ ਸਵਾਲ ਹੈ। ਇਕ ਮਨੋਵਿਗਿਆਨੀ ਮੈਲਨੀ ਕਲਾਈਨ ਪ੍ਰੇਮਾਤਮਕ ਊਰਜਾ ਬਾਰੇ ਸੰਕਟ ਵਿਚ ਪਏ ਹੋਣ ਨੂੰ ਸਾਰੀ ਮਨੁੱਖ ਜਾਤੀ ਸਬੰਧੀ ਸੱਚ ਮੰਨਦੀ ਹੈ।'

ਹੁਣ ਇਸ ਗੱਲ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਪੱਛਮੀ ਤਰਜ ਦੇ ਅਧੂਰੇ ਮਨੋਵਿਗਿਆਨ ਨੇ ਸਮੁੱਚੀ ਮਾਨਵਤਾ ਨੂੰ ਕਿੰਨੇ ਵੱਡੇ ਮਾਨਸਿਕ ਸੰਕਟ ਵਿਚ ਲਿਆ ਫਸਾਇਆ ਹੈ। ਉਂਜ ਪੱਛਮ ਵਿਚ ਸਭ ਤੋਂ ਪਹਿਲਾਂ ਮਨ ਦੀ ਅਸਲੀ ਤਾਕਤ ਦਾ ਗਿਆਨ ਪਲੈਟੋ ਨੂੰ ਹੋਇਆ, ਜਿਸ ਨੇ ਕਿਹਾ ਸੀ ਕਿ ਸਮਾਂ ਆਵੇਗਾ, ਜਦੋਂ ਮਨੁੱਖ ਆਪਣੇ ਮਨ ਨੂੰ ਏਨਾ ਵਿਕਸਿਤ ਕਰ ਲਏਗਾ ਕਿ ਉਹ ਆਪਣੇ ਸਰੀਰ ਦੀਆਂ ਸਾਰੀਆਂ ਬੀਮਾਰੀਆਂ ਦਾ ਇਲਾਜ ਖੁਦ ਕਰ ਸਕੇਗਾ। ਨਵੇਂ ਯੁਗ ਵਿਚ ਮਨ ਦੀ ਸਭ ਤੋਂ ਭਰਵੀਂ ਵਿਆਖਿਆ ਜਰਮਨ ਫਿਲਾਸਫਰ ਹੇਗਲ ਨੇ ਆਪਣੀ ਕਿਰਤ 'ਮਨ ਦੇ ਵਰਤਾਰੇ ਦੀ ਸਾਇੰਸ' ਵਿਚ ਕੀਤੀ ਹੈ। ਹੇਗਲ ਦੀ ਫਿਲਾਸਫੀ ਵਿਚ ਮਨ ਤੇ ਕੁਦਰਤ ਦੇ ਅਟੁੱਟ ਰਿਸ਼ਤੇ ਬਾਰੇ ਰਹੀਆਂ ਤਰੁਟੀਆਂ ਨੂੰ ਮਾਰਕਸ ਨੇ ਦੂਰ ਕੀਤਾ ਹੈ, ਪਰ ਮਨੁੱਖ ਜਾਤੀ ਦੀ ਬਦਕਿਸਮਤੀ ਇਹ ਹੈ ਕਿ ਪੱਛਮ ਵਿਚ ਮਾਰਕਸ ਨੂੰ ਮੋਢੀ ਮੰਨ ਕੇ ਮਨੋਵਿਗਿਆਨ ਵਿਕਸਿਤ ਕਰਨ ਦੀ ਥਾਂ ਬੀਮਾਰ ਮਨ ਦੇ ਵਿਆਖਿਆਕਾਰ ਫਰਾਇਡ ਨੂੰ ਮਨੋਵਿਗਿਆਨ ਦਾ ਮੋਢੀ ਮੰਨ ਲਿਆ ਗਿਆ।

ਅਸਲ ਵਿਚ ਮਨ ਦੀ ਸਭ ਤੋਂ ਵਧੇਰੇ ਖੋਜ ਪੂਰਬ ਵਿਚ ਹੋਈ ਹੈ। ਉਪਨਿਸ਼ਦਾਂ ਵਿਚ ਮਨ ਦੀ ਵਿਆਖਿਆ ਕਰਨ ਦੇ ਯਤਨ ਕੀਤੇ ਗਏ ਹਨ, ਪਰ ਮਨ ਦੀ ਸਭ ਨਾਲੋਂ ਸਪਸ਼ਟ ਅਤੇ ਭਰਵੀਂ ਵਿਆਖਿਆ ਗੁਰੂ ਗ੍ਰੰਥ ਸਾਹਿਬ ਵਿਚ ਹੋਈ ਹੈ। ਮਨ ਦੀ ਅਸੀਮ ਤਾਕਤ ਨੂੰ ਮੰਨ ਕੇ ਇਸ ਨੂੰ ਕਿਵੇਂ ਵਿਕਸਿਤ ਕਰਨਾ ਹੈ, ਇਸ ਦੀ ਜੁਗਤ ਗੁਰੂ ਗ੍ਰੰਥ ਸਾਹਿਬ ਵਿਚ ਦੱਸੀ ਗਈ ਹੈ।

ਉਪਨਿਸ਼ਦਾਂ ਵਿਚ ਦਰਜ ਹੈ, 'ਇਹ ਜਿਹੜਾ ਹਿਰਦਾ ਜਾਂ ਬੁੱਧੀ ਹੈ, ਇਹੀ ਮਨ ਹੈ। ਇਸ ਦੀਆਂ ਕਈ ਬਿਰਤੀਆਂ ਹਨ, ਜਿਨ੍ਹਾਂ ਨੂੰ ਸੰਗਿਆਨ ਯਥਾ ਪਦਾਰਥ ਦਾ ਠੀਕ ਗਿਆਨ, ਅਗਿਆਨ ਜਾਂ ਈਸ਼ਵਰ ਦਾ ਗਿਆਨ, ਵਿਗਿਆਨ ਜਾਂ ਪਦਾਰਥਾਂ ਦਾ ਵਿਸ਼ੇਸ਼ ਗਿਆਨ, ਪ੍ਰਗਿਆਨ ਜਾਂ ਪ੍ਰਮੁਖ ਚੇਤਨਾ, ਧਾਰਨਾ ਸ਼ਕਤੀ, ਦਰਸ਼ਨ ਸ਼ਕਤੀ, ਧੀਰਜ, ਮਨਨ ਸ਼ਕਤੀ, ਚਿੰਤਨ ਸ਼ਕਤੀ, ਦੁਖਾਕਾਰ ਵ੍ਰਿਤੀ, ਸਮ੍ਰਿਤੀ, ਸੰਕਲਪ, ਨਿਸ਼ਚਾ, ਪ੍ਰਾਣਸ਼ਕਤੀ, ਇੱਛਾ ਸ਼ਕਤੀ ਅਤੇ ਕਾਮਵਾਸਨਾ ਕਿਹਾ ਜਾਂਦਾ ਹੈ। ਇਹ ਸਭ ਕੁਝ ਪ੍ਰਗਿਆਨ ਦੇ ਹੀ ਨਾਮ ਕਹੇ ਜਾਂਦੇ ਹਨ।'...'ਇੰਦ੍ਰੀਆਂ ਦੇ ਉਪਰਾਮ ਦੀ ਅਵਸਥਾ ਵਿਚ ਇਹ ਮਨ ਰੂਪੀ ਦੇਵ ਸੁਪਨੇ ਵਿਚ ਆਪਣੀ ਮਹਿਮਾ ਨੂੰ ਵੇਖਦਾ ਹੈ। ਜੋ ਕੁਝ ਉਸ ਨੇ ਵੇਖਿਆ ਹੈ, ਉਸ ਦੇ ਪ੍ਰਤੀਬਿੰਬ ਨੂੰ ਫਿਰ ਵੇਖਦਾ ਹੈ। ਜੋ ਸੁਣਿਆ ਹੈ, ਉਸ ਨੂੰ ਫਿਰ ਸੁਣਦਾ ਹੈ। ਵੱਖ ਵੱਖ ਦੇਸ ਅਤੇ ਦਿਸ਼ਾਵਾਂ ਵਿਚ ਉਸ ਨੇ ਜੋ ਕੁਝ ਅਨੁਭਵ ਕੀਤਾ ਹੈ, ਉਸ ਨੂੰ ਫਿਰ ਵਾਰ-ਵਾਰ ਅਨੁਭਵ ਕਰਦਾ ਹੈ। ਵੇਖੇ ਹੋਏ ਤੇ ਨਾ ਵੇਖੇ ਹੋਏ, ਸੁਣੇ ਹੋਏ ਤੇ ਨਾ ਸੁਣੇ ਹੋਏ, ਅਨੁਭਵ ਕੀਤੇ ਹੋਏ ਤੇ ਅਨੁਭਵ ਨਾ ਕੀਤੇ ਹੋਏ ਅਤੇ ਜੋ ਕੁਝ ਵੀ ਸਤ ਅਤੇ ਅਸਤ ਹੈ, ਉਸ ਸਭ ਕੁਝ ਨੂੰ ਵੇਖਦਾ ਹੈ ਅਤੇ ਉਹ ਆਪ ਹੀ ਸਭ ਕੁਝ ਹੋ ਕੇ ਸਭ ਕੁਝ ਵੇਖਦਾ ਹੈ।' (ਪ੍ਰਸ਼ਨ ਉਪਨਿਸ਼ਦ, ਸਫਾ 95)

'ਜਿਹੜਾ ਮਨੁੱਖ ਬੁਧੀ ਸਹਿਤ ਹੈ ਭਾਵ ਜਿਸ ਕੋਲ ਆਪਣੀ ਬੁਧਿ ਹੈ ਅਤੇ ਜਿਸ ਦਾ ਆਪਣੇ ਮਨ ਉਤੇ ਸਹੀ ਕਾਬੂ ਹੈ ਭਾਵ ਜਿਸ ਦੇ ਮਨ ਦੀ ਲਗਾਮ ਉਸ ਦੀ ਬੁਧੀ ਦੇ ਹਥ ਵਿਚ ਹੈ ਭਾਵ ਜਿਸ ਦਾ ਮਨ ਉਸ ਦੇ ਆਪਣੇ ਵਸ ਵਿਚ ਹੈ, ਤਾਂ ਫਿਰ ਜਿਵੇਂ ਘੋੜੇ ਰਥ ਨੂੰ ਚਲਾਉਣ ਵਾਲੇ ਰਥਵਾਨ ਦੇ ਵਸ ਵਿਚ ਹੁੰਦੇ ਹਨ, ਉਵੇਂ ਹੀ ਮਨੁੱਖ ਦੀਆਂ ਇੰਦਰੀਆਂ ਉਸ ਦੇ ਆਪਣੇ ਮਨ ਦੇ ਵਸ ਵਿਚ ਹੁੰਦੀਆਂ ਹਨ, ਪਰ ਜਿਹੜਾ ਮਨੁੱਖ ਬੁਧੀ ਰਹਿਤ ਹੈ, ਜਿਸ ਮਨੁੱਖ ਦਾ ਆਪਣੇ ਮਨ ਉਤੇ ਕੋਈ ਜ਼ੋਰ ਨਹੀਂ ਚਲਦਾ ਭਾਵ ਜਿਸ ਮਨੁੱਖ ਦਾ ਮਨ ਉਸ ਦੀ ਆਪਣੇ ਵਸ ਵਿਚ ਨਹੀਂ ਹੈ, ਤਾਂ ਫਿਰ ਜਿਵੇਂ ਸਾਰਥੀ ਦੇ ਵਸ ਵਿਚ ਘੋੜੇ ਨਾ ਹੋਣ, ਉਵੇਂ ਹੀ ਉਸ ਮਨੁੱਖ ਦੀਆਂ ਇੰਦਰੀਆਂ ਉਸ ਦੇ ਆਪਣੇ ਮਨ ਦੇ ਵਸ ਵਿਚ ਨਹੀਂ ਹੁੰਦੀਆਂ। ਭਾਵ ਜਿਸ ਮਨੁੱਖ ਦੀ ਬੁਧੀ ਨਹੀਂ ਹੈ, ਮਨ ਅਚੇਤ ਹੈ ਤਾਂ ਉਹ ਮਨੁੱਖ ਆਪਣੇ ਬੇਮੁਹਾਰੇ ਇੰਦ੍ਰਿਆਵੀ ਜਜ਼ਬਿਆਂ ਦਾ ਗੁਲਾਮ ਬਣ ਜਾਂਦਾ ਹੈ, ਜਿਹੜੇ ਅੰਨੇ ਅਤੇ ਨਿਰੋਲ ਵਿਕਾਰਾਂ ਦੇ ਜਨਕ ਹਨ, ਪਰ ਜਿਸ ਮਨੁੱਖ ਦੀ ਬੁਧਿ ਸਾਰਥੀ ਹੈ, ਮਨ ਉਸ ਦੀ ਲਗਾਮ ਹੈ ਭਾਵ ਇੰਦਰੀਆਂ ਉਤੇ ਜਿਸ ਦਾ ਸਵੈ ਕਾਬੂ ਹੈ, ਉਹ ਮਨੁੱਖ ਹਮੇਸ਼ਾ ਆਪਣਾ ਠੀਕ ਰਾਹ ਲਭ ਲੈਂਦਾ ਹੈ। (ਕਠ ਉਪਨਿਸ਼ਦ, ਸਫਾ 61)

ਤਥਾਗਤ ਬੁਧ ਦਾ ਸਾਰਾ ਗਿਆਨ ਮਨ ਉਤੇ ਕਾਬੂ ਪਾਉਣ ਲਈ ਕਹਿੰਦਾ ਹੈ। ਧਮਪਦ ਦੇ ਪਹਿਲੇ ਦੋ ਸੂਤਰ ਮਨ ਦੀ ਤਾਕਤ ਬਾਰੇ ਦੱਸਦੇ ਹਨ, 'ਜੀਵਨ ਦੇ ਭਾਵਾਂ ਦਾ ਮੁਢ ਮਨ ਤੋਂ ਹੁੰਦਾ ਹੈ। ਮਨ ਹੀ ਸਾਰੀਆਂ ਕਿਰਿਆਵਾਂ ਦਾ ਮੂਲ ਹੈ। ਮਨ ਹੀ ਸ੍ਰੇਸ਼ਠ ਹੈ। ਮਨ ਦੀ ਹੀ ਸਾਰੀ ਮਾਇਆ ਹੈ। ਜਿਹੜਾ ਮਨੁੱਖ ਬੁਰੇ ਮਨ ਨਾਲ ਬੋਲਦਾ ਜਾਂ ਕੰਮ ਕਰਦਾ ਹੈ, ਉਸ ਦੇ ਪਿਛੇ ਦੁਖ ਉਸੇ ਤਰ੍ਹਾਂ ਪੈਂਦਾ ਹੈ, ਜਿਵੇਂ ਰਥ ਦਾ ਪਹੀਆ ਰਥ ਖਿਚਣ ਵਾਲੇ ਬਲਦ ਦੇ। ... ਮਨ ਹੀ ਸਾਰੀਆਂ ਕਿਰਿਆਵਾਂ ਦਾ ਮੂਲ ਹੈ। ਮਨ ਹੀ ਸ੍ਰੇਸ਼ਠ ਹੈ। ਮਨ ਦੀ ਹੀ ਸਾਰੀ ਮਾਇਆ ਹੈ, ਜਿਹੜਾ ਮਨੁੱਖ ਨਿਰਮਲ ਮਨ ਤੋਂ ਬੋਲਦਾ ਜਾਂ ਕੰਮ ਕਰਦਾ ਹੈ, ਪਿਛੇ ਚਲਣ ਵਾਲੇ ਪਰਛਾਵੇਂ ਵਾਂਗ ਸੁਖ ਸਦਾ ਉਸ ਦਾ ਪਿਛਾ ਕਰਦੇ ਹਨ।'

ਗੁਰਮਤਿ ਮਨ ਬਾਰੇ ਇਹ ਗਿਆਨ ਦਿੰਦੀ ਹੈ,

ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ॥
ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ॥ (ਪੰਨਾ 1330)

ਮਨ ਹੀ ਕਿਸੇ ਮਨੁੱਖ ਨੂੰ ਜੋਗੀ ਜਾਂ ਭੋਗੀ ਹੋਣ ਦਾ ਅਹਿਸਾਸ ਕਰਵਾਉਂਦਾ ਹੈ। ਮਨ ਹੀ ਕਿਸੇ ਮਨੁੱਖ ਕੋਲੋਂ ਮੂਰਖਾਂ ਅਤੇ ਮਹਾਂਮੂਰਖਾਂ ਵਾਲੀਆਂ ਹਰਕਤਾਂ ਕਰਵਾਉਂਦਾ ਹੈ। ਮਨ ਹੀ ਉਹ ਸ਼ਕਤੀ ਹੈ, ਜਿਹੜੀ ਕਿਸੇ ਮਨੁੱਖ ਨੂੰ ਦਾਤਾ ਭਾਵ ਕੋਲੋਂ ਕੁਝ ਦੇਣ ਵਾਲਾ ਭਾਵ ਸੰਤੋਖੀ ਅਤੇ ਕਿਸੇ ਨੂੰ ਮੰਗਤਾ ਭਾਵ ਹਰ ਵੇਲੇ ਮੰਗਣ ਵਾਲਾ ਤਥਾ ਲੋਭੀ ਤੇ ਕਮੀਨਾ ਬਣਾਉਂਦੀ ਹੈ। ਮਨੁੱਖ ਦਾ ਆਪਣਾ ਸਰੀਰੀ ਮਨ ਹੀ ਸ਼੍ਰੋਮਣੀ ਗੁਰੂ ਅਤੇ ਕਰਤਾਰੀ ਸ਼ਕਤੀ ਹੈ।

ਇਹੁ ਮਨੁ ਸਕਤੀ ਇਹੁ ਮਨੁ ਸੀਉ॥
ਇਹੁ ਮਨੁ ਪੰਚ ਤਤ ਕੋ ਜੀਉ॥
ਇਹੁ ਮਨ ਲੇ ਜਉ ਉਨਮਨਿ ਰਹੈ॥
ਤਉ ਤੀਨਿ ਲੋਕ ਕੀ ਬਾਤੈ ਕਹੈ॥ (ਪੰਨਾ 342)

ਇਹ ਮਨ ਹੀ ਮਨੁੱਖ ਦੀ ਸ਼ਕਤੀ ਹੈ ਅਤੇ ਇਹ ਮਨ ਹੀ ਮਨੁੱਖ ਦੀ ਸੀਮਾ ਹੈ। ਕਿਸੇ ਵੀ ਮਨੁੱਖ ਦਾ ਵਿਹਾਰ ਉਸ ਦੇ ਆਪਣੇ ਹੀ ਸਰੀਰੀ ਮਨ ਦਾ ਪ੍ਰਗਟ ਰੂਪ ਹੁੰਦਾ ਹੈ। ਜਿਨ੍ਹਾਂ ਪੰਜਾਂ ਤੱਤਾਂ ਦਾ ਸਰੀਰ ਬਣਿਆ ਹੈ, ਉਨ੍ਹਾਂ ਹੀ ਪੰਜਾਂ ਤੱਤਾਂ ਦਾ ਇਕ ਜੀਅ ਇਹ ਮਨ ਹੈ। ਭਾਵ ਮਨ ਦੀ ਹੋਂਦ ਸਰੀਰ ਦੇ ਨਾਲ ਹੀ ਖਤਮ ਹੋ ਜਾਂਦੀ ਹੈ। ਇਹ ਮਨ ਜਦੋਂ ਪੂਰਨ ਵਿਕਸਿਤ ਰੂਪ ਵਿਚ ਉਚਾ ਉਠ ਜਾਏ ਭਾਵ ਵਿਕਸਿਤ ਹੋ ਜਾਏ ਤਾਂ ਇਸ ਮਨ ਦੇ ਅਨੁਭਵੀ ਕਲਾਵੇ ਵਿਚ ਤਿੰਨੇ ਲੋਕ ਭਾਵ ਸਾਰਾ ਬ੍ਰਹਿਮੰਡੀ ਗਿਆਨ ਆ ਜਾਂਦਾ ਹੈ।

ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ॥ (ਪੰਨਾ 61)

ਭੇਖੀ ਮਨੁੱਖ ਅੱਖਰਾਂ ਦੀ ਪੜ੍ਹਾਈ ਕਰ ਕੇ ਹੀ ਉਸ ਦਾ ਘੁਮੰਡ ਕਰਨ ਲੱਗ ਪੈਂਦਾ ਹੈ। ਜੇ ਮਨ ਵਿਚ ਘੁਮੰਡ ਦੀ ਮੈਲ ਹੈ ਤਾਂ ਤੀਰਥਾਂ ਦੇ ਇਸ਼ਨਾਨ ਦਾ ਉਕਾ ਕੋਈ ਲਾਭ ਨਹੀਂ। ਗੁਰੂ ਬਿਨਾ ਇਹ ਗਿਆਨ ਕਿਤੇ ਨਹੀਂ ਮਿਲਦਾ ਕਿ ਮਨੁੱਖ ਦਾ ਆਪਣਾ ਸਰੀਰੀ ਮਨ ਹੀ ਰਾਜਾ ਅਤੇ ਸੁਲਤਾਨ ਹੈ। ਭਾਵ ਮਨੁੱਖ ਦੇ ਸਰੀਰ ਉਤੇ ਉਸ ਦੇ ਆਪਣੇ ਹੀ ਮਨ ਦਾ ਹੁਕਮ ਚਲਦਾ ਹੈ। ਮਨ ਸਰੀਰ ਨੂੰ ਆਪਣੀ ਮਰਜੀ ਨਾਲ ਚਲਾਉਂਦਾ ਹੈ। ਮਨ ਪੰਜਾਂ ਗਿਆਨ ਇੰਦ੍ਰੀਆਂ ਤੋਂ ਗਿਆਨ ਹਾਸਲ ਕਰ ਕੇ ਅੱਗੋਂ ਕਰਮ ਇੰਦ੍ਰੀਆਂ ਨੂੰ ਹਰਕਤ ਵਿਚ ਲਿਆਉਂਦਾ ਹੈ। ਮਨ ਗਿਆਨ ਇੰਦ੍ਰੀਆਂ ਤੇ ਕਰਮ ਇੰਦ੍ਰੀਆਂ ਵਿਚਕਾਰ ਇਕ ਸਾਂਝੇ ਕੇਂਦਰ ਵਜੋਂ ਕੰਮ ਕਰਦਾ ਹੈ। ਜੇ ਮਨ ਸਰੀਰ ਦੀਆਂ ਦਸਾਂ ਇੰਦ੍ਰੀਆਂ ਭਾਵ ਪੰਜ ਗਿਆਨ ਇੰਦ੍ਰੀਆਂ ਅਤੇ ਪੰਜ ਕਰਮ ਇੰਦ੍ਰੀਆਂ ਨੂੰ ਕਾਬੂ ਵਿਚ ਰੱਖ ਕੇ ਇਨ੍ਹਾਂ ਦੀ ਸੁਚੱਜੀ ਵਰਤੋਂ ਕਰਦਾ ਹੈ ਤਾਂ ਉਸ ਮਨੁੱਖ ਦਾ ਆਤਮ ਅਨੁਭਵੀ ਗਿਆਨ ਨਾਲ ਰੌਸ਼ਨ ਹੋ ਜਾਂਦਾ ਹੈ।

ਦਸ ਇੰਦ੍ਰੀ ਕਰਿ ਰਾਖੈ ਵਾਸਿ॥
ਤਾਕੈ ਆਤਮੈ ਹੋਇ ਪ੍ਰਗਾਸੁ॥ (ਪੰਨਾ 236)

ਡਾ. ਅੰਬੇਡਕਰ ਦਾ ਕਥਨ ਹੈ, 'ਮਨੁੱਖੀ ਹੋਂਦ ਦਾ ਅੰਤਿਮ ਨਿਸ਼ਾਨਾ ਮਨ ਦੀ ਸਾਧਨਾ ਹੈ।'

ਮਨ ਸਾਧੇ ਸਿਧਿ ਹੋਇ॥ (ਪੰਨਾ 342)

# ਚਾਚਾ ਚੰਡੀਗੜ੍ਹੀਆ ਦਾ ਸਾਥ



ਨਿੱਕ ਸੁੱਕ
ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਗੁਰਨਾਮ ਸਿੰਘ ਤੀਰ ਉਰਫ ਚਾਚਾ ਚੰਡੀਗੜ੍ਹੀਆ ਬੜਾ ਰੌਣਕੀ ਜਿਊੜਾ ਸੀ। ਮੈਂ ਉਹਨੂੰ ਪਹਿਲੀ ਵਾਰ ਨਵੀਂ ਦਿੱਲੀ ਕਿਸੇ ਸਮਾਗਮ ਵਿਚ ਮਿਲਿਆ। 1967-68 ਵਿਚ ਮੈਂ ਉਥੋਂ ਦੀ ਪੰਡਾਰਾ ਰੋਡ ਕਾਲੋਨੀ ਵਿਚ ਰਹਿੰਦਾ ਸਾਂ ਤਾਂ ਇੰਡੀਆ ਗੇਟ ਦੇ ਨੇੜੇ ਸਵੇਰ ਦੀ ਸੈਰ ਕਰਦਿਆਂ ਉਹਦੇ ਨਾਲ ਅਕਸਰ ਮੁਲਾਕਾਤ ਹੋ ਜਾਂਦੀ ਤੇ ਉਸ ਦੇ ਜੀਵਨ ਅਨੁਭਵ ਦੀਆਂ ਗੱਲਾਂ ਸੁਣ ਕੇ ਮਜ਼ਾ ਆ ਜਾਂਦਾ। ਉਹ ਚੰਡੀਗੜ੍ਹ ਤੋਂ ਦੌਰੇ ਉੱਤੇ ਦਿੱਲੀ ਗਿਆ ਸੀ। ਇੰਡੀਆ ਗੇਟ ਦੇ ਆਲੇ-ਦੁਆਲੇ ਕੂਲੇ ਘਾਹ ਵਿਚ ਨੰਗੇ ਪੈਰੀਂ ਸੈਰ ਕਰਦਾ। ਉਸ ਨੇ ਆਪਣੇ ਪੈਰ ਦੀ ਜੁੱਤੀ ਕਾਫੀ ਦੂਰ ਕਿਸੇ ਜੜ੍ਹੀ-ਬੂਟੀ ਦੀਆਂ ਜੜ੍ਹਾਂ ਵਿਚ ਖੋਲ੍ਹੀ ਹੁੰਦੀ। ਬੇਪ੍ਰਵਾਹ ਹਸਤੀ।

30 ਜੂਨ ਨੂੰ ਉਸ ਨੇ 91 ਵਰਿਆਂ ਦਾ ਹੋ ਜਾਣਾ ਸੀ, ਲਗਪਗ ਮਿਲਖਾ ਸਿੰਘ ਦੀ ਉਮਰ ਦਾ। ਉਹ 60 ਸਾਲ ਦੀ ਛੋਟੀ ਉਮਰੇ ਵੱਡੀ ਕਮਾਈ ਕਰਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਅਕਲਦਾੜ, ਗੁੜਤੀ, ਅੱਧੀ ਰਾਤ ਦੀਆਂ ਹਾਕਾਂ, ਛੂਮੰਤਰ, ਮੈਨੂੰ ਮੈਥੋਂ ਬਚਾਓ ਆਦਿ ਨਾਂ ਦੀਆਂ ਦੋ ਦਰਜਨ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਉਣ ਵਾਲਾ ਗੁਰਨਾਮ ਸਿੰਘ ਇੱਕੋ ਤੀਰ ਨਾਲ ਕਈ ਨਿਸ਼ਾਨੇ ਫੁੰਡਣੇ ਜਾਣਦਾ ਸੀ। ਉਸ ਨੇ ਥੋੜ੍ਹੇ ਜੀਵਨ ਵਿਚ ਅਨੇਕਾਂ ਮਾਣ-ਸਨਮਾਨ ਪ੍ਰਾਪਤ ਕੀਤੇ। ਏਨਾ ਬਹੁਪਰਤੀ ਤੇ ਬਹੁ-ਪੱਖੀ ਕੋਈ ਕੋਈ ਹੁੰਦਾ ਹੈ।

2020 ਦੇ ਅਕਤੂਬਰ ਮਹੀਨੇ ਉਸ ਦੀ ਜੀਵਨ ਸਾਥਣ ਤਰਲੋਚਨ ਕੌਰ ਦੇ ਅਕਾਲ ਚਲਾਣੇ ਸਮੇਂ ਉਸ ਦੀ ਬੇਟੀ ਬੱਬੂ ਤੀਰ ਦੀਆਂ ਗੱਲਾਂ ਤੀਰ ਦੇ ਜੀਵਨ ਦੀ ਸੁਹਿਰਦਤਾ ਤੇ ਪਿਆਰ ਭਾਵਨਾ ਉੱਤੇ ਨਵਾਂ ਚਾਨਣ ਪਾਉਣ ਵਾਲੀਆਂ ਸਨ। ਸ੍ਰੀਮਤੀ ਤੀਰ ਨੇ ਅੰਤਿਮ ਸੁਆਸ ਆਪਣੀ ਧੀ ਦੇ ਘਰ ਤਿਆਗੇ ਸਨ। ਅਕਾਲ ਚਲਾਣੇ ਤੋਂ 8-10 ਮਹੀਨੇ ਪਹਿਲਾਂ ਬੱਬੂ ਆਪਣੀ ਮਾਂ ਨੂੰ ਪਿਤਾ ਦੇ 18 ਸੈਕਟਰ ਵਾਲੇ ਘਰ ਤੋਂ ਆਪਣੇ 36 ਸੈਕਟਰ ਵਾਲੇ ਘਰ ਲੈ ਆਈ ਸੀ। ਬੱਬੂ ਨੇ ਮਾਂ ਦੀ ਸੇਵਾ ਲਈ ਦੋ ਨਰਸਾਂ ਰੱਖੀਆਂ ਹੋਈਆਂ ਸਨ। ਮਾਂ ਨੂੰ ਆਪਣਾ ਘਰ ਬਹੁਤ ਚੇਤੇ ਆਉਂਦਾ ਸੀ, ਪਰ ਬੇਟੀ ਕਿਸੇ ਹਾਲਤ ਵਿਚ ਵੀ ਉਸ ਨੂੰ ਇਕੱਲਿਆਂ ਨਹੀਂ ਸੀ ਛੱਡਣਾ ਚਾਹੁੰਦੀ। ਕਈ ਵਾਰੀ ਤੀਰ ਦੇ ਜਨਮ ਸਥਾਨ ਪਿੰਡ ਕੋਟ ਸੁਖੀਆ (ਜਿਲਾ ਮੋਗਾ) ਦੀਆਂ ਗੱਲਾਂ ਛੇੜ ਕੇ ਉਦਾਸ ਹੋ ਜਾਂਦੀ।

ਬੱਬੂ ਤੋਂ ਪਤਾ ਲੱਗਿਆ ਕਿ ਉਹ ਤੀਰ ਸਾਹਿਬ ਦੇ ਅਕਾਲ ਚਲਾਣੇ ਪਿਛੋਂ ਤਿੰਨ ਦਹਾਕੇ, ਜਦੋਂ ਤੱਕ ਤੀਰ ਵਾਲੇ ਘਰ ਰਹੀ ਤਾਂ ਉਸ ਪਤੀ ਦੀ ਕੋਈ ਚੀਜ਼ ਏਧਰ-ਓਧਰ ਨਹੀਂ ਹੋਣ ਦਿੱਤੀ-ਕਲਮ ਦਵਾਤ ਤੇ ਹੋਰ ਲਿਖਣ ਸਮੱਗਰੀ ਸਮੇਤ। ਹਰ ਦੂਜੇ-ਤੀਜੇ ਮਹੀਨੇ ਪਤੀ ਦੇ ਪਹਿਨਣ ਵਾਲੇ ਵਸਤਰ ਆਪਣੇ ਹੱਥੀਂ ਧੋਂਦੀ ਤੇ ਉਨ੍ਹਾਂ ਨੂੰ ਇਸਤਰੀ ਕਰਕੇ ਪਹਿਲਾਂ ਵਾਲੀ ਥਾਂ ਉੱਤੇ ਟਿਕਾ ਦਿੰਦੀ। ਅਜਿਹਾ ਕੀਤਿਆਂ ਉਸ ਨੂੰ ਆਪਣੇ ਜੀਵਨ ਸਾਥੀ ਦੀ ਹੋਂਦ ਦਾ ਅਹਿਸਾਸ ਹੁੰਦਾ ਸੀ, ਸ਼ਾਇਦ!

ਬੇਟੀ ਦੇ ਘਰ ਰਹਿੰਦਿਆਂ ਜਦੋਂ ਉਸ ਨੂੰ ਆਪਣਾ ਅੰਤ ਨੇੜੇ ਆਉਂਦਾ ਜਾਪਿਆ ਤਾਂ ਮੁੜ ਮੁੜ ਬੇਟੀ ਨੂੰ ਕਹਿੰਦੀ ਕਿ ਪਿਛਲੇ ਘਰ ਵਿਚ ਪਏ, ਉਸ ਦੇ ਉਹ ਵਾਲੇ ਵਸਤਰ ਲਿਆ ਦੇਵੇ, ਜੋ ਉਹ ਘਰੋਂ ਬਾਹਰ ਜਾਣ ਸਮੇਂ ਪਹਿਨਿਆ ਕਰਦੀ ਸੀ। ਬੱਬੂ ਕਈ ਦਿਨ ਟਾਲ-ਮਟੋਲ ਕਰਦੀ ਰਹੀ, ਪਰ ਇੱਕ ਦਿਨ ਮਾਂ ਦੇ ਜ਼ਿਦ ਕਰਨ ਉੱਤੇ ਉਸ ਨੂੰ ਲਿਆਉਣੇ ਹੀ ਪਏ। ਵਸਤਰਾਂ ਦੇ ਆਉਣ ਦੀ ਦੇਰ ਸੀ ਕਿ ਇੱਕ ਦਿਨ ਉਸ ਨੇ ਨਰਸ ਨੂੰ ਤੜਕਸਾਰ ਜਗਾ ਕੇ ਸਵੇਰੇ ਸਵੇਰੇ ਨਹਾਉਣ ਦੀ ਇੱਛਾ ਪ੍ਰਗਟ ਕੀਤੀ। ਇਹ ਵੀ ਕਿ ਇਸ਼ਨਾਨ ਤੋਂ ਪਿਛੋਂ ਉਸ ਨੇ ਘਰੋਂ ਆਏ ਵਸਤਰ ਪਹਿਨਣੇ ਹਨ। ਬੱਬੂ ਨੂੰ ਸਮਝ ਨਾ ਆਏ ਕਿ ਉਹ ਅਜਿਹਾ ਕਿਉਂ ਕਰ ਰਹੀ ਹੈ। ਉਸ ਨੇ ਮਾਂ ਦੀ ਇੱਛਾ ਉਤੇ ਫੁੱਲ ਚੜ੍ਹਾਏ ਤੇ ਆਪ ਕੋਵਿਡ ਦਾ ਟੀਕਾ ਲਵਾਉਣ ਚਲੀ ਗਈ। ਉਸ ਨੂੰ ਘਰੋਂ ਗਿਆਂ ਹਾਲੀ ਥੋੜ੍ਹੀ ਦੇਰ ਹੋਈ ਸੀ ਕਿ ਨਰਸ ਦੇ ਟੈਲੀਫੋਨ ਨੇ ਤੁਰੰਤ ਪਰਤਣ ਦੀ ਤਾਕੀਦ ਕੀਤੀ।

ਬੱਬੂ ਤੀਰ ਘਰ ਪਹੁੰਚੀ ਤਾਂ ਮਾਂ ਪਹਿਲਾਂ ਹੀ ਸਵਾਸ ਤਿਆਗ ਚੁਕੀ ਸੀ। ਨਰਸ ਦੇ ਦੱਸਣ ਅਨੁਸਾਰ ਉਨ੍ਹਾਂ ਦੇ ਅੰਤਿਮ ਸ਼ਬਦ ਸਨ, 'ਮੈਂ ਮੋਗੇ ਜਾ ਰਹੀ ਹਾਂ। ਤੀਰ ਸਾਬ੍ਹ ਕੋਲ।'

ਇਹ ਸਤਰਾਂ ਲਿਖਦੇ ਸਮੇਂ ਮੈਂ ਬੱਬੂ ਨੂੰ ਟੈਲੀਫੋਨ ਕੀਤਾ ਤਾਂ ਉਸ ਦੇ ਬੋਲਾਂ ਵਿਚ ਉਦਾਸੀ ਸੀ। ਸ਼ਾਇਦ ਪਿਤਾ ਦਿਵਸ ਹੋਣ ਸਦਕਾ। ਏਧਰ ਮਿਲਖਾ ਸਿੰਘ ਦੇ ਵਾਰਿਸ ਵੀ ਇੱਕ ਦਿਨ ਪਹਿਲਾ ਮਿਲਖਾ ਸਿੰਘ ਦਾ ਸਸਕਾਰ ਕਰ ਚੁਕੇ ਸਨ। ਮੈਂ ਵੀ ਉਦਾਸ ਹੋ ਜਾਂਦਾ ਹਾਂ। ਮੈਨੂੰ ਵਿਦੇਸ਼ਾਂ ਤੋਂ ਮੇਰੇ ਰਿਸ਼ਤੇਦਾਰਾਂ ਦੇ ਟੈਲੀਫੋਨ ਆਉਣ ਲਗਦੇ ਹਨ। ਮੇਰੇ ਫਾਦਰ ਫਿੱਗਰ ਹੋ ਜਾਣ ਸਦਕਾ।

**ਇਕ ਨਿਵੇਕਲਾ ਕਵੀ ਦਰਬਾਰ:** ਪਿਤਾ ਦਿਵਸ ਨੂੰ ਸਮਰਪਿਤ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਦਾ ਕਵੀ ਦਰਬਾਰ ਆਮ ਨਾਲੋਂ ਵੱਖਰਾ ਸੀ। ਕੋਮਲ ਕਲਾ ਵਿਚ ਮਾਂ ਦਾ ਗੁਣਗਾਨ ਤਾਂ ਸਦਾ ਹੁੰਦਾ ਆਇਆ ਹੈ, ਪਰ ਇਸ ਮੌਕੇ ਪਿਤਾ ਦੀ ਦੇਣ ਖਾਸ ਤੌਰ 'ਤੇ ਚੇਤੇ ਕੀਤੀ ਗਈ। ਡਾ. ਐਸ. ਪੀ. ਸਿੰਘ ਦੀ ਸਰਪ੍ਰਸਤੀ ਵਿਚ ਵਿਉਂਤੇ ਗਏ ਇਸ ਕਵੀ ਦਰਬਾਰ ਵਿਚ ਕੈਨੇਡਾ, ਬਟਾਲਾ, ਪਟਿਆਲਾ ਤੱਕ ਦੇ ਕਵੀਆਂ ਤੇ ਕਵਿਤਰੀਆਂ ਨੇ ਆਨ ਲਾਈਨ ਸ਼ਿਰਕਤ ਕੀਤੀ। ਜਗੀਰ ਕਾਹਲੋਂ, ਡਾ. ਰਵਿੰਦਰ, ਦਰਸ਼ਨ ਬੁੱਟਰ, ਬਲਜਿੰਦਰ, ਸੁਨੀਲ ਚੰਦਿਆਣਵੀ ਤੇ ਕਈ ਹੋਰ ਬੀਬੀਆਂ ਵਿਚ ਸੁਰਜੀਤ ਬੈਂਸ, ਸੁਖਚਰਨਜੀਤ ਗਿੱਲ, ਰਾਜਵਿੰਦਰ ਜਟਾਣਾ, ਕੋਮਲਦੀਪ ਤੇ ਨਵਗੀਤ ਦੇ ਨਾਂ ਧਿਆਨ ਮੰਗਦੇ ਹਨ। ਇਸ ਲਈ ਵੀ ਕਿ ਇਨ੍ਹਾਂ ਦੀ ਸ਼ਿਰਕਤ ਨੇ ਇਸਤਰੀ ਮਾਣ-ਮਰਿਆਦਾ ਨੂੰ ਚਾਰ ਚੰਨ ਲਾਏ। ਤ੍ਰੈਲੋਚਨ ਲੋਚੀ ਤੇ ਅਵਤਾਰ ਜੀਤ ਨੇ ਸੁਰੀਲੀ ਪੇਸ਼ਕਾਰੀ ਨਾਲ ਰੰਗ ਬੰਨਿਆ।

ਬਾਬਲ ਨੂੰ ਰਾਹ ਦਸੇਰਾ ਵੀ ਕਿਹਾ ਗਿਆ, ਖਾਲੀ ਥਾਂਵਾਂ ਭਰਨ ਵਾਲਾ ਵੀ, ਰੋਲ ਮਾਡਲ, ਮਾਲੀ ਤੇ ਰੱਬ ਤੱਕ। ਕਵੀ ਗੁਰਭਜਨ ਗਿੱਲ ਵਿਸ਼ੇਸ਼ ਮਹਿਮਾਨ ਤੇ ਵਿਸ਼ੇਸ਼ ਕਵੀ ਵਜੋਂ ਸ਼ਾਮਲ ਹੋਇਆ। ਕਵੀ ਦਰਬਾਰ ਦੀ ਨਿਰਦੇਸ਼ਕ ਪ੍ਰੋ. ਸ਼ਰਨਜੀਤ ਕੌਰ ਸੀ, ਜਿਸ ਨੂੰ ਕਾਲਜ ਦੇ ਪ੍ਰਿੰਸੀਪਲ ਅਰਵਿੰਦਰ ਸਿੰਘ ਭੱਲਾ ਦਾ ਥਾਪੜਾ ਪ੍ਰਾਪਤ ਹੈ। ਮਜ਼ਾ ਆ ਗਿਆ!

**ਅੰਤਿਕਾ: ਅਜਾਇਬ ਸਿੰਘ ਹੁੰਦਲ**

ਬਾਪ ਦਾ ਕਰਜ਼ਾ ਉਤਾਰਾਂਗਾ ਕਿਵੇਂ,
ਇਹ ਸੋਚਦੇ,
ਉਮਰ ਮੇਰੀ ਬਾਪ ਆਪਣੇ ਦੇ
ਬਰਾਬਰ ਹੋ ਗਈ।



*(ਖੱਬਿਓਂ) ਗੁਰਨਾਮ ਸਿੰਘ ਤੀਰ, ਮਹਿੰਦਰ ਸਿੰਘ ਰੰਧਾਵਾ ਅਤੇ ਜਸਵੰਤ ਸਿੰਘ ਕੰਵਲ। ਇਹ ਤਸਵੀਰ 1976 ਵਿਚ ਚੰਡੀਗੜ੍ਹ ਵਿਚ ਖਿੱਚੀ ਗਈ ਸੀ।*

# ਬੈਚ ਫੁੱਲ ਮਸਟਰਡ-ਮਾਤਮੀ ਨਿਰਾਸ਼ਾ

*(ਪਿਛਲੇ ਸਫੇ ਦੀ ਬਾਕੀ)*

ਵਿਅਕਤੀ ਹਰ ਵੇਲੇ ਚਿੰਤਾ ਵਿਚ ਡੁੱਬਿਆ ਹੋਇਆ ਦਿਲ ਢਾਹੂ ਗੱਲਾਂ ਕਰਦਾ ਰਹਿੰਦਾ ਹੈ, ਉਸ ਤੇ ਘੋਰ ਦੁਖ (Melancholy) ਛਾਇਆ ਰਹਿੰਦਾ ਹੈ ਤੇ ਉਹ ਆਪਣੇ ਆਲੇ-ਦੁਆਲੇ ਇਕ ਅਫਸੋਸਮਈ ਮਾਹੌਲ (Gloomy Aura) ਫੈਲਾਈ ਰੱਖਦਾ ਹੈ, ਜਿਸ ਵਿਚੋਂ ਉਹ ਕਦੇ ਕਦੇ ਉੱਭਰ ਕੇ ਬਾਹਰ ਵੀ ਆ ਜਾਂਦਾ ਹੈ, ਤਾਂ ਬੈਚ ਚਿਕਿਤਸਾ ਦੇ ਮਾਹਰਾਂ ਅਨੁਸਾਰ ਉਸ ਨੂੰ ਪਹਿਲੀ ਸੋਚੇ ਹੀ ਮਸਟਰਡ ਦੇ ਦੇਣੀ ਚਾਹੀਦੀ ਹੈ।

ਮਸਟਰਡ ਦੇ ਮਰੀਜ਼ਾਂ ਨੂੰ ਕਈ ਖਾਸ ਸਰੀਰਕ ਮਰਜ਼ਾਂ ਘੇਰੀ ਰੱਖਦੀਆਂ ਹਨ। ਉਨ੍ਹਾਂ ਵਿਚ ਆਮ ਕਰਕੇ ਚੁਸਤੀ ਤੇ ਉਤਸ਼ਾਹ ਦੀ ਕਮੀ ਹੁੰਦੀ ਹੈ। ਉਹ ਆਲਸ ਤੇ ਨਿਰਬਲਤਾ ਦੇ ਸ਼ਿਕਾਰ ਹੋਏ ਹੁੰਦੇ ਹਨ। ਉਨ੍ਹਾਂ ਦਾ ਹਾਜ਼ਮਾ ਕਮਜ਼ੋਰ ਹੁੰਦਾ ਹੈ। ਉਨ੍ਹਾਂ ਨੂੰ ਭੁੱਖ ਦੀ ਘਾਟ ਤੇ ਕਬਜ਼ੀ ਦੀ ਸ਼ਿਕਾਇਤ ਰਹਿੰਦੀ ਹੈ। ਇਸ ਕਰਕੇ ਉਨ੍ਹਾਂ ਦਾ ਭਾਰ ਘੱਟ ਰਹਿੰਦਾ ਹੈ, ਪਰ ਆਪਣੇ ਆਲਸੀ ਸੁਭਾਅ ਤੇ ਵਿਹਲੜ ਦਿਨ-ਚਰਿਆ ਕਾਰਨ ਕਈ ਹਾਲਤਾਂ ਵਿਚ ਉਨ੍ਹਾਂ ਦਾ ਭਾਰ ਵੱਧ ਵੀ ਸਕਦਾ ਹੈ। ਉਨ੍ਹਾਂ ਵਿਚ ਮੁਟਾਪਾ, ਸ਼ੂਗਰ, ਅੰਤੜੀਆਂ ਦੇ ਫੋੜੇ ਤੇ ਪੇਚਿਸ ਜਿਹੀਆਂ ਬਿਮਾਰੀਆਂ ਆਮ ਰਹਿੰਦੀਆਂ ਹਨ। ਮਾਨਸਿਕ ਤੌਰ 'ਤੇ ਉਹ ਉਦਾਸੀ ਤੇ ਝੋਰੇ ਦੇ ਝੰਬੇ ਹੁੰਦੇ ਹਨ। ਮਸਟਰਡ ਦੀਆਂ ਕੁਝ ਕੁ ਖੁਰਾਕਾਂ ਹੀ ਇਨ੍ਹਾਂ ਦੇ ਸਹਿਮੇ ਤੇ ਤਪਦੇ ਦਿਲ-ਓ-ਦਿਮਾਗ ਨੂੰ ਸ਼ੀਤਲ ਜਲ ਵਾਂਗ ਸਹਿਲਾ ਦੇਣਗੀਆਂ।

# ਜੇ ਤੂੰ ਬੈਠੋਂ ਖਾਰੇ ਵੇ...

ਵਿਭਿੰਨ ਸਮਾਜਿਕ ਤੇ ਧਾਰਮਿਕ ਮੌਕਿਆਂ 'ਤੇ ਕਈ ਕਿਸਮ ਦੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ, ਕਈ ਅਨੁਸ਼ਠਾਨਾਂ ਨੂੰ ਅੰਜਾਮ ਦੇਣ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ। ਸਮੇਂ ਸਮੇਂ ਅਨੁਸਾਰ ਉਨ੍ਹਾਂ ਦਾ ਵਿਸ਼ੇਸ਼ ਮਹੱਤਵ ਰਹਿੰਦਾ ਹੈ। ਕਈ ਹਾਲਤਾਂ ਵਿਚ ਉਨ੍ਹਾਂ ਰਸਮਾਂ ਨਾਲ ਕਈ ਮਾਨਤਾਵਾਂ ਵੀ ਜੁੜਦੀਆਂ ਜਾਂਦੀਆਂ ਹਨ। ਰਸਮਾਂ ਲੋਕ ਮਨ ਨਾਲ ਜੁੜਨ ਵਾਲਾ ਵਰਤਾਰਾ ਹੁੰਦੀਆਂ ਹਨ ਤੇ ਲੋਕ ਮਨ ਉਨ੍ਹਾਂ ਨੂੰ ਨਿਭਾਅ ਕੇ ਤਸੱਲੀ ਅਨੁਭਵ ਕਰਦਾ ਹੈ। ਡਾ. ਜੀਤ ਸਿੰਘ ਜੋਸ਼ੀ ਅਨੁਸਾਰ 'ਕਿਸੇ ਨਿਸ਼ਚਿਤ ਅਵਸਰ ਜਾਂ ਕਿਸੇ ਕਾਰਜ ਨੂੰ ਲੋਕਾਂ ਵੱਲੋਂ ਨਿਰਧਾਰਤ ਵਿਧੀ



**ਡਾ. ਪ੍ਰਿਤਪਾਲ ਸਿੰਘ ਮਹਿਰੋਕ**
ਫੋਨ: 91-98885-10185

ਅਨੁਸਾਰ ਨਿਭਾਉਣਾ, ਰਸਮਾਂ ਅਦਾ ਕਰਨਾ ਅਖਵਾਉਂਦਾ ਹੈ। ਇਉਂ ਰਸਮ ਨਿਭਾਈ ਜਾਂਦੀ ਹੈ ਤੇ ਵਾਰ ਵਾਰ ਨਿਭਾਈ ਜਾਣ ਵਾਲੀ ਰਸਮ ਰੂੜ੍ਹ ਹੋ ਜਾਂਦੀ ਹੈ।...ਰਸਮਾਂ ਮਾਨਵੀ ਜੀਵਨ ਨੂੰ ਸੁਹਜ ਭਰਪੂਰ ਹੀ ਨਹੀਂ ਬਣਾਉਂਦੀਆਂ, ਸਗੋਂ ਇਨ੍ਹਾਂ ਰਸਮਾਂ ਨਾਲ ਜੁੜੇ ਭਾਵ ਅਰਥ ਇਨ੍ਹਾਂ ਦੀ ਮਹੱਤਤਾ ਦਾ ਅਹਿਸਾਸ ਵੀ ਕਰਵਾਉਂਦੇ ਹਨ।' (ਲੋਕ ਕਲਾ ਅਤੇ ਸਭਿਆਚਾਰ ਮੁਢਲੀ ਜਾਣ ਪਛਾਣ, ਪੰਨਾ 149)

ਸਮੇਂ-ਸਥਾਨ ਦੇ ਬਦਲਣ ਨਾਲ ਉਨ੍ਹਾਂ ਰਸਮਾਂ ਨੂੰ ਨਿਭਾਉਣ ਦੀ ਸ਼ਿੱਦਤ ਤੇ ਉਨ੍ਹਾਂ ਨੂੰ ਸਿਰੇ ਚਾੜ੍ਹਨ ਦੇ ਢੰਗ-ਤਰੀਕਿਆਂ ਵਿਚ ਵੀ ਅੰਤਰ ਆਉਂਦਾ ਰਹਿੰਦਾ ਹੈ। ਉਨ੍ਹਾਂ ਨੂੰ ਸਰਲ ਵੀ ਬਣਾ ਲਿਆ ਜਾਂਦਾ ਹੈ ਤੇ ਘੱਟ ਤੋਂ ਘੱਟ ਸਮੇਂ ਤੇ ਉਚੇਚ ਵਿਚ/ਨਾਲ ਉਨ੍ਹਾਂ ਰਸਮਾਂ ਨੂੰ ਨਿਭਾਉਣ ਦੇ ਯਤਨ ਹੋਣ ਲੱਗਦੇ ਹਨ। ਬਹੌਲੀ ਹੌਲੀ ਕਈ ਵਾਰ ਉਨ੍ਹਾਂ ਰਸਮਾਂ ਨੂੰ ਨਿਭਾਉਣ ਤੋਂ ਕੰਨੀ ਕਤਰਾਉਣ ਤੱਕ ਦੀ ਨੌਬਤ ਵੀ ਆ ਪਹੁੰਚਦੀ ਹੈ। ਵਿਆਹ ਮੌਕੇ ਕਈ ਰਸਮਾਂ ਨਿਭਾਈਆਂ ਜਾਂਦੀਆਂ ਹਨ। ਖਾਰੇ ਚੜ੍ਹਨਾ ਵਿਆਹ ਨਾਲ ਸਬੰਧਿਤ ਇੱਕ ਰਸਮ ਦਾ ਨਾਂ ਹੈ, ਜੋ ਵਰ ਅਤੇ ਕੰਨਿਆ-ਦੋਹਾਂ ਦੇ ਘਰੀਂ ਨਿਭਾਈ ਜਾਂਦੀ ਰਹੀ ਹੈ। ਕਾਨਿਆਂ ਦੇ ਬਣੇ ਚੌਰਸ ਟੋਕਰੇ ਨੂੰ ਖਾਰਾ ਕਿਹਾ ਜਾਂਦਾ ਹੈ। ਜੰਞ ਚੜ੍ਹਨ ਵਾਲੇ ਦਿਨ ਤੋਂ ਪਹਿਲੇ ਦਿਨ (ਜਾਂ ਉਸੇ ਦਿਨ) ਵਰ ਅਤੇ ਕੰਨਿਆ ਨੂੰ ਉਨ੍ਹਾਂ ਦੇ ਆਪਣੇ-ਆਪਣੇ ਘਰੀਂ ਖਾਰੇ ਉੱਪਰ ਬਿਠਾ ਕੇ ਰਸਮੀ ਤੌਰ 'ਤੇ ਇਸ਼ਨਾਨ ਕਰਵਾਇਆ ਜਾਂਦਾ ਹੈ। ਖਾਰੇ ਉੱਤੇ ਬਿਠਾ ਕੇ ਵਟਣਾ ਮਲ ਕੇ ਨਹਾਉਣ ਦੀ ਰਸਮ ਪ੍ਰਚੱਲਿਤ ਰਹੀ ਹੈ। ਮੌਕੇ ਮੁਤਾਬਕ ਬਣਨ ਵਾਲੇ ਲਾੜੇ/ਲਾੜੀ ਨੂੰ ਖਾਰੇ ਦੀ ਥਾਂ 'ਤੇ ਪੀਹੜੀ ਜਾਂ ਚੌਕੀ 'ਤੇ ਵੀ ਬਿਠਾ ਲਿਆ ਜਾਂਦਾ ਹੈ। ਫਿਰ ਵੀ ਕਿਹਾ ਇਸ ਰਸਮ ਨੂੰ ਖਾਰੇ ਚੜ੍ਹਨਾ ਹੀ ਜਾਂਦਾ ਹੈ। ਪਹਿਲਾਂ ਵਰ/ਕੰਨਿਆ ਦੀ ਭਾਬੀ ਲਾਲ ਫੁੱਲਕਾਰੀ ਲੈ ਕੇ ਕਈ ਸ਼ਗਨ ਮਨਾ ਕੇ ਕਿਸੇ ਖੂਹ, ਚੋਅ ਜਾਂ ਛੱਭ ਤੋਂ ਪਾਣੀ ਦੀ ਘੜੋਲੀ ਭਰ ਕੇ ਲਿਆਉਂਦੀ ਹੈ। ਉਸ ਘੜੋਲੀ ਦੇ ਪਾਣੀ ਵਿਚ ਹੋਰ ਪਾਣੀ ਰਲਾ ਕੇ ਉਸ ਨੂੰ ਵਧਾ ਲਿਆ ਜਾਂਦਾ ਹੈ ਤੇ ਵਰ/ਕੰਨਿਆ ਨੂੰ ਖਾਰੇ ਉੱਤੇ ਬਿਠਾ ਕੇ ਇਸ਼ਨਾਨ ਕਰਵਾਇਆ ਜਾਂਦਾ ਹੈ। ਅਕਸਰ ਵਰ/ਕੰਨਿਆ ਦੀਆਂ ਭੈਣਾਂ, ਭਰਜਾਈਆਂ, ਰਿਸ਼ਤੇਦਾਰ, ਆਂਢ-ਗਵਾਂਢ ਦੀਆਂ ਕੁੜੀਆਂ/ਔਰਤਾਂ ਇੱਕ ਫੁੱਲਕਾਰੀ ਜਾਂ ਫੱਟੀਆਂ ਵਾਲੇ ਚੋਪ ਦੀਆਂ ਚਾਰੇ ਕੰਨੀਆਂ ਫੜ੍ਹ ਕੇ ਵਰ/ਕੰਨਿਆ ਉੱਪਰ ਤਾਣ ਲੈਂਦੀਆਂ ਹਨ, ਫਿਰ ਵਟਣਾ ਮਲਿਆ ਜਾਂਦਾ ਹੈ ਅਤੇ ਨਾਲ-ਨਾਲ ਵਟਣੇ ਦੇ ਗੀਤ ਗਾਏ ਜਾਂਦੇ ਹਨ। ਇਸ਼ਨਾਨ ਕਰਨ ਉਪਰੰਤ ਜਦੋਂ ਲਾੜੇ/ਲਾੜੀ ਨੂੰ ਖਾਰੇ ਤੋਂ ਹੇਠਾਂ ਉਤਾਰਿਆ ਜਾਂਦਾ ਹੈ ਤਾਂ ਲਾੜੀ ਸੱਤ ਚੱਪਣੀਆਂ ਨੂੰ ਪੈਰਾਂ ਨਾਲ ਠੋਕਰ ਮਾਰ ਕੇ ਰੋੜ੍ਹਦੀ ਜਾਂ ਭੰਨ੍ਹਦੀ ਹੈ। ਇਨ੍ਹਾਂ ਚੱਪਣੀਆਂ ਵਿਚ ਹਲਦੀ ਤੇ ਚੌਲ ਪਾ ਕੇ ਪਹਿਲਾਂ ਹੀ ਖਾਰੇ ਕੋਲ ਜ਼ਮੀਨ ਉੱਤੇ ਰੱਖ ਲਿਆ ਜਾਂਦਾ ਹੈ। ਚੱਪਣੀਆਂ ਤੋੜਨ ਨੂੰ ਲਾੜੇ ਦੇ ਕੁਆਰੇ ਜੀਵਨ ਦੀਆਂ ਸਭ ਗਲਤੀਆਂ ਨੂੰ ਮੁਆਫ ਕਰਨ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ (ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 1192) ਲਾੜੇ/ਲਾੜੀ ਨੂੰ ਖਾਰੇ ਤੋਂ ਉਤਾਰਨ ਵੇਲੇ ਨੂੰ 'ਖਾਰੇ ਦਾ ਉਤਾਰ' ਜਾਂ 'ਖਾਰਾ ਲੁਹਾਈ' ਵੀ ਕਹਿ ਲਿਆ ਜਾਂਦਾ ਹੈ। ਇਸ ਸਮੇਂ ਲਾੜੇ/ਲਾੜੀ ਨੂੰ ਪਿਆਰ ਵਜੋਂ ਸ਼ਗਨ ਦਿੱਤਾ ਜਾਂਦਾ ਹੈ। ਇਸ ਮੌਕੇ ਦਾਦਕਿਆਂ ਵੱਲੋਂ ਨਾਨਕਿਆਂ ਨੂੰ ਸਿੱਠਣੀਆਂ ਵੀ ਦਿੱਤੀਆਂ ਜਾਂਦੀਆਂ ਹਨ।

ਕਈ ਸਮਾਜਾਂ ਦੇ ਕਈ ਵਰਗਾਂ ਦੀ ਰੀਤੀ ਅਨੁਸਾਰ ਲਾੜਾ ਤੇ ਲਾੜੀ ਫੇਰਿਆਂ ਵੇਲੇ ਖਾਰਿਆਂ ਉੱਤੇ ਬੈਠਦੇ ਹਨ। ਕਈ ਵਾਰ ਕਈ ਥਾਂਈਂ ਲੜੀ ਨੂੰ ਖਾਰੇ ਉੱਤੇ ਅਤੇ ਵਰ ਨੂੰ ਲੱਕੜੀ ਦੀ ਬਣੀ ਚੌਕੀ ਉੱਪਰ ਬਿਠਾਇਆ ਜਾਂਦਾ ਹੈ। ਜਿਨ੍ਹਾਂ ਕੰਮੀਆਂ ਕੋਲੋਂ ਖਾਰਾ ਤੇ ਚੌਕੀ ਮੰਗਵਾਏ ਜਾਂਦੇ ਹਨ, ਉਨ੍ਹਾਂ ਨੂੰ ਲਾਗ ਦਿੱਤਾ ਜਾਂਦਾ ਹੈ। ਇਸ ਮੌਕੇ ਵੀ ਖਾਰੇ ਦੇ ਗੀਤ ਗਾਏ ਜਾਂਦੇ ਹਨ। ਫੇਰਿਆਂ ਵੇਲੇ ਕੁਝ ਲਾਵਾਂ ਲੈਣ ਸਮੇਂ ਲਾੜਾ ਅੱਗੇ ਚਲਦਾ ਸੀ ਤੇ ਕੁਝ ਲਾਵਾਂ ਲਾੜੀ ਅੱਗੇ ਚਲਦੀ ਸੀ ਤੇ ਲਾੜਾ ਪਿੱਛੇ। ਫੇਰਿਆਂ ਵਕਤ ਖਾਰੇ ਤੇ ਚੌਕੀ ਨੂੰ ਲਾੜੇ ਤੇ ਲਾੜੀ ਨੂੰ ਆਪਸ ਵਿਚ ਬਦਲਣ ਲਈ ਕਿਹਾ ਜਾਂਦਾ ਸੀ, ਇਸ ਨੂੰ ਖਾਰੇ ਬਦਲਣਾ ਕਿਹਾ ਜਾਂਦਾ ਸੀ। ਫੇਰੇ ਖਤਮ ਹੋਣ ਪਿੱਛੋਂ ਲਾੜੇ ਤੇ ਲਾੜੀ ਨੂੰ ਖਾਰਿਆਂ ਤੋਂ ਉਤਾਰਿਆ ਜਾਂਦਾ ਸੀ ਤੇ ਲਾੜੇ-ਲਾੜੀ ਨੂੰ ਸ਼ਗਨ ਵਜੋਂ ਕੁਝ ਪੈਸੇ ਭੇਟ ਕੀਤੇ ਜਾਂਦੇ ਸਨ।



ਖਾਰੇ ਤੋਂ ਹੇਠਾਂ ਉਤਾਰੇ ਜਾਣ ਦੀ ਰਸਮ

ਇਸ ਰਸਮ ਮੌਕੇ ਗਾਏ ਜਾਣ ਵਾਲੇ ਲੋਕ ਗੀਤਾਂ ਨੂੰ ਖਾਰੇ ਦੇ ਗੀਤ ਕਿਹਾ ਜਾਂਦਾ ਹੈ। ਇਨ੍ਹਾਂ ਗੀਤਾਂ ਰਾਹੀਂ ਸਕੇ-ਸਬੰਧੀਆਂ ਦੀਆਂ ਔਰਤਾਂ ਲਾੜੇ ਤੋਂ ਸਦਕੇ/ਬਲਿਹਾਰੇ ਜਾਂਦੀਆਂ ਹਨ। ਲਾੜੇ ਨੂੰ ਇਸ਼ਨਾਨ ਕਰਵਾਉਣ ਸਮੇਂ ਗਾਏ ਜਾਂਦੇ ਅਨੇਕ ਪੰਜਾਬੀ ਲੋਕ ਗੀਤਾਂ ਵਿਚੋਂ ਇਕ ਪ੍ਰਸਿੱਧ ਲੋਕ ਗੀਤ ਦੀਆਂ ਪੰਕਤੀਆਂ ਹਨ:

ਜੇ ਤੂੰ ਬੈਠੋਂ ਖਾਰੇ ਵੇ
ਤੇਰਾ ਬਾਪ ਰੁਪਈਏ ਵਾਰੇ
ਚੜ੍ਹ ਜਾਏ ਨੀ ਮਾਂ ਦਾ ਲਾਡਲਾ,
ਵੇਲਾਂ ਦਿੰਦੀ ਮਾਂ...।

ਨੀਂਗਰ ਚੜ੍ਹਿਆ ਖਾਰੇ,
ਨੀ ਮਾਂ ਸਦਕੜੇ ਇਸ ਖਾਰੇ ਤੋਂ।
ਵੀਰ ਚੜ੍ਹਿਆ ਖਾਰੇ,
ਨੀ ਭੈਣ ਸਦਕੜੇ ਇਸ ਖਾਰੇ ਤੋਂ।
ਲਾਲ ਚੜ੍ਹਿਆ ਖਾਰੇ,
ਨੀ ਮਾਂ ਬਲਿਹਾਰੀ ਇਸ ਦਿਹਾੜੇ ਤੋਂ...
ਵੀਰ ਚੜ੍ਹਿਆ ਖਾਰੇ,
ਨੀ ਭੈਣ ਬਲਿਹਾਰੀ ਇਸ ਦਿਹਾੜੇ ਤੋਂ...।

ਲਾੜੀ ਦੇ ਖਾਰੇ ਚੜ੍ਹਨ ਅਤੇ ਉਸ ਨੂੰ ਨਹਾਉਣ ਵੇਲੇ ਵੱਖਰੀ ਪ੍ਰਕਿਰਤੀ ਦੇ ਲੋਕ ਗੀਤ ਗਾਏ ਜਾਂਦੇ ਹਨ। ਔਰਤਾਂ ਆਪਣੀਆਂ ਦੋ ਟੋਲੀਆਂ ਬਣਾ ਲੈਂਦੀਆਂ ਹਨ। ਇੱਕ ਟੋਲੀ ਲੋਕ ਗੀਤ ਰਾਹੀਂ ਸਵਾਲ ਕਰਦੀ ਹੈ, ਦੂਜੀ ਟੋਲੀ ਜਵਾਬ ਦਿੰਦੀ ਜਾਂਦੀ ਹੈ। ਗਾਇਨ ਸ਼ੈਲੀ ਵਿਚ ਢਲ ਕੇ ਇਹ ਲੋਕ ਗੀਤ ਨਾਟਕੀ ਰੂਪ/ਰੁਖ ਅਖਤਿਆਰ ਕਰ ਲੈਂਦੇ ਹਨ:

ਅੰਗਣ ਚਿੱਕੜ ਕਿਸ ਕੀਤਾ
ਕਿਸ ਡੋਲ੍ਹਿਆ ਪਾਣੀ,
ਦਾਦੇ ਦੀ ਪੋਤਰੀ ਨ੍ਹਾਤੀ ਧੋਤੀ
ਉਸ ਡੋਲ੍ਹਿਆ ਪਾਣੀ...।

ਅੰਗਣ ਚਿੱਕੜ ਕਿਸ ਕੀਤਾ
ਕਿਸ ਡੋਲ੍ਹਿਆ ਪਾਣੀ,
ਮਾਮੇ ਦੀ ਭਣੇਈ ਨ੍ਹਾਤੀ ਧੋਤੀ
ਉਸੇ ਡੋਲ੍ਹਿਆ ਪਾਣੀ...।

ਇਸ ਤਰ੍ਹਾਂ ਇੱਕ-ਇੱਕ ਕਰਕੇ ਬਹੁਤ ਸਾਰੇ ਰਿਸ਼ਤਿਆਂ ਦੇ ਨਾਂਵਾਂ ਦਾ ਜ਼ਿਕਰ ਖਾਰੇ ਦੇ ਇਨ੍ਹਾਂ ਲੋਕ ਗੀਤਾਂ ਵਿਚ ਆਉਂਦਾ ਹੈ। ਕਈ ਵਾਰ ਲਾੜੇ ਦੇ ਇਸ਼ਨਾਨ ਕਰਨ ਵੇਲੇ ਇਸ ਗੀਤ ਵਿਚ ਫੇਰਬਦਲ ਕਰ ਕੇ ਇਸ ਨੂੰ 'ਦਾਦੇ ਦਾ ਪੋਤਾ ਨਾਤ੍ਹਾ ਧੋਤਾ, ਉਸ ਡੋਲ੍ਹਿਆ ਪਾਣੀ...' ਵਜੋਂ ਗਾ ਲਿਆ ਜਾਂਦਾ ਹੈ।

ਜਦੋਂ ਫੇਰਿਆਂ ਵੇਲੇ ਲਾੜੇ/ਲਾੜੀ ਨੂੰ ਖਾਰਿਆਂ ਉੱਤੇ ਬਿਠਾਇਆ ਜਾਂਦਾ ਸੀ ਤਾਂ ਉਸ ਸਮੇਂ ਗਾਏ ਜਾਣ ਵਾਲੇ ਖਾਰੇ ਦੇ ਲੋਕ ਗੀਤ ਵੇਦੀ ਦੀਆਂ ਥੰਮ੍ਹੀਆਂ ਵੱਲ ਸੰਕੇਤ ਕਰਨ ਵਾਲੇ ਹੁੰਦੇ ਸਨ:

ਇਹ ਚਾਰੇ ਥੰਮ੍ਹੀਆਂ ਵੇ ਪੱਟ ਲੰਮੀਆਂ
ਗੱਡੋ ਮੇਰੇ ਬਾਬਲ ਜੀ ਦੇ ਵਿਹੜੇ,
ਮਾਂ ਵਾਰੀ...।
ਜੀਵੇਂ ਇਨ੍ਹਾਂ ਥੰਮ੍ਹੀਆਂ ਦੇ ਅੰਦਰੇ
ਮੋਤੀਆਂ ਚੌਂਕ ਪੂਰਾਓ,
ਮਾਂ ਵਾਰੀ...।
ਜੀਵੇਂ ਇਨ੍ਹਾਂ ਥੰਮ੍ਹੀਆਂ ਦੇ ਅੰਦਰੇ
ਰੁਕਮਣੀ ਕਾਨ੍ਹ ਬੈਠਾਓ,
ਮਾਂ ਵਾਰੀ...।
ਜੀਵੇਂ ਇਨ੍ਹਾਂ ਥੰਮ੍ਹੀਆਂ ਦੇ ਅੰਦਰੇ
ਲਗਨ ਸੁਧਾਓ, ਮਾਂ ਵਾਰੀ...।

ਇਕ ਪੰਜਾਬੀ ਲੋਕ ਗੀਤ ਦੀਆਂ ਇਨ੍ਹਾਂ ਤੁਕਾਂ ਰਾਹੀਂ ਕੁੜੀਆਂ ਆਪਣੀਆਂ ਮਨੋ ਭਾਵਨਾਵਾਂ ਨੂੰ ਕੁਝ ਇਸ ਤਰ੍ਹਾਂ ਪ੍ਰਗਟ ਕਰਦੀਆਂ ਹਨ:

ਮਾਪਿਓ ਵੇ ਵਰ ਨਿੱਕੜਾ ਸਹੇੜਿਆ
ਦੇ ਕੇ ਗੁੜ ਦੀ ਰੋੜੀ,
ਖਾਰੇ ਚੜ੍ਹਦਾ ਭੁਸ ਭੁਸ ਰੋਵੇ
ਕਿਸ ਕਿਸ ਦੇਵਾਂ ਲੋਰੀ...।

ਖਾਰੇ ਤੋਂ ਉਤਾਰਨ ਵਕਤ ਵੀ ਅਕਸਰ ਇਕ ਲੋਕ ਗੀਤ ਗਾਇਆ ਜਾਂਦਾ ਹੈ। ਇਸ ਲੋਕ ਗੀਤ ਰਾਹੀਂ ਰਚਿਆ ਕਾਵਿ ਸੰਵਾਦ ਵੇਖਣ ਵਾਲਾ ਹੈ:

ਖਾਰਾ ਚਿਤਰ-ਮਚਿਤਰ, ਖਾਰਾ ਅੜਿਆ
ਖਾਰੇ ਤੋਂ ਉਤਾਰ, ਮਾਮਾ ਵੱਡਿਆ...।

ਜਦੋਂ ਮਾਮਾ ਭਾਣਜੇ/ਭਾਣਜੀ ਨੂੰ ਖਾਰੇ ਤੋਂ ਉਠਾਉਂਦਾ ਹੈ ਤਾਂ ਵੀ ਗੀਤਾਂ ਨੂੰ ਗਾਉਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਵਿਆਹ ਮੌਕੇ ਖਾਰੇ ਚੜ੍ਹਨ ਦੀ ਇਹ ਰਸਮ ਹੁਣ ਲੋਕ ਚੇਤਨਾ ਵਿਚੋਂ ਵੀ ਲਗਪਗ ਲੋਪ ਹੁੰਦੀ ਜਾ ਰਹੀ ਹੈ। ਤਤਕਾਲ ਵਿਚ ਅਜਿਹੀਆਂ ਰਸਮਾਂ ਦਾ ਆਪਣਾ ਹੀ ਮਹੱਤਵ ਹੁੰਦਾ ਸੀ। ਹੁਣ ਵਿਆਹਾਂ ਦੀ ਤਰਜ਼ ਹੀ ਬਦਲ ਗਈ ਹੈ। ਮੈਰਿਜ ਪੈਲੇਸਾਂ ਵਿਚ ਹੁੰਦੇ ਵਿਆਹਾਂ ਨੇ ਵਿਆਹ ਸੱਭਿਆਚਾਰ ਨੂੰ ਮੂਲੋਂ ਹੀ ਬਦਲ ਕੇ ਰੱਖ ਦਿੱਤਾ ਹੈ ਤੇ ਵਿਆਹ ਦੇ ਮੌਕਿਆਂ ਵਿਚੋਂ ਬਹੁਤੀਆਂ ਰਸਮਾਂ ਮਨਫੀ ਹੁੰਦੀਆਂ ਜਾ ਰਹੀਆਂ ਹਨ। ਵਿਸਰ ਰਹੀਆਂ ਅਜਿਹੀਆਂ ਰਸਮਾਂ ਨੂੰ ਚੇਤੇ ਕਰ ਲੈਣ ਦਾ ਵੀ ਆਪਣਾ ਹੀ ਮਹੱਤਵ ਹੈ। ਮੈਰਿਜ ਪੈਲੇਸ ਸੱਭਿਆਚਾਰ ਨੇ ਵਿਆਹ ਦੀਆਂ ਅਨੇਕ ਰਸਮਾਂ ਨੂੰ ਆਪਣੀ ਚਕਾਚੌਂਧ ਤੇ ਚਮਕ-ਦਮਕ ਦੇ ਬਹੁਤ ਪਿੱਛੇ ਕਿਧਰੇ ਓਹਲੇ ਜਿਹੇ ਵਿਚ ਧੱਕ ਦਿੱਤਾ ਹੈ। ਖਾਰੇ ਚੜ੍ਹਨ ਦੀ ਰਸਮ ਵੀ ਘਟ ਗਈਆਂ, ਮਿਟ ਗਈਆਂ, ਗੈਰਜ਼ਰੂਰੀ ਸਮਝੀਆਂ ਜਾਣ ਲੱਗ ਪਈਆਂ ਜਾਂ ਸਮੇਂ ਦੀ ਭੇਟ ਚੜ੍ਹ ਗਈਆਂ ਰਸਮਾਂ ਵਿਚ ਸ਼ਾਮਲ ਹੋ ਰਹੀ ਹੈ। ਪੰਜਾਬੀ ਲੋਕ ਸਾਹਿਤ ਵਿਚ ਇਨ੍ਹਾਂ ਨੂੰ ਸੰਭਾਲ ਕੇ ਰੱਖਣ ਤੇ ਜੀਵਤ ਰੱਖਣ ਦੀ ਤਤਪਰਤਾ ਨੂੰ ਲੋਕਧਾਰਾ ਵਿਗਿਆਨੀਆਂ ਦੇ ਹਿੱਸੇ ਆਉਂਦੀ ਉਦਾਰਤਾ ਵਜੋਂ ਲਿਆ ਜਾਣਾ ਬਣਦਾ ਹੈ।

## ਕਾਵਿ ਕਿਆਰੀ

### ਰੁੱਖ ਤੇ ਪੰਛੀ

ਰੁੱਖ ਦੀ ਟਾਹਣੀ
ਬੈਠਾ ਪੰਛੀ
ਥੱਕਿਆ ਤੇ ਘਬਰਾਇਆ
ਪੂਰਾ ਦਿਨ ਸਿਰ ਤੋਂ ਦੀ ਲੰਘਿਆ
ਦਾਣਾ ਚੁੰਝ ਨਾ ਪਾਇਆ
ਆਖਿਰ ਸੁਰਤ ਟਿਕਾਣੇ ਕਰਕੇ
ਆਖਣ ਲੱਗਾ ਰੁੱਖ ਨੂੰ
ਕਿਹੜੇ ਸ਼ਬਦਾਂ ਨਾਲ ਸੁਣਾਵਾਂ
ਮੈਂ ਧਰਤੀ ਦੇ ਦੁੱਖ ਨੂੰ
ਏਥੇ ਦਾ ਹੁਣ ਪਾਣੀ ਜ਼ਹਿਰੀ
ਤੇ ਮੌਸਮ ਵੀ ਕਹਿਰੀ
ਅੰਨ-ਦਾਤਾ ਏਥੇ ਭੁੱਖਾ ਮਰਦਾ
ਵਿਹਲੜ ਦਾ ਢਿੱਡ ਭਰਦਾ
ਨਸ਼ਿਆਂ ਦੇ ਵਿਚ ਰੁੜ੍ਹੀ ਜਵਾਨੀ
ਅੰਤਲੇ ਸਾਹਾਂ 'ਤੇ ਕਿਰਸਾਨੀ
ਤੱਕ ਘਰਾਂ ਦੇ ਠੰਡੇ ਚੁੱਲ੍ਹੇ
ਰੋਂਦੇ ਫਿਰਨ ਹਵਾ ਦੇ ਬੁੱਲ੍ਹੇ
ਕਰਮ ਧਰਮ ਧਰਤੀ ਤੋਂ ਉੱਠਿਆ
ਹੱਕ ਨਿਆਂ ਹੁਣ ਫਿਰਦਾ ਲੁਕਿਆ
ਏਥੇ ਬੜ੍ਹਕਾਂ ਮਾਰੇ ਭਾਗੋ
ਨਜ਼ਰੀਂ ਕਿਤੇ ਨਾ ਆਵੇ ਲਾਲੋ
ਹੱਕ ਮੰਗਣ 'ਤੇ ਚਲਦੀ ਗੋਲੀ
ਨਿੱਤ ਮਰਦੀ ਹੈ ਜਨਤਾ ਭੋਲੀ
ਚੀਕਾਂ ਆਹਾਂ ਰੌਲਾ ਰੱਪਾ
ਧਰਨੇ ਅਤੇ ਮੁਜਾਹਰੇ
ਉੱਭਰ ਉੱਭਰ ਕੇ ਸਾਹਵੇਂ ਆਵਣ
ਰਾਜਨੀਤੀ ਦੇ ਕਾਰੇ
ਬਹੁਤੇ ਤੁਰ ਗਏ ਪਰਦੇਸੀਂ
ਰੱਖ ਮੋਢੇ 'ਤੇ ਖੇਸੀ
ਬਾਕੀ ਗਠੜੀ ਬੰਨ੍ਹੀ ਬੈਠੇ
ਤੁਰ ਜਾਣਗੇ ਛੇਤੀ
ਧਰਮ ਏਥੇ ਹੁਣ ਚੀਜ਼ ਹੈ ਸਸਤੀ
ਗ੍ਰੰਥਾਂ ਦੀ ਹੁੰਦੀ ਬੇ-ਅਦਬੀ
ਜਿਹਨੂੰ ਕਹਿੰਦੇ ਦੇਸ ਪੰਜਾਬ
ਫੁੱਲਾਂ ਵਿਚੋਂ ਫੁੱਲ ਗੁਲਾਬ
ਪੱਤੀ ਪੱਤੀ ਹੋਇਆ ਫਿਰਦਾ
ਲੁੱਟਿਆ ਪੱਟਿਆ ਗਿਆ ਸ਼ਬਾਬ
ਏਥੇ ਮੇਰਾ ਜੀਅ ਨਹੀਂ ਲੱਗਦਾ
ਏਥੋਂ ਜਾਣਾ ਚਾਹਾਂ
ਹੋਰ ਕਿਸੇ ਧਰਤੀ 'ਤੇ ਜਾ ਕੇ
ਗੀਤ ਮੈਂ ਆਪਣਾ ਗਾਵਾਂ
ਮੈਂ ਤੇਰੇ ਟਾਹਣਾਂ 'ਤੇ ਮਿੱਤਰਾ
ਜੰਮਿਆ ਵੱਡਾ ਹੋਇਆ
ਤੇਰੇ ਪੱਤਿਆਂ ਦੀ ਸਰਗਮ 'ਤੇ
ਗੀਤ ਮੈਂ ਆਪਣਾ ਗਾਇਆ
ਪਤਾ ਹੈ ਮੈਨੂੰ
ਤੂੰ ਵੀ ਏਥੋਂ ਭੱਜਣਾ ਚਾਹੇਂ
ਹੋਰ ਕਿਸੇ ਥਾਂ ਵੱਸਣਾ ਚਾਹੇਂ
ਪਰ ਤੂੰ ਧਰਤੀ ਦੇ ਵਿਚ ਧਸਿਆ
ਮਿੱਟੀ ਨੇ ਤੇਰੀ ਜੜ੍ਹ ਨੂੰ ਫੜਿਆ
ਤੇਰੇ ਭਾਗੀਂ ਏਥੇ ਖੜ੍ਹਨਾ
ਏਥੇ ਜੀਣਾ ਏਥੇ ਮਰਨਾ
ਪਰ ਮੈਂ ਜਿੱਥੇ ਵੀ ਜਾਵਾਂਗਾ
ਯਾਦ ਤੇਰੀ ਵਿਚ ਕੁਰਲਾਵਾਂਗਾ
ਏਨੇ ਨੂੰ ਕਿਤੇ ਗੋਲੀ ਚੱਲੀ
ਪੰਛੀ ਡਰਿਆ, ਪੰਛੀ ਉੱਡਿਆ
ਭਰੀਆਂ ਅੱਖਾਂ ਦੇ ਨਾਲ ਰੁੱਖ ਨੇ
ਜਾਂਦੇ ਪੰਛੀ ਦੇ ਵੱਲ ਤੱਕਿਆ।

*-ਸੁਰਿੰਦਰ ਗੀਤ, ਕੈਨੇਡਾ।*
*ਫੋਨ: 403-605-3734*

---

### ਬਰਫ ਤੇ ਅੱਗ

ਤੇਰਾ ਚੁੱਪ ਹੋ ਜਾਣਾ
ਬੁੱਲ੍ਹ ਸੀਊ ਲੈਣਾ
ਨੈਣਾਂ 'ਚ ਛਲਕਦਾ
ਮੁਹੱਬਤੀ ਸਮੁੰਦਰ
ਬੰਨ੍ਹ ਲੈਣਾ
ਏਨੀ ਤਕਲੀਫ ਨਹੀਂ ਦਿੰਦਾ।

ਮੁਹੱਬਤੀ ਅਹਿਸਾਸ
ਨਾਲ ਲਬਾ ਲਬ ਭਰੇ
ਰਿਸ਼ਤੇ ਤੋਂ ਤੇਰਾ
ਅੱਖਾਂ ਮੀਟ ਲੈਣਾ
ਆਪਣੇ ਹੱਥੀਂ ਲਾਈਆਂ
ਪੁੰਗਰੀਆਂ ਹੋਈਆਂ
ਕਲਮਾਂ ਮਸਲ ਦੇਣਾ
ਏਨਾ ਵੀ ਤਕਲੀਫ ਨਹੀਂ ਦਿੰਦਾ।

ਤਕਲੀਫ ਦਿੰਦਾ ਹੈ
ਤਾਂ ਇੰਜ ਤੇਰਾ
ਬਰਫ ਹੋ ਜਾਣਾ
ਆਪਣੇ ਹੀ
ਦਿਲ ਦੀ ਲਗਰ
ਮਸਲ ਦੇਣਾ
ਜਿਉਣ ਦੀ ਥਾਂ
ਤੁਰੀ ਫਿਰਦੀ
ਲੋਥ ਹੋ ਜਾਣਾ।

ਤਕਲੀਫ ਦਿੰਦਾ ਹੈ ਤਾਂ
ਤੇਰਾ ਆਪਣੇ ਆਪ ਤੋਂ
ਬੇਖਬਰ ਹੋ ਜਾਣਾ
ਕਤਲ ਹੋਈਆਂ ਸੱਧਰਾਂ ਦੇ
ਖੂਨ ਨਾਲ ਭਰੇ ਟੋਕੇ 'ਚ
ਨਿਰਜਿੰਦ ਬੈਠੇ ਰਹਿਣਾ।

ਆ, ਹੰਭ ਦੇ
ਉੱਠ ਬਾਹਰ ਆ
ਪਲਾਂਘ ਭਰ
ਪਿੱਛੇ ਛੱਡ ਹਨੇਰਾ
ਅੱਖਾਂ ਖੋਲ੍ਹ
ਪਾ ਚਾਨਣ ਦਾ ਸੁਰਮਾ
ਅੰਮ੍ਰਿਤ ਵੇਲੇ
ਲਰਜ਼ਦੀ ਹਵਾ 'ਚ
ਬਾਹਾਂ ਫੈਲਾ
ਲੈ ਡੂੰਘੇ ਡੂੰਘੇ ਸਾਹ।

ਜਿਉਣ ਲਈ
ਹੁੰਦੀ ਹੈ ਜ਼ਿੰਦਗੀ
ਤੇ ਜਿਉਣ ਲਈ
ਟੱਕਰਾਂ ਨਾਲ ਟੱਕਰ ਲੈ
ਅੱਗੇ ਵਧਣਾ ਸਿੱਖ
ਅੱਖਾਂ ਮੀਟਿਆਂ
ਖਤਮ ਨਹੀਂ ਹੁੰਦੇ ਰਿਸ਼ਤੇ
ਅੱਖ 'ਚ ਅੱਖ ਪਾਉਣੀ ਸਿੱਖ!

ਤੂੰ ਤਾਂ ਹੈਂ
ਜ਼ਿੰਦਗੀ ਦੀ ਜਨਮਦਾਤੀ
ਤੂੰ ਹੀ ਨਿਰਜਿੰਦ ਹੋ ਜਾਵੇਂ
ਤਾਂ ਖਤਮ ਹੋ ਜਾਵੇਗੀ
ਪੂਰੀ ਕਾਇਨਾਤ
ਆਪਣੇ ਲਈ ਹੀ ਨਹੀਂ
ਇਸ ਕਾਇਨਾਤ ਲਈ
ਜਿਊਣਾ ਸਿੱਖ!

ਜਾਣ ਲੈ
ਬਰਫ 'ਚ ਵੀ
ਹੁੰਦੀ ਹੈ ਅੱਗ
ਜੋ ਕਦੇ ਬਣਦੀ ਹੈ ਰਾਵੀ
ਕਦੇ ਗੰਗਾ ਤੇ ਸਤਲੁਜ
ਨਾ ਮਾਰ ਬੰਨ੍ਹ
ਇਨ੍ਹਾਂ ਨਦੀਆਂ ਨੂੰ
ਵਗਣ ਦੇ ਪੂਰੇ ਵੇਗ ਨਾਲ
ਕਰਨ ਦੇ ਇੱਕ
ਸਭ ਟੋਏ-ਟਿੱਬੇ!

ਇਕੱਲੀ ਨਹੀਂ ਤੂੰ
ਤੇਰੇ ਸਿਰ 'ਤੇ
ਟਿਕੀ ਹੋਈ ਹੈ ਇਹ ਦੁਨੀਆਂ
ਤੇ ਟੱਕਰ ਲੈਣੀ ਹੀ ਪੈਣੀ ਹੈ
ਆਪਣੀ ਦੁਨੀਆਂ ਲਈ
ਪੂਰੀ ਦੁਨੀਆਂ ਨਾਲ
ਫਿਰ ਹੀ ਮਿਲੇਗਾ ਤੈਨੂੰ
ਤੇਰਾ ਪੂਰਾ ਅੰਬਰ!

*-ਇੰਦਰਜੀਤ ਚੁਗਾਵਾਂ*

# ਕਾਫਕਾ ਦੇ ਮੁਕੱਦਮੇ ਦਾ ਕਲਾਤਮਿਕ ਫਿਲਮਾਂਕਣ: 'ਦਿ ਟਰਾਇਲ'

**ਵਿਰਾਸਤ-ਏ-ਸਿਨੇਮਾ**



ਡਾ. ਕੁਲਦੀਪ ਕੌਰ
ਫੋਨ: +91-98554-04330

*ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਓਰਸਨ ਵੈਲੇਸ ਦੀ ਫਿਲਮ 'ਦਿ ਟਰਾਇਲ' ਬਾਰੇ ਚਰਚਾ ਕੀਤੀ ਗਈ ਹੈ। ਇਹ ਫਿਲਮ ਸੰਸਾਰ ਪ੍ਰਸਿੱਧ ਲੇਖਕ ਫਰਾਂਜ਼ ਕਾਫਕਾ ਦੇ ਇਸੇ ਨਾਂ ਵਾਲੇ ਨਾਵਲ 'ਤੇ ਆਧਾਰਿਤ ਹੈ। ਇਸ ਵਿਚ ਮਨੁੱਖੀ ਹੋਣੀ ਦਾ ਚਿੱਤਰ ਖਿਚਿਆ ਗਿਆ ਹੈ।*





*ਫਿਲਮ 'ਦਿ ਟਰਾਇਲ' ਦਾ ਇਕ ਅਹਿਮ ਦ੍ਰਿਸ਼ ਅਤੇ (ਸੱਜੇ) ਅਦਾਕਾਰ/ਫਿਲਮਸਾਜ਼ ਓਰਸਨ ਵੈਲੇਸ।*

ਸੰਸਾਰ ਪ੍ਰਸਿੱਧ ਲੇਖਕ ਫਰਾਂਜ਼ ਕਾਫਕਾ ਦਾ ਸਾਹਿਤ ਅਜਿਹੀ ਦੁਨੀਆ ਦੇ ਲੋਕਾਂ ਦਾ ਸਾਹਿਤ ਹੈ ਜਿਹੜੇ ਕਿਸੇ ਸਵੇਰ ਨੀਂਦ ਤੋਂ ਜਾਗਦੇ ਹਨ ਤੇ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਧਰਤੀ ਦਾ ਕੇਂਦਰ ਗੁਆਚ ਗਿਆ ਹੈ, ਜਾਂ ਉਨ੍ਹਾਂ ਦੇ ਪੈਰਾਂ ਹੇਠ ਜ਼ਮੀਨ ਨਹੀਂ ਰਹੀ, ਜਾਂ ਉਨ੍ਹਾਂ ਨੂੰ ਅਜਿਹੇ ਗੁਨਾਹ ਲਈ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ ਜਿਹੜਾ ਉਨ੍ਹਾਂ ਨੇ ਕੀਤਾ ਹੀ ਨਹੀਂ। ਉਸ ਦੇ ਨਾਵਲਾਂ ਦੇ ਕਿਰਦਾਰਾਂ ਦਾ ਦਿਲ ਇਸ ਆਧੁਨਿਕ ਪਰੰਤੂ ਖੋਖਲੀ ਦੁਨੀਆ ਤੋਂ ਉਪਜੀ ਉਪਰਾਮਤਾ ਤੇ ਬੇਲਾਗਤਾ ਨੇ ਬੁਰੀ ਤਰ੍ਹਾਂ ਘੇਰਿਆ ਹੋਇਆ ਹੈ ਅਤੇ ਇਨ੍ਹਾਂ ਦੇ ਅਸਰ ਹੇਠ ਉਨ੍ਹਾਂ ਤੋਂ ਖੁਦ ਨਾਲ ਵੀ ਸਹੀ ਤਾਲਮੇਲ ਨਹੀਂ ਬੈਠ ਰਿਹਾ।

ਫਰਾਂਜ਼ ਕਾਫਕਾ ਦੇ ਕਿਰਦਾਰਾਂ ਦੀ ਜ਼ਿੰਦਗੀ ਵਿਚ ਘਟਨਾਵਾਂ ਅਚਾਨਕ ਵਾਪਰਦੀਆਂ ਹਨ ਪਰ ਉਨ੍ਹਾਂ ਦੀ ਘਾੜਤ ਅਤੇ ਇਨ੍ਹਾਂ ਪਿੱਛੇ ਕੰਮ ਕਰਦੇ ਬਹੁਤ ਸਾਰੇ ਹਾਲਾਤ ਸਦੀਆਂ ਸਦੀਆਂ ਤੋਂ ਇਹੀ ਹਨ। ਉਹ ਸੰਵੇਦਨਸ਼ੀਲ ਕਿਰਦਾਰਾਂ ਦਾ ਸਿਰਜਕ ਹੈ ਪਰ ਉਸ ਦੇ ਕਿਰਦਾਰ ਵਰਤਾਰਿਆਂ ਅਤੇ ਚੀਜ਼ਾਂ ਦੀ ਉਸ ਹੱਦ ਤੱਕ ਥਾਹ ਪਾ ਲੈਂਦੇ ਹਨ ਕਿ ਉਨ੍ਹਾਂ ਅੰਦਰ ਕਿਰਦਾਰਾਂ ਦੀ ਦਿਲਚਸਪੀ ਹੀ ਖਤਮ ਹੋ ਕੇ ਰਹਿ ਜਾਂਦੀ ਹੈ।

ਕਾਫਕਾ ਦੇ ਇਸ ਨਾਵਲ ਦੀ ਚਰਚਾ ਸਦਾ ਹੀ ਚੱਲਦੀ ਰਹਿੰਦੀ ਹੈ ਜਿਸ ਦਾ ਕਾਰਨ ਸ਼ਾਇਦ ਇਹ ਹੈ ਕਿ ਇਹ ਮਨੁੱਖੀ ਅਣਖ ਲਈ ਸਭ ਤੋਂ ਜ਼ਰੂਰੀ ਸ਼ਰਤ 'ਨਿਆਂ' ਦੇ ਆਸ-ਪਾਸ ਘੁੰਮਦਾ ਹੈ। ਆਖਿਰ 'ਨਿਆਂ' ਦੀ ਧਾਰਨਾ ਹੀ ਤਾਂ ਇੱਕੋ-ਇੱਕ ਅਜਿਹੀ ਧਾਰਨਾ ਹੈ ਜਿਹੜੀ ਮਨੁੱਖੀ ਹੋਂਦ ਅਤੇ ਉਸ ਦੁਆਰਾ ਕੀਤੇ ਕੰਮਾਂ ਨੂੰ ਤਰਕ ਤੇ ਦਲੀਲ ਦੇ ਨਜ਼ਰੀਏ ਤੋਂ ਦੇਖ ਸਕਦੀ ਹੈ। ਕਾਫਕਾ ਇਸ ਸਵਾਲ ਤੋਂ ਵੀ ਅੱਗੇ ਜਾਂਦਾ ਹੈ ਅਤੇ ਇਹ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਅਸੀਂ ਖੁਦ ਨਾਲ ਨਿਆਂ ਕਰਦੇ ਹਾਂ? ਕੀ ਮਨੁੱਖ ਇਸੇ ਲਈ ਪੈਦਾ ਹੋਇਆ ਹੈ ਕਿ ਉਸ ਨੂੰ ਅਣਜਾਣ ਹਾਲਾਤ ਲਗਾਤਾਰ ਧੂਹੀ ਲਈ ਜਾਣ ਅਤੇ ਅੰਤ ਸਾਰੀ ਤ੍ਰਾਸਦੀ ਦਾ ਵਜ਼ਨ ਵੀ ਉਸੇ ਦੇ ਮੋਢਿਆਂ 'ਤੇ ਸੁੱਟ ਦੇਣ।

ਕਾਫਕਾ ਦਾ ਸਾਹਿਤ ਜਿੱਥੇ ਪੜ੍ਹਨਾ ਅਤੇ ਸਮਝਣਾ ਔਖਾ ਹੈ, ਉਥੇ ਉਸ ਉਪਰ ਆਧਾਰਿਤ ਫਿਲਮ ਬਣਾਉਣਾ ਆਪਣੇ ਆਪ ਵਿਚ ਮੀਲ-ਪੱਥਰ ਵਾਂਗ ਹੀ ਤਾਂ ਹੈ। ਉਸ ਦੇ ਨਾਵਲਾਂ ਦਾ ਤਾਣਾ-ਬਾਣਾ ਮਨੋਵਿਗਿਆਨਕ ਅਤੇ ਦਾਰਸ਼ਨਿਕ ਸੱਚਾਈਆਂ ਦੇ ਆਸ-ਪਾਸ ਬੁਣਿਆ ਜਾਂਦਾ ਹੈ ਅਤੇ ਕਿਰਦਾਰ ਬਹੁਤੀ ਵਾਰ ਖੁਦ ਨਾਲ ਹੀ ਉਲਝੇ ਰਹਿੰਦੇ ਹਨ। ਨਾਵਲ ਵਾਂਗ ਹੀ ਇਸ ਫਿਲਮ ਦਾ ਬਿਰਤਾਂਤ ਅਤੇ ਕਥਾਨਿਕ ਕਲਪਨਾ ਅਤੇ ਅਸਲੀਅਤ ਦੇ ਆਰ-ਪਾਰ ਆਉਂਦਾ ਜਾਂਦਾ ਰਹਿੰਦਾ ਹੈ।

ਮਿਸਾਲ ਵਜੋਂ ਮੁਕੱਦਮੇ ਦੀ ਕਾਰਵਾਈ ਦੇ ਐਨ ਵਿਚਕਾਰ ਹੀ ਕੋਈ ਔਰਤ ਸਾਹਮਣੇ ਵਾਲੀ ਖਿੜਕੀ ਵਿਚੋਂ ਆਪਣੇ ਕੱਪੜੇ ਧੋਂਦੀ ਦਿਖਾਈ ਦੇ ਰਹੀ ਹੈ। ਕਿਸੇ ਵਿਸ਼ਾਲ ਵਿਸ਼ਾਲਤਰ ਮੈਦਾਨ ਵਿਚ ਟਰੱਕ ਇੱਕ ਪਾਸੇ ਤੋਂ ਦੂਜੇ ਪਾਸੇ ਜਾ ਰਹੇ ਹਨ ਪਰ ਉਨ੍ਹਾਂ ਦੀ ਮੰਜ਼ਿਲ ਕਿਤੇ ਵੀ ਨਹੀਂ ਦਿਸ ਰਹੀ ਹੈ। ਇਸੇ ਤਰ੍ਹਾਂ ਹੀ ਜੋ ਜਿਸ ਤਰ੍ਹਾਂ ਦਾ ਅਕਸਰ ਬਿਆਨ ਕੀਤਾ ਜਾਂਦਾ ਹੈ, ਉਹ ਬਿਲਕੁੱਲ ਵੀ ਉੱਦਾਂ ਦਾ ਨਹੀਂ ਹੁੰਦਾ ਸਗੋਂ ਬਹੁਤੀ ਵਾਰ ਉਲਟ ਹੀ ਹੁੰਦਾ ਹੈ।

ਫਿਲਮ ਦੀ ਕਹਾਣੀ ਅਨੁਸਾਰ ਇਸ ਫਿਲਮ ਦਾ ਮੁੱਖ ਕਿਰਦਾਰ ਜੋਸਫ ਕੇ. ਮੁਕੱਦਮੇ, ਅਦਾਲਤ, ਵਕੀਲ ਅਤੇ ਤਰੀਕਾਂ ਦੀ ਅਜਿਹੀ ਘੁੰਮਣਘੇਰੀ ਵਿਚ ਜਾ ਫਸਦਾ ਹੈ ਜਿਥੇ ਉਹ ਨਾ ਤਾਂ ਉਸ ਨਾਲ ਵਾਪਰ ਰਹੀਆਂ ਘਟਨਾਵਾਂ ਦੀ ਸਹੀ ਵਿਆਖਿਆ ਕਰ ਸਕਦਾ ਹੈ, ਨਾ ਸਮਝ ਸਕਦਾ ਹੈ ਅਤੇ ਨਾ ਹੀ ਇਨ੍ਹਾਂ ਤੋਂ ਬਚ ਕੇ ਕਿਤੇ ਭੱਜ ਸਕਦਾ ਹੈ। ਉਸ ਦੇ ਖਿਲਾਫ ਮੁਕੱਦਮਾ ਦਰਜ ਹੋਇਆ ਹੈ ਪਰ ਇਹ ਕਿਸ ਨੇ ਦਰਜ ਕੀਤਾ ਹੈ ਅਤੇ ਇਸ ਦਾ ਆਧਾਰ ਕੀ ਹੈ, ਇਸ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ ਹੈ।

ਇਸ ਫਿਲਮ ਦੇ ਮੁੱਖ ਕਿਰਦਾਰ ਨੂੰ ਗ੍ਰਿਫਤਾਰ ਕਰਨ ਲਈ ਆਏ ਅਧਿਕਾਰੀ ਉਸ ਨੂੰ ਕਹਿੰਦੇ ਹਨ ਕਿ ਤੇਰਾ ਅਪਰਾਧ ਬਹੁਤ ਸੰਗੀਨ ਹੈ ਪਰ ਇਸ ਬਾਰੇ ਸਾਨੂੰ ਕੁਝ ਨਹੀਂ ਪਤਾ। ਉਹ ਵਾਰ-ਵਾਰ ਅਦਾਲਤਾਂ ਅਤੇ ਵਕੀਲਾਂ ਦੇ ਚੱਕਰ ਕੱਟਦਾ ਹੈ ਅਤੇ ਆਪਣੇ ਖਿਲਾਫ ਦਰਜ ਹੋਏ ਮੁਕੱਦਮੇ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਜਿਉਂ-ਜਿਉਂ ਉਹ ਇਸ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਦਾ ਹੈ, ਉਲਟਾ ਹਾਲਾਤ ਹੋਰ ਵੀ ਗੁੰਝਲਦਾਰ ਹੁੰਦੇ ਜਾਂਦੇ ਹਨ।

ਫਿਲਮ ਅੱਗੇ ਤੁਰਦੀ ਜਾਂਦੀ ਹੈ ਤਾਂ ਹੌਲੀ-ਹੌਲੀ ਦਰਸ਼ਕਾਂ ਨੂੰ ਇਹ ਪਤਾ ਲੱਗਣਾ ਸ਼ੁਰੂ ਹੋ ਜਾਂਦਾ ਹੈ ਕਿ ਇਸ ਤਾਂ ਸਾਡੀ ਜ਼ਿੰਦਗੀ ਦੀ ਵੀ ਕਹਾਣੀ ਹੈ। ਅਸੀਂ ਵੀ ਤਾਂ ਹਰ ਸਮੇਂ ਕਿਸੇ ਉਡੀਕ ਵਿਚ ਹਾਂ। ਅਸੀਂ ਵੀ ਤਾਂ ਲਗਾਤਾਰ ਅਜਿਹੇ ਹਾਲਾਤ ਦੀ ਜਕੜ ਵਿਚ ਹਾਂ ਜਿਹੜੀਆਂ ਸਾਡੇ ਕਾਬੂ ਤੋਂ ਬਾਹਰ ਹਨ। ਜੇਕਰ ਅਸੀਂ ਯਤਨ ਕਰ ਵੀ ਲਈਏ ਤਾਂ ਵੀ ਇਨ੍ਹਾਂ ਦਾ ਬਹੁਤ ਛੋਟਾ ਹਿੱਸਾ ਹੀ ਸਾਡੀ ਸਮਝ ਵਿਚ ਆਉਂਦਾ ਹੈ, ਬਾਕੀ ਅਸੀਂ ਚੰਗੀ ਤਰ੍ਹਾਂ ਸਮਝ ਵੀ ਨਹੀਂ ਸਕਦੇ। ਫਿਲਮ ਵਿਚ ਵਿਸ਼ਵਾਸ ਤੇ ਨਿਆਂ ਦਾ ਨੁਕਤਾ ਬਹੁਤ ਅਹਿਮ ਹੈ। ਕੀ ਨਿਆਂ ਸਾਰਿਆਂ ਲਈ ਹੈ? ਕੀ ਨਿਆਂ ਤਰਕ ਸੰਗਤ ਹੈ? ਕੀ ਨਿਆਂ ਕਿਸੇ ਸਮੱਸਿਆ ਦਾ ਹੱਲ ਦਿੰਦਾ ਹੈ? ਅਦਾਲਤ ਕੀ ਹੈ? ਕੀ ਅਦਾਲਤ ਉਹੀ ਹੈ ਜਿਹੜੀ ਸਾਡੀਆਂ ਅੱਖਾਂ ਦੇ ਸਾਹਮਣੇ ਹੋ ਰਹੀ ਹੈ? ਮੁਕੱਦਮਾ ਕੀ ਹੈ? ਕੀ ਇਸ ਮੁਕੱਦਮੇ ਦਾ ਕੋਈ ਠੋਸ ਆਧਾਰ ਹੈ? ਕੀ ਕਿਸੇ ਸਮਾਜ ਵਿਚ ਹਰ ਕੋਈ ਕਿਸੇ ਦੂਜੇ ਖਿਲਾਫ ਮੁਕੱਦਮਾ ਕਰ ਸਕਦਾ ਹੈ? ਕਿਤੇ ਮੁਕੱਦਮਾ ਕਰਨ ਵਾਲੇ ਖੁਦ ਹੀ ਤਾਂ ਦੋਸ਼ੀ ਨਹੀਂ? ਇਨਸਾਫ ਜਾਂ ਨਿਆਂ ਕੀ ਹੈ? ਕੌਣ ਕਰ ਸਕਦਾ ਹੈ ਨਿਆਂ? ਕੀ ਨਿਆਂ ਨਿਰਪੱਖ ਹੈ? ਕੀ ਨਿਆਂ ਕਰਨ ਵਾਲਿਆਂ ਨੂੰ ਨਿਆਂ ਕਰਨਾ ਆਉਂਦਾ ਹੈ? ਕੀ ਨਿਆਂ ਹੋਣ ਤੋਂ ਬਾਅਦ ਉਸ ਜੁਰਮ ਦਾ ਖਾਤਮਾ ਹੋ ਜਾਂਦਾ ਹੈ? ਕੀ ਅਜਿਹੇ ਵੀ ਜੁਰਮ ਹਨ ਜਿਨ੍ਹਾਂ ਦੀ ਜੜ੍ਹ ਕਿਸੇ ਨਿਆਂ ਦੇ ਫੈਸਲੇ ਵਿਚ ਪਈ ਹੈ? ਕੀ ਵੱਖਰੀਆਂ ਹਾਲਾਤ ਅਨੁਸਾਰ ਨਿਆਂ ਦਾ ਰੂਪ ਵੀ ਬਦਲ ਜਾਂਦਾ ਹੈ?

ਇਸ ਫਿਲਮ ਦੇ ਅੰਤ ਵਿਚ ਇਸ ਦੇ ਮੁੱਖ ਕਿਰਦਾਰ ਨੂੰ ਮਾਰ ਦਿੱਤਾ ਜਾਂਦਾ ਹੈ ਜਿਸ ਦਾ ਫੈਸਲਾ ਅਦਾਲਤ ਕਰਦੀ ਹੈ। ਕੀ ਇਹ ਸਹੀ ਨਿਆਂ ਹੈ? ਇਸ ਤੋਂ ਇਲਾਵਾ ਉਸ ਅਕੇਵੇਂ, ਉਪਰਾਮਤਾ ਅਤੇ ਬੇਲਾਗਤਾ ਦਾ ਕੀ ਕੀਤਾ ਜਾਵੇ ਜਿਸ ਦਾ ਸ਼ਿਕਾਰ ਇਸ ਮੁਕੱਦਮੇ ਦੀ ਸੁਣਵਾਈ ਦੌਰਾਨ ਮੁੱਖ ਕਿਰਦਾਰ ਹੋ ਜਾਂਦਾ ਹੈ ਅਤੇ ਅੰਤ ਉਸ ਲਈ ਜਿਊਂਦੇ ਰਹਿਣ ਜਾਂ ਮਰ ਜਾਣ ਵਿਚ ਕੋਈ ਜ਼ਿਆਦਾ ਫਰਕ ਹੀ ਨਹੀਂ ਰਹਿ ਜਾਂਦਾ। ਇਸ ਫਿਲਮ ਨੂੰ ਬਹੁਤੀ ਵਾਰ ਹਿਟਲਰ ਦੁਆਰਾ ਯਹੂਦੀਆਂ ਵਿਰੁਧ ਸੁਣਾਏ ਫਰਮਾਨਾਂ ਅਤੇ ਬਿਨਾ ਸਿਰ-ਪੈਰ ਦੇ ਗੈਰ-ਮਾਨਵੀ ਮੁਕੱਦਮਿਆਂ ਦੇ ਪ੍ਰਸੰਗ ਵਿਚ ਰੱਖ ਕੇ ਸਮਝਿਆ ਜਾਂਦਾ ਹੈ ਜੋ ਅਸਲ ਵਿਚ ਬਿਲਕੁੱਲ ਸਹੀ ਤੁਲਨਾ ਹੈ।

ਇਸ ਫਿਲਮ ਵਿਚ ਫਿਲਮਸਾਜ਼ ਓਰਸਨ ਵੈਲੇਸ ਬਹੁਤ ਕਲਾਤਮਿਕ ਤਰੀਕੇ ਨਾਲ ਪਰਛਾਵਿਆਂ ਤੇ ਬਿਲਡਿੰਗਾਂ ਦੇ ਆਕਾਰਾਂ ਦਾ ਪ੍ਰਯੋਗ ਕਰਦਾ ਹੈ। ਦਫਤਰਾਂ ਦੀਆਂ ਫਾਈਲਾਂ ਨਾਲ ਤੁੰਨੀਆਂ ਅਲਮਾਰੀਆਂ, ਅਦਾਲਤਾਂ ਤੇ ਵਕੀਲਾਂ ਦਾ ਵਿਹਾਰ, ਅਦਾਲਤਾਂ ਦੇ ਅਹਿਲਕਾਰਾਂ ਅਤੇ ਅਧਿਕਾਰੀਆਂ ਦਾ ਰੋਬੋਟਾਂ ਵਾਂਗ ਵਰਤਾਉ ਅਤੇ ਆਮ ਲੋਕਾਂ ਦੀ ਕਿਸੇ ਵੀ ਡਰਾਵਣੀ ਹਾਲਤ ਵਿਚ ਢਲ ਜਾਣ ਦੀ 'ਆਦਤ' ਨੂੰ ਨਿਰਦੇਸ਼ਕ ਦਾ ਕੈਮਰਾ ਜ਼ਬਾਨ ਦਿੰਦਾ ਹੈ। ਇਹ ਫਿਲਮ ਦਰਸ਼ਕਾਂ ਨੂੰ ਇਸ ਸਵਾਲ ਨਾਲ ਛੱਡ ਦਿੰਦੀ ਹੈ ਕਿ ਕੀ ਸਰੀਰ ਖਤਮ ਕਰਨ ਨਾਲ ਕਿਸੇ ਬੰਦੇ ਦਾ ਮੁਕੱਦਮਾ ਖਤਮ ਹੋ ਜਾਂਦਾ ਹੈ? ਕਾਫਕਾ ਕਹਿੰਦਾ ਹੈ ਕਿ ਨਹੀਂ ... ਇਸ ਨਾਲ ਤਾਂ ਮਨੁੱਖਤਾ ਅੱਗੇ ਹੋਰ ਵੱਡਾ ਸੰਕਟ ਖੜ੍ਹਾ ਹੋ ਜਾਂਦਾ ਹੈ।









*ਫਿਲਮ 'ਦਿ ਟਰਾਇਲ' ਦਾ ਪੋਸਟਰ, ਨਾਵਲ 'ਦਿ ਟਰਾਇਲ' ਦਾ ਲੇਖ ਫਰਾਂਜ਼ ਕਾਫਕਾ ਅਤੇ ਨਾਵਲ ਦਾ ਅਸਲ ਮੁਖੜਾ।*



*ਫਿਲਮ 'ਦਿ ਟਰਾਇਲ' ਦਾ ਇਕ ਦ੍ਰਿਸ਼।*



*ਅਦਾਕਾਰ ਐਂਥਨੀ ਪਾਰਕਿੰਸ।*



*ਅਦਾਕਾਰਾ ਜੀਨ ਮੂਰੋ।*



*ਅਦਾਕਾਰਾ ਰੋਮੀ ਸ਼ਨੈਡਰ।*

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

***Selling Homes from Gilroy to Sacramento, CA***

Call us before visiting new model homes to save big time.

ਪਿਛਲੇ 34 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

***Time to buy new home in Tracy, Manteca, Lothrop and Stockton***

Pinnacle Award Winner 2014, 2015, 2016 & 2017
Grand Master Award Winner 2013, 2018, 2019 & 2020

*Call for Listing Special 2021*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 2403 Gilberte St, Tracy, CA, 95304
2. 4324 Lennox Ln, Tracy, CA, 95377
3. 3880 Wiven Place Way, San Jose, CA, 95121
4. 4982 Seneca Park Loop, Fremont, CA, 94538
5. 46925 Chemult Cmn #50 Fremont, CA, 94539
6. 426 King Ave, Fremont, CA, 94536
7. 3337 Prado Ln, San Jose, CA, 95148
8. 721 Saffron Dr, Tracy, CA, 95377
9. 3551 Santiago Ave, Merced, CA, 95348
10. 139 Vivid Lane, Hayward, CA 94544
11. 491 Millpond Ave, Lathrop, CA 95330
12. 1863 San Andres Dr, Pittsburg, CA 94565

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095



***We support Farmers***

ਆਓ, ਕਿਸਾਨੀ ਸੰਘਰਸ਼ ਲਈ ਜੂਝ ਰਹੇ ਕਿਰਤੀਆਂ-
ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ
ਦੀ ਹਮਾਇਤ 'ਚ ਆਪਣਾ ਬਣਦਾ ਯੋਗਦਾਨ ਪਾਈਏ

